**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 37, September 15, 2012
20451 N Plum Grove Rd. Palatine, IL 60074
Ph:847-359-0746, Fax:847-705-9388

## ਸਰਕਾਰ ਨੂੰ ਖਾਲਿਸਤਾਨੀਆਂ ਨਾਲੋਂ ਮਾਓਵਾਦੀਆਂ ਤੋਂ ਵੱਧ ਖਤਰਾ

### ਮਾਓਵਾਦੀਆਂ ਦੀ ਰਣਨੀਤੀ ਤੋਂ ਵਧੇਰੇ ਫਿਕਰਮੰਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੀਆਂ ਖੁਫੀਆਂ ਏਜੰਸੀਆਂ ਪਿਛਲੇ ਪੰਜ ਸਾਲਾਂ ਤੋਂ ਇਹ ਰਿਪੋਰਟਾਂ ਲਗਾਤਾਰ ਦੇ ਰਹੀਆਂ ਹਨ ਕਿ ਪੰਜਾਬ ਵਿਚ ਨਵੀਂ ਖਾੜਕੂ ਲਹਿਰ ਕਰਵਟਾਂ ਲੈ ਰਹੀ ਹੈ। ਵੱਖ-ਵੱਖ ਸਿਆਸੀ ਆਗੂ ਅਤੇ ਚੋਟੀ ਦੇ ਅਫਸਰ ਭਾਵੇਂ ਇਨ੍ਹਾਂ ਰਿਪੋਰਟਾਂ ਨੂੰ ਖਾਲਿਸਤਾਨ ਦੇ ਮੁੱਦੇ ਨਾਲ ਜੋੜ ਕੇ ਦੇਖਦੇ ਹਨ, ਪਰ ਖੁਫੀਆਂ ਏਜੰਸੀਆਂ ਨੂੰ ਡਰ ਹੈ ਕਿ ਪੰਜਾਬ ਵਿਚ ਆਉਣ ਵਾਲੇ ਸਮੇਂ ਵਿਚ ਮਾਓਵਾਦੀਆਂ ਦੀ ਲਹਿਰ ਉਠਣ ਦੀ ਸੰਭਾਵਨਾ ਵੱਧ ਹੈ। ਸੂਤਰਾਂ ਅਨੁਸਾਰ ਇਹ ਸੰਭਾਵਨਾ ਉਸ ਵੇਲੇ ਵੱਧ ਜ਼ੋਰ ਫੜ ਗਈ ਸੀ ਜਦੋਂ ਖੁਫੀਆ ਏਜੰਸੀਆਂ ਨੇ ਮਾਓਵਾਦੀਆਂ ਵੱਲੋਂ ਪੰਜਾਬ ਬਾਰੇ ਤਿਆਰ ਕੀਤਾ ਅਹਿਮ ਦਸਤਾਵੇਜ਼ ਫੜਨ ਵਿਚ ਕਾਮਯਾਬੀ ਹਾਸਲ ਕਰ ਲਈ ਸੀ। ਇਸ ਦਸਤਾਵੇਜ਼ ਵਿਚ ਮਾਓਵਾਦੀਆਂ ਨੇ ਪੰਜਾਬ ਲਈ ਲੰਮੇ ਸਮੇਂ ਵਾਲੀ ਰਣਨੀਤੀ ਉਲੀਕੀ ਹੋਈ ਸੀ ਅਤੇ ਪੰਜਾਬ ਦੇ ਵੱਖ-ਵੱਖ ਪੱਖਾਂ ਬਾਰੇ ਡੂੰਘਾ ਅਧਿਐਨ ਕੀਤਾ ਸੀ। ਇਹ ਅਧਿਐਨ ਚੋਟੀ ਦੇ ਮਾਓਵਾਦੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਪੋਲਿਟ ਬਿਊਰੋ ਮੈਂਬਰ ਕੋਬਾਦ ਗਾਂਧੀ ਦੀ ਅਗਵਾਈ ਹੇਠ ਬਣਾਈ ਉਚ ਪੱਧਰੀ ਕਮੇਟੀ ਨੇ ਕੀਤਾ ਸੀ। ਕੋਬਾਦ ਅੱਜਕੱਲ੍ਹ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ ਅਤੇ ਖੁਫੀਆਂ ਏਜੰਸੀਆਂ ਇਹ ਸੂਹ ਕੱਢ ਚੁੱਕੀਆਂ ਹਨ ਕਿ ਉਹ ਅਕਸਰ ਪੰਜਾਬ ਆਉਂਦਾ ਰਿਹਾ ਹੈ।



ਪੁਲਿਸ ਮੁਖੀਆਂ ਦੀ ਮੀਟਿੰਗ ਦੌਰਾਨ ਮਿਲ ਰਹੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਆਈ.ਬੀ. ਦੇ ਮੁਖੀ ਨਿਹਚਲ ਸਿੰਘ ਸੰਧੂ

ਖੁਫੀਆਂ ਏਜੰਸੀਆਂ ਪੰਜਾਬ ਵਿਚ ਮਾਓਵਾਦੀਆਂ ਦੇ ਪ੍ਰਭਾਵ ਤੋਂ ਇਸ ਕਰ ਕੇ ਵੀ ਫਿਕਰਮੰਦ ਹਨ ਕਿ ਮਾਓਵਾਦੀ ਦਾ ਹਥਿਆਰਬੰਦ ਸੰਘਰਸ਼ ਦਾ ਸੰਕਲਪ ਬਹੁਤ ਪੀਡਾ ਹੈ। ਮਾਓਵਾਦੀਆਂ ਨੇ ਹਥਿਆਰਬੰਦ ਸੰਘਰਸ਼ ਦੇ ਪੱਖ ਤੋਂ ਪੰਜਾਬ ਨੂੰ ਤੀਜੀ ਸਟੇਜ 'ਤੇ ਰੱਖਿਆ ਹੈ, ਪਰ ਪਿਛਲੇ ਚਾਰ ਸਾਲ ਦੌਰਾਨ ਇਸ ਸਿਲਸਿਲੇ ਵਿਚ ਜਿਹੜੀਆਂ ਗ੍ਰਿਫਤਾਰੀਆਂ ਹੋਈਆਂ ਹਨ, ਉਸ ਤੋਂ ਖੁਫੀਆ ਏਜੰਸੀਆਂ ਮਾਓਵਾਦੀਆਂ ਦੀਆਂ ਸਰਗਰਮੀਆਂ ਤੋਂ ਡਰੀਆਂ ਹੋਈਆਂ ਹਨ। ਦਸੰਬਰ 2008 ਵਿਚ ਜਿਹੜਾ ਸੂਬਾ ਕਮੇਟੀ ਮੈਂਬਰ ਦੂਬੇ ਫੜਿਆ ਗਿਆ ਸੀ, ਉਹ ਅਸਲ ਵਿਚ ਮਾਓਵਾਦੀਆ ਦੀ ਝਾਰਖੰਡ ਕਮੇਟੀ ਦਾ ਚੋਟੀ ਦਾ ਆਗੂ ਸੀ ਅਤੇ ਉਸ ਨੂੰ ਪੰਜਾਬ ਵਿਚ ਲਹਿਰ ਉਸਾਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਹੀ ਭੇਜਿਆ ਗਿਆ ਸੀ। ਇਸ ਤੋਂ ਬਾਅਦ 30 ਅਪ੍ਰੈਲ 2010 ਨੂੰ ਦਿਲਬਾਗ ਸਿੰਘ ਜ਼ੀਰਾ, 16 ਮਈ 2010 ਨੂੰ ਸੰਜੀਵ ਮਿੰਟੂ, 3 ਮਈ 2011 ਨੂੰ ਹਰਭਿੰਦਰ ਜਲਾਲ (ਜਿਸ ਬਾਰੇ ਕਿਹਾ ਜਾਦਾ ਹੈ ਕਿ ਉਹ ਮਾਓਵਾਦੀਆਂ ਦੀ ਪੰਜਾਬ ਇਕਾਈ ਦਾ ਮੁਖੀ ਹੈ) ਅਤੇ ਹੁਣ ਪਿਛਲੇ ਮਹੀਨੇ ਲਾਜਪਤ ਰਾਏ ਉਰਫ ਮਨਵੀਰ ਸਿੰਘ ਉਰਫ ਕੇ.ਡੀ. ਨੂੰ ਮੁਕਤਸਰ ਤੋਂ ਫੜਿਆ ਗਿਆ ਹੈ। ਇਨ੍ਹਾਂ ਵਿਚੋਂ ਕਿਸੇ ਖਿਲਾਫ ਵੀ ਭੰਨ-ਤੋੜ ਦੀਆਂ ਕਾਰਵਾਈਆਂ ਦਾ ਕੋਈ ਕੇਸ ਨਹੀਂ ਸੀ। ਇਨ੍ਹਾਂ ਉਤੇ ਨੌਜਵਾਨਾਂ ਨੂੰ ਲਾਮਬੰਦ ਕਰਨ ਦੇ ਦੋਸ਼ ਹੀ ਲਾਏ ਗਏ ਸਨ। ਖੁਫੀਆ ਏਜੰਸੀ ਖਾਲਿਸਤਾਨੀਆ ਦੇ ਮੁਕਾਬਲੇ ਮਾਓਵਾਦੀਆ ਦੀ ਇਸੇ ਰਣਨੀਤੀ ਤੋਂ ਵੱਧ ਪ੍ਰੇਸ਼ਾਨ ਹਨ। ਉਂਜ ਵੀ ਦੇਸ਼ ਪੱਧਰ 'ਤੇ ਮਾਓਵਾਦੀਆਂ ਬਾਰੇ ਇਹ ਸੁਨੇਹਾ

(ਬਾਕੀ ਸਫਾ 6 'ਤੇ)


## ਕੈਲੀਫੋਰਨੀਆ ਵਿਚ ਸਿੱਖ ਹਿਤਾਂ ਬਾਰੇ ਦੋ ਬਿੱਲ ਪਾਸ

**ਸੈਕਰਾਮੈਂਟੋ (ਬਿਊਰੋ):** ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਸੂਬੇ ਦੇ ਸਿੱਖਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਦੋ ਇਤਿਹਾਸਕ ਬਿੱਲਾਂ ਉਪਰ ਦਸਤਖ਼ਤ ਕਰ ਦਿਤੇ ਹਨ ਜਿਸ ਨਾਲ ਇਨ੍ਹਾਂ ਨੂੰ ਕਾਨੂੰਨੀ ਦਰਜਾ ਹਾਸਲ ਹੋ ਗਿਆ ਹੈ। ਇਨ੍ਹਾਂ ਦੋਹਾਂ ਬਿਲਾਂ ਉਤੇ ਦਸਤਖਤ ਉਨ੍ਹਾਂ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਵਲੋਂ ਕਰਵਾਈ ਗਈ ਸ਼ਾਂਤੀ ਤੇ ਸਦਭਾਵਨਾ ਰੈਲੀ ਦੌਰਾਨ ਕੀਤੇ।

ਇਨ੍ਹਾਂ ਵਿਚੋਂ ਪਹਿਲਾ ਬਿੱਲ ਏ ਬੀ 1964 ਹੈ ਜੋ ਕੰਮ-ਕਾਜ ਵਾਲੀ ਕਿਸੇ ਵੀ ਜਗ੍ਹਾ ਉਪਰ ਨਸਲੀ ਭੇਦ ਨੂੰ ਰੋਕੇਗਾ। ਇਹ ਬਿਲ ਪਾਸ ਹੋਣ ਨਾਲ ਜਿਥੇ ਸਿੱਖਾਂ ਦੀ ਦਸਤਾਰ ਪ੍ਰਤੀ ਕੰਮਾਂ ਵਾਲੀ ਜਗ੍ਹਾ ਉਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕੇਗਾ, ਉਥੇ ਮੁਸਲਮਾਨਾਂ ਲਈ ਹਿਜਾਬ ਤੇ ਜਰਮੂਲਕੇ ਪਹਿਨਣ 'ਤੇ ਵੀ ਕੋਈ ਪਾਬੰਦੀ ਨਹੀਂ ਹੋਵੇਗੀ। ਦੂਸਰਾ ਬਿੱਲ ਐਸ ਬੀ 1540 ਪਾਸ ਕੀਤਾ ਗਿਆ ਹੈ, ਜਿਸ ਰਾਹੀਂ ਕੈਲੀਫੋਰਨੀਆ ਵਿਚ ਛੇਵੀਂ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਤੱਕ ਦੀਆਂ ਕਿਤਾਬਾਂ ਵਿਚ ਸਿੱਖਾਂ ਦੇ ਰਹਿਣ-ਸਹਿਣ, ਪਹਿਰਾਵੇ ਅਤੇ ਧਰਮ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਇਹ ਦੋਵੇਂ ਬਿੱਲ ਪਾਸ ਕਰਵਾਉਣ ਲਈ ਅਸੈਂਬਲੀ ਵੋਮੈਨ ਮਿਰਾਕੋ ਯਮਾਡਾ, ਸੈਨੇਟਰ ਲੋਨੀ ਹੈਨਕੌਕ ਅਤੇ ਸੈਨੇਟਰ ਡੈਰਲ ਸਟਾਈਨਬਰਗ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਸਿੱਖ ਭਾਈਚਾਰੇ ਵਿਚੋਂ ਉਂਕਾਰ ਸਿੰਘ ਬਿੰਦਰਾ, ਦਰਸ਼ਨ ਸਿੰਘ ਮੁੰਡੀ, ਬਲਵੀਰ ਸਿੰਘ ਢਿੱਲੋਂ, ਸੁਰਜੀਤ ਸਿੰਘ ਢਿੱਲੋਂ, ਸਿੱਖ ਕੁਲੀਸ਼ਨ ਤੇ ਇੰਟਰਫੇਥ ਬਿਊਰੋ ਨੇ ਸਮੇਂ-ਸਮੇਂ 'ਤੇ ਇਸ ਮਾਮਲੇ ਵਿਚ ਆਪਣੀ ਭੂਮਿਕਾ ਨਿਭਾਈ।

ਸੈਕਰਾਮੈਂਟੋ ਗਵਰਨਰ ਹਾਊਸ ਦੇ ਸਾਹਮਣੇ ਲੰਘੇ ਸਨਿਚਰਵਾਰ ਸਿੱਖ, ਹਿੰਦੂ ਅਤੇ ਮੁਸਲਮਾਨ ਭਾਈਚਾਰੇ ਦੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਗਵਰਨਰ ਜੈਰੀ ਬਰਾਊਨ ਨੇ



ਗਵਰਨਰ ਜੈਰੀ ਬਰਾਊਨ ਬਿਲਾਂ 'ਤੇ ਸਹੀ ਪਾਉਂਦੇ ਹੋਏ

ਕਿਹਾ ਕਿ ਉਨ੍ਹਾਂ ਦਾ ਸਿੱਖਾਂ ਨਾਲ ਪੁਰਾਣਾ ਸਬੰਧ ਹੈ ਤੇ ਉਨ੍ਹਾਂ ਨੇ ਕੈਲੀਫੋਰਨੀਆ ਦੀ ਤਰੱਕੀ ਵਿਚ ਅਹਿਮ ਹਿੱਸਾ ਪਾਇਆ ਹੈ। ਉਨ੍ਹਾਂ ਇਸ ਸਮੇਂ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਵਾਪਰੇ ਗੋਲੀ ਕਾਂਡ ਵਿਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਗਵਰਨਰ ਜੈਰੀ ਬਰਾਊਨ ਨੇ ਕਿਹਾ ਕਿ ਅਮਰੀਕਾ ਵਿਚ ਬਹੁਤੇ ਲੋਕ ਸਿੱਖਾਂ ਬਾਰੇ ਨਹੀਂ ਜਾਣਦੇ ਤੇ ਵਿਸਕਾਨਸਿਨ 'ਚ ਹੋਈ ਘਟਨਾ ਤੋਂ ਬਾਅਦ ਸਿੱਖਾਂ ਨੂੰ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਕੇ ਨਿਕਲਣਾ ਪਵੇਗਾ। ਅਮਰੀਕਾ ਅਤੇ ਖਾਸ ਕਰ ਕੈਲੀਫੋਰਨੀਆ ਵਿਚ ਸਭਿਆਚਾਰਕ ਤੇ ਨਸਲੀ ਭਿੰਨਤਾ ਦੀ ਗੱਲ

(ਬਾਕੀ ਸਫਾ 3 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।



✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਪੂਰਾ ਕਾਮਯਾਬ ਰਿਹਾ ਸ਼ੇਰੇ ਪੰਜਾਬ ਸਪੋਰਟਸ ਕਲੱਬ ਦਾ ਕਬੱਡੀ ਕੱਪ ਮੇਲਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ ਇਥੇ 2 ਸਤੰਬਰ ਨੂੰ ਬਸੀ ਵੁਡਜ਼ ਫਾਰੈਸਟ ਪ੍ਰੀਜ਼ਰਵ ਵਿਚ ਕਰਵਾਏ ਗਏ ਸਾਲਾਨਾ ਕਬੱਡੀ ਕੱਪ ਟੂਰਨਾਮੈਂਟ ਵਿਚ ਕਬੱਡੀ ਓਪਨ ਦੇ ਮੁਕਾਬਲੇ ਵਿਚ ਮੇਜ਼ਬਾਨ ਕਲੱਬ ਦੀ ਆਪਣੀ ਟੀਮ ਜੇਤੂ ਰਹੀ ਅਤੇ 5100 ਡਾਲਰ ਦਾ ਪਹਿਲਾ ਇਨਾਮ ਇਸ ਦੇ ਹਿੱਸੇ ਆਇਆ। ਦੂਜੇ ਥਾਂ ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਦੀ ਟੀਮ ਰਹੀ ਜੋ 4100 ਡਾਲਰ ਦੇ ਦੂਜੇ ਇਨਾਮ ਦੀ ਹੱਕਦਾਰ ਬਣੀ। ਕਬੱਡੀ ਓਪਨ ਦਾ ਪਹਿਲਾ ਇਨਾਮ ਜਸਵਿੰਦਰ ਸਿੰਘ ਗਿੱਲ ਅਤੇ ਨਾਜਰ ਸਿੰਘ ਗਿੱਲ ਵਲੋਂ ਸਪਾਂਸਰ ਕੀਤਾ ਗਿਆ ਸੀ ਜਦੋਂਕਿ ਦੂਜਾ ਗੁਰਦੇਵ ਸਿੰਘ ਗਿੱਲ ਅਤੇ ਅੰਮ੍ਰਿਤਪਾਲ ਸਿੰਘ ਗਿੱਲ ਵਲੋਂ।



ਬਲਜੀਤ ਮਾਲਵਾ

ਕਬੱਡੀ ਅੰਡਰ-21 ਮੁਕਾਬਲਿਆਂ ਵਿਚ ਪੰਜਾਬ ਸਪੋਰਟਸ ਕਲੱਬ ਕਲੀਵਲੈਂਡ ਨੇ ਸ਼ਿਕਾਗੋ ਦੀ ਟੀਮ ਨੂੰ 23 ਦੇ ਮੁਕਾਬਲੇ 29 ਅੰਕਾਂ ਨਾਲ ਹਰਾਇਆ ਅਤੇ ਪਹਿਲੇ ਇਨਾਮ ਦੀ ਹੱਕਦਾਰ ਬਣੀ। ਪਹਿਲਾ ਅਤੇ ਦੂਜਾ ਇਨਾਮ ਮਿੱਤਰਾਂ ਦਾ ਢਾਬਾ ਇੰਡੀਆਨਐਪੋਲਿਸ ਵਾਲੇ ਤੀਰਥ ਸਿੰਘ ਅਟਵਾਲ ਵਲੋਂ ਸਪਾਂਸਰ ਕੀਤਾ ਗਿਆ ਸੀ। ਇਨ੍ਹਾਂ ਮੈਚਾਂ ਵਿਚ ਮੀਰੀ ਪੀਰੀ ਸਪੋਰਟਸ ਕਲੱਬ ਇੰਡੀਆਨਾ ਅਤੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਡਿਟਰਾਇਟ ਦੀਆਂ ਟੀਮਾਂ ਵੀ ਭਿੜੀਆਂ।

ਵਾਲੀਬਾਲ ਮੁਕਾਬਲਿਆਂ ਵਿਚ ਸ਼ਿਕਾਗੋ ਲਾਈਟ ਆਊਟ ਵਾਲੀਬਾਲ ਟੀਮ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ 3-1 ਦੇ ਸੈਟ ਨਾਲ ਹਰਾ ਕੇ ਪਹਿਲੇ ਥਾਂ ਰਹੀ ਜਦੋਂਕਿ ਦੂਜੇ ਥਾਂ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੀ ਟੀਮ ਰਹੀ। ਵਾਲੀਬਾਲ ਦਾ ਪਹਿਲਾ ਇਨਾਮ ਹਰਮੇਲ ਸਿੰਘ ਖਿਆੜਾ ਅਤੇ ਦੂਜਾ ਇਨਾਮ ਬਲਦੇਵ ਸਿੰਘ ਬਾਗੜੀ ਵਲੋਂ ਸਪਾਂਸਰ ਕੀਤੇ ਗਏ ਸਨ।



ਮੇਲੇ ਦਾ ਅਰੰਭ ਸਵੇਰੇ ਪ੍ਰਭੂ ਚਰਨਾਂ ਵਿਚ ਅਰਦਾਸ ਨਾਲ ਹੋਇਆ। ਅਰਦਾਸ ਗੁਰਦੁਆਰਾ ਵ੍ਹੀਟਨ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਕੀਤੀ। ਮੇਲੇ ਦਾ ਉਦਘਾਟਨ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਚੇਅਰਮੈਨ ਪਰਮਿੰਦਰ ਸਿੰਘ ਗਰੇਵਾਲ, ਹਰਮੇਲ ਸਿੰਘ ਖਿਆੜਾ ਅਤੇ ਬਲਦੇਵ ਸਿੰਘ ਬਾਗੜੀ ਨੇ ਕੀਤਾ।

ਕਬੱਡੀ ਓਪਨ ਵਿਚ ਕੁਲ ਚਾਰ ਟੀਮਾਂ ਭਿੜੀਆਂ-ਮੀਰੀ ਪੀਰੀ ਸਪੋਰਟਸ ਕਲੱਬ ਇੰਡੀਆਨਾ, ਹਰਜੀਤ ਸਪੋਰਟਸ ਕਲੱਬ ਟੋਰਾਂਟੋ (ਕੈਨੇਡਾ), ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਅਤੇ ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ।

ਫਾਈਨਲ ਮੈਚ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਕਿੰਗਜ਼ ਸਪੋਰਟਕ ਕਲੱਬ ਸੈਕਰਾਮੈਂਟੋ ਵਿਚਾਲੇ ਜ਼ਬਰਦਸਤ ਟੱਕਰ ਰਹੀ। ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਖੇਡ ਰਹੇ ਕਾਲੇ ਮੂਲ ਦੇ ਜਾਫੀ ਭਰਾਵਾਂ-ਡਾਂਟੇ ਅਤੇ ਲੈਰੀ ਨੇ ਚੰਗੇ ਜੱਫੇ ਲਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਕ ਵਾਰੀ ਤਾਂ ਡਾਂਟੇ ਨੇ ਲਗਾਤਾਰ ਤਿੰਨ ਤਗੜੇ ਜਫੇ ਲਾ ਕੇ ਹੈਟਟ੍ਰਿਕ ਮਾਰੀ ਅਤੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਉਸ ਦਾ ਮੁੱਖ ਭੇੜ ਅਕਸਰ ਸੈਕਰਾਮੈਂਟੋ ਦੇ ਰੇਡਰ ਕੁਲਜੀਤ ਸਿੰਘ ਧਾਲੀਵਾਲ ਉਰਫ ਮੌਲੇ ਨਾਲ ਹੁੰਦਾ ਜਿਸ ਵਿਚ ਬਾਜੀ ਡਾਂਟੇ ਦੇ ਹੱਥ ਹੁੰਦੀ ਤੇ ਕਦੇ ਮੌਲੇ ਦੇ ਹੱਥ। ਇਸ ਟੀਮ ਦੇ ਰੇਡਰ ਸਾਬਾ ਅਤੇ ਹਰਦੀਪ ਵੀ ਕੋਈ ਘੱਟ ਨਾ ਖੇਡੇ। ਸੈਕਰਾਮੈਂਟੋ ਦੇ ਗੁਰੀ ਨੇ ਵੀ ਅੰਕ ਲੈਣ ਲਈ ਇਕ ਦੂਜੇ ਨਾਲ ਚੰਗੇ ਹੱਥ ਅਜਮਾਏ। ਜਿਥੇ ਮੇਜ਼ਬਾਨ ਕਲੱਬ ਦੇ ਲੈਰੀ ਤੇ ਡਾਂਟੇ ਭਰਾ ਖੂਬ ਜੰਮੇ। ਉਥੇ ਸੈਕਰਾਮੈਂਟੋ ਕਲੱਬ ਵਲੋਂ ਖੇਡਦੇ ਮੈਕਸੀਕਨ ਮੂਲ ਦੇ ਖਿਡਾਰੀ ਭਰਾਵਾਂ-ਜੈਰੋ ਸ਼ਾਵੇਜ਼ ਤੇ ਜੀਸਸ ਸ਼ਾਵੇਜ਼ ਨੇ ਵੀ ਚੰਗੀ ਖੇਡ ਦਿਖਾ ਕੇ ਇਹ ਜਤਾ ਦਿੱਤਾ ਕਿ ਭਵਿੱਖ ਵਿਚ ਉਹ ਵੀ ਕਬੱਡੀ ਦੇ ਨਾਮੀ ਖਿਡਾਰੀਆਂ 'ਚ ਹੋਣਗੇ। ਜਦੋਂ ਕੋਈ ਰੇਡਰ ਤੇ ਸਟਾਪਰ ਆਹਮੋ-ਸਾਹਮਣੇ ਹੋ ਕੇ ਇਕ ਦੂਜੇ ਨੂੰ ਟੱਕਰਦੇ ਜਾਂ ਕੋਈ ਰੇਡਰ ਅੰਕ ਲੈ ਕੇ ਮੁੜਦਿਆਂ ਪੱਟਾਂ 'ਤੇ ਥਾਪੀ ਮਾਰਦਾ ਤਾਂ ਦਰਸ਼ਕ ਵੀ ਖੁੱਲ੍ਹ ਕੇ ਤਾੜੀਆਂ ਮਾਰਦੇ।

ਅਖੀਰ ਮੇਜ਼ਬਾਨ ਕਲੱਬ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟ 30 ਦੇ ਮੁਕਾਬਲੇ ਸਾਢੇ ਤੇਤੀ ਅੰਕਾਂ ਨਾਲ ਮਾਤ ਦੇਣ ਤੇ ਕੱਪ ਜਿੱਤਣ ਵਿਚ ਕਾਮਯਾਬ ਰਿਹਾ। ਅੱਧੇ ਸਮੇਂ ਤੱਕ ਸ਼ਿਕਾਗੋ ਟੀਮ ਦੇ ਸਾਢੇ 19 ਤੇ ਸੈਕਰਾਮੈਂਟੋ ਦੇ 15 ਅੰਕ ਸਨ।

ਵਾਲੀਬਾਲ ਦੇ ਫਾਈਨਲ ਵਿਚ ਸ਼ਿਕਾਗੋ ਲਾਈਟ ਆਊਟ ਕਲੱਬ ਦੀ ਟੀਮ ਨੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ 3-1 ਦੇ ਸੈਟ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਸ਼ਿਕਾਗੋ ਲਾਈਟ ਆਊਟ ਟੀਮ ਵਲੋਂ ਹਰਸ਼ਲ ਧਕੜ ਨੇ ਵਧੀਆ ਖੇਡ ਦਿਖਾਈ। ਇਸ ਟੀਮ ਵਿਚ ਅਮੈਰਿਕਨ ਗੋਰੇ ਵੀ ਖੇਡ ਰਹੇ ਸਨ। ਸ਼ਹੀਦ ਭਗਤ ਸਿੰਘ ਕਲੱਬ ਵਲੋਂ ਟੋਨੀ ਸੰਘੇੜਾ ਨੇ ਚੰਗੀ ਖੇਡ ਦਿਖਾਈ।

ਕਬੱਡੀ ਮੈਚਾਂ ਦੇ ਰੈਫਰੀ ਨਾਮੀ ਸਾਬਕਾ ਕਬੱਡੀ ਖਿਡਾਰੀ ਸੋਨੀ ਸਨੇਤ (ਕੈਨੇਡਾ) ਅਤੇ ਕੈਲੀਫੋਰਨੀਆ ਤੋਂ ਸੰਦੀਪ ਸਹੋਤਾ ਸਨ। ਸਤਵੰਤ ਸਿੰਘ ਨਿੱਜਰ ਅਤੇ ਸੁਖਦੀਪ ਸਿੰਘ ਸੋਮਲ ਨੇ ਵੀ ਕਬੱਡੀ ਮੈਚਾਂ ਦੇ ਰੈਫਰੀ ਵਜੋਂ ਹਾਜ਼ਰੀ ਲਵਾਈ। ਕਬੱਡੀ ਮੈਚਾਂ ਦੇ ਅੰਕ ਲਿਖਣ ਦੀ ਸੇਵਾ ਗੁਰਦੁਆਰਾ ਪੈਲਾਟਾਈਨ (ਸ਼ਿਕਾਗੋ) ਦੇ ਸਾਬਕਾ ਪ੍ਰਧਾਨ ਰਘਵਿੰਦਰ ਸਿੰਘ ਮਾਹਲ ਨੇ ਨਿਭਾਈ। ਵਾਲੀਬਾਲ ਮੈਚਾਂ ਵਿਚ ਰੈਫਰੀ ਵਜੋਂ ਹਰਜੀਤ ਸਿੰਘ ਸੂੰਡ ਦੀ ਕਮਾਨ ਹੇਠ ਲਾਲੀ ਨਿੱਜਰ, ਬਿੱਟੂ ਬਾਜਵਾ ਤੇ ਰਵੀ ਖਹਿਰਾ ਨੇ ਸੇਵਾ ਕੀਤੀ।

ਕਬੱਡੀ ਮੈਚਾਂ ਦੀ ਕੁਮੈਂਟਰੀ ਟੋਰਾਂਟੋ, ਕੈਨੇਡਾ ਤੋਂ ਆਏ ਇਕਬਾਲ ਗਾਲਿਬ ਨੇ ਕੀਤੀ ਅਤੇ ਗਾਹੇ-ਬਗਾਹੇ ਟੋਟਕੇ ਛੱਡ ਕੇ ਮੈਚਾਂ ਦਾ ਸਵਾਦ ਦੂਣਾ-ਤੀਣਾ ਬਣਾਈ ਰੱਖਿਆ। ਕਬੱਡੀ ਦੀ ਪ੍ਰਸ਼ੰਸਾ ਉਸ ਕਿਹਾ, 'ਵੇਖ ਪਟਾਕੇ ਪੈਂਦੇ ਕੱਬਡੀ ਦੇ, ਜੋਸ਼ ਤੇ ਜਵਾਨੀ ਦੀ ਖੇਡ ਏ, ਇਹ ਤਾਂ ਸਾਨ੍ਹਾਂ ਦਾ ਭੇੜ ਏ।'

ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਚੇਅਰਮੈਨ ਬਲਦੇਵ ਸਿੰਘ ਸੱਲ੍ਹਾਂ ਜੋ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਮੀਤ ਪ੍ਰਧਾਨ ਵੀ ਹਨ, ਨੇ ਗੁਰਦੁਆਰਾ ਓਕ ਕਰੀਕ ਵਿਚ ਹੋਏ ਗੋਲੀ ਕਾਂਡ ਵਿਚ ਮਾਰੇ ਗਏ ਸ਼ਰਧਾਲੂਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਹੋਰ ਬੁਲਾਰਿਆਂ ਨੇ ਵੀ ਗੁਰਦੁਆਰਾ ਓਕ ਕਰੀਕ ਦੇ ਸ਼ਹੀਦਾਂ ਨੂੰ ਯਾਦ ਕੀਤਾ।



ਮੇਲੇ ਦੇ ਅਖੀਰ ਵਿਚ ਉਘੇ ਲੋਕ ਗਾਇਕ ਬਲਜੀਤ ਮਾਲਵਾ ਦਾ ਅਖਾੜਾ ਲੱਗਾ ਜਿਸ ਵਿਚ ਉਸ ਨੇ ਕਰੀਬ ਡੇਢ ਘੰਟਾ ਗੀਤ ਪੇਸ਼ ਕਰਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਇਕ ਧਾਰਮਿਕ ਗੀਤ 'ਹੱਥ ਜੋੜ੍ਹ ਕਰਾਂ ਅਰਜੋਈ, ਮੈਨੂੰ ਭੁਲਣਹਾਰੇ ਨੂੰ ਬਖਸ਼ੀਂ ਮਾਲਕਾ...' ਤੋਂ ਸ਼ੁਰੂ ਕਰ ਕੇ 'ਉਹ ਮੌਜਾਂ ਭੁਲਣੀਆਂ ਨਹੀਂ ਜੋ ਬਾਪੂ ਦੇ ਸਿਰ 'ਤੇ ਕਰੀਆਂ', 'ਨੀ ਕੁੜੀਓ ਤੁਸੀਂ ਕਾਹਦੀਆਂ ਪੰਜਾਬਣਾਂ...', 'ਆਓ ਬਣੀਏ ਅਸੀਂ ਸਾਰੇ ਹੀ ਪੰਜਾਬ ਦੇ' ਤੇ 'ਮੁੰਦਰੀ ਨਿਸ਼ਾਨੀ ਰੱਖੀ ਸਾਂਭ ਕੇ' ਆਦਿ ਗੀਤ ਪੇਸ਼ ਕਰ ਕੇ ਸਰੋਤੇ ਖੁਸ਼ ਕੀਤੇ। 'ਬੇ-ਪਰਦੇ ਦੇ ਫੈਸ਼ਨ ਛਡ ਦਿਓ ਨੀ ਕੁੜੀਓ, ਗਿੱਧੇ ਵਿਚੋਂ ਡਿਸਕੋ ਕੱਢ ਦਿਓ ਨੀ ਕੁੜੀਓ' ਸੁਣਾ ਕੇ ਫੈਸ਼ਨਾਂ ਪੱਟੇ ਮੁੰਡੇ-ਕੁੜੀਆਂ ਨੂੰ ਮੱਤ ਵੀ ਦਿੱਤੀ ਅਤੇ ਸਰੋਤਿਆਂ ਦੀ ਫਰਮਾਇਸ਼ 'ਤੇ ਬਿੰਦਰਖੀਏ ਦਾ ਗਾਇਆ ਗੀਤ 'ਦੁਪਟਾ ਤੇਰਾ ਸੱਤ ਰੰਗ ਦਾ' ਗਾ ਕੇ ਵਿਛੜੇ ਗਾਇਕ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ। 'ਆਹ ਲੈ ਫੜ੍ਹ ਲੈ ਗੱਡੀ ਦੀ ਚਾਬੀ, ਨੀ ਜੱਟ ਹੋ ਗਿਆ ਸ਼ਰਾਬੀ' ਪੇਸ਼ ਕਰਕੇ ਲੋਕਾਂ ਦੀਆਂ ਅੱਡੀਆਂ ਵੀ ਥਿਰਕਾਈਆਂ। ਮਸਤੀ ਵਿਚ ਆਏ ਇਕ ਸ਼ੌਕੀਆ ਕਲਾਕਾਰ ਤਾਰਾ ਮੁਲਤਾਨੀ ਨੇ ਵੀ ਬਿਨਾ ਸਾਜ-ਬਾਜ ਕੁਝ ਚੀਜ਼ਾਂ ਸੁਣਾ ਕੇ ਸਰੋਤੇ ਖੁਸ਼ ਕੀਤੇ।

ਮੇਲੇ ਦੇ ਮੁੱਖ ਮਹਿਮਾਨ ਅਜੀਤ (ਜੈ) ਸਿੰਘ ਵਾਲੀਆ ਸਨ। ਪ੍ਰਬੰਧਕਾਂ ਵਲੋਂ ਮੇਲੇ ਦੇ ਸਪਾਂਸਰਾਂ, ਇਸ ਨੂੰ ਕਾਮਯਾਬ ਕਰਨ ਲਈ ਮਾਲੀ ਮਦਦ ਦੇਣ ਵਾਲਿਆਂ ਅਤੇ ਖਿਡਾਰੀਆਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਮੇਲੇ ਵਿਚ ਹਾਜ਼ਰੀ ਭਰਨ ਲਈ ਡਿਟਰਾਇਟ, ਮਿਸ਼ੀਗਨ ਤੋਂ ਕਰਨ ਗਿੱਲ ਤੇ ਕਰਨਬੀਰ ਦੀ ਅਗਵਾਈ ਹੇਠ ਕਬੱਡੀ ਅੰਡਰ-21 ਦੀ ਟੀਮ ਅਤੇ ਸਾਥੀ ਪਹੁੰਚੇ ਹੋਏ ਸਨ। ਕੈਲਮਜ਼ੂ, ਮਿਸ਼ੀਗਨ ਤੋਂ ਦਲਬਾਰਾ ਸਿੰਘ ਮਾਂਗਟ, ਨਰਿੰਦਰ ਮੁੰਦਰ, ਕੁਲਵਿੰਦਰ ਸਿੰਘ ਗਿੱਲ ਆਪਣੇ ਸਾਥੀਆਂ ਸਮੇਤ, ਕਰਾਊਨ ਪੁਆਇੰਟ, ਇੰਡੀਆਨਾ ਤੋਂ ਸਰਵਣ ਸਿੰਘ ਟਿਵਾਣਾ, ਯਾਦਵਿੰਦਰ ਸਿੰਘ ਖੱਟੜਾ, ਧਰਮਿੰਦਰ ਸਿੰਘ ਖੱਟੜਾ, ਮਨਦੀਪ ਸਿੰਘ ਭੂਰਾ, ਕੁਲਦੀਪ ਸਿੰਘ ਲੰਗ ਆਪਣੇ ਸਾਥੀਆਂ ਸਮੇਤ ਪਹੁੰਚੇ ਹੋਏ ਸਨ। ਇੰਡੀਅਨਐਪੋਲਿਸ ਤੋਂ ਮੀਰੀ ਪੀਰੀ ਸਪੋਰਟਸ ਕਲੱਬ ਵਾਲੇ ਪਰਮਜੀਤ ਸਿੰਘ ਸਿੱਧੂ ਅਤੇ ਸਤਵੰਤ ਸਿੰਘ ਨਿੱਜਰ ਆਪਣੇ ਪੂਰੇ ਲਾਮ ਲਸ਼ਕਰ ਨਾਲ ਹਾਜ਼ਰ ਸਨ। ਕਲੀਵਲੈਂਡ, ਓਹਾਇਓ ਤੋਂ ਪਹੁੰਚੇ ਮਹਿੰਦਰ ਸਿੰਘ ਭੇਲਾ, ਇਕਬਾਲ ਸਿੰਘ ਬੋਪਾਰਾਏ, ਕਰਨਬੀਰ ਸਿੰਘ ਖਹਿਰਾ ਅਤੇ ਕੁਲਵਿੰਦਰ ਸਮਰਾ ਆਪਣੀ ਅੰਡਰ-21 ਟੀਮ ਦੀ ਜਿੱਤ ਤੋਂ ਪੂਰੇ ਬਾਗੋ ਬਾਗ ਸਨ। ਟੀਮ ਦੇ ਮੁੱਖ ਖਿਡਾਰੀਆਂ ਵਿਚ ਜੂਰੋਨ ਟੇਲਰ, ਖੁਸ਼ਵਿੰਦਰ ਰੰਧਾਵਾ, ਕੈਵਿਨ ਨਾਗਰਾ, ਸ਼ਿਵਾ ਭਰਮੋਤਾ, ਅਜੈ ਸਿੰਘ ਤੇ ਜਸਕਰਨ ਢਿੱਲੋਂ ਸ਼ਾਮਲ ਸਨ।

ਜਸਜੀਤ ਸਿੰਘ ਸਿੱਧੂ, ਦਪਿੰਦਰ ਸਿੰਘ ਧਾਲੀਵਾਲ, ਹਰਇੰਦਰਜੀਤ ਸਿੰਘ ਧਾਲੀਵਾਲ, ਪਰਮਜੀਤ ਸਿੰਘ ਸਿੱਧੂ ਮਿਲਵਾਕੀ ਤੋਂ ਮੇਲੇ ਦਾ ਅਨੰਦ ਮਾਨਣ ਪਹੁੰਚੇ।

ਮੇਲੇ ਨੂੰ ਕਾਮਯਾਬ ਕਰਨ ਲਈ ਕਲੱਬ ਦੇ ਬੋਰਡ ਮੈਂਬਰਾਂ-ਰਛਪਾਲ ਸਿੰਘ ਖੰਗੂੜਾ (ਪ੍ਰਧਾਨ), ਜਸਵਿੰਦਰ ਸਿੰਘ ਜੱਸੀ, ਜਿੰਦਰ ਸਿੰਘ ਬੈਨੀਪਾਲ, ਸਤਨਾਮ ਸਿੰਘ ਮਿਨਹਾਸ, ਦੀਪਾ ਬਦੇਸ਼ਾ, ਪੀਟਾ ਸਹੋਤਾ, ਰਵਿੰਦਰ ਸਿੰਘ ਖਹਿਰਾ, ਲਾਲੀ ਨਿੱਝਰ, ਹਰਦੀਪ ਸਿੰਘ ਗਿੱਲ, ਨਾਜਰ ਸਿੰਘ ਗਿੱਲ, ਬੱਬੀ ਬਾਠ, ਕਾਬਲ ਸਿੰਘ ਭੁੱਲਰ, ਬਲਜੀਤ ਸਿੰਘ ਮੰਗੀ, ਚਮਨ ਲਾਲ, ਸੁਰਿੰਦਰ ਸਿੰਘ ਭੱਟੀ, ਸਾਬਕਾ ਪ੍ਰਧਾਨ ਪਰਮਿੰਦਰ ਵਾਲੀਆ, ਜਿੰਦੀ ਖੰਗੂੜਾ ਅਤੇ ਅਮਰਦੇਵ ਸਿੰਘ ਬਦੇਸ਼ਾ ਨੇ ਪਿਛਲੇ ਕਈ ਹਫਤਿਆਂ ਤੋਂ ਦਿਨ ਰਾਤ ਇਕ ਕੀਤਾ ਹੋਇਆ ਸੀ ਅਤੇ ਉਹ ਮੇਲੇ ਦੀ ਕਾਮਯਾਬੀ ਤੋਂ ਪੂਰੀ ਤਰ੍ਹਾਂ ਖੁਸ਼ ਸਨ।



ਜੇਤੂ ਟੀਮ ਨਾਲ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਪ੍ਰਬੰਧਕ



# ਸਿੱਖ ਹਿਤਾਂ ਬਾਰੇ ਦੋ ਬਿੱਲ ਪਾਸ

ਕਰਦਿਆਂ ਉਨ੍ਹਾਂ ਆਖਿਆ ਕਿ ਕੈਲੀਫੋਰਨੀਆ ਵਿਚ ਇਸ ਸਮੇਂ 130 ਵੱਖ ਵੱਖ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਤੇ ਸਾਰੀਆਂ ਭਾਸ਼ਾਵਾਂ ਨੂੰ ਬਰਾਬਰ ਦਾ ਸਤਿਕਾਰ ਹਾਸਲ ਹੈ।

ਇਸ ਸ਼ਾਂਤੀ ਤੇ ਸਦਭਾਵਨਾ ਰੈਲੀ ਨੂੰ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਐਨ. ਪਾਰਥਾਸਾਰਥੀ ਨੇ ਸੰਬੋਧਨ ਕਰਦਿਆਂ ਆਖਿਆ ਕਿ ਇਹ ਦੋਵੇਂ ਬਿਲ ਸਿੱਖਾਂ ਅਤੇ ਹੋਰ ਭਾਈਚਾਰਿਆਂ ਦੀ ਪਛਾਣ ਕਾਇਮ ਕਰਨ ਵਿਚ ਬਹੁਤ ਸਹਾਈ ਸਾਬਤ ਹੋਣਗੇ। ਉਨ੍ਹਾਂ ਵਿਸਕਾਨਸਿਨ ਦੀ ਘਟਨਾ ਉਤੇ ਦੁੱਖ ਪ੍ਰਗਟਾਉਂਦਿਆਂ ਸਿੱਖ ਭਾਈਚਾਰੇ ਨਾਲ ਹਮਦਰਦੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਭਾਰਤੀ ਕੌਂਸਲਖਾਨਾ ਉਨ੍ਹਾਂ ਦੇ ਨਾਲ ਖੜ੍ਹਾ ਹੈ। ਹਨ।

ਰੈਲੀ ਨੂੰ ਸੰਬੋਧਨ ਕਰਦਿਆਂ ਬਜ਼ੁਰਗ ਸਿੱਖ ਆਗੂ ਦੀਦਾਰ ਸਿੰਘ ਬੈਂਸ ਨੇ ਅਮਰੀਕਾ ਵਿਚ ਸਿੱਖ ਭਾਈਚਾਰੇ ਦੇ ਇਤਿਹਾਸ ਉਪਰ ਚਾਨਣਾ ਪਾਇਆ ਤੇ ਦੱਸਿਆ ਕਿ ਕਿਵੇਂ ਉਨ੍ਹਾਂ ਸਖਤ ਮਿਹਨਤ ਕਰਕੇ ਇਥੋਂ ਦੇ ਵਿਕਾਸ ਵਿਚ ਹਿੱਸਾ ਪਾਇਆ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਪਿਸ਼ੌਰਾ ਸਿੰਘ ਢਿੱਲੋਂ, ਤੇਜਿੰਦਰ ਮਾਨ, ਮੈਡਮ ਸਦੀਕੀ, ਡਾ. ਰਮੇਸ਼ ਜਾਪੜਾ, ਡਾ. ਗੁਰਪ੍ਰੀਤ ਧੁੱਗਾ, ਡਾ. ਜਸਬੀਰ ਕੰਗ, ਅਮਰ ਸ਼ੇਰਗਿੱਲ, ਹੈਰੀ ਗਿੱਲ, ਉਂਕਾਰ ਸਿੰਘ ਬਿੰਦਰਾ, ਰਵਿੰਦਰ ਸਿੰਘ ਮਾਨ ਤੇ ਹਰਸਿਮਰਨ ਕੌਰ ਨੇ ਵੀ ਸੰਬੋਧਨ ਕੀਤਾ। ਪ੍ਰੰਤੂ ਪ੍ਰੋਗਰਾਮ ਦੇ ਸੰਚਾਲਨ ਵਿਚ ਕੁਝ ਤਰੁਟੀਆਂ ਰਹਿ ਜਾਣ ਕਰਕੇ ਕੈਨੇਡਾ ਤੋਂ ਆਏ ਮੈਂਬਰ ਪਾਰਲੀਮੈਂਟ ਨੂੰ ਬੋਲਣ ਦਾ ਸਮਾਂ ਨਾ ਮਿਲ ਸਕਿਆ। ਇਸੇ ਤਰ੍ਹਾਂ ਨਵੰਬਰ ਮਹੀਨੇ ਹੋ ਰਹੀਆਂ ਕਾਂਗਰਸ ਚੋਣਾਂ ਲਈ ਰਿਪਬਲਿਕਨ ਉਮੀਦਵਾਰ ਰਿੱਕੀ ਗਿੱਲ ਨੂੰ ਵੀ ਸਮਾਂ ਨਾ ਦਿੱਤਾ ਗਿਆ। ਇਕ ਸਮੇਂ ਕੁਝ ਤਲਖੀ ਵੀ ਪੈਦਾ ਹੋਈ।



*ਸਦਭਾਵਨਾ ਰੈਲੀ ਵਿਚ ਹਾਜ਼ਰ ਲੋਕ*

ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਪ੍ਰਧਾਨ ਬਲਬੀਰ ਸਿੰਘ ਢਿੱਲੋਂ ਨੇ ਕਿਹਾ, "ਇਹ ਦੋਵੇਂ ਬਿੱਲ ਸਿੱਖਾਂ ਦੀ ਵੱਡੀ ਪ੍ਰਾਪਤੀ ਹਨ। ਕੈਲੀਫੋਰਨੀਆ ਵਿਚ ਸਿੱਖਾਂ ਦਾ ਇਤਿਹਾਸ ਸੌ ਸਾਲਾਂ ਦਾ ਹੈ। ਅਸੀਂ ਰਾਜ ਦੇ ਉਨ੍ਹਾਂ ਵਿਧਾਇਕਾਂ ਦੇ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਸਿੱਖਾਂ ਲਈ ਇਹ ਕਦਮ ਚੁੱਕਿਆ।" ਸਥਾਨਕ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਨੇ ਕਿਹਾ ਕਿ ਅਮਰੀਕਾ ਵਿਚ ਰਹਿੰਦੇ ਸਿੱਖਾਂ ਬਾਰੇ ਜਾਣਕਾਰੀ ਦੀ ਕਮੀ ਕਰਕੇ ਲੋਕਾਂ ਨੂੰ ਕਈ ਗਲਤਫਹਿਮੀਆਂ ਹਨ। ਇਸ ਦੀ ਵਜ੍ਹਾ ਜਾਣਕਾਰੀ ਦੀ ਕਮੀ ਹੈ। ਸਾਨੂੰ ਜਾਣਕਾਰੀ ਦੇ ਅਜੋਕੇ ਸਾਧਨ ਇਸਤੇਮਾਲ ਕਰਦਿਆਂ ਸਿੱਖਾਂ ਬਾਰੇ ਵੱਧ ਜਾਣਕਾਰੀ ਮੁਹੱਈਆ ਕਰਨੀ ਚਾਹੀਦੀ ਹੈ ਕਿ ਕਿਵੇਂ ਇਹ ਪਿਛਲੇ ਸੌ ਸਾਲ ਤੋਂ ਅਮਰੀਕਾ ਦੇ ਵਿਕਾਸ ਵਿਚ ਭਾਈਵਾਲ

ਇਹ ਵੀ ਜ਼ਿਕਰਯੋਗ ਹੈ ਕਿ ਰੈਲੀ ਵਿਚ ਗਿਣਤੀ ਮਸੀਂ ਦੋ-ਢਾਈ ਸੌ ਦੀ ਸੀ। ਰੈਲੀ ਵਿਚ ਸ਼ਾਮਲ ਇਕ ਵਿਅਕਤੀ ਨੇ ਟਿਪਣੀ ਕੀਤੀ ਕਿ ਇਨੇ ਥੋੜੇ ਲੋਕਾਂ ਦੀ ਸ਼ਮੂਲੀਅਤ ਸਿੱਖ ਭਾਈਚਾਰੇ ਦਾ ਕੋਈ ਚੰਗਾ ਅਕਸ਼ ਨਹੀਂ ਬਣਾਉਂਦੀ। ਸਮਝਿਆ ਜਾਂਦਾ ਹੈ ਕਿ ਪ੍ਰਬੰਧਕਾਂ ਦੀ ਕਮਜੋਰੀ ਕਰਕੇ ਇੰਨੇ ਘੱਟ ਲੋਕ ਆਏ। ਉਂਜ ਪੰਥਕ ਅਖਵਾਉਂਦੀਆਂ ਕੁਝ ਜਥੇਬੰਦੀਆਂ ਵਲੋਂ ਇਸ ਰੈਲੀ ਦੇ ਬਾਈਕਾਟ ਦਾ ਸੱਦਾ ਵੀ ਦਿਤਾ ਗਿਆ ਸੀ।


ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



United Sports Club of California
33272 Palomino Common, Fremont, CA, 94555
Phone: 510-468-9381
Website: http://usportsca.org/

ਨਸ਼ੇ ਛੱਡੋ। ਨਸ਼ਾ ਵਿਰੋਧੀ ਅਪੀਲ ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।







ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵੱਧ ਨਿਪੁੰਸਕ – Dr. Harshinder Kaur

ਵਿਦੇਸ਼ੀ ਧਰਤੀ ਉੱਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿੱਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।

ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖਲ (ਚੇਅਰਮੈਨ) 831-247-4637 | ਬਲਵੀਰ ਸਿੰਘ ਭਾਟੀਆ (ਪ੍ਰਧਾਨ) 510-677-6248 | ਗੁਰਦਾਵਰ ਸਿੰਘ ਮਹੇੜੂ 2gsmamann@gmail.com | ਜੁਗਰਾਜ ਸਿੰਘ ਸਹੋਤਾ 510-673-0825

Makhan S. Bains, Narinder S. Sahota, Palwinder S. Gakhal, Kuldip S. Mann
Iqbal S. Gakhal, Parmjit S. Sandhu, Dalvinder S. Padda, Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com

Promotes Healthy Enviornment

ਮਾਂ ਬਾਪ, ਸਮਾਝ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆ ਖਿਲਾਫ ਡਟਣ ਦਾ ਹੋਕਾ।

# ਮੇਰਾ ਨਾਪਾ ਨਾਲ ਕੋਈ ਸਬੰਧ ਨਹੀਂ: ਦੀਦਾਰ ਸਿੰਘ ਬੈਂਸ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਬਜ਼ੁਰਗ ਸਿੱਖ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ), ਅਮਰੀਕਾ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੇਰਾ ਨਾਰਥ ਅਮੈਰਿਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨਾਲ ਕੋਈ ਸਬੰਧ ਨਹੀਂ ਹੈ ਅਤੇ ਇਸ ਨੇ 8 ਸਤੰਬਰ ਨੂੰ ਸੈਕਰਾਮੈਂਟੋ ਵਿਚ ਓਕ ਕਰੀਕ ਗੋਲੀ ਕਾਂਡ ਬਾਰੇ ਕੀਤੀ ਗਈ ਸ਼ਾਂਤੀ ਅਤੇ ਸਦਭਾਵਨਾ ਰੈਲੀ ਲਈ ਮੇਰਾ ਨਾਂ ਵਰਤ ਕੇ ਜੋ ਪੈਸਾ ਇਕੱਠਾ ਕੀਤਾ ਹੈ, ਉਸ ਨਾਲ ਮੇਰਾ ਕਈ ਲੈਣਾ-ਦੇਣਾ ਨਹੀਂ।

ਜ਼ਰਾ ਤਲਖ ਸੁਰ ਵਿਚ ਗੱਲ ਕਰਦਿਆਂ ਬਜ਼ੁਰਗ ਆਗੂ ਨੇ ਆਖਿਆ ਕਿ ਨਾਪਾ ਵਲੋਂ ਆਪਹੁਦਰੀਆਂ ਕਰਕੇ ਸਿੱਖ ਭਾਈਚਾਰੇ ਨੂੰ ਅੱਖੋਂ ਪਰੋਖੇ ਕਰਕੇ ਸਿੱਖ ਸਮਾਜ ਨੂੰ ਸੱਟ ਮਾਰੀ ਗਈ ਹੈ। ਉਨ੍ਹਾਂ ਸਿੱਖ ਭਾਈਚਾਰੇ ਨੂੰ ਇਹ ਸਪਸ਼ਟ ਕੀਤਾ ਕਿ ਕੈਲੀਫੋਰਨੀਆ ਦੇ ਗਵਰਨਰ ਨੇ ਜਿਨ੍ਹਾਂ ਦੋ ਬਿਲਾਂ ਉਪਰ ਸਨਿਚਰਵਾਰ ਨੂੰ ਇਸ ਰੈਲੀ ਦੌਰਾਨ ਦਸਤਖਤ ਕੀਤੇ ਸਨ, ਉਹ ਸਿੱਖ ਭਾਈਚਾਰੇ ਵਲੋਂ ਪਿਛਲੇ ਕਈ ਸਾਲਾਂ ਤੋਂ ਕੀਤੀ ਗਈ ਮਿਹਨਤ ਅਤੇ ਚਾਰਾਜੋਈ ਦਾ ਨਤੀਜਾ ਹੈ। ਕੋਈ ਇਕ ਸੰਸਥਾ ਇਨ੍ਹਾਂ ਲਈ ਕਰੈਡਿਟ ਨਹੀਂ ਲੈ ਸਕਦੀ। ਉਨ੍ਹਾਂ ਆਖਿਆ ਕਿ ਕੁਝ ਅਖਬਾਰਾਂ ਵਿਚ ਇਸ ਸੰਸਥਾ ਵਲੋਂ ਮੇਰਾ ਨਾਂ ਤੇ ਮੇਰੀ ਫੋਟੋ ਜਾਣ-ਬੁੱਝ ਕੇ ਬਾਹਰ ਕੱਢ ਕੇ ਖਬਰ ਛਪਵਾਈ ਗਈ ਹੈ, ਜਿਸ ਤੋਂ ਇਨ੍ਹਾਂ ਦੀ ਸੌੜੀ ਸੋਚ ਦਾ ਪਤਾ ਲੱਗ ਜਾਂਦਾ ਹੈ।

ਸ. ਬੈਂਸ ਜੋ ਕਿ 8 ਸਤੰਬਰ ਦੀ ਰੈਲੀ ਵਿਚ ਗਵਰਨਰ



*ਦੀਦਾਰ ਸਿੰਘ ਬੈਂਸ*

ਵਲੋਂ ਦਸਤਖਤ ਕੀਤੇ ਜਾਣ ਮੌਕੇ ਹਾਜ਼ਰ ਸਨ, ਨੇ ਆਖਿਆ ਕਿ ਗਵਰਨਰ ਨੇ ਇਨ੍ਹਾਂ ਬਿਲਾਂ ਉਤੇ ਦਸਤਖਤ ਇਕੱਲੇ ਸਿੱਖ ਭਾਈਚਾਰੇ ਲਈ ਨਹੀਂ ਸਗੋਂ ਕੈਲੀਫੋਰਨੀਆ ਵਿਚ ਰਹਿੰਦੇ ਹੋਰ ਭਾਈਚਾਰਿਆਂ ਲਈ ਵੀ ਕੀਤੇ ਹਨ। ਇਸ ਰੈਲੀ ਵਿਚ ਯਹੂਦੀ, ਮੁਸਲਿਮ, ਇਸਾਈ ਤੇ ਬੋਧੀ ਭਾਈਚਾਰੇ ਵੀ ਹਾਜ਼ਰ ਸਨ। ਇਸ ਤੋਂ ਇਲਾਵਾ ਵੱਖ ਵੱਖ ਕੌਮੀਅਤਾਂ ਦੇ ਲੋਕ ਵੀ ਹਾਜ਼ਰ ਸਨ ਪਰ ਉਨ੍ਹਾਂ ਨੂੰ ਰੈਲੀ ਵਿਚ ਬੋਲਣ ਤੱਕ ਦਾ ਸਮਾਂ ਨਾ ਦਿੱਤਾ ਗਿਆ। ਉਨ੍ਹਾਂ ਇਸ ਉਕਾਈ ਲਈ ਨਾਪਾ ਦੇ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਇਆ।

ਆਪਣੇ ਬਿਆਨ ਵਿਚ ਸ. ਬੈਂਸ ਨੇ ਕਿਹਾ ਕਿ ਕੈਨੇਡਾ ਤੋਂ ਉਚੇਚੇ ਪਹੁੰਚੇ ਐਮ ਪੀ ਜਿੰਨੀ ਜੋਗਿੰਦਰ ਸਿੰਘ ਅਤੇ ਨਵੰਬਰ ਮਹੀਨੇ ਹੋ ਰਹੀਆਂ ਚੋਣਾਂ ਵਿਚ ਕਾਂਗਰਸ ਲਈ ਉਮੀਦਵਾਰ ਰਿੱਕੀ ਗਿੱਲ ਨੂੰ ਸਮਾਂ ਨਾ ਦਿੱਤੇ ਜਾਣ ਦਾ ਉਨ੍ਹਾਂ ਨੂੰ ਨਿਜੀ ਤੌਰ 'ਤੇ ਦੁੱਖ ਹੈ। ਉਨ੍ਹਾਂ ਐਲ ਏ ਅਤੇ ਹੋਰ ਥਾਂਵਾਂ ਤੋਂ ਆਏ ਕੁਝ ਬੁਲਾਰਿਆਂ ਨੂੰ ਸਮਾਂ ਨਾ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਇਹ ਕਹੇ ਜਾਣ ਕਿ ਤੁਹਾਨੂੰ ਕਿਸ ਬੁਲਾਇਆ ਸੀ, ਦੀ ਵੀ ਸਖਤ ਆਲੋਚਨਾ ਕੀਤੀ।

ਇਸੇ ਦੌਰਾਨ ਸ. ਬੈਂਸ ਨੇ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਫੱਟੜ ਹੋਏ ਪੁਲਿਸ ਅਫਸਰ ਲੈਫਟੀਨੈਂਟ ਬਰਾਇਨ ਮਰਫੀ ਲਈ ਆਪਣੇ ਵਲੋਂ ਅਤੇ ਆਪਣੇ ਇਕ ਦੋਸਤ ਡਾ. ਬਲਵਿੰਦਰ ਸਿੰਘ ਮੱਲ੍ਹੀ ਵਲੋਂ ਵੀ 50 ਹਜ਼ਾਰ ਡਾਲਰ ਦੇਣ ਦਾ ਐਲਾਨ ਕੀਤਾ ਜੋ ਯੂਬਾ ਸਿਟੀ ਪੁਲਿਸ ਮੁਖੀ ਦੇ ਹਵਾਲੇ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਗੋਲੀ ਕਾਂਡ ਵਿਚ ਮਰਨ ਵਾਲੇ ਸਿੱਖਾਂ ਦੇ ਪਰਿਵਾਰਾਂ ਦੀ ਵੀ ਬਣਦੀ ਮਦਦ ਕੀਤੀ ਜਾਵੇਗੀ।

## ਡਿਸ਼ ਨੈਟਵਰਕ 'ਤੇ ਨਵਾਂ ਪੰਜਾਬੀ ਚੈਨਲ ਗੈਟ ਪੰਜਾਬੀ ਸ਼ੁਰੂ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਕੌਮਾਂਤਰੀ ਪ੍ਰੋਗਰਾਮ ਦੇ ਪ੍ਰਮੁੱਖ ਨੈਟਵਰਕ ਡਿਸ਼ ਨੈਟਵਰਕ ਵਲੋਂ ਇਕ ਨਵੇਂ ਪੰਜਾਬੀ ਚੈਨਲ 'ਗੈਟ ਪੰਜਾਬੀ' ਦਾ ਪ੍ਰਸਾਰਣ ਸ਼ੁਰੂ ਕੀਤਾ ਗਿਆ ਹੈ। ਇਸ ਚੈਨਲ ਰਾਹੀਂ ਪੰਜਾਬੀ ਸਭਿਆਚਾਰ, ਗੀਤ-ਸੰਗੀਤ ਅਤੇ ਗੁਰਬਾਣੀ ਪ੍ਰੋਗਰਾਮਾਂ ਤੋਂ ਇਲਾਵਾ ਫਿਲਮਾਂ, ਰਸੋਈ ਬਾਰੇ ਪ੍ਰੋਗਰਾਮ ਅਤੇ ਕਈ ਤਰ੍ਹਾਂ ਦੇ ਸਮਾਜਿਕ ਲੜੀਵਾਰ ਦੇਖੇ ਜਾ ਸਕਣਗੇ। ਇਸ ਤੋਂ ਬਿਨਾਂ ਇਹ ਚੈਨਲ ਖਬਰਾਂ ਦਾ ਵੀ ਮੁੱਖ ਸ੍ਰੋਤ ਹੈ।

ਡਿਸ਼ ਨੈਟਵਰਕ ਵਲੋਂ ਜਾਰੀ ਇਕ ਬਿਆਨ ਅਨੁਸਾਰ ਗੈਟ ਪੰਜਾਬੀ ਰਾਹੀਂ ਖਬਰਾਂ ਤੇ ਗੁਰਬਾਣੀ ਪ੍ਰੋਗਰਾਮਾਂ ਤੋਂ ਇਲਾਵਾ ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ, ਅੱਗ ਦੇ ਕਲੀਰੇ, ਸਾਂਝ ਦਿਲਾਂ ਦੀ ਅਤੇ ਹੋਰ ਲੜੀਵਾਰ ਪ੍ਰੋਗਰਾਮ ਦੇਖੇ ਜਾ ਸਕਣਗੇ। ਇਹ ਪ੍ਰੋਗਰਾਮ ਡਿਸ਼ ਨੈਟਵਰਕ ਉਤੇ ਚੈਨਲ 738 ਰਾਹੀਂ ਪੇਸ਼ ਕੀਤੇ ਜਾਣਗੇ। ਡਿਸ਼ ਵਲੋਂ ਪੰਜਾਬੀ ਪੈਕ 24.99 ਡਾਲਰ ਮਾਸਿਕ ਖਰਚੇ 'ਤੇ ਉਪਲਬਧ ਹੈ। ਹੋਰ ਜਾਣਕਾਰੀ ਲਈ ਫੋਨ 1-888-723-0195 ਉਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਇਸ ਦੀ ਵੈਬਸਾਈਟ www.DISHPunjabiTV.com ਉਤੇ ਕਲਿਕ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਡਿਸ਼ ਨੈਟਵਰਕ ਕਾਰਪੋਰੇਸ਼ਨ ਆਪਣੀ ਅਧੀਨ ਕੰਪਨੀ ਡਿਸ਼ ਨੈਟਵਰਕ ਐਲ ਐਲ ਸੀ ਰਾਹੀਂ ਕਰੀਬ 1.14 ਕਰੋੜ ਸੈਟੇਲਾਈਟ ਟੀ ਵੀ ਖਪਤਕਾਰਾਂ ਨੂੰ ਪ੍ਰੋਗਰਾਮ ਮੁਹੱਈਆ ਕਰਦੀ ਹੈ।

# ਸਿਆਸੀ ਪਾਰਟੀਆਂ ਨੇ 7 ਵਰ੍ਹਿਆਂ 'ਚ ਵੱਟੇ 4662 ਕਰੋੜ

**ਨਵੀਂ ਦਿੱਲੀ:** ਭਾਰਤ ਦੀਆਂ ਸਿਆਸੀ ਪਾਰਟੀਆਂ ਨੇ 2004 ਤੋਂ ਬਾਅਦ ਦਾਨ ਤੇ ਹੋਰ ਸਰੋਤਾਂ ਰਾਹੀਂ 4662 ਕਰੋੜ ਰੁਪਏ ਵੱਟੇ ਹਨ। ਇਨ੍ਹਾਂ ਪਾਰਟੀਆਂ ਵਿਚੋਂ ਕਾਂਗਰਸ ਨੂੰ ਸਭ ਤੋਂ ਵੱਧ 2008 ਕਰੋੜ ਰੁਪਏ ਤੇ ਦੂਜੇ ਨੰਬਰ 'ਤੇ ਭਾਜਪਾ ਨੂੰ 994 ਕਰੋੜ ਰੁਪਏ ਦੀ ਆਮਦਨ ਹੋਈ ਹੈ। ਦੋ ਗੈਰ-ਸਰਕਾਰੀ ਸੰਸਥਾਵਾਂ ਵੱਲੋਂ 23 ਮੁੱਖ ਸਿਆਸੀ ਪਾਰਟੀਆਂ ਦੀ ਆਮਦਨ ਬਾਰੇ ਜਾਰੀ ਰਿਪੋਰਟ ਵਿਚ ਇਹ ਅੰਕੜੇ ਦਰਸਾਏ ਗਏ ਹਨ।

ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸਿਆਸੀ ਪਾਰਟੀਆਂ ਦਾ ਇਹ ਬਲੈਕ ਬਾਕਸ ਹੈ। ਦੇਸ਼ ਵਿਚ ਭ੍ਰਿਸ਼ਟਾਚਾਰ ਦਾ ਪ੍ਰਮੁੱਖ ਸਰੋਤ ਸਿਆਸੀ ਫੰਡ ਹੈ। ਸਿਆਸੀ ਫੰਡ ਨੂੰ ਜਾਰੀ ਰੱਖ ਕੇ ਭ੍ਰਿਸ਼ਟਾਚਾਰ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਚੋਣ ਕਮਿਸ਼ਨ ਤੇ ਆਮਦਨ ਕਰ ਵਿਭਾਗ ਤੋਂ ਆਰ.ਟੀ. ਆਈ. ਰਾਹੀਂ ਪ੍ਰਾਪਤ ਕੀਤੇ ਗਏ ਤੱਥਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਅਨੇਕਾਂ ਚੋਣ ਟਰੱਸਟਾਂ ਤੇ ਕਾਰਪੋਰੇਟ ਕੰਪਨੀਆਂ ਨੇ 2004-05 ਤੇ 2010-11 ਦੌਰਾਨ ਸਿਆਸੀ ਪਾਰਟੀਆਂ ਨੂੰ ਮੋਟਾ ਚੰਦਾ ਦਿੱਤਾ ਹੈ। ਇਸ ਚੰਦੇ ਬਦਲੇ ਇਨ੍ਹਾਂ ਕੰਪਨੀਆਂ ਨੇ ਵੀ ਸਰਕਾਰ ਤੋਂ ਜਾਇਜ਼-ਨਾਜਾਇਜ਼ ਕੰਮ ਲਏ ਹੋਣਗੇ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਤੇ ਨੈਸ਼ਨਲ ਇਲੈਕਸ਼ਨ ਵਾਚ ਵੱਲੋਂ 2004 ਤੋਂ 2011 ਤੱਕ ਦੇ ਸਮੇਂ ਲਈ ਰਿਕਾਰਡ ਇਕੱਠਾ ਕਰਨ ਵਾਸਤੇ ਆਮਦਨ ਕਰ ਰਿਟਰਨਾਂ ਤੇ ਚੋਣ ਕਮਿਸ਼ਨ ਨੂੰ ਸੌਂਪੀਆਂ ਦਾਨੀ ਸੱਜਣਾਂ ਦੀ ਸੂਚੀਆਂ ਨੂੰ ਆਧਾਰ ਬਣਾਇਆ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਰਟੀਆਂ ਦੀ ਆਮਦਨ ਵਿਚ 2004 ਤੋਂ ਬਾਅਦ ਲਗਾਤਰ ਵਾਧਾ ਹੋਇਆ ਹੈ। ਕਾਂਗਰਸ ਦੀ ਆਮਦਨ 2004 ਵਿਚ 222 ਕਰੋੜ ਰੁਪਏ ਸੀ ਜੋ 2011 ਵਿਚ ਵਧਕੇ 307 ਕਰੋੜ ਰੁਪਏ ਹੋ ਗਈ। ਅਜਿਹਾ ਹੀ ਭਾਜਪਾ ਨਾਲ ਹੋਇਆ। ਕਾਂਗਰਸ ਦੀ ਜ਼ਿਆਦਾਤਰ ਆਮਦਨ 'ਕੂਪਨ' ਵੇਚਣ ਨਾਲ ਹੋਈ ਹੈ। ਭਾਵੇਂ ਇਹ ਪਾਰਟੀ 2004 ਤੋਂ ਦੇਸ਼ ਦੀ ਸਰਕਾਰ ਚਲਾ ਰਹੀ ਹੈ ਪਰ ਇਸ ਨੂੰ ਦਾਨੀ ਸੱਜਣਾਂ ਦਾ ਸਿਰਫ 14.42 ਫੀਸਦੀ ਯੋਗਦਾਨ ਮਿਲਿਆ।

ਦੂਜੇ ਪਾਸੇ ਭਾਜਪਾ ਦੀ ਸੱਤ ਸਾਲਾਂ ਦੀ ਕੁੱਲ 994 ਕਰੋੜ ਰੁਪਏ ਆਮਦਨ ਵਿਚੋਂ 81.47 ਫੀਸਦੀ ਰਾਸ਼ੀ ਦਾਨ ਰਾਹੀਂ ਹਾਸਲ ਹੋਈ। ਭਾਜਪਾ ਨੂੰ ਇਹ ਦਾਨ ਰਾਸ਼ੀ ਕਾਰਪੋਰੇਟ ਅਦਾਰਿਆਂ ਅਤੇ ਵੱਡੀਆਂ ਕੰਪਨੀਆਂ ਦੇ ਟਰਸਟਾਂ ਰਾਹੀਂ ਪ੍ਰਾਪਤ ਹੋਈ। ਇਸ ਤੋਂ ਇਲਾਵਾ ਸੀ.ਪੀ.ਆਈ. (ਐਮ) ਦੀ ਆਮਦਨ 417 ਕਰੋੜ, ਬਸਪਾ ਦੀ 484 ਕਰੋੜ, ਸੀ.ਪੀ.ਆਈ. ਦੀ ਆਮਦਨ ਸਿਰਫ 6.7 ਕਰੋੜ ਜਦਕਿ ਸਮਾਜਵਾਦੀ ਪਾਰਟੀ ਨੂੰ 278 ਕਰੋੜ ਦੀ ਆਮਦਨ ਹੋਈ। ਐਨ.ਸੀ.ਪੀ. ਨੂੰ 140 ਕਰੋੜ, ਏ.ਆਈ.ਏ.ਡੀ. ਐਮ.ਕੇ. ਨੂੰ 21 ਕਰੋੜ, ਸ਼੍ਰੋਮਣੀ ਅਕਾਲੀ ਦਲ ਨੂੰ 25 ਕਰੋੜ, ਨੈਸ਼ਨਲ ਕਾਨਫਰੰਸ ਨੂੰ 21 ਕਰੋੜ, ਜੇ.ਡੀ. (ਯੂ) ਨੂੰ 26 ਕਰੋੜ, ਟੀ.ਡੀ.ਪੀ. ਨੂੰ 51 ਕਰੋੜ, ਡੀ.ਐਮ.ਕੇ. ਨੂੰ 40 ਕਰੋੜ, ਤ੍ਰਿਣਮੂਲ ਕਾਂਗਰਸ ਨੂੰ ਨੌਂ ਕਰੋੜ, ਸ਼ਿਵ ਸੈਨਾ ਨੂੰ 32 ਕਰੋੜ ਰੁਪਏ ਆਮਦਨ ਹੋਈ।

# ਡਾ. ਮਨਮੋਹਨ ਸਿੰਘ ਦੀ ਜਾਇਦਾਦ ਹੋਈ ਦੁੱਗਣੀ

**ਨਵੀਂ ਦਿੱਲੀ:** ਦੇਸ਼ ਦੇ ਇਮਾਨਦਾਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਆਪਣੇ ਮੰਤਰੀ ਮੰਡਲ ਦੇ ਬਹੁਤੇ ਸਾਥੀਆਂ ਤੋਂ 'ਗਰੀਬ' ਹਨ ਪਰ ਬੀਤੇ ਇਕ ਸਾਲ ਦੌਰਾਨ ਪ੍ਰਧਾਨ ਦੀ ਸੰਪਤੀ ਤਕਰੀਬਨ ਦੁੱਗਣੀ ਹੋ ਕੇ 10.73 ਕਰੋੜ ਰੁਪਏ ਨੂੰ ਪੁੱਜ ਗਈ ਹੈ। ਮੰਤਰੀ ਮੰਡਲ ਵਿਚ ਰੱਖਿਆ ਮੰਤਰੀ ਏ.ਕੇ. ਐਂਟਨੀ 55 ਲੱਖ ਰੁਪਏ ਦੀ ਸੰਪਤੀ ਨਾਲ 'ਫਾਡੀ' ਹਨ। ਕੇਂਦਰੀ ਮੰਤਰੀ ਮੰਡਲ ਵਿਚ ਅਮੀਰ ਮੰਤਰੀਆਂ ਵਿਚ ਪ੍ਰਫੁਲ ਕੁਮਾਰ ਪਟੇਲ (52 ਕਰੋੜ), ਸ਼ਰਦ ਪਵਾਰ (22 ਕਰੋੜ) ਤੇ ਅਲਾਗਿਰੀ (9.50) ਸ਼ਾਮਲ ਹਨ।



ਪ੍ਰਧਾਨ ਮੰਤਰੀ ਸਕੱਤਰੇਤ (ਪੀ.ਐਮ.ਓ.) ਵੱਲੋਂ ਆਪਣੀ ਵੈਬਸਾਈਟ ਵਿਚ ਦੱਸਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਕੋਲ ਰਿਹਾਇਸ਼ੀ ਜਾਇਦਾਦ, ਬੈਂਕ ਵਿਚ ਜਮ੍ਹਾਂ ਪੂੰਜੀ ਤੇ ਇਕ ਮਾਰੂਤੀ 800 ਹੈ। ਉਨ੍ਹਾਂ ਦੇ ਚੰਡੀਗੜ੍ਹ ਤੇ ਦਿੱਲੀ ਵਿਚਲੇ ਦੋ ਘਰਾਂ ਦੀ ਕੀਮਤ 7.27 ਕਰੋੜ ਬਣਦੀ ਹੈ। ਇਸ ਤੋਂ ਇਲਾਵਾ ਬੈਂਕ ਖਾਤਿਆਂ ਵਿਚ 3.46 ਕਰੋੜ ਰੁਪਏ ਹਨ। ਉਨ੍ਹਾਂ ਨੇ ਆਪਣੀ ਕੁੱਲ ਸੰਪਤੀ 10,73,88,730.81 ਰੁਪਏ ਐਲਾਨੀ ਹੈ। ਬੀਤੇ ਸਾਲ ਉਨ੍ਹਾਂ ਨੇ ਆਪਣੀ ਸੰਪਤੀ 5.11 ਕਰੋੜ ਰੁਪਏ ਐਲਾਨੀ ਸੀ। ਉਨ੍ਹਾਂ ਕੋਲ 150.80 ਗਰਾਮ ਸੋਨਾ ਹੈ ਜਿਸ ਦੀ ਕੀਮਤ 9.75 ਲੱਖ ਰੁਪਏ ਬਣਦੀ ਹੈ। ਮਾਰੂਤੀ 800 ਦੀ ਕੀਮਤ 21,033 ਰੁਪਏ।

ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਕਪਿਲ ਸਿੱਬਲ ਤੇ ਉਨ੍ਹਾਂ ਦੀ ਪਤਨੀ ਪ੍ਰੋਮਿਲਾ ਦੀ ਕੁੱਲ ਸੰਪਤੀ 45.33 ਕਰੋੜ ਰੁਪਏ ਦੀ ਹੈ। ਇਸ ਵਿਚ ਪਤਨੀ ਦੀ ਸੰਪਤੀ 8.11 ਕਰੋੜ ਰੁਪਏ ਹੈ। ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਕੋਲ 50 ਲੱਖ ਰੁਪਏ ਦਾ ਇਕ ਘਰ, 1.99 ਤੇ 1.25 ਕਰੋੜ ਰੁਪਏ ਦੇ ਦੋ ਫਲੈਟ, 19.76 ਲੱਖ ਰੁਪਏ ਦੀ ਵਾਹੀਯੋਗ ਜ਼ਮੀਨ, 8.22 ਲੱਖ ਰੁਪਏ ਦਾ ਗੈਸਟ ਹਾਊਸ ਤੇ 1.11 ਕਰੋੜ ਰੁਪਏ ਦੀ ਜ਼ਮੀਨ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਉੱਜਵਲ ਸ਼ਿੰਦੇ ਦੇ ਨਾਂ 2.15 ਕਰੋੜ ਰੁਪਏ ਦਾ ਫਲੈਟ ਤੇ 16 ਕਰੋੜ ਰੁਪਏ ਤੋਂ ਵੱਧ ਦੀ ਜ਼ਮੀਨ ਹੈ।

ਵਿਦੇਸ਼ ਮੰਤਰੀ ਐਸ.ਐਸ. ਕ੍ਰਿਸ਼ਨਾ ਕੋਲ 1.89 ਕਰੋੜ ਰੁਪਏ ਦੀ ਸੰਪਤੀ ਹੈ। ਵਿੱਤ ਮੰਤਰੀ ਪੀ. ਚਿਦੰਬਰਮ ਦੀ ਕੁੱਲ ਸੰਪਤੀ 11.96 ਕਰੋੜ ਰੁਪਏ ਹੈ ਜਦਕਿ ਉਨ੍ਹਾਂ ਦੀ ਪਤਨੀ ਨਲਿਨੀ ਦੀ ਸੰਪਤੀ 17.81 ਕਰੋੜ ਰੁਪਏ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਤੇ ਉਨ੍ਹਾਂ ਦੀ ਪਤਨੀ ਮਧੂ ਦੀ ਕੁੱਲ ਸੰਪਤੀ 6.65 ਕਰੋੜ ਰੁਪਏ ਹੈ। ਉਨ੍ਹਾਂ ਦੇ ਬੈਂਕ ਵਿਚ 62.4 ਲੱਖ, ਮਹਿਰੋਲੀ ਵਿਖੇ ਪੰਜ ਲੱਖ ਰੁਪਏ ਦੀ ਜ਼ਮੀਨ, ਦੋ ਕਨਾਲ ਦਾ ਚੰਡੀਗੜ੍ਹ ਵਿਚ ਘਰ (ਕੀਮਤ ਪੰਜ ਕਰੋੜ ਰੁਪਏ) ਹੈ।

## ਓਕ ਕਰੀਕ ਗੋਲੀ ਕਾਂਡ ਦਾ ਵੀਡੀਓ ਜਾਰੀ

**ਵਾਸ਼ਿੰਗਟਨ:** ਮਿਲਵਾਕੀ ਦੇ ਗੁਰਦੁਆਰੇ 'ਤੇ ਮਾਈਕਲ ਪੇਜ ਵੱਲੋਂ ਕੀਤੀ ਗਈ ਗੋਲੀਬਾਰੀ ਦੀ ਘਟਨਾ ਦਾ ਵੀਡੀਓ ਜਾਰੀ ਕੀਤਾ ਗਿਆ ਹੈ। ਵੀਡੀਓ ਵਿਚ ਪੇਜ ਨੂੰ ਹਿੰਸਾਤਮਕ ਵਿਹਾਰ ਕਰਦੇ ਹੋਏ ਵਿਖਾਇਆ ਗਿਆ ਹੈ। ਇਸ ਗੋਲੀਬਾਰੀ ਦੀ ਘਟਨਾ ਵਿਚ ਛੇ ਸਿੱਖਾਂ ਦੀ ਮੌਤ ਹੋ ਗਈ ਸੀ।

ਗੁਰਦੁਆਰਾ ਓਕ ਕਰੀਕ 'ਚ ਇਸ ਵੀਡੀਓ ਦੇ ਕੁਝ ਅੰਸ਼ਾ ਨੂੰ ਜਾਰੀ ਕਰਨ ਦੇ ਬਾਅਦ ਪੇਜ 'ਤੇ ਗੋਲੀ ਚਲਾਉਣ ਵਾਲੇ ਓਕ ਕਰੀਕ ਦੇ ਪੁਲਿਸ ਅਧਿਕਾਰੀ ਸੈਮ ਲੇਂਡਾ ਨੇ ਕਿਹਾ ਕਿ ਉਹ ਇਕ ਮਿਸ਼ਨ 'ਤੇ ਸੀ ਤੇ ਅਪਰਾਧੀ ਨੂੰ ਰੋਕਣਾ ਸੀ। ਇਸ ਵੀਡੀਓ ਵਿਚ ਹਮਲਾਵਰ ਨੂੰ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਰੋਕਣ ਵਾਲੇ 21 ਸਾਲਾ ਪੁਲਿਸ ਲੈਫਟੀਨੈਂਟ ਬ੍ਰਾਇਨ ਮਰਫੀ ਨੂੰ ਵੀ ਵਿਖਾਇਆ ਗਿਆ ਹੈ ਜਿਸ 'ਤੇ ਪੇਜ ਹਮਲਾ ਕਰ ਰਿਹਾ ਹੈ ਤੇ ਦੋਵਾਂ ਵਿਚਕਾਰ ਗੋਲੀਬਾਰੀ ਹੋ ਰਹੀ ਹੈ। ਇਸ ਘਟਨਾ ਵਿਚ ਮਰਫੀ ਜ਼ਖਮੀ ਹੋ ਗਿਆ ਸੀ। ਲੇਂਡਾ ਨੇ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਜੇ ਮਰਫੀ ਬੰਦੂਕਧਾਰੀ ਨੂੰ ਨਾ ਰੋਕਦਾ ਤਾਂ ਉਹ ਹੋਰ ਕਈ ਲੋਕਾਂ ਦੀ ਜਾਨ ਲੈ ਲੈਂਦਾ।

**Punjab Times**
*Ph: 847-359-0746*
*Visit us on the web:*
***punjabtimesusa.com***



# ਓਬਾਮਾ ਨੇ ਮਿੱਟ ਨੂੰ ਵੰਗਾਰਿਆ

**ਸ਼ਾਰਲਟ (ਪੰਜਾਬ ਟਾਈਮਜ਼ ਬਿਊਰੋ):** ਦਸੰਬਰ 'ਚ ਹੋ ਰਹੀਆਂ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ 'ਚ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਤੇ ਰਿਪਬਲਿਕਨ ਉਮੀਦਵਾਰ ਮਿੱਟ ਰੋਮਨੀ ਵਿਚਾਲੇ ਟੱਕਰ ਹੋਵੇਗੀ। ਦੋਵਾਂ ਧਿਰਾਂ ਵੱਲੋਂ ਆਪਣੇ ਉਮੀਦਵਾਰਾਂ ਦਾ ਰਸਮੀ ਐਲਾਨ ਕਰ ਦਿੱਤਾ ਗਿਆ ਹੈ। ਮਿੱਟ ਤੋਂ ਮਿਲ ਰਹੀ ਤਕੜੀ ਟੱਕਰ ਦੇ ਮੱਦੇਨਜ਼ਰ ਓਬਾਮਾ ਨੇ ਦੇਸ਼ ਵਾਸੀਆਂ ਨੂੰ ਆਪਣੇ ਨਾਲ ਤੋਰਨ ਲਈ ਪੂਰਾ ਤਾਣ ਲਾਇਆ ਜਾ ਰਿਹਾ ਹੈ। ਹੁਣ ਤੱਕ ਦੀਆਂ ਰਿਪੋਰਟਾਂ ਮੁਤਾਬਕ, ਦੋਹਾਂ ਉਮੀਦਵਾਰਾਂ ਵਿਚਕਾਰ ਭਾਵੇਂ ਬਰਾਬਰ ਦੀ ਟੱਕਰ ਹੈ, ਪਰ ਓਬਾਮਾ ਅਜੇ ਵੀ ਮਿੱਟ ਤੋਂ ਅੱਗੇ ਹੀ ਹੈ। ਡੈਮੋਕਰੇਟਾਂ ਦੀ ਕਨਵੈਨਸ਼ਨ ਤੋਂ ਬਾਅਦ ਤਾਂ ਓਬਾਮਾ ਦੀ ਲੀਡ ਸਪਸ਼ਟ ਦਿਸਣ ਲੱਗ ਪਈ ਹੈ।



*ਰਾਸ਼ਟਰਪਤੀ ਓਬਾਮਾ ਆਪਣੀ ਪਤਨੀ ਮਿਸ਼ੈਲ ਅਤੇ ਧੀਆਂ ਨਾਲ*

ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਡੈਮੋਕਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਦੇ ਲਈ ਰਸਮੀ ਤੌਰ 'ਤੇ ਬਰਾਕ ਓਬਾਮਾ ਨੂੰ ਨਾਮਜ਼ਦ ਕਰਦੇ ਹੋਏ ਦੇਸ਼ ਵਾਸੀਆਂ ਨੂੰ ਉਨ੍ਹਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਹੈ। ਸ਼ਾਰਲਟ ਵਿਚ ਪਾਰਟੀ ਦੇ ਰਾਸ਼ਟਰੀ ਸੰਮੇਲਨ ਦੌਰਾਨ ਕਲਿੰਟਨ ਨੇ ਕਿਹਾ ਕਿ ਉਹ ਅਜਿਹੇ ਵਿਅਕਤੀ ਨੂੰ ਨਾਮਜ਼ਦ ਕਰਨਾ ਚਾਹੁੰਦੇ ਹਨ ਜਿਸ ਦਾ ਜੀਵਨ ਪ੍ਰਤੀਕੂਲ ਹਾਲਾਤ ਵਿਚ ਸੰਘਰਸ਼ ਕਰਨ ਵਾਲੇ ਦੇ ਤੌਰ 'ਤੇ ਜਾਣਿਆ ਜਾਂਦਾ ਹੋਵੇ।

ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਓਬਾਮਾ ਫਿਰ ਤੋਂ ਅਮਰੀਕਾ ਦੇ ਰਾਸ਼ਟਰਪਤੀ ਬਣਨ। ਤਿੰਨ ਦਿਨਾਂ ਪਾਰਟੀ ਦੇ ਸੰਮੇਲਨ ਵਿਚ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਹ ਅਜਿਹਾ ਉਮੀਦਵਾਰ ਚਾਹੁੰਦੇ ਹਨ ਜੋ ਬਾਹਰ ਤੋਂ ਕਾਫੀ ਸ਼ਾਂਤ ਵਿਖਾਈ ਦਿੰਦਾ ਹੋਵੇ ਤੇ ਅੰਦਰੋਂ ਉਹ ਅਮਰੀਕਾ ਲਈ ਕੁਝ ਕਰ ਗੁਜ਼ਰਨ ਲਈ ਸੋਚਦਾ ਹੋਵੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੀ ਅਰਥ ਵਿਵਸਥਾ ਦਾ ਸੁਪਨਾ ਵੇਖੀ ਜਾ ਰਹੀ ਹੈ, ਓਬਾਮਾ ਉਸ ਨੂੰ ਪੂਰਾ ਕਰ ਸਕਦੇ ਹਨ।

ਇਸ ਮੌਕੇ ਚੋਣ ਮੁਹਿੰਮ ਦੀ ਜ਼ੋਰਦਾਰ ਸ਼ੁਰੂਆਤ ਕਰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਦੇਸ਼ ਵਾਸੀਆਂ ਨੂੰ ਅਗਾਹ ਕੀਤਾ ਹੈ ਕਿ ਰੋਮਨੀ ਆਰਥਿਕ ਮਾਮਲਿਆਂ ਵਿਚ ਕੱਚਾ ਹੈ ਤੇ ਉਹ ਦੇਸ਼ ਦੀ ਬੇੜੀ ਡੋਬ ਦੇਵੇਗਾ। ਦੇਸ਼ ਦਾ ਦੂਜੀ ਵਾਰ ਰਾਸ਼ਟਰਪਤੀ ਬਣਨ ਦੇ ਇੱਛੁਕ ਓਬਾਮਾ ਨੇ ਡੈਮੋਕਰੇਟਿਕ ਕੌਮੀ ਕਨਵੈਨਸ਼ਨ ਵਿਚ ਕਿਹਾ ਕਿ ਜੇਕਰ ਅਮਰੀਕੀ ਲੋਕ ਦੇਸ਼ ਦਾ ਭਲਾ ਚਾਹੁੰਦੇ ਹਨ ਤਾਂ ਉਹ ਰੋਮਨੀ ਦਾ ਚੋਣਾਂ ਵਿਚ ਪੱਤਾ ਸਾਫ਼ ਕਰ ਦੇਣ। ਰਿਪਬਲਿਕਨ ਪਾਰਟੀ ਸਭ ਤੋਂ ਵੱਧ ਮੱਧ ਵਰਗ ਲਈ ਖ਼ਤਰਨਾਕ ਸਾਬਤ ਹੋਵੇਗੀ।

ਰੋਮਨੀ ਨਾਲ ਆਪਣੀ ਕਾਂਟੇ ਦੀ ਟੱਕਰ ਦੇ ਦਾਅਵੇ ਨੂੰ ਰੱਦ ਕਰਦਿਆਂ ਆਪਣੀ ਚੋਣ ਦੇ ਏਜੰਡੇ ਦਾ ਐਲਾਨ ਕਰਦਿਆਂ ਉਨ੍ਹਾਂ ਨੇ ਲੋਕਾਂ ਨੂੰ ਨੌਕਰੀਆਂ ਪੈਦਾ ਕਰਨ ਦੇ ਨਾਲ-ਨਾਲ ਸਰਕਾਰੀ ਖਜ਼ਾਨੇ ਦਾ ਘਾਟਾ ਘੱਟ ਕਰਨ ਤੇ ਊਰਜਾ ਨੀਤੀ ਨੂੰ ਬਿਹਤਰ ਬਣਾਉਣ ਦਾ ਵਾਅਦਾ ਕੀਤਾ। ਓਬਾਮਾ ਨੇ ਕਿਹਾ ਕਿ ਅਮਰੀਕਾ ਹੁਣ ਵਧੇਰੇ ਮਜ਼ਬੂਤ, ਸੁਰੱਖਿਅਤ ਤੇ ਸੰਸਾਰ ਵਿਚ ਵਧੇਰੇ ਸਤਿਕਾਰਤ ਮੁਲਕ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਅਲ ਕਾਇਦਾ ਦੇ ਆਗੂਆਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਤੇ ਇਸ ਦਾ ਮੁਖੀ ਓਸਾਮਾ ਬਿਨ ਲਾਦੇਨ ਹੁਣ ਅਮਰੀਕਾ ਨੂੰ ਡਰਾ ਨਹੀਂ ਸਕਦਾ।

ਇਸ ਦੌਰਾਨ ਉਪ ਰਾਸ਼ਟਰਪਤੀ ਲਈ ਉਮੀਦਵਾਰ ਜੋਏ ਬਿਡਨ ਨੇ ਕਿਹਾਕਿ ਵਿਰੋਧੀ ਕਹਿ ਰਹੇ ਹਨ ਕਿ ਇਰਾਕ ਵਿਚ ਜੰਗ ਖ਼ਤਮ ਕਰਨਾ ਵੱਡਾ ਦੁਖਾਂਤ ਹੈ ਪਰ ਉਹ ਦੱਸਣ ਕਿ ਅਫ਼ਗਾਨਿਸਤਾਨ ਵਿਚ ਜੰਗ ਕਿਵੇਂ ਖ਼ਤਮ ਕੀਤੀ ਜਾ ਸਕਦੀ ਹੈ। ਡੈਮੋਕਰੇਟਿਕ ਪਾਰਟੀ ਦੀ ਕੌਮੀ ਕਨਵੈਨਸ਼ਨ ਵਿਚ ਸਾਰਿਆਂ ਦੀ ਨਜ਼ਰ ਸਿਰਫ਼ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਨਹੀਂ ਸੀ, ਸਗੋਂ ਉਸ ਦੀਆਂ ਸਿਆਣੀਆਂ ਹੋ ਰਹੀਆਂ ਧੀਆਂ ਮਾਲੀਆ ਤੇ ਸਾਸ਼ਾ 'ਤੇ ਵੀ ਸੀ। 2008 ਦੀ ਚੋਣ ਵੇਲੇ ਇਹ ਦੋਵੇਂ ਨਿੱਕੀਆਂ ਸਨ ਪਰ ਇਸ ਵੇਲੇ ਕ੍ਰਮਵਾਰ 14 ਤੇ 10 ਸਾਲਾਂ ਦੀਆਂ ਹਨ। ਇਹ ਦੋਵੇਂ ਆਪਣੇ ਪਿਤਾ ਤੇ ਮਾਂ ਨਾਲ ਸਟੇਜ 'ਤੇ ਸਨ। ਅਮਰੀਕੀਆਂ ਨੇ ਰਾਸ਼ਟਰਪਤੀ ਦੀਆਂ ਧੀਆਂ ਨੂੰ ਬਹੁਤ ਘੱਟ ਬੋਲਦੇ ਸੁਣਿਆ ਹੈ। ਮਾਲੀਆ ਆਪਣੇ ਮਾਪਿਆਂ ਵਾਂਗ ਉੱਚੀ-ਲੰਮੀ ਹੈ ਤੇ ਟੈਨਿਸ ਖਿਡਾਰਨ ਹੈ।

# ਓਬਾਮਾ ਨੂੰ ਇਕ ਮੌਕਾ ਹੋਰ ਦਿਓ: ਬਿਲ ਕਲਿੰਟਨ

**ਸ਼ਾਰਲੈਟ (ਬਿਊਰੋ):** ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਡੈਮੋਕਰੈਟਿਕਾਂ ਦੀ ਕੌਮੀ ਕਨਵੈਨਸ਼ਨ ਮੌਕੇ ਬਰਾਕ ਓਬਾਮਾ ਦੇ ਹੱਕ ਵਿਚ ਪ੍ਰਚਾਰ ਕਰਦਿਆਂ ਅਮਰੀਕੀਆਂ ਨੂੰ ਅਪੀਲ ਕੀਤੀ ਕਿ ਉਹ ਓਬਾਮਾ ਨੂੰ ਇਕ ਮੌਕਾ ਹੋਣ ਦੇਣ। ਉਨ੍ਹਾਂ ਕਿਹਾ ਕਿ ਰਿਪਬਲਿਕਨਾਂ ਵੱਲੋਂ ਪਾਏ ਖਿਲਾਰੇ ਨੂੰ ਸਮੇਟਣ ਲਈ ਡੈਮੋਕਰੇਟਿਕਾਂ ਨੂੰ ਚਾਰ ਹੋਰ ਸਾਲ ਮਿਲਣੇ ਚਾਹੀਦੇ ਹਨ।



ਇਸ ਮੌਕੇ ਆਪਣੇ 48 ਮਿੰਟ ਦੇ ਲੰਬੇ ਭਾਸ਼ਣ ਦੌਰਾਨ ਕਲਿੰਟਨ ਨੇ ਵਿਸ਼ਵਾਸ ਜਤਾਇਆ ਕਿ ਓਬਾਮਾ ਨੇ ਵਧੀਆ ਢੰਗ ਨਾਲ ਮੁਲਕ ਦੀ ਅਗਵਾਈ ਕੀਤੀ ਹੈ ਜਿਸ ਲਈ ਉਨ੍ਹਾਂ ਨੂੰ ਇਕ ਹੋਰ ਮੌਕਾ ਦੇਣਾ ਜਾਇਜ਼ ਹੈ। ਦੋ ਵਾਰ ਅਮਰੀਕਾ ਦੇ ਰਾਸ਼ਟਰਪਤੀ ਰਹੇ ਕਲਿੰਟਨ ਨੇ ਰਸਮੀ ਤੌਰ 'ਤੇ ਓਬਾਮਾ ਨੂੰ ਰਾਸ਼ਟਰਪਤੀ ਚੋਣਾਂ ਲਈ ਡੈਮੋਕਰੇਟਿਕ ਪਾਰਟੀ ਦਾ ਉਮੀਦਵਾਰ ਐਲਾਨਿਆ ਤੇ ਕਿਹਾ ਕਿ ਬਾਹਰੋਂ ਨਰਮ ਸ਼ਖਸੀਅਤ ਦਿਖਦੇ ਓਬਾਮਾ ਦੇ ਅੰਦਰ ਅਮਰੀਕਾ ਲਈ ਸੁਲਗਦੇ ਅਰਮਾਨ ਹਨ। ਸਿਰਫ ਉਹ ਹੀ ਅਜਿਹੇ ਆਗੂ ਹਨ ਜੋ ਅਮਰੀਕਾ ਦੇ ਸੁਪਨਿਆਂ ਨੂੰ ਸਾਕਾਰ ਕਰ ਸਕਦੇ ਹਨ ਤੇ ਨਵੀਆਂ ਖੋਜਾਂ, ਸਿਰਜਨਾਤਮਿਕਤਾ, ਸਿੱਖਿਆ ਤੇ ਆਪਸੀ ਸਹਿਯੋਗ ਰਾਹੀਂ ਅਮਰੀਕਾ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾ ਸਕਦੇ ਹਨ। ਭਾਸ਼ਣ ਦੌਰਾਨ ਕਲਿੰਟਨ ਨੇ ਆਪਣੀ ਪਤਨੀ ਤੇ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੀ ਵੀ ਪ੍ਰਸੰਸਾ ਕੀਤੀ। ਉਨ੍ਹਾਂ ਓਬਾਮਾ ਸਰਕਾਰ ਦੀਆਂ ਪ੍ਰਾਪਤੀਆਂ ਦੀ ਚਰਚਾ ਕਰਦਿਆਂ ਉਨ੍ਹਾਂ ਨੂੰ ਜਿੱਤ ਦਾ ਦਾਅਵੇਦਾਰ ਦੱਸਿਆ

# ਬਿਲਕੁਲ ਨਹੀਂ ਬਦਲਿਆ ਓਬਾਮਾ: ਮਿਸ਼ੇਲ

**ਸ਼ਾਰਲੈਟ:** ਅਮਰੀਕਾ ਦੀ ਪਹਿਲੀ ਮਹਿਲਾ ਮਿਸ਼ੇਲ ਓਬਾਮਾ ਦਾ ਕਹਿਣਾ ਹੈ ਕਿ ਚਾਰ ਸਾਲ ਰਾਸ਼ਟਰਪਤੀ ਰਹਿਣ ਦੇ ਬਾਵਜੂਦ ਉਨ੍ਹਾਂ ਦੇ ਪਤੀ ਬਰਾਕ ਓਬਾਮਾ ਦੇ ਵਿਅਕਤਿਵ ਵਿਚ ਕੋਈ ਬਦਲਾਅ ਨਹੀਂ ਆਇਆ ਤੇ ਅੱਜ ਵਿਆਹ ਦੇ 23 ਸਾਲਾਂ ਮਗਰੋਂ ਵੀ ਉਹ ਆਪਣੇ ਪਤੀ ਨੂੰ ਬਹੁਤ ਪਿਆਰ ਕਰਦੀ ਹੈ। ਮਿਸ਼ੇਲ ਨੇ ਡੈਮੋਕਰੇਟਿਕ ਨੈਸ਼ਨਲ ਕਨਵੈਨਸ਼ਨ ਦੌਰਾਨ ਕਿਹਾ ਉਹ ਇਮਾਨਦਾਰੀ ਨਾਲ ਕਹਿ ਸਕਦੀ ਹੈ ਕਿ ਓਬਾਮਾ ਹਾਲੇ ਵੀ ਉਹੀ ਵਿਅਕਤੀ ਹੈ ਜਿਸ ਨਾਲ ਕਈ ਸਾਲ ਪਹਿਲਾਂ ਉਸ ਨੂੰ ਪਿਆਰ ਹੋਇਆ ਸੀ।

ਉਨ੍ਹਾਂ ਕਿਹਾ ਕਿ ਓਬਾਮਾ ਨੇ ਕਈ ਮੋਟੀਆਂ ਤਨਖਾਹਾਂ ਵਾਲੀਆਂ ਨੌਕਰੀਆਂ ਛੱਡ ਕੇ ਅਜਿਹੀ ਥਾਂ ਕੰਮ ਕਰਨਾ ਸ਼ੁਰੂ ਕੀਤਾ ਜਿੱਥੇ ਇਕ ਸਟੀਲ ਪਲਾਂਟ ਬੰਦ ਹੋਇਆ ਸੀ ਤੇ ਉਨ੍ਹਾਂ ਨੇ ਲੋਕਾਂ ਨੂੰ ਨਵੇਂ ਸਿਰੇ ਤੋਂ ਸ਼ੁਰੂਆਤ ਕਰਨ ਲਈ ਪ੍ਰੇਰਿਤ ਕੀਤਾ। ਮਿਸ਼ੇਲ ਨੇ ਕਿਹਾ ਕਿ ਓਬਾਮਾ ਲਈ ਸਫਲਤਾ ਦਾ ਅਰਥ ਇਹ ਨਹੀਂ ਹੈ ਕਿ ਕਿੰਨਾ ਪੈਸਾ ਕਮਾਉਂਦੇ ਹੋ ਸਗੋਂ ਇਹ ਹੈ ਕਿ ਲੋਕਾਂ ਦੇ ਜੀਵਨ ਵਿਚ ਕੀ ਬਦਲਾਅ ਲਿਆਉਂਦੇ ਹੋ।

ਉਨ੍ਹਾਂ ਕਿਹਾ ਕਿ ਜਦੋਂ ਸਾਡੇ ਘਰ ਧੀਆਂ ਜੰਮੀਆਂ ਤਾਂ ਓਬਾਮਾ ਰਾਤ ਨੂੰ ਉੱਠ-ਉੱਠ ਕੇ ਉਨ੍ਹਾਂ ਨੂੰ ਦੇਖਦੇ ਸੀ ਤੇ ਅੱਜ ਵੀ ਬੱਚਿਆਂ ਦਾ ਪੂਰਾ ਖਿਆਲ ਰੱਖਦੇ ਹਨ। ਹਰ ਰੋਜ਼ ਰਾਤ ਨੂੰ ਖਾਣਾ ਇਕੱਠੇ ਖਾਂਦੇ ਹਾਂ ਤੇ ਉਥੇ ਇਕ ਪਿਤਾ ਆਪਣੀਆਂ ਧੀਆਂ ਦੇ ਸੁਆਲ ਦਾ ਬੜੇ ਠਰੰਮੇ ਨਾਲ ਜੁਆਬ ਦਿੰਦਾ ਹੈ। ਮੇਰੇ ਪਤੀ ਅੱਜ ਵੀ ਦੇਰ ਰਾਤ ਤਕ ਕੰਮ ਕਰਦੇ ਹਨ। ਲੋਕਾਂ ਵੱਲੋਂ ਭੇਜੇ ਖਤ ਪੜ੍ਹਦੇ ਹਨ। ਮੈਨੂੰ ਉਨ੍ਹਾਂ ਦੀਆਂ ਅੱਖਾਂ ਵਿਚ ਦੇਸ਼ ਪ੍ਰਤੀ ਫਿਕਰ ਨਜ਼ਰ ਆਉਂਦਾ ਹੈ।


**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill, Esq.
Attorney at Law
(Admitted in CA)

*Call for initial consultation*
Attorney Bhupinder Gill, Esq.
Attorney George Heridis, Esq.

**(408) 940-6065, (408) 736-5203**
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085



KAUR eye institute
Putting Patient Care First



Dr. Harrup Kaur, MD, FACS
Eye Surgeon

CATARACT SPECIALIST, San Jose, CA

- Top 10% of eye surgeons in the U.S.
- Trained at the prestigious Mayo Clinc
- Board Certified: American Board of Ophthalmology
- Fellow, American College of Surgeons

ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ

Cataract surgery continues to evolve. Trust your eyes to a surgeon who has been trained in and uses the most advanced surgical techniques.
*Dr. Kaur has been successfully helping patients see without glasses for the past 8 years.*


MICRO-INCISION SURGERY • NO STITCHES • PREMIUM LENSES
*We accept all major health insurances, including Medicare.*

CALL TODAY TO SCHEDULE YOUR SURGERY CONSULTATION
888-940-3940 • 408-940-3940
Kaur Eye Institute • 555 Knowles Dr., Suite 117 • Los Gatos, CA 95032
www.KaurEye.com



**Buy or Sell** House, Liquor Store, Gas Station etc.
In Bay Area & Central Valley

- For Quick Short Sale
- Home Loans & SBA Loans
- Refinance @ Zero Cost
- Free Loan Approval Letter



Raj Singh
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**
www.singhraj.bayeastweb.com
Fax: 510-490-9703
MISSIONPEAK BROKERS, INC.

46560 Fremont Blvd., Suite#111, Fremont, CA 94538

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੰਸਦ ਵਿਚ ਵਿਘਨ ਨੇ ਜਮਹੂਰੀਅਤ ਦਾ ਜਲੂਸ ਕੱਢਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕੋਲਾ ਘੁਟਾਲੇ ਨੂੰ ਲੈ ਕੇ ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਸਰਕਾਰ ਨੂੰ ਘੇਰਨ ਦੀ ਕਵਾਇਦ ਵਿਚ ਭਾਜਪਾ ਦੀ ਅਗਵਾਈ ਵਾਲੀ ਵਿਰੋਧੀ ਧਿਰ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨੇ ਜਨਤਾ ਦੇ 117 ਕਰੋੜ ਰੁਪਏ ਅਜਾਈਂ ਰੋੜ੍ਹ ਦਿੱਤੇ ਹਨ। ਭਾਜਪਾ ਦੇ ਅੜਿੱਕੇ ਕਰ ਕੇ ਸੰਸਦ ਦੇ ਹਾਲੀਆ ਸਮਾਗਮ ਵਿਚ ਕਈ ਅਹਿਮ ਬਿੱਲ ਵੀ ਪਾਸ ਹੋਣ ਤੋਂ ਰਹਿ ਗਏ ਜਿਨ੍ਹਾਂ 'ਚ ਸਿੱਖਾਂ ਦੀ ਵੱਖਰੀ ਪਛਾਣ ਵਾਲਾ ਬਿੱਲ ਵੀ ਸ਼ਾਮਲ ਸੀ। ਇਹ ਸਾਰਾ ਸ਼ੋਰ-ਸ਼ਰਾਬਾ ਕੈਗ ਦੀ ਰਿਪੋਰਟ 'ਚ ਕੀਤੇ ਖੁਲਾਸੇ ਨੂੰ ਲੈ ਕੇ ਹੋਇਆ ਜਿਸ ਦੇ ਅੰਕੜੇ ਪਹਿਲਾਂ ਵੀ ਵਿਵਾਦਾਂ 'ਚ ਘਿਰਦੇ ਰਹੇ ਹਨ। ਇਹ ਸਾਰੇ ਘਟਨਾਕ੍ਰਮ ਦੌਰਾਨ ਜਨਤਾ ਦੀ ਨਜ਼ਰ 'ਚ ਯੂ.ਪੀ.ਏ. ਦੇ ਨਾਲ-ਨਾਲ ਐਨ.ਡੀ.ਏ. ਵੀ ਬਰਾਬਰ ਦੀ ਮੁਜਰਮ ਹੋ ਨਿਬੜੀ ਹੈ।

ਜ਼ਿਕਰਯੋਗ ਹੈ ਕਿ ਐਨ.ਡੀ.ਏ. ਨੇ 13 ਦਿਨ ਤਕ ਸੰਸਦ ਦੀ ਕਾਰਵਾਈ ਨਹੀਂ ਚੱਲਣ ਦਿੱਤੀ ਜਿਸ ਨਾਲ ਦੇਸ਼ ਦੇ 117 ਕਰੋੜ ਰੁਪਏ ਬੇਕਾਰ ਚਲੇ ਗਏ ਹਨ। ਸੰਸਦ ਦੀ ਕਾਰਵਾਈ ਚੱਲਣ 'ਤੇ ਇਕ ਮਿੰਟ ਦਾ ਖਰਚਾ ਢਾਈ ਲੱਖ ਰੁਪਏ ਬਣਦਾ ਹੈ। ਇਸ ਹਿਸਾਬ ਨਾਲ ਇਕ ਘੰਟੇ ਦੀ ਕਾਰਵਾਈ ਦਾ ਖਰਚ ਡੇਢ ਕਰੋੜ ਬਣਦਾ ਹੈ। ਸੰਸਦ ਦੀ ਕਾਰਵਾਈ ਇਕ ਦਿਨ ਵਿਚ ਔਸਤਨ ਛੇ ਘੰਟੇ ਚਲਦੀ ਹੈ। ਇਸ ਤਰ੍ਹਾਂ ਇਕ ਦਿਨ ਦਾ ਖਰਚਾ ਨੌਂ ਕਰੋੜ ਰੁਪਏ ਬਣਦਾ ਹੈ। ਸੰਸਦ ਦੇ ਮੌਨਸੂਨ ਸੈਸ਼ਨ ਵਿਚ 13 ਦਿਨ ਕੰਮ ਕਾਜ ਠੱਪ ਰਿਹਾ ਹੈ ਤੇ ਇਸ ਤਰ੍ਹਾਂ ਇਸ 'ਤੇ ਕੁੱਲ 117 ਕਰੋੜ ਦਾ ਖਰਚਾ ਆਇਆ ਹੈ।

ਹਾਸਲ ਜਾਣਕਾਰੀ ਅਨੁਸਾਰ ਅੱਠ ਅਗਸਤ ਤੋਂ ਸ਼ੁਰੂ ਹੋਏ ਸੈਸ਼ਨ ਦੌਰਾਨ ਉਪਰਲੇ ਸਦਨ ਵਿਚ ਸਿਰਫ ਤਿੰਨ ਬਿੱਲ ਪਾਸ ਹੋ ਸਕੇ। 19 ਦਿਨਾਂ ਦੇ ਸੈਸ਼ਨ ਦੇ ਪ੍ਰਸ਼ਨਕਾਲ ਦੌਰਾਨ 399 ਵਿਚੋਂ ਸਿਰਫ਼ 11 ਸਵਾਲ ਪੁੱਛੇ ਜਾ ਸਕੇ। ਸਰਕਾਰ ਦਾ ਇਰਾਦਾ ਲੋਕ ਸਭਾ ਵਿਚ 30 ਬਿੱਲ ਪੇਸ਼ ਕਰਕੇ ਪਾਸ ਕਰਾਉਣ ਦਾ ਸੀ ਪਰ ਚਾਰ ਬਿੱਲ ਪਾਸ ਹੋਏ ਤੇ ਉਨ੍ਹਾਂ 'ਤੇ ਵੀ ਕੋਈ ਬਹਿਸ ਨਹੀਂ ਹੋ ਸਕੀ। ਸੈਸ਼ਨ ਦੀਆਂ ਤੈਅ 20 ਬੈਠਕਾਂ ਵਿਚੋਂ ਅਖੀਰ ਦੀਆਂ 13 ਬੈਠਕਾਂ ਕੋਲਾ ਵੰਡ ਮੁੱਦੇ 'ਤੇ ਪ੍ਰਧਾਨ ਮੰਤਰੀ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਭਾਜਪਾ ਵੱਲੋਂ ਕੀਤੇ ਹੰਗਾਮੇ ਕਾਰਨ ਬੇਕਾਰ ਚਲੀਆਂ ਗਈਆਂ।

15ਵੀਂ ਲੋਕ ਸਭਾ ਦਾ ਇਹ ਦੂਜਾ ਸਭ ਤੋਂ ਖਰਾਬ ਸੈਸ਼ਨ ਗਿਆ। ਇਸ ਤੋਂ ਪਹਿਲਾਂ 2010 ਦਾ ਸਰਦ ਰੁੱਤ ਸੈਸ਼ਨ ਸਭ ਤੋਂ ਖਰਾਬ ਰਿਹਾ ਸੀ ਜੋ 2-ਜੀ ਸਪੈਕਟ੍ਰਮ ਘੋਟਾਲੇ ਦੀ ਜਾਂਚ ਸੰਯੁਕਤ ਸੰਸਦੀ ਕਮੇਟੀ ਤੋਂ ਕਰਾਉਣ ਦੀ ਵਿਰੋਧੀ ਧਿਰ ਦੀ ਮੰਗ ਕਾਰਨ ਨਹੀਂ ਚੱਲ ਸਕਿਆ ਸੀ। ਰਾਜ ਸਭਾ ਦੇ ਸਭਾਪਤੀ ਹਾਮਿਦ ਅੰਸਾਰੀ ਨੇ ਕਿਹਾ ਕਿ ਇਹ ਸੈਸ਼ਨ ਉਸ ਕੰਮ ਲਈ ਯਕੀਨੀ ਤੌਰ 'ਤੇ ਯਾਦ ਕੀਤਾ ਜਾਏਗਾ ਜੋ ਕੀਤਾ ਹੀ ਨਹੀਂ ਗਿਆ। ਅੰਸਾਰੀ ਨੇ ਇਸ ਗੱਲ 'ਤੇ ਅਫਸੋਸ ਕੀਤਾ ਕਿ ਸਦਨ ਦੇ 62 ਘੰਟੇ ਬਰਬਾਦ ਗਏ। ਸਿਰਫ ਤਿੰਨ ਬਿੱਲ ਪਾਸ ਹੋ ਪਾਏ ਜਦੋਂਕਿ 20 ਦਿਨ ਦੇ ਸੈਸ਼ਨ ਵਿਚ ਪ੍ਰਸ਼ਨਕਾਲ ਸਿਰਫ ਇਕ ਦਿਨ ਹੀ ਹੋਇਆ।

ਉਧਰ, ਸੰਸਦ ਦਾ ਮੌਨਸੂਨ ਸੈਸ਼ਨ ਰੌਲੇ-ਰੱਪੇ ਦੀ ਭੇਟ ਚੜ੍ਹ ਜਾਣ ਪਿਛੋਂ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਇਕ-ਦੂਜੇ 'ਤੇ ਦੋਸ਼ ਮੜ੍ਹੇ ਜਾ ਰਹੇ ਹਨ। ਦੋਵਾਂ ਪਾਰਟੀਆਂ ਨੇ ਹੁਣ ਲੜਾਈ ਸੜਕਾਂ 'ਤੇ ਲੈ ਜਾਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਭਾਜਪਾ ਸੰਸਦ ਦੀ ਕਾਰਵਾਈ ਠੱਪ ਕਰਕੇ ਜਮਹੂਰੀਅਤ ਨੂੰ ਵੱਡੇ ਪੱਧਰ 'ਤੇ ਢਾਹ ਲਾ ਰਹੀ ਹੈ। ਇਸ ਪਾਰਟੀ ਦੇ ਆਗੂ ਕੈਗ ਦੀ ਰਿਪੋਰਟ 'ਤੇ ਬਹਿਸ ਤੋਂ ਭੱਜ ਰਹੇ ਹਨ ਤੇ ਅਸਤੀਫੇ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੈਗ ਦਾ ਉਹ ਸਤਿਕਾਰ ਕਰਦੇ ਹਨ ਤੇ ਇਸ ਦੀ ਰਿਪੋਰਟ 'ਤੇ ਪਾਰਲੀਮੈਂਟ ਵਿਚ ਤੇ ਲੋਕ ਲੇਖਾ ਕਮੇਟੀ ਵਿਚ ਬਹਿਸ ਕਰਨ ਲਈ ਵਾਰ-ਵਾਰ ਸੱਦਾ ਦਿੱਤਾ ਪਰ ਭਾਜਪਾ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਹੈ।

ਦੂਜੇ ਪਾਸੇ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਉਹ ਅੱਗੇ ਵੀ ਪ੍ਰਧਾਨ ਮੰਤਰੀ ਦੇ ਅਸਤੀਫੇ ਤਕ ਸੰਸਦ ਨਹੀਂ ਚੱਲਣ ਦੇਣਗੇ। ਖੱਬੀਆਂ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਦੋਵਾਂ ਵੱਡੀਆਂ ਪਾਰਟੀਆਂ ਵਿਚਾਲੇ 'ਮੈਚ ਫਿਕਸਿੰਗ' ਹੋਈ ਸੀ ਤੇ ਇਸ ਲਈ ਸੰਸਦ ਨੂੰ ਚੱਲਣ ਨਹੀਂ ਦਿੱਤਾ ਗਿਆ।

ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਦਾ ਕਹਿਣਾ ਹੈ ਕਿ ਸਰਕਾਰ ਨੇ ਸੰਸਦ ਚਲਾਉਣ ਲਈ ਪੂਰੀ ਵਾਹ ਲਾਈ ਪਰ ਭਾਜਪਾ ਨੇ ਲਗਾਤਾਰ ਸੰਸਦ ਦੀ ਕਾਰਵਾਈ ਠੱਪ ਕਰਵਾ ਕੇ ਮਰਿਆਦਾ ਨੂੰ ਢਾਹ ਲਾਈ ਹੈ। ਇੰਜ ਲੱਗਣ ਲੱਗ ਪਿਆ ਹੈ ਜਿਵੇਂ ਸੰਸਦ ਦੀ ਸਾਰਥਿਕਤਾ ਖਤਮ ਹੋ ਗਈ ਹੋਵੇ। ਜੇ ਕੈਗ ਦੀ ਰਿਪੋਰਟ 'ਤੇ ਬਹਿਸ ਹੋ ਜਾਂਦੀ ਤਾਂ ਦੇਸ਼ ਦੇ ਲੋਕਾਂ ਨੂੰ ਇਸ ਘੁਟਾਲੇ ਦੀ ਅਸਲੀਅਤ ਦਾ ਪਤਾ ਲੱਗ ਜਾਣਾ ਸੀ। ਦਰਅਸਲ ਭਾਜਪਾ ਦਾ ਇਕ ਬਜ਼ੁਰਗ ਆਗੂ ਪ੍ਰਧਾਨ ਮੰਤਰੀ ਬਣਨ ਦੀ ਕਾਹਲੀ ਵਿਚ ਹੈ, ਇਸ ਕਰ ਕੇ ਹੀ ਸਾਰੀ ਗੜਬੜ ਹੋ ਰਹੀ ਹੈ। ਉਨ੍ਹਾਂ ਦਾ ਇਸ਼ਾਰਾ ਲਾਲ ਕ੍ਰਿਸ਼ਨ ਅਡਵਾਨੀ ਵੱਲ ਸੀ।

# ਭਾਰਤ ਸਰਕਾਰ ਓਕ ਕਰੀਕ ਘਟਨਾ ਬਾਰੇ ਗੰਭੀਰ

ਚੰਡੀਗੜ੍ਹ: ਭਾਰਤ ਸਰਕਾਰ ਨੇ ਅਮਰੀਕੀ ਪ੍ਰਸ਼ਾਸਨ ਨੂੰ ਓਕ ਕਰੀਕ ਵਿਚ ਵਾਪਰੀ ਘਟਨਾ ਦੀ ਜਾਂਚ ਤੇਜ਼ ਕਰਨ ਲਈ ਕਿਹਾ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮੋੜਵਾਂ ਪੱਤਰ ਲਿਖਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਇਸ ਮਾਮਲੇ 'ਤੇ ਅਮਰੀਕਾ ਪ੍ਰਸ਼ਾਸਨ ਨਾਲ ਲਗਾਤਾਰ ਰਾਬਤਾ ਬਣਾਇਆ ਹੋਇਆ ਹੈ। ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਇਕ ਧਾਰਮਿਕ ਸਥਾਨ ਵਿਚ ਹਿੰਸਾ ਦੀ ਇਸ ਮੂਰਖਤਾ ਭਰੀ ਕਾਰਵਾਈ ਦੀ ਕਿਸੇ ਵੀ ਸਮਾਜ ਵਿਚ ਕੋਈ ਥਾਂ ਨਹੀਂ ਤੇ ਇਸ ਘਟਨਾ ਦੀ ਭਾਰਤ ਵੱਲੋਂ ਹੀ ਨਹੀਂ ਸਗੋਂ ਅਮਰੀਕਾ ਸਮੇਤ ਦੁਨੀਆਂ ਭਰ ਦੇ ਲੋਕਾਂ ਨੇ ਕਰੜੀ ਅਲੋਚਨਾ ਕੀਤੀ ਹੈ।

ਪ੍ਰਧਾਨ ਮੰਤਰੀ ਨੇ ਦੱਸਿਆ ਕਿ ਰਾਸ਼ਟਰਪਤੀ ਓਬਾਮਾ ਨੇ ਅੱਠ ਅਗਸਤ ਨੂੰ ਉਨ੍ਹਾਂ ਨਾਲ ਗੱਲਬਾਤ ਕਰਕੇ ਨਿੱਜੀ ਤੌਰ 'ਤੇ ਤੇ ਅਮਰੀਕਾ ਵਾਸੀਆਂ ਵੱਲੋਂ ਇਸ ਘਟਨਾ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ। ਸ੍ਰੀ ਓਬਾਮਾ ਨੇ ਅਮਰੀਕਾ ਦੀ ਤਰੱਕੀ ਤੇ ਵਿਕਾਸ ਵਿਚ ਸਿੱਖ ਭਾਈਚਾਰੇ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਦਿਲ ਦਹਿਲਾਉਣ ਵਾਲੀ ਇਹ ਘਟਨਾ ਉਨ੍ਹਾਂ ਕਦਰਾਂ ਕੀਮਤਾਂ ਦੇ ਬਿਲਕੁਲ ਉਲਟ ਹੈ ਜਿਨ੍ਹਾਂ 'ਤੇ ਅਮਰੀਕਾ ਹਮੇਸ਼ਾ ਹੀ ਪਹਿਰਾ ਦਿੰਦਾ ਆ ਰਿਹਾ ਹੈ। ਬਰਾਕ ਓਬਾਮਾ ਨੇ ਅਜਿਹੀਆਂ ਘਟਨਾਵਾਂ ਦੇ ਮੁੜ ਨਾ ਵਾਪਰਨ ਨੂੰ ਯਕੀਨੀ ਬਣਾਉਣ ਲਈ ਦ੍ਰਿੜ੍ਹਤਾ ਵੀ ਪ੍ਰਗਟਾਈ।

ਸ. ਬਾਦਲ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਸੀ ਕਿ ਦੁਨੀਆਂ ਭਰ ਵਿਚ ਵਸ ਰਹੇ ਭਾਰਤ ਦੇ ਵੱਖ ਵੱਖ ਭਾਈਚਾਰਿਆਂ ਦੇ ਹਿੱਤਾਂ ਦੀ ਰਾਖੀ ਲਈ ਕੂਟਨੀਤਕ ਸਬੰਧਾਂ ਨੂੰ ਹੋਰ ਵਧੇਰੇ ਤਰਜੀਹ ਦਿੱਤੀ ਜਾਵੇ ਤੇ ਭਾਈਚਾਰਿਆਂ ਦੀ ਸੁਰੱਖਿਆ ਤੇ ਭਲਾਈ ਲਈ ਸਬੰਧਤ ਸਰਕਾਰਾਂ ਨਾਲ ਪੂਰੀ ਤਰ੍ਹਾਂ ਸੰਪਰਕ ਬਣਾਇਆ ਹੋਇਆ ਹੈ। ਪ੍ਰਧਾਨ ਮੰਤਰੀ ਨੇ ਸ. ਬਾਦਲ ਨਾਲ ਇਸ ਮੰਦਭਾਗੀ ਘਟਨਾ ਵਿਚ ਛੇ ਨਿਰਦੋਸ਼ ਜਾਨਾਂ ਜਾਣ ਤੇ ਤਿੰਨ ਹੋਰਾਂ ਦੇ ਜਖ਼ਮੀ ਹੋ ਜਾਣ 'ਤੇ ਦੁੱਖ ਵੀ ਸਾਂਝਾ ਕੀਤਾ।

# ਭਾਰਤ ਸਰਕਾਰ ਵਧਾਏਗੀ ਪਾਰਸੀਆਂ ਦੀ ਆਬਾਦੀ

**ਨਵੀਂ ਦਿੱਲੀ:** ਪਾਰਸੀ ਭਾਈਚਾਰੇ ਦੀ ਘਟ ਰਹੀ ਆਬਾਦੀ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਉਨ੍ਹਾਂ ਲਈ ਨਿਵੇਕਲੀ ਸਕੀਮ ਨੂੰ ਮਨਜ਼ੂਰੀ ਦੇ ਦਿੱਤੀ ਹੈ ਤਾਂ ਕਿ ਇਸ ਭਾਈਚਾਰੇ ਦੀ ਗਿਣਤੀ ਵਿਚ ਇਜ਼ਾਫਾ ਕਰਨ ਲਈ ਉਨ੍ਹਾਂ ਦੀ ਜਣਨ ਸ਼ਕਤੀ ਵਧਾਉਣ ਲਈ ਮਦਦ ਕੀਤੀ ਜਾ ਸਕੇ। ਇਸ ਬਾਰੇ ਯੋਜਨਾ ਕਮਿਸ਼ਨ ਨੇ ਨਿਵੇਕਲੀ ਸਕੀਮ ਨੂੰ ਮਨਜ਼ੂਰ ਕੀਤਾ ਹੈ ਜਿਹੜੀ ਘੱਟ ਗਿਣਤੀ ਮਾਮਲੇ ਮੰਤਰਾਲੇ ਨੇ ਪੇਸ਼ ਕੀਤੀ ਸੀ। ਇਸ ਸਕੀਮ ਤਹਿਤ ਪਾਰਸੀ ਜੋੜਿਆਂ ਨੂੰ ਪ੍ਰਜਣਨ ਬਾਰੇ ਆਪਣਾ ਇਲਾਜ ਕਰਾਉਣ ਲਈ ਸਰਕਾਰੀ ਸਹਾਇਤਾ ਦਿੱਤੀ ਜਾਵੇਗੀ ਤਾਂ ਕਿ ਉਹ ਵਧੇਰੇ ਔਲਾਦ ਪੈਦਾ ਕਰ ਸਕਣ।

ਇਸ ਸਕੀਮ ਤਹਿਤ ਪੂਰੀ ਸਹਾਇਤਾ ਕੇਂਦਰ ਵੱਲੋਂ ਦਿੱਤੀ ਜਾਵੇਗੀ। ਇਹ ਸਕੀਮ ਇਸ ਧਾਰਨਾ ਵਿਚੋਂ ਨਿਕਲੀ ਹੈ ਕਿ ਪਾਰਸੀਆਂ ਦੀ ਬੁਰੀ ਤਰ੍ਹਾਂ ਘਟ ਰਹੀ ਆਬਾਦੀ ਦਾ ਕਾਰਨ ਉਨ੍ਹਾਂ ਦੇ ਵਿਆਹਾਂ, ਜਣਨ ਸ਼ਕਤੀ ਤੇ ਬੱਚਿਆਂ ਦੀ ਜਨਮ ਦਰ ਦਾ ਪੱਧਰ ਘੱਟ ਹੋਣਾ ਹੈ। ਗੌਰਤਲਬ ਹੈ ਕਿ ਪਾਰਸੀ ਭਾਈਚਾਰਾ ਕੌਮੀ ਘੱਟ ਗਿਣਤੀ ਕਮਿਸ਼ਨ ਐਕਟ ਤਹਿਤ ਦੇਸ਼ ਦੀਆਂ ਪੰਜ ਘੱਟ ਗਿਣਤੀਆਂ ਵਿਚ ਸ਼ਾਮਲ ਹੈ। ਇਸ ਭਾਈਚਾਰੇ ਦੀ ਕੁੱਲ ਪ੍ਰਜਣਨ ਦਰ (ਜਿੰਨੀ ਵਾਰ ਇਕ ਔਰਤ ਆਪਣੀ ਜ਼ਿੰਦਗੀ ਵਿਚ ਗਰਭ ਧਾਰਦੀ ਹੈ) ਖ਼ਤਰਨਾਕ ਹੱਦ ਤਕ ਘਟ ਕੇ ਇਕ ਤੋਂ ਵੀ ਘੱਟ 0.89 ਰਹਿ ਗਈ ਹੈ ਜਦੋਂਕਿ ਦੇਸ਼ ਦੀ ਕੁੱਲ ਔਸਤ 2.5 ਹੈ। ਉਨ੍ਹਾਂ ਦੀ ਕੁੱਲ ਆਬਾਦੀ 1941 ਵਿਚ 1.14 ਲੱਖ ਤੋਂ ਘਟ ਕੇ 2001 'ਚ 69601 ਤੇ ਉਸ ਤੋਂ ਬਾਅਦ 2011 'ਚ ਹੋਰ ਘਟ ਕੇ 60,000 ਰਹਿ ਗਈ ਹੈ।

ਇਹ 20 ਕਰੋੜ ਰੁਪਏ ਦੀ ਸਕੀਮ ਕੌਮੀ ਵਿਕਾਸ ਕੌਂਸਲ ਵੱਲੋਂ 12ਵੀਂ ਪੰਜ ਸਾਲਾ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੇ ਜਾਣ ਪਿੱਛੋਂ ਇਸ ਦਾ ਹਿੱਸਾ ਬਣ ਜਾਵੇਗੀ।

# ਸਰਕਾਰ ਨੂੰ ਮਾਓਵਾਦੀਆਂ ਤੋਂ ਵੱਧ ਖਤਰਾ

ਗਿਆ ਹੈ ਕਿ ਉਹ ਮਹਿਜ਼ ਮਾਰ-ਮਰਾਈ ਨਾਲੋਂ ਰਣਨੀਤਕ ਲੜਾਈ ਵੱਧ ਲੜ ਰਹੇ ਹਨ ਅਤੇ ਲਗਾਤਾਰ ਲੜ ਰਹੇ ਹਨ।

ਹੁਣ ਖੁਫੀਆਂ ਏਜੰਸੀਆਂ ਦੀਆਂ ਇਨ੍ਹਾਂ ਕਿਆਸ-ਅਰਾਈਆਂ ਨੇ ਪੰਜਾਬ ਸਰਕਾਰ ਅਤੇ ਪੁਲਿਸ ਨੂੰ ਮੁੜ ਫਿਕਰਾਂ ਵਿਚ ਪਾ ਦਿੱਤਾ ਹੈ। ਮੁੱਖ ਸੂਹੀਆ ਏਜੰਸੀ 'ਇੰਟੈਲੀਜੈਂਸ ਬਿਊਰੋ' (ਆਈ.ਬੀ.) ਦੇ ਮੁਖੀ ਨਿਹਚਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਕੁਝ ਖਾੜਕੂ ਧੜੇ ਪੰਜਾਬ ਅਤੇ ਗੁਆਂਢੀ ਸੂਬਿਆਂ ਵਿਚ ਗੜਬੜ ਕਰਵਾਉਣ ਦੀ ਤਾਕ ਵਿਚ ਹਨ। ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਚੌਕਸ ਕੀਤਾ ਕਿ ਖਾੜਕੂਆਂ ਨੂੰ ਵਿਦੇਸ਼ਾਂ ਤੋਂ ਮਿਲ ਰਹੀ ਮਦਦ ਕਾਰਨ ਪੰਜਾਬ ਤੇ ਗੁਆਂਢੀ ਸੂਬਿਆਂ 'ਚ ਵੱਡੀ ਚੁਣੌਤੀ ਖੜ੍ਹੀ ਹੋ ਸਕਦੀ ਹੈ। ਇਹ ਖੁਲਾਸਾ ਉਨ੍ਹਾਂ ਦਿੱਲੀ 'ਚ ਸੂਬਾਈ ਪੁਲਿਸ ਮੁਖੀਆਂ, ਇੰਸਪੈਕਟਰ ਜਨਰਲਾਂ ਅਤੇ ਵੱਖ-ਵੱਖ ਏਜੰਸੀਆਂ ਦੇ ਮੁਖੀਆਂ ਦੀ 47ਵੀਂ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ।

ਉਧਰ, ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਨੇ ਖਾੜਕੂਆਂ ਵੱਲੋਂ ਮੁੜ ਸਿਰ ਚੁੱਕਣ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਵਿਦੇਸ਼ਾਂ ਵਿਚ ਰਹਿ ਰਹੇ ਖਾੜਕੂਆਂ ਦਾ ਯਤਨ ਹੈ ਕਿ ਪੰਜਾਬ ਵਿਚ ਮੁੜ ਖਾੜਕੂ ਲਹਿਰ ਉਭਾਰੀ ਜਾਵੇ, ਪਰ ਪੰਜਾਬ ਵਿਚ ਅਜਿਹੀ ਕੋਈ ਗੱਲ ਨਹੀਂ ਅਤੇ ਨਾ ਹੀ ਇਨ੍ਹਾਂ ਦਾ ਕੋਈ ਨੈਟਵਰਕ ਹੈ। ਪਾਕਿਸਤਾਨ ਵਿਚ ਰਹਿ ਰਹੇ ਖਾੜਕੂ ਵੀ ਇਸ ਸਬੰਧੀ ਯਤਨਸ਼ੀਲ ਹਨ, ਪਰ ਉਨ੍ਹਾਂ ਦਾ ਲੋਕਾਂ 'ਚ ਕੋਈ ਆਧਾਰ ਨਹੀਂ ਹੈ। ਮਾਓਵਾਦੀਆਂ ਬਾਰੇ ਉਨ੍ਹਾਂ ਸਵੀਕਾਰ ਕੀਤਾ ਕਿ ਕੁਝ ਇਲਾਕਿਆਂ ਵਿਚ ਇਹ ਚੋਖੀ ਲਾਮਬੰਦੀ ਕਰ ਰਹੇ ਹਨ।

ਖੁਫ਼ੀਆ ਰਿਪੋਰਟਾਂ ਅਨੁਸਾਰ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਵਧਾਵਾ ਸਿੰਘ ਬੱਬਰ ਦਾ ਧੜਾ ਪੰਜਾਬ ਵਿਚ ਮੁੜ ਮੁਹਿੰਮ ਵਿੱਢਣ ਦੇ ਯਤਨ ਕਰ ਰਿਹਾ ਹੈ। ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚੋਂ ਫਰਾਰ ਖਾੜਕੂ ਜਗਤਾਰ ਸਿੰਘ ਤਾਰਾ ਵੀ ਖਾੜਕੂਆਂ ਨੂੰ ਇਕੱਠੇ ਕਰਕੇ ਮੁੜ ਪੈਰ ਜਮਾਉਣ ਲਈ ਯਤਨਸ਼ੀਲ ਹੈ। ਇਸ ਤੋਂ ਇਲਾਵਾ ਦੋ ਹੋਰ ਖਾੜਕੂ ਜਥੇਬੰਦੀਆਂ ਵੀ ਮੁੜ ਉਭਾਰ ਲਈ ਯਤਨਸ਼ੀਲ ਹਨ। ਖੁਫੀਆ ਰਿਪੋਰਟਾਂ ਹਨ ਕਿ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਵੱਲੋਂ ਭਾਰਤ ਵਿਚ ਵੱਡੇ ਹਮਲੇ ਕਰਨ ਲਈ ਬਰਤਾਨੀਆ ਵਿਚੋਂ ਫੰਡ ਇਕੱਤਰ ਕੀਤੇ ਜਾ ਰਹੇ ਹਨ। ਇਹ ਖੁਲਾਸਾ ਹੋਣ ਤੋਂ ਬਾਅਦ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਬਾਰੇ ਜਾਂਚ ਏਜੰਸੀ ਨੇ ਪਿਛਲੇ ਮਹੀਨੇ ਬੱਬਰ ਖਾਲਸਾ ਦੇ ਕੁਝ ਲੋਕਾਂ ਖਿਲਾਫ ਕੇਸ ਦਰਜ ਕੀਤਾ ਸੀ। ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦਾ ਕਹਿਣਾ ਹੈ ਕਿ ਇਹ ਲੋਕ ਭਾਰਤ ਵਿਚ ਹਮਲੇ ਕਰਨ ਲਈ ਬਰਤਾਨੀਆ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ ਤੋਂ ਫੰਡ ਹਾਸਲ ਕਰ ਰਹੇ ਹਨ ਤੇ ਇਸ ਬਾਰੇ ਸਾਜ਼ੋ-ਸਾਮਾਨ ਤੇ ਅਸਲਾ ਬੀ.ਕੇ.ਆਈ. ਦੇ ਪਾਕਿਸਤਾਨ ਆਧਾਰਤ ਆਗੂਆਂ ਵੱਲੋਂ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਗ੍ਰਹਿ ਮੰਤਰਾਲੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਖੁਫੀਆ ਏਜੰਸੀਆਂ ਨੂੰ ਬੀ.ਕੇ.ਆਈ. ਦੀਆਂ ਇਨ੍ਹਾਂ ਸਰਗਰਮੀਆਂ ਬਾਰੇ ਤਾਜ਼ਾ ਸਬੂਤ ਮਿਲੇ ਸਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਪਾਕਿਸਤਾਨ ਤੇ ਬਰਤਾਨੀਆ ਵਿਚਲੇ ਬੱਬਰ ਆਗੂਆਂ ਵੱਲੋਂ ਵੱਖ-ਵੱਖ ਵਸੀਲਿਆਂ ਰਾਹੀਂ ਭੇਜੇ ਜਾ ਰਹੇ ਹਨ। ਬਰਤਾਨੀਆ ਤੋਂ ਬੱਬਰਾਂ ਨੂੰ ਕਰੀਬ 100 ਕਰੋੜ ਰੁਪਏ ਭੇਜੇ ਗਏ ਹਨ। ਅਸਲ 'ਚ ਖਾੜਕੂਆਂ ਵੱਲੋਂ ਲੰਮੇ ਸਮੇਂ ਤੋਂ ਪੰਜਾਬ 'ਚ ਮੁੜ ਉਭਾਰ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਕੰਮ ਲਈ ਵਿਦੇਸ਼ਾਂ ਤੋਂ ਪੈਸੇ ਵੀ ਆ ਰਹੇ ਹਨ, ਪਰ ਪੰਜਾਬ ਵਿਚ ਲੋਕਾਂ ਵੱਲੋਂ ਖਾਸ ਹੁੰਗਾਰਾ ਨਾ ਮਿਲਣ ਕਰ ਕੇ ਉਨ੍ਹਾਂ ਨੂੰ ਕੋਈ ਸਫਲਤਾ ਨਹੀਂ ਮਿਲੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ

ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ

ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਭਾਰਤ ਤੇ ਪਾਕਿਸਤਾਨ ਨੇ ਨਵੀਂ ਵੀਜ਼ਾ ਸੰਧੀ 'ਤੇ ਸਹੀ ਪਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਅਤੇ ਪਾਕਿਸਤਾਨ ਨੇ ਇਕ ਵਾਰ ਫਿਰ ਖੁੱਲ੍ਹਦਿਲੀ ਵਿਖਾਉਂਦਿਆਂ ਵੀਜ਼ਾ ਨਰਮ ਕਰਨ ਦਾ ਫ਼ੈਸਲਾ ਕੀਤਾ ਹੈ ਜਿਸ ਨਾਲ ਦੋਵਾਂ ਦੇਸ਼ਾਂ ਨੂੰ ਵਪਾਰਕ ਲਾਹੇ ਦੇ ਨਾਲ-ਨਾਲ ਇਕ-ਦੂਜੇ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਦਾ ਮੌਕਾ ਵੀ ਮਿਲੇਗਾ। ਦੋਵਾਂ ਮੁਲਕਾਂ ਵਿਚਾਲੇ ਹੋਏ ਸਮਝੌਤੇ ਤਹਿਤ ਪਹਿਲੀ ਵਾਰ ਸਮੂਹਕ ਸੈਲਾਨੀ ਤੇ ਤੀਰਥ ਯਾਤਰਾ ਵੀਜ਼ਾ, ਵਪਾਰੀਆਂ ਲਈ ਵੱਖਰੇ ਵੀਜ਼ੇ ਤੇ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਦੇਸ਼ ਪੁੱਜਣ 'ਤੇ ਵੀਜ਼ਾ ਦੇਣ ਦਾ ਪ੍ਰਬੰਧ ਹੈ। ਇਸ ਫੈਸਲੇ ਦਾ ਪੰਜਾਬ ਨੂੰ ਸਭ ਤੋਂ ਵੱਧ ਲਾਹਾ ਹੋਣ ਦੀ ਆਸ ਹੈ ਕਿਉਂਕਿ ਜਿੱਥੇ ਸਿੱਖਾਂ ਨੂੰ ਆਪਣੇ ਵਿਛੜੇ ਧਾਰਮਿਕ ਸਥਾਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ 'ਚ ਸੌਖ ਰਹੇਗੀ, ਉਥੇ ਸਰਹੱਦੀ ਸੂਬਿਆਂ ਦੇ ਵਪਾਰੀ ਅਸਾਨੀ ਨਾਲ ਇਕ-ਦੂਜੇ ਮੁਲਕ 'ਚ ਆ-ਜਾ ਸਕਣਗੇ ਤੇ ਵਪਾਰ ਨੂੰ ਹੁਲਾਰਾ ਮਿਲੇਗਾ।

ਇਸ ਸਮਝੌਤੇ 'ਤੇ ਪਾਕਿਸਤਾਨ ਦੇ ਦੌਰੇ 'ਤੇ ਗਏ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਅਤੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਦਸਤਖਤ ਕੀਤੇ ਜਿਸ ਨੇ 38 ਸਾਲ ਪੁਰਾਣੇ ਸਖ਼ਤ ਸ਼ਰਤਾਂ ਵਾਲੇ ਵੀਜ਼ਾ ਸਮਝੌਤੇ ਦੀ ਥਾਂ ਲਈ ਹੈ। ਨਵਾਂ ਸਮਝੌਤਾ ਤੈਅ ਸਮੇਂ ਦੇ ਅੰਦਰ ਵੀਜ਼ਾ ਮਨਜ਼ੂਰੀ, ਲੋਕਾਂ ਵਿਚਾਲੇ ਸੰਪਰਕ ਅਤੇ ਵਪਾਰ ਵਧਾਉਣ ਦਾ ਰਾਹ ਸਾਫ ਕਰੇਗਾ। ਗ਼ੈਰ-ਮਿਆਰੀ ਵੀਜ਼ਾ ਜਾਰੀ ਕਰਨ ਲਈ ਪਹਿਲਾਂ ਕੋਈ ਸਮਾਂ ਤੈਅ ਨਹੀਂ ਸੀ ਪਰ ਨਵੇਂ ਸਮਝੌਤੇ ਤਹਿਤ ਅਰਜ਼ੀ ਦੇਣ ਤੋਂ 45 ਦਿਨਾਂ ਦੇ ਅੰਦਰ ਵੀਜ਼ਾ ਮਿਲੇਗਾ।

ਨਵੇਂ ਸਮਝੌਤੇ ਤਹਿਤ ਕੋਈ ਵਿਅਕਤੀ ਹੁਣ ਤਿੰਨ ਦੀ ਥਾਂ ਪੰਜ ਸਥਾਨਾਂ ਦਾ ਦੌਰਾ ਕਰ ਸਕਦਾ ਹੈ ਅਤੇ 65 ਸਾਲਾਂ ਤੋਂ ਵੱਧ, 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਉੱਘੀਆਂ ਸ਼ਖ਼ਸੀਅਤਾਂ ਨੂੰ ਪੁਲਿਸ ਰਿਪੋਰਟ ਦੀ ਲੋੜ ਨਹੀਂ ਹੋਵੇਗੀ। ਵਿਜ਼ਟਰ ਵੀਜ਼ਾ ਸ਼੍ਰੇਣੀ ਤਹਿਤ ਪਹਿਲਾਂ ਸਿੰਗਲ ਐਂਟਰੀ (ਇਕ ਵਾਰ ਦਾਖਲਾ) ਵੀਜ਼ਾ ਸਿਰਫ਼ ਤਿੰਨ ਮਹੀਨਿਆਂ ਲਈ ਜਾਰੀ ਕੀਤਾ ਜਾਂਦਾ ਸੀ ਤੇ ਇਸ ਦੀ ਵਰਤੋਂ ਰਿਸ਼ਤੇਦਾਰਾਂ, ਮਿੱਤਰਾਂ ਨੂੰ ਮਿਲਣ, ਵਪਾਰ ਜਾਂ ਕਿਸੇ ਹੋਰ ਜਾਇਜ਼ ਉਦੇਸ਼ ਲਈ ਹੁੰਦੀ ਸੀ। ਕੰਮ ਜਾਂ ਕਾਰੋਬਾਰ ਦੇ ਸਿਲਸਿਲੇ ਵਿਚ ਵੀਜ਼ੇ ਦੀ ਮਿਆਦ ਇਕ ਸਾਲ ਲਈ ਵਧਾਈ ਜਾ ਸਕਦੀ ਸੀ।

ਨਵੇਂ ਨਿਯਮ ਤਹਿਤ ਸਿੰਗਲ ਵੀਜ਼ਾ ਛੇ ਮਹੀਨਿਆਂ ਲਈ ਤੇ ਪੰਜ ਸਥਾਨਾਂ ਲਈ ਜਾਰੀ ਕੀਤਾ ਜਾਵੇਗਾ ਪਰ ਇਕ ਵਾਰ ਵਿਚ ਤਿੰਨ ਮਹੀਨਿਆਂ ਤੋਂ ਵੱਧ ਨਹੀਂ ਰੁਕਿਆ ਜਾ ਸਕੇਗਾ।

ਨਵੀਂ ਸ਼੍ਰੇਣੀ-2 ਦੇ ਤਹਿਤ ਵੱਧ ਤੋਂ ਵੱਧ ਪੰਜ ਸਥਾਨਾਂ ਲਈ ਜਾਰੀ ਵਿਜ਼ਟਰ ਵੀਜ਼ਾ ਸੀਨੀਅਰ ਸਿਟੀਜ਼ਨਾਂ (65 ਸਾਲ ਤੋਂ ਵੱਧ) ਨੂੰ ਮਲਟੀਪਲ ਐਂਟਰੀ ਨਾਲ ਦੋ ਸਾਲ ਤਕ ਅੱਗੇ ਵਧਾਇਆ ਜਾ ਸਕੇਗਾ। ਇਕ ਮੁਲਕ ਦੇ ਨਾਗਰਿਕ ਵੱਲੋਂ ਦੂਜੇ ਮੁਲਕ ਦੇ ਨਾਗਰਿਕ ਨਾਲ ਵਿਆਹ ਕੀਤੇ ਜਾਣ 'ਤੇ 12 ਸਾਲਾਂ ਤੋਂ ਘੱਟ ਉਮਰ ਦੇ ਮਾਮਲੇ ਵਿਚ ਹਾਲਤ ਪਹਿਲਾਂ ਵਾਲੀ ਹੀ ਰਹੇਗੀ। ਨਵਾਂ ਸੈਲਾਨੀ ਵੀਜ਼ਾ ਘੱਟ ਤੋਂ ਘੱਟ 10 ਤੇ ਵੱਧ ਤੋਂ ਵੱਧ 50 ਲੋਕਾਂ ਨੂੰ ਜਾਰੀ ਕੀਤਾ ਜਾਵੇਗਾ। ਇਹ ਵੀਜ਼ਾ 30 ਦਿਨਾਂ ਲਈ ਹੋਵੇਗਾ ਤੇ ਇਸ ਲਈ ਅਰਜ਼ੀ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਤੋਂ ਮਨਜ਼ੂਰਸ਼ੁਦਾ ਟਰੈਵਲ ਏਜੰਸੀਆਂ ਰਾਹੀਂ ਦੇਣੀ ਹੋਵੇਗੀ। ਇਹ ਵੀਜ਼ਾ ਦੋਵਾਂ ਮੁਲਕਾਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਵੀ ਮਿਲੇਗਾ। ਇਹ ਸਿਰਫ਼ ਸੈਲਾਨੀ ਵੀਜ਼ਾ ਹੋਵੇਗਾ ਪਰ ਇਸ ਤਹਿਤ ਕਿਸੇ ਸੰਸਥਾ ਵਿਚ ਦਾਖਲਾ ਨਹੀਂ ਲਿਆ ਜਾ ਸਕੇਗਾ।

ਕਾਰੋਬਾਰੀ ਵੀਜ਼ੇ ਦੀਆਂ ਦੋ ਸ਼੍ਰੇਣੀਆਂ ਹਨ। ਪਹਿਲੀ ਸ਼੍ਰੇਣੀ ਵਿਚ ਅਜਿਹੇ ਵਪਾਰੀ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਪੰਜ ਲੱਖ ਰੁਪਏ (ਪਾਕਿਸਤਾਨੀ ਰੁਪਏ) ਜਾਂ ਉਸ ਦੇ ਬਰਾਬਰ ਜਾਂ ਸਾਲਾਨਾ ਕਾਰੋਬਾਰ ਜਾਂ ਵਿਕਰੀ 30 ਲੱਖ ਰੁਪਏ (ਪਾਕਿ) ਦੇ ਬਰਾਬਰ ਹੋਵੇ, ਉਸ ਨੂੰ ਇਕ ਸਾਲ ਲਈ ਵੀਜ਼ਾ ਦਿੱਤਾ ਜਾਵੇਗਾ। ਇਸ ਨਾਲ ਉਹ ਪੰਜ ਸ਼ਹਿਰਾਂ ਵਿਚ ਜਾ ਸਕਦਾ ਹੈ ਤੇ ਉਸ 'ਤੇ ਚਾਰ ਐਂਟਰੀਆਂ ਹੋ ਸਕਦੀਆਂ ਹਨ।

ਦੂਜੀ ਸ਼੍ਰੇਣੀ ਵਿਚ ਅਜਿਹੇ ਉੱਦਮੀ ਜਿਨ੍ਹਾਂ ਦੀ ਸਾਲਾਨਾ ਆਮਦਨ ਘੱਟੋ-ਘੱਟ 50 ਲੱਖ ਰੁਪਏ (ਪਾਕਿ) ਜਾਂ ਉਸ ਦੇ ਬਰਾਬਰ ਵਿਕਰੀ ਜਾਂ ਕਾਰੋਬਾਰ 30 ਕਰੋੜ ਰੁਪਏ ਦੇ ਬਰਾਬਰ ਹੋਵੇ, ਉਸ ਨੂੰ ਇਕ ਸਾਲ ਲਈ ਮਲਟੀਪਲ ਐਂਟਰੀ ਵੀਜ਼ਾ ਦਿੱਤਾ ਜਾਵੇਗਾ। ਇਸ ਵੀਜ਼ੇ ਤਹਿਤ ਉਹ 10 ਸਥਾਨਾਂ 'ਤੇ ਜਾ ਸਕੇਗਾ ਤੇ ਉਸ ਨੂੰ ਪੁਲਿਸ ਰਿਪੋਰਟ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਵੀਜ਼ੇ ਵਿਚ ਇਸ ਗੱਲ ਦਾ ਜ਼ਿਕਰ ਹੋਵੇਗਾ ਕਿ ਕਾਰੋਬਾਰੀ ਕਿੰਨੇ ਦਿਨ ਦੇਸ਼ ਵਿਚ ਰਹਿਣ ਵਾਲਾ ਹੈ ਤੇ ਇਹ ਸਮਾਂ ਇਕ ਵਾਰ ਵਿਚ 30 ਦਿਨਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ। ਇਹ ਵੀਜ਼ਾ ਮਿਲਣ ਵਿਚ ਪੰਜ ਹਫ਼ਤਿਆਂ ਤੋਂ ਵੱਧ ਨਹੀਂ ਲੱਗਣੇ ਚਾਹੀਦੇ।

ਦੋਵਾਂ ਮੁਲਕਾਂ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਤੀਰਥ ਵੀਜ਼ਾ ਜਾਰੀ ਕੀਤਾ ਜਾਵੇਗਾ। ਇਸ ਨੂੰ 1974 ਦੇ ਧਾਰਮਿਕ ਅਸਥਾਨਾਂ ਦੀ ਯਾਤਰਾ ਦੇ ਪ੍ਰੋਟੋਕੋਲ ਅਨੁਸਾਰ ਜਾਂ ਭਵਿੱਖ ਵਿਚ ਇਸ ਪ੍ਰੋਟੋਕੋਲ ਵਿਚ ਹੋਈ ਤਬਦੀਲੀ ਅਨੁਸਾਰ ਜਾਰੀ ਕੀਤਾ ਜਾਵੇਗਾ। ਇਸ ਸ਼੍ਰੇਣੀ ਦੇ ਵੀਜ਼ੇ ਲਈ ਯਾਤਰਾ ਸ਼ੁਰੂ ਕਰਨ ਤੋਂ ਘੱਟੋ-ਘੱਟ 45 ਦਿਨ ਪਹਿਲਾਂ ਅਰਜ਼ੀ ਦੇਣੀ ਹੋਵੇਗੀ। ਵੀਜ਼ਾ ਯਾਤਰਾ ਸ਼ੁਰੂ ਹੋਣ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਜਾਰੀ ਹੋਵੇਗਾ। ਇਸ ਵੀਜ਼ੇ 'ਤੇ ਸਿਰਫ਼ ਇਕ ਐਂਟਰੀ ਹੋਵੇਗੀ ਜਿਸ ਤਹਿਤ ਸਿਰਫ਼ 15 ਦਿਨ ਰੁਕਿਆ ਜਾ ਸਕੇਗਾ ਤੇ ਇਸ ਵੀਜ਼ੇ ਦੀ ਮਿਆਦ ਵਿਚ ਵਾਧਾ ਨਹੀਂ ਹੋਵੇਗਾ।

ਨਵੇਂ ਸਮਝੌਤੇ ਤਹਿਤ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਅਟਾਰੀ-ਵਾਹਗਾ ਸਰਹੱਦ ਉੱਪਰ 45 ਦਿਨਾਂ ਲਈ ਵੀਜ਼ਾ ਮੌਕੇ 'ਤੇ ਦੇ ਦਿੱਤਾ ਜਾਵੇਗਾ। ਇਸ ਵੀਜ਼ੇ ਦੀ ਮਿਆਦ ਵਿਚ ਵਾਧਾ ਨਹੀਂ ਹੋਵੇਗਾ ਤੇ ਨਾ ਹੀ ਇਸ ਨੂੰ ਕਿਸੇ ਹੋਰ ਵੀਜ਼ੇ ਵਿਚ ਤਬਦੀਲ ਕੀਤਾ ਜਾ ਸਕੇਗਾ।

## ਸਚਿਨ ਪਾਇਲਟ ਬਣਿਆ ਸਿੱਖ ਰੈਜੀਮੈਂਟ ਦਾ ਲਫਟੈਣ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਸਚਿਨ ਪਾਇਲਟ ਨੂੰ ਥਲ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਨੇ ਟੈਰੀਟੋਰੀਅਲ ਆਰਮੀ (ਟੀ.ਏ.) ਦਾ ਕਮਿਸ਼ਨਡ ਅਫਸਰ ਥਾਪਿਆ ਹੈ। ਉਹ ਸਿੱਖ ਰੈਜੀਮੈਂਟ ਦੇ ਕਮਿਸ਼ਨਡ ਅਫਸਰ ਬਣ ਗਏ ਹਨ।

ਸੰਚਾਰ ਤੇ ਆਈ.ਟੀ. ਰਾਜ ਮੰਤਰੀ ਸਚਿਨ ਪਾਇਲਟ ਨੇ ਹਾਲ ਹੀ ਵਿਚ ਅਲਾਹਾਬਾਦ ਵਿਚ ਸੇਵਾ ਚੋਣ ਬੋਰਡ (ਐਸ.ਐਸ.ਬੀ.) ਵੱਲੋਂ ਲਈ ਗਈ ਲਿਖਤੀ ਪ੍ਰੀਖਿਆ ਤੇ ਇੰਟਰਵਿਊ ਪਾਸ ਕੀਤੀ ਹੈ।

## ਕਹਾਣੀਕਾਰ ਅਜਮੇਰ ਸਿੱਧੂ ਨਾਲ ਰੂ-ਬ-ਰੂ 15 ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਗੀਤਕਾਰ ਮੰਚ, ਕੈਲੀਫੋਰਨੀਆ ਵਲੋਂ ਕਹਾਣੀਕਾਰ ਤੇ 'ਵਿਗਿਆਨਕ ਸੋਚ' ਨਾਂ ਦੇ ਮੈਗਜੀਨ ਦੇ ਸੰਪਾਦਕ ਅਜਮੇਰ ਸਿੱਧੂ ਦਾ ਇਕ ਰੂ-ਬ-ਰੂ 15 ਸਤੰਬਰ ਸਨਿਚਰਵਾਰ ਨੂੰ ਗੁਰਦੁਆਰਾ ਗੁਰੂ ਰਵਿਦਾਸ ਸਭਾ ਰੀਓ ਲਿੰਡਾ ਵਿਖੇ ਬਾਅਦ ਦੁਪਹਿਰ ਦੋ ਵਜੇ ਤੋਂ ਸ਼ਾਮ 6 ਵਜੇ ਤਕ ਰਖਿਆ ਗਿਆ ਹੈ। ਪੰਜਾਬ ਵਸਦੇ ਸ੍ਰੀ ਸਿੱਧੂ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ।

ਇਹ ਜਾਣਕਾਰੀ ਦਿੰਦਿਆਂ ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ ਅਤੇ ਸਕੱਤਰ ਸ੍ਰੀ ਬਿੱਕਰ ਕੰਮੇਆਣਾ ਨੇ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਰੂ-ਬ-ਰੂ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਹੈ।


Mortgage Underwater?

Doesn't mean you have to drown!
Finally…. A Solution!



IF YOU …Owe more than your house is worth and want to keep your home

*ਤੁਹਾਡੇ ਸਿਰ ਮਕਾਨ ਦਾ $417,000 ਜਾਂ ਵਧ ਦਾ ਕਰਜ਼ਾ ਹੈ, ਆਪਣਾ ਕਰੈਡਿਟ ਬਚਾਉਣਾ ਚਾਹੁੰਦੇ ਹੋ, ਕਰਜਾ ਕਾਫੀ ਘੱਟ ਕਰਨਾ ਚਾਹੁੰਦੇ ਹੋ?*

*ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ*

*ਇਹ ਸ਼ਾਰਟ ਸੇਲ ਜਾਂ ਲੋਨ ਮੋਡੀਫਿਕੇਸ਼ਨ ਨਹੀਂ ਹੈ*

Permanently reduce your loan amount and create positive equity!
You don't have to walk away from your investment, I can help you!

*ਇਸ ਸੇਵਾ ਲਈ ਮੈਂ ਕੋਈ ਫੀਸ ਨਹੀਂ ਚਾਰਜ ਕਰਦੀ*

*ਅੱਜ ਹੀ ਕਾਲ ਕਰੋ, ਬਲਵਿੰਦਰ (ਪੌਪੀ) ਜੌਹਲ*

Call us Today: 925-400-8096

I pay $500 - $1,000 for every referral that closes successfully.



Short Sale Specialist

*We Can Sell Your Home in Short Sale at No Cost to You*



For Buying & Selling Residential Property And For Loans

*Call: Sohanpreet 'Sam' Chahal*

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

*ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ*

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



Yarra, Kharazi & Associates

Phone: (888) 97YARRA (92772)

Bankruptcy & Criminal Law

Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com

# ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧਕਾਂ ਦੀ ਤਾਣੀ ਹੋਰ ਉਲਝੀ

**ਯੂਬਾ ਸਿਟੀ (ਬਿਊਰੋ):** ਯੂਬਾ ਸਿਟੀ ਦੇ ਸਾਲਾਨਾ ਨਗਰ ਕੀਰਤਨ ਕਰਕੇ ਸੰਸਾਰ ਭਰ ਵਿਚ ਜਾਣੇ ਜਾਂਦੇ ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧ ਦੀ ਤਾਣੀ ਸੁਲਝਣ ਦੀ ਬਜਾਏ ਹੋਰ ਉਲਝਦੀ ਜਾ ਰਹੀ ਹੈ। ਇਸ ਦੇ ਪ੍ਰਬੰਧਕੀ ਬੋਰਡ ਦੀਆਂ ਚੋਣਾਂ ਚਾਰ ਸਾਲ ਪਹਿਲਾਂ ਹੋਈਆਂ ਸਨ। ਉਦੋਂ ਤੋਂ ਲੈ ਕੇ ਪ੍ਰਬੰਧਕੀ ਬੋਰਡ ਅਤੇ ਗੁਰੂਘਰ ਨਾਲ ਜੁੜੀ ਸੰਗਤ ਕਈ ਝਮੇਲਿਆਂ ਵਿਚ ਫਸੇ ਚਲੇ ਆ ਰਹੇ ਹਨ।

ਆਉਂਦੇ ਅਕਤੂਬਰ ਮਹੀਨੇ ਗੁਰਦੁਆਰਾ ਪ੍ਰਬੰਧਕੀ ਬੋਰਡ ਦੀ ਨਵੇਂ ਸਿਰੇ ਤੋਂ ਚੋਣ ਹੋਣੀ ਸੀ, ਪਰ ਮੌਜੂਦਾ ਪ੍ਰਬੰਧਕਾਂ ਨੇ ਚੋਣਾਂ ਦੋ ਸਾਲ ਲਈ ਅੱਗੇ ਪਾ ਦਿੱਤੀਆਂ ਹਨ। ਪ੍ਰਬੰਧਕਾਂ ਨਾਲ ਜੁੜੇ ਕੁਝ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕੀਤਾ, ਪਰ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਨੇ ਟੇਢੇ ਢੰਗ ਨਾਲ ਗੁਰਦੁਆਰੇ ਦੇ ਪ੍ਰਬੰਧ 'ਤੇ ਕਬਜ਼ਾ ਬਣਾਈ ਰੱਖਣ ਲਈ ਗਲਤ ਹਰਬੇ ਵਰਤ ਕੇ ਚੋਣਾਂ ਅੱਗੇ ਪਾਈਆਂ ਹਨ। ਇਸ ਦੇ ਖ਼ਿਲਾਫ਼ ਬੋਰਡ ਦੇ ਕੁਝ ਮੈਂਬਰਾਂ ਨੇ ਅਦਾਲਤ 'ਚ ਕੇਸ ਕਰ ਦਿੱਤਾ ਹੈ ਤੇ ਇਸ ਦੀ ਸੁਣਵਾਈ ਸਤਾਰਾਂ ਸਤੰਬਰ ਨੂੰ ਹੋਣੀ ਹੈ। ਗੁਰਦੁਆਰੇ ਦੇ ਨਿਰਪੱਖ ਮੈਂਬਰਾਂ ਦਾ ਕਹਿਣਾ ਹੈ ਕਿ ਚੋਣਾਂ ਮੁਲਤਵੀ ਕਰਨਾ ਸਰਾਸਰ ਗਲਤ ਹੈ। ਚੋਣਾਂ ਮੁਲਤਵੀ ਕਰ ਕੇ ਦੋ ਸਾਲ ਲਈ ਅੱਗੇ ਪਾਉਣ ਲਈ ਪ੍ਰਬੰਧਕਾਂ ਕੋਲ ਕੋਈ ਠੋਸ ਕਾਰਨ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਨੂੰ ਸ਼ਾਇਦ ਡਰ ਹੈ ਕਿ ਉਹ ਚੋਣਾਂ 'ਚ ਹਾਰ ਜਾਣਗੇ। ਇਸ ਲਈ ਉਹ ਚੋਣਾਂ ਤੋਂ ਕੰਨੀ ਕਤਰਾਉਂਦੇ ਹਨ। ਇਹ ਬਿਨਾਂ ਚੋਣਾਂ ਤੋਂ ਹੀ ਗੁਰੂਘਰ ਦੇ ਪ੍ਰਬੰਧ ਉਤੇ ਹਾਵੀ ਹੋਏ ਰਹਿਣਾ ਚਾਹੁੰਦੇ ਹਨ। ਚੋਣਾਂ ਦੋ ਸਾਲ ਲਈ ਅੱਗੇ ਪਾਉਣਾ ਸ਼ਾਇਦ ਕਾਨੂੰਨੀ ਪੱਖੋਂ ਠੀਕ ਹੋਵੇ, ਪਰ ਸਿੱਖੀ ਸਿਧਾਂਤਾਂ ਮੁਤਾਬਕ ਇਸ ਨੂੰ ਕਿਸੇ ਪੱਖੋਂ ਵੀ ਇਖ਼ਲਾਕੀ ਨਹੀਂ ਕਿਹਾ ਜਾ ਸਕਦਾ।

ਯਾਦ ਰਹੇ, ਮੌਜੂਦਾ ਬੋਰਡ ਦੀ ਚੋਣ ਚਾਰ ਸਾਲ ਪਹਿਲਾਂ ਹੋਈ ਸੀ ਪਰ ਗੁਰੂਘਰ ਦੇ ਇਕ ਬਹੁਤ ਵਡੇ ਧੜੇ ਨੇ ਇਨ੍ਹਾਂ 'ਚ ਹਿੱਸਾ ਨਹੀਂ ਲਿਆ ਸੀ। ਦੀਦਾਰ ਸਿੰਘ ਬੈਂਸ ਦੇ ਕਰੀਬੀ ਦੋਸਤ ਗੁਰਨਾਮ ਸਿੰਘ ਪੰਮਾ, ਸਰਬਜੀਤ ਸਿੰਘ ਥਿਆੜਾ, ਦਲਵੀਰ ਸਿੰਘ ਗਿੱਲ, ਸਾਬਕਾ ਪ੍ਰਧਾਨ ਨਛੱਤਰ ਸਿੰਘ ਚੌਹਾਨ, ਹਰਭਜਨ ਸਿੰਘ ਸੰਧੂ, ਸਤਿੰਦਰ ਡੇਵਿਡ ਤੇ ਸਵਰਗੀ ਮਹਿੰਗਾ ਸਿੰਘ ਭੱਟੀ ਸਾਬਕਾ ਪ੍ਰਧਾਨ ਆਦਿ ਨਾਮੀ ਸ਼ਖ਼ਸੀਅਤਾਂ ਨੇ ਚੋਣਾਂ 'ਚ ਹਿੱਸਾ ਤਾਂ ਲਿਆ ਸੀ ਪਰ ਅੱਧ ਮਨੇ ਨਾਲ ਹੀ। ਇਸ ਗਰੁੱਪ ਦੇ ਖ਼ਿਲਾਫ਼ ਯੂਬਾ ਸਿਟੀ ਦੇ ਤਿੰਨ-ਚਾਰ ਹੋਰ ਧੜਿਆਂ ਨੇ ਸਾਂਝਾ ਪਲੇਟਫਾਰਮ ਬਣਾ ਕੇ ਚੋਣ ਲੜੀ ਸੀ। ਇਸ ਧੜੇ ਦੇ ਬਹੁ-ਗਿਣਤੀ ਮੈਂਬਰਾਂ ਦਾ ਨਾ ਤਾਂ ਸਿੱਖੀ ਪਿਛੋਕੜ ਸੀ ਤੇ ਨਾ ਹੀ ਇਸ ਗੁਰੂਘਰ ਨਾਲ ਕੋਈ ਸਾਂਝ ਸੀ। ਉਸ ਵਕਤ ਬਹੁਤ ਸਾਰੇ ਨਿਰਪੱਖ ਮੈਂਬਰਾਂ ਦਾ ਕਹਿਣਾ ਸੀ ਕਿ ਇਹ ਗੈਰ-ਸਿਧਾਂਤਕ ਗਠਜੋੜ ਹੈ ਜਿਹੜਾ ਯੂਬਾ ਸਿਟੀ ਦੇ ਸਿਆਣੇ, ਸ਼ਰਧਾਵਾਨ ਤੇ ਗੁਰੂਘਰ 'ਚ ਹਰ ਤਰ੍ਹਾਂ ਦੀ ਸੇਵਾ ਕਰਨ ਵਾਲੇ ਸੂਝਵਾਨ ਸਿੱਖਾਂ ਦੀ ਹੋਈ ਗ਼ਲਤ ਕਤਾਰਬੰਦੀ ਕਾਰਨ ਬਣਿਆ ਹੈ। ਆਮ ਸੰਗਤ ਦਾ ਖਿਆਲ ਸੀ ਕਿ ਇਸ ਧੜੇ ਦੇ ਬਹੁਤੇ ਮੈਂਬਰ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਨਾਲ ਸਿਰਫ਼ ਗੁਰਦੁਆਰੇ ਦੇ ਪ੍ਰਬੰਧ ਉਤੇ ਕਾਬਜ਼ ਹੋਣਾ ਚਾਹੁੰਦੇ ਹਨ।

ਇਹ ਗੱਲ ਉਦੋਂ ਸਹੀ ਸਾਬਿਤ ਹੋਈ ਜਦੋਂ ਨਵੇਂ ਬੋਰਡ ਨੇ ਪ੍ਰਬੰਧਕੀ ਬੋਰਡ ਦੇ ਮੁੱਖ ਅਹੁਦੇਦਾਰਾਂ ਦੀ ਚੋਣ ਕਰਨੀ ਸੀ। ਅੱਧੀ ਦਰਜਨ ਬੰਦੇ ਪ੍ਰਧਾਨਗੀ ਦੀ ਦੌੜ 'ਚ ਸ਼ਾਮਲ ਹੋ ਗਏ। ਨਵੇਂ ਬੋਰਡ 'ਚ ਕੁਝ ਅਜਿਹੇ ਬੰਦੇ ਸਨ ਜਿਨ੍ਹਾਂ ਦਾ ਸਿੱਖੀ ਸਿਧਾਂਤਾਂ ਜਾਂ ਗੁਰੂਘਰ ਦੀ ਬਿਹਤਰੀ ਨਾਲ ਕੋਈ ਸਰੋਕਾਰ ਨਹੀਂ। ਉਨ੍ਹਾਂ ਨੇ ਬੋਰਡ ਦੇ ਮੈਂਬਰਾਂ 'ਚ ਗੁੰਮਰਾਹਕੁਨ ਪ੍ਰਚਾਰ ਕਰ ਕੇ ਗੁਰੂਘਰ ਦੇ ਸੰਵਿਧਾਨ (ਬਾਈ ਲਾਅਜ਼) 'ਚ ਬਹੁਤ ਸਾਰੀਆਂ ਅਹਿਮ ਤਬਦੀਲੀਆਂ ਕਰਵਾ ਲਈਆਂ। ਚਾਰ ਸਾਲ ਬੀਤਣ ਦੇ ਬਾਵਜੂਦ ਨਵੇਂ ਸੰਵਿਧਾਨ ਦੀਆਂ ਕਾਪੀਆਂ ਨਾ ਤਾਂ ਗੁਰੂਘਰ ਦੇ ਮੈਂਬਰਾਂ ਨੂੰ ਦਿੱਤੀਆਂ ਗਈਆਂ ਅਤੇ ਨਾ ਹੀ ਗੁਰੂਘਰ ਦੇ ਨੋਟਿਸ ਬੋਰਡ ਉਤੇ ਇਸ ਦੀ ਕੋਈ ਕਾਪੀ ਲਾਈ ਗਈ। ਗੁਰੂਘਰ ਦੇ ਮੈਂਬਰਾਂ ਤੇ ਕਈ ਡਾਇਰੈਕਟਰਾਂ ਕੋਲ ਨਵੇਂ ਸੰਵਿਧਾਨ ਦੀ ਕੋਈ ਸੂਚਨਾ ਨਹੀਂ। ਪੁਰਾਣੇ ਸੰਵਿਧਾਨ ਮੁਤਾਬਕ ਬੋਰਡ ਦੀ ਚੋਣ ਦੋ ਸਾਲ ਬਾਅਦ ਹੋਣੀ ਸੀ, ਪਰ ਇਨ੍ਹਾਂ ਨੇ ਸੋਧ ਕਰ ਕੇ ਬੋਰਡ ਦੀ ਮਿਆਦ ਚਾਰ ਸਾਲ ਕਰ ਦਿੱਤੀ ਤੇ ਹੁਣ ਛੇ ਸਾਲ ਕਰ ਦਿੱਤੀ ਹੈ।

ਵਿਰੋਧੀ ਧਿਰ ਦਾ ਦੋਸ਼ ਹੈ ਕਿ ਮੌਜੂਦਾ ਪ੍ਰਬੰਧਕਾਂ ਕੋਲ ਚੋਣਾਂ ਅੱਗੇ ਪਾਉਣ ਲਈ ਪੂਰੇ ਮੈਂਬਰ ਨਹੀਂ ਹਨ। ਬੋਰਡ ਦੇ ਕੁੱਲ 73 ਮੈਂਬਰ ਹਨ ਜਿਨ੍ਹਾਂ ਵਿਚੋਂ ਦੋ ਮੈਂਬਰਾਂ ਦੀ ਮੌਤ ਹੋ ਗਈ ਸੀ ਤੇ ਦੋ ਬੋਰਡ ਦੇ ਕੰਮ ਕਾਜ ਦੇ ਢੰਗ ਤੋਂ ਨਿਰਾਸ਼ ਹੋ ਕੇ ਅਸਤੀਫ਼ਾ ਦੇ ਗਏ ਸਨ। ਸੂਤਰਾਂ ਅਨੁਸਾਰ ਮੌਜੂਦਾ ਬੋਰਡ ਨੇ ਅਸਤੀਫ਼ਾ ਦੇਣ ਵਾਲੇ ਡਾਇਰੈਕਟਰਾਂ ਦੇ ਅਸਤੀਫ਼ੇ ਬੋਰਡ ਦੇ ਜਨਰਲ ਇਜਲਾਸ 'ਚ ਸਵੀਕਾਰ ਨਹੀਂ ਕੀਤੇ। ਇਸ ਤੋਂ ਇਲਾਵਾ ਖਾਲੀ ਪਈਆਂ ਚਾਰ ਸੀਟਾਂ ਭਰਨ ਲਈ ਬੋਰਡ ਨੇ ਗੁਰਦੁਆਰੇ ਦੇ ਮੈਂਬਰਾਂ ਨੂੰ ਕਦੇ ਸੂਚਿਤ ਨਹੀਂ ਕੀਤਾ, ਸਗੋਂ ਆਪਣੇ ਸੰਗੀ ਸਾਥੀ ਬੋਰਡ 'ਚ ਭਰਤੀ ਕਰ ਲਏ। ਇਸ ਤੋਂ ਬਿਨਾਂ ਇਨ੍ਹਾਂ ਪ੍ਰਬੰਧਕਾਂ ਨੇ ਬੋਰਡ ਦੇ ਤਿੰਨ ਹੋਰ ਮੈਂਬਰਾਂ ਨੂੰ ਕੋਈ 'ਕਾਰਨ ਦੱਸੋ ਨੋਟਿਸ' ਦਿੱਤੇ ਬਗੈਰ ਅਤੇ ਬੋਰਡ ਦੇ ਜਨਰਲ ਇਜਲਾਸ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਤਿੰਨ ਡਾਇਰੈਕਟਰਾਂ ਨੂੰ ਬੋਰਡ ਤੋਂ ਮੁਅੱਤਲ ਕਰ ਕੇ ਉਨ੍ਹਾਂ ਦੀ ਥਾਂ ਚੁੱਪ-ਚਪੀਤੇ ਤਿੰਨ ਹੋਰ ਡਾਇਰੈਕਟਰ ਪਾ ਲਏ ਤਾਂ ਕਿ ਉਹ ਬੋਰਡ 'ਚ ਆਪਣਾ ਬਹੁਮਤ ਬਣਾ ਲੈਣ। ਪ੍ਰਬੰਧਕਾਂ ਨਾਲ ਕੁੱਲ 37 ਡਾਇਰੈਕਟਰਾਂ ਵਿਚੋਂ ਛੇ ਅਜਿਹੇ ਹਨ ਜਿਨ੍ਹਾਂ ਨੂੰ ਗੁਰੂਘਰ ਦੇ ਮੈਂਬਰਾਂ ਨੇ ਨਹੀਂ ਚੁਣਿਆ। ਜੇ ਅਦਾਲਤ ਇਨ੍ਹਾਂ ਨਾਮਜ਼ਦ ਮੈਂਬਰਾਂ ਨੂੰ ਗੈਰ-ਕਾਨੂੰਨੀ ਗਰਦਾਨਦੀ ਹੈ ਤਾਂ ਪ੍ਰਬੰਧਕ ਘੱਟ-ਗਿਣਤੀ 'ਚ ਰਹਿ ਜਾਣਗੇ। ਜਿਹੜੇ ਤਿੰਨ ਡਾਇਰੈਕਟਰਾਂ ਨੂੰ ਬਿਨਾਂ ਕੋਈ 'ਕਾਰਨ ਦੱਸੋ ਨੋਟਿਸ' ਦੇਣ ਤੋਂ ਕੱਢਿਆ ਗਿਆ ਹੈ, ਪ੍ਰਬੰਧਕ ਉਨ੍ਹਾਂ ਉਤੇ ਦੋਸ਼ ਲਾ ਰਹੇ ਹਨ ਕਿ ਉਹ ਯੂਬਾ ਸਿਟੀ 'ਚ ਨਹੀਂ ਰਹਿੰਦੇ।




ਹੈਰਾਨੀ ਦੀ ਗੱਲ ਹੈ ਕਿ ਦੋਸ਼ ਲਾਉਣ ਵਾਲੀ ਧਿਰ ਦਾ ਸਰਬਰਾਹ ਬਣਿਆ ਅਤੇ ਸਾਬਕਾ ਪ੍ਰਧਾਨ ਪਵਿੰਦਰ ਸਿੰਘ ਕਰੀਹਾ ਮੂੰਹ-ਜ਼ੁਬਾਨੀ ਅਨੇਕਾਂ ਮੈਂਬਰਾਂ ਨੂੰ ਕਹਿ ਚੁੱਕਾ ਹੈ ਕਿ ਉਹ ਪਰਿਵਾਰਕ ਕਾਰਨਾਂ ਕਰ ਕੇ ਆਪਣੇ ਬੱਚਿਆਂ ਕੋਲ ਸਿਆਟਲ ਰਹਿੰਦਾ ਹੈ। ਪਿਛਲੇ ਸਾਲ ਉਨ੍ਹਾਂ ਪ੍ਰਧਾਨਗੀ ਛੱਡਣ ਸਮੇਂ ਕਈ ਅਖ਼ਬਾਰਾਂ 'ਚ ਬਿਆਨ ਛਪਵਾਏ ਸਨ ਕਿ ਉਹ ਪ੍ਰਧਾਨਗੀ ਇਸ ਲਈ ਛੱਡ ਰਹੇ ਹਨ, ਕਿ ਘਰੇਲੂ ਕਾਰਨਾਂ ਕਰ ਕੇ ਉਨ੍ਹਾਂ ਨੂੰ ਜ਼ਿਆਦਾ ਸਮਾਂ ਭਾਰਤ 'ਚ ਰਹਿਣਾ ਪੈਂਦਾ ਹੈ। ਇਸ ਹਿਸਾਬ ਜੇ ਤਿੰਨ ਡਾਇਰੈਕਟਰਾਂ ਨੂੰ ਕੱਢਣ ਦਾ ਆਧਾਰ ਇਹ ਬਣਾਇਆ ਗਿਆ ਕਿ ਉਹ ਯੂਬਾ ਸਿਟੀ ਨਹੀਂ ਰਹਿੰਦੇ ਤਾਂ ਸ. ਕਰੀਹਾ ਨੂੰ ਸਭ ਤੋਂ ਪਹਿਲਾਂ ਖੁਦ ਅਸਤੀਫ਼ਾ ਦੇਣਾ ਚਾਹੀਦਾ ਹੈ ਕਿਉਂਕਿ ਉਹ ਅਨੇਕਾਂ ਵਾਰ ਅਨੇਕਾਂ ਮੈਂਬਰਾਂ ਕੋਲ ਕਹਿ ਚੁੱਕੇ ਹਨ ਕਿ ਉਹ ਯੂਬਾ ਸਿਟੀ ਨਹੀਂ ਰਹਿੰਦੇ। ਸਾਲ ਭਰ ਪਹਿਲਾਂ ਉਨ੍ਹਾਂ ਯੂਬਾ ਸਿਟੀ ਦਾ ਫੋਨ ਕਟਵਾ ਦਿੱਤਾ ਸੀ। ਉਨ੍ਹਾਂ ਦਾ ਮੌਜੂਦਾ ਫੋਨ ਸਿਆਟਲ ਇਲਾਕੇ 'ਚ ਰਜਿਸਟਰ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਕਿਸੇ ਸ਼ਹਿਰ 'ਚ ਜਾਇਦਾਦ ਲੈਣ ਨਾਲ ਕੋਈ ਉਸ ਸ਼ਹਿਰ ਦਾ ਵਸਨੀਕ ਨਹੀਂ ਬਣ ਜਾਂਦਾ। ਰਿਹਾਇਸ਼ ਸਾਬਤ ਕਰਨ ਲਈ ਉਥੋਂ ਦੇ ਯੂਟਿਲਿਟੀ ਬਿੱਲ ਸਬੂਤ ਵਜੋਂ ਪੇਸ਼ ਕੀਤੇ ਜਾਂਦੇ ਹਨ।

ਕੈਲੀਫੋਰਨੀਆ ਅਤੇ ਫੈਡਰਲ ਕਾਨੂੰਨ ਮੁਤਾਬਕ ਕਿਸੇ ਸੰਸਥਾ ਦੇ ਮੈਂਬਰਾਂ ਵੱਲੋਂ ਚੁਣੇ ਹੋਏ ਮੈਂਬਰਾਂ ਨੂੰ ਉਨ੍ਹਾਂ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਹਟਾਇਆ ਨਹੀਂ ਜਾ ਸਕਦਾ। ਇਸ ਹਿਸਾਬ ਜਿਹੜੇ ਤਿੰਨ ਮੈਂਬਰਾਂ ਨੂੰ ਹਟਾਇਆ ਗਿਆ, ਉਹ ਗੈਰ-ਕਾਨੂੰਨੀ ਸਾਬਤ ਹੋ ਸਕਦਾ ਹੈ। ਇਹੋ ਨਹੀਂ, ਜਿਹੜੇ ਮੈਂਬਰ ਬੋਰਡ ਚੁਣਦੇ ਹਨ, ਉਹ ਮੈਂਬਰ ਬੋਰਡ ਨੂੰ ਰੱਦ ਵੀ ਕਰ ਸਕਦੇ ਹਨ।

ਕਾਨੂੰਨ 'ਚ ਅਜਿਹੀ ਮਦ ਵੀ ਹੈ ਕਿ ਜੇ ਕਿਸੇ ਸੰਸਥਾ ਦੇ ਲੋੜੀਂਦੇ ਮੈਂਬਰ ਤਿੰਨ ਮੀਟਿੰਗਾਂ 'ਚ ਸ਼ਾਮਲ ਨਹੀਂ ਹੁੰਦੇ ਤਾਂ ਹਾਜ਼ਰ ਮੈਂਬਰ ਬਹੁਮਤ ਨਾਲ ਫੈਸਲੇ ਕਰ ਸਕਦੇ ਹਨ। ਕਿਸੇ ਵੀ ਸੰਸਥਾ 'ਚ ਬੋਰਡ ਨਾਲੋਂ ਵੱਧ ਅਹਿਮੀਅਤ ਮੈਂਬਰਾਂ ਦੀ ਹੁੰਦੀ ਹੈ। ਮੈਂਬਰ ਸੰਸਥਾ ਚਲਾਉਣ ਲਈ ਆਪਣੀ ਸਹੂਲਤ ਲਈ ਬੋਰਡ ਚੁਣਦੇ ਹਨ। ਗੁਰਦੁਆਰਾ ਟਾਇਰਾ ਬਿਊਨਾ ਦੇ ਚਾਰ ਹਜ਼ਾਰ ਛੇ ਮੈਂਬਰ ਹਨ। ਦੁਖਦਾਈ ਗੱਲ ਹੈ ਕਿ ਬੋਰਡ ਨੇ ਮੈਂਬਰਾਂ ਦੀ ਕਦੇ ਮੀਟਿੰਗ ਹੀ ਨਹੀਂ ਸੱਦੀ, ਜਦੋਂ ਕਿ ਗੁਰੂਘਰ ਦੇ ਸੰਵਿਧਾਨ 'ਚ ਮੈਂਬਰਾਂ ਦੀ ਮੀਟਿੰਗ ਸੱਦਣ ਦੀ ਵਿਵਸਥਾ ਹੈ।

ਪ੍ਰਬੰਧਕਾਂ ਨੇ ਪਿਛਲੇ ਦਿਨੀਂ ਜਦੋਂ ਦੋ ਸਾਲ ਲਈ ਚੋਣਾਂ ਅੱਗੇ ਪਾਈਆਂ ਤਾਂ ਇਨ੍ਹਾਂ ਦੇ ਬਹੁਤ ਕਰੀਬੀ ਸਮਝੇ ਜਾਂਦੇ ਦਰਜਨ ਤੋਂ ਉਪਰ ਡਾਇਰੈਕਟਰਾਂ ਨੇ ਇਸ ਨੂੰ ਗੈਰ-ਕਾਨੂੰਨੀ, ਗੈਰ-ਇਖਲਾਕੀ, ਸਿੱਖੀ ਸਿਧਾਂਤਾਂ ਦੇ ਉਲਟ ਅਤੇ ਸੰਗਤ ਨਾਲ ਧੋਖਾ ਕਰਾਰ ਦਿੰਦਿਆਂ ਇਨ੍ਹਾਂ ਦਾ ਸਾਥ ਛੱਡ ਦਿੱਤਾ। ਇਨ੍ਹਾਂ ਡਾਇਰੈਕਟਰਾਂ ਦਾ ਕਹਿਣਾ ਹੈ ਕਿ ਚੋਣਾਂ ਹੋਣੀਆਂ ਚਾਹੀਦੀਆਂ ਹਨ। ਜਦੋਂ ਪ੍ਰਬੰਧਕਾਂ ਨੇ ਦੋ ਸਾਲ ਲਈ ਚੋਣਾਂ ਮੁਲਤਵੀ ਕਰਨ ਲਈ ਮੀਟਿੰਗ ਸੱਦੀ ਸੀ ਤਾਂ ਉਨ੍ਹਾਂ ਗੜਬੜ ਹੋਣ ਦੇ ਡਰ ਦਾ ਬਹਾਨਾ ਲਾ ਕੇ ਪੁਲਿਸ ਦੀ ਸਹਾਇਤਾ ਲਈ ਸੀ। ਨਿਰਪੱਖ ਮੈਂਬਰਾਂ ਦਾ ਕਹਿਣਾ ਹੈ ਕਿ ਇਹ ਵਿਰੋਧੀ ਧਿਰ ਦੀ ਜ਼ੁਬਾਨ ਬੰਦ ਕਰਵਾਉਣ ਵਾਂਗ ਸੀ। ਪਤਾ ਲੱਗਾ ਹੈ ਕਿ ਜਿਨ੍ਹਾਂ ਪੁਲਿਸ ਅਧਿਕਾਰੀਆਂ ਨੇ ਇਸ ਕਾਰਵਾਈ 'ਚ ਹਿੱਸਾ ਲਿਆ ਸੀ, ਜੇ ਉਨ੍ਹਾਂ 'ਚੋਂ ਕਿਸੇ ਨੇ ਆਪਣੇ ਅਧਿਕਾਰ ਖੇਤਰ 'ਚੋਂ ਬਾਹਰ ਜਾ ਕੇ ਕੋਈ ਕਾਰਵਾਈ ਕੀਤੀ ਹੋਵੇਗੀ ਤਾਂ ਉਨ੍ਹਾਂ ਖ਼ਿਲਾਫ਼ ਵੀ ਕਾਰਵਾਈ ਹੋ ਸਕਦੀ ਹੈ। ਪਿਛਲੇ ਐਤਵਾਰ ਦੇ ਸਮਾਗਮ 'ਚ ਪ੍ਰਬੰਧਕਾਂ ਦੇ ਧੜੇ ਤੋਂ ਵੱਖ ਹੋਏ ਆਗੂ ਗੁਰਮੇਜ ਸਿੰਘ ਗਿੱਲ ਨੇ ਮਿਆਦ ਵਧਾਉਣ ਬਾਰੇ ਸੰਗਤਾਂ ਨਾਲ ਗੱਲ ਕਰਦਿਆਂ ਆਖਿਆ ਕਿ ਪ੍ਰਬੰਧਕਾਂ 'ਚੋਂ ਜੇ ਕਿਸੇ ਨੂੰ ਉਨ੍ਹਾਂ ਦੀਆਂ ਗੱਲਾਂ 'ਤੇ ਇਤਰਾਜ਼ ਹੈ ਤਾਂ ਉਹ ਸੰਗਤ 'ਚ ਜਵਾਬ ਦੇ ਸਕਦੇ ਹਨ। ਸੂਤਰਾਂ ਅਨੁਸਾਰ ਇਸ ਮੌਕੇ ਪ੍ਰਬੰਧਕਾਂ ਦੇ ਧੜੇ ਦੇ ਡਾਇਰੈਕਟਰ ਤਜਿੰਦਰ ਸਿੰਘ ਦੁਸਾਂਝ ਨੇ ਆਪਣੇ ਜਵਾਬੀ ਭਾਸ਼ਣ 'ਚ ਆਖਿਆ ਕਿ ਸੰਗਤ ਗੁਰੂਘਰ ਅਜਿਹੀਆਂ ਗੱਲਾਂ ਸੁਣਨ ਨਹੀਂ ਆਉਂਦੀ। ਜੇ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਦਫ਼ਤਰ 'ਚ ਬਹਿ ਕੇ ਗੱਲ ਕਰ ਸਕਦੇ ਹਨ।

ਸਤਾਰਾਂ ਸਤੰਬਰ ਨੂੰ ਅਦਾਲਤ ਦਾ ਕੀ ਫੈਸਲਾ ਆਉਂਦਾ ਹੈ, ਇਹ ਵੱਖਰਾ ਸਵਾਲ ਹੈ, ਪਰ ਇਸ ਖਿੱਚੋਤਾਣ 'ਚ ਗੁਰੂਘਰ 'ਚ ਜੋ ਕੰਮ ਹੋਣੇ ਚਾਹੀਦੇ ਹਨ, ਉਹ ਠੱਪ ਪਏ ਹਨ। ਸਾਲਾਨਾ ਨਗਰ ਕੀਰਤਨ ਦੇ ਲੜੀਵਾਰ ਅਖੰਡ ਪਾਠ ਸ਼ੁਰੂ ਹੋ ਚੁੱਕੇ ਹਨ ਪਰ ਗੁਰੂਘਰ 'ਚ ਉਹ ਰੌਣਕਾਂ ਨਹੀਂ ਜੋ ਪੰਜ-ਸੱਤ ਸਾਲ ਪਹਿਲਾਂ ਹੁੰਦੀਆਂ ਸਨ।

ਸੱਤਾਧਾਰੀ ਧਿਰ ਦੇ ਸਮਰੱਥਕ ਕਹਿ ਰਹੇ ਹਨ ਕਿ ਉਨ੍ਹਾਂ ਦੇ ਬਹੁਤ ਸਾਰੇ ਪ੍ਰੋਜੈਕਟ ਅਧੂਰੇ ਪਏ ਹਨ, ਇਸ ਲਈ ਚੋਣਾਂ ਅੱਗੇ ਪਾਈਆਂ ਗਈਆਂ ਹਨ; ਪਰ ਨਿਰਪੱਖ ਮੈਂਬਰਾਂ ਦਾ ਕਹਿਣਾ ਹੈ ਕਿ ਮੌਜੂਦਾ ਬੋਰਡ ਦੇ ਸਮੇਂ 'ਚ ਕੋਈ ਖਾਸ ਪ੍ਰੋਜੈਕਟ ਦੇਖਿਆ ਹੀ ਨਹੀਂ ਗਿਆ। ਜਿਨ੍ਹਾਂ ਕੰਮਾਂ ਦਾ ਇਹ ਬੋਰਡ ਕਰੈਡਿਟ ਲੈ ਰਿਹਾ ਹੈ, ਉਹ ਕੁਝ ਸ਼ਰਧਾਵਾਨ ਸਿੱਖਾਂ ਨੇ ਨਿਜੀ ਤੌਰ 'ਤੇ ਸੇਵਾ ਭਾਵਨਾ ਨਾਲ ਕਰਵਾਏ ਹਨ। ਲੰਗਰ ਹਾਲ ਦੀ ਮੁਰੰਮਤ ਅਤੇ ਮੁੱਖ ਦਰਬਾਰ ਹਾਲ ਦੇ ਦਰਵਾਜ਼ੇ-ਤਾਕੀਆਂ ਦੀ ਮੁਰੰਮਤ ਦੀ ਸੇਵਾ ਦੋ ਸ਼ਰਧਾਵਾਨ ਸਿੱਖਾਂ ਨੇ ਕਰਵਾਈ ਹੈ। ਉਹ ਦੋਵੇਂ ਸੱਜਣ ਆਪਣਾ ਨਾਂ ਗੁਪਤ ਰੱਖਣਾ ਚਾਹੁੰਦੇ ਹਨ। ਦਰਬਾਰ ਹਾਲ 'ਚ ਜੋ ਗਲੀਚੇ ਆਦਿ ਬਦਲੇ ਹਨ, ਉਨ੍ਹਾਂ ਦਾ ਭੁਗਤਾਨ ਪਿਛਲੇ ਬੋਰਡ ਨੇ ਕੀਤਾ ਸੀ। ਇਸ ਬੋਰਡ ਨੇ ਦਰਬਾਰ ਸਾਹਿਬ ਦੇ ਥੜ੍ਹਾ ਸਾਹਿਬ 'ਚ ਤਬਦੀਲੀ ਕੀਤੀ ਹੈ, ਤੇ ਜਾਂ ਬਾਹਰ ਪਾਰਕਿੰਗ ਲਾਟ 'ਚ ਅਸਫਾਲਟ ਪਵਾਇਆ ਹੈ।

ਮੌਜੂਦਾ ਬੋਰਡ ਵੱਲੋਂ ਚਾਰਜ ਲਏ ਜਾਣ ਤੋਂ ਪਹਿਲਾਂ ਗੁਰੂਘਰ ਵਿਚ 'ਸੰਡੇ ਪੰਜਾਬੀ ਸਕੂਲ' ਚਲਦਾ ਸੀ ਜਿਥੇ ਸ਼ੁਰੂ 'ਚ ਚਾਰ ਸੌ ਤੋਂ ਵੱਧ ਬੱਚੇ ਸਨ ਜਿਨ੍ਹਾਂ ਨੂੰ ਸਰਕਾਰੀ ਸਕੂਲਾਂ 'ਚ ਪੜ੍ਹਾਉਂਦੇ ਅਧਿਆਪਕ ਪੜ੍ਹਾਉਂਦੇ ਸਨ, ਪਰ ਮੌਜੂਦਾ ਪ੍ਰਬੰਧਕਾਂ ਦੀ ਹਉਮੈ ਤੇ ਖਿੱਚੋਤਾਣ ਕਰ ਕੇ ਉਹ ਸੂਝਵਾਨ ਅਧਿਆਪਕ ਸਕੂਲ ਤੋਂ ਪਿੱਛੇ ਹਟ ਗਏ ਤੇ ਬੱਚੇ ਹੁਣ ਘਟ ਕੇ ਸੌ ਦੇ ਕਰੀਬ ਰਹਿ ਗਏ ਹਨ। ਇਸ ਤੋਂ ਬਿਨਾ ਗੁਰੂ ਰਾਮ ਦਾਸ ਦੇ ਨਾਂ ਉਤੇ ਪ੍ਰੀ-ਸਕੂਲ ਚਲਦਾ ਸੀ। ਪ੍ਰਬੰਧਕੀ ਧੜੇ ਦੇ ਕਈ ਸਾਥੀ ਉਸ ਸਕੂਲ ਦੇ ਪ੍ਰਬੰਧਕੀ ਮੈਂਬਰ ਸਨ ਪਰ ਹਉਮੈ ਅਤੇ ਈਰਖਾ ਕਾਰਨ ਪ੍ਰਚਾਰ ਕੀਤਾ ਗਿਆ ਕਿ ਉਹ ਸ. ਦੀਦਾਰ ਸਿੰਘ ਬੈਂਸ ਦਾ ਨਿਜੀ ਸਕੂਲ ਹੈ ਤੇ ਉਸ ਨੂੰ ਬੰਦ ਕਰ ਦਿੱਤਾ ਗਿਆ। ਉਸ ਦੇ ਬਦਲ 'ਚ ਅਜੇ ਤੱਕ ਕੋਈ ਸਕੂਲ ਨਹੀਂ ਖੋਲ੍ਹਿਆ ਗਿਆ ਜਦ ਕਿ ਬੰਦ ਕਰਨ ਵੇਲੇ ਪ੍ਰਚਾਰ ਕੀਤਾ ਗਿਆ ਸੀ ਕਿ ਆਉਣ ਵਾਲੇ ਸਮੇਂ 'ਚ ਇਸ ਤੋਂ ਵੀ ਵਧੀਆ ਸਕੂਲ ਖੋਲ੍ਹਿਆ ਜਾਵੇਗਾ।

ਨਗਰ ਕੀਰਤਨ ਮੌਕੇ ਬਹੁਤ ਸਾਰੇ ਸ਼ਰਧਾਲੂ ਲੜੀਵਾਰ ਅਖੰਡ ਪਾਠ ਰਖਵਾਉਂਦੇ ਹਨ। ਕਈ ਵਾਰ ਇਕ ਤੋਂ ਵੱਧ ਇਕੱਠੇ ਅਖੰਡ ਪਾਠ ਰਖਵਾਏ ਜਾਂਦੇ ਹਨ। ਇਸ ਲਈ ਮੁੱਖ ਦਰਬਾਰ 'ਚ ਇਕੱਠੇ ਤਿੰਨ ਅਖੰਡ ਪਾਠ ਰੱਖਣ ਲਈ ਇਕ ਪਾਲਕੀ ਦੀ ਸੇਵਾ ਸਰਬਜੀਤ ਸਿੰਘ ਥਿਆੜਾ ਨੇ ਕਰਵਾਈ ਸੀ ਜੋ ਉਨ੍ਹਾਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਤੋਂ ਮੰਗਵਾਈ ਸੀ। ਸੱਤਾਧਾਰੀ ਧੜੇ ਦੇ ਕਈ ਮੈਂਬਰ ਉਸ ਪਾਲਕੀ ਨੂੰ ਚੁਕਵਾ ਕੇ ਨਵੀਂ ਰੱਖਣ ਦੀ ਗੱਲ ਕਰ ਰਹੇ ਹਨ। ਕੀ ਸਿਰਫ ਸਾੜੇ ਤੇ ਈਰਖਾ 'ਚ ਨਵੀਂ ਪਾਲਕੀ ਰਖਵਾਉਣੀ ਸਿੱਖੀ ਸਿਧਾਂਤਾਂ ਦੇ ਉਲਟ ਨਹੀਂ ਤੇ ਇਹ ਸੰਗਤਾਂ ਦੀ ਮਾਇਆ ਦੀ ਦੁਰਵਰਤੋਂ ਨਹੀਂ? ਪਤਾ ਲੱਗਾ ਹੈ ਕਿ ਪਿਛਲੇ ਕੁਝ ਸਮੇਂ 'ਚ ਗੁਰੂਘਰ 'ਚ ਦੋ ਝਗੜੇ ਹੋ ਚੁੱਕੇ ਹਨ। ਜੇ ਪ੍ਰਬੰਧਕ ਗਲਤ ਤੇ ਕਸੂਰਵਾਰ ਬੰਦਿਆਂ ਨੂੰ ਨਕਾਰਨਗੇ ਤਾਂ ਸਦਾ ਲਈ ਇਹ ਝਗੜੇ ਖ਼ਤਮ ਹੋ ਜਾਣਗੇ। ਜੇ ਉਹ ਧਿਰ ਬਣ ਕੇ ਗ਼ਲਤ ਬੰਦਿਆਂ ਦੀ ਮਦਦ ਕਰਨਗੇ ਤਾਂ ਇਹ ਗਲਤ ਬੰਦੇ ਇਕ ਦਿਨ ਉਨ੍ਹਾਂ ਦੇ ਵੀ ਗਲ ਪੈਣਗੇ। ਸਾਂਝੀਆਂ ਧਿਰਾਂ ਅਪੀਲ ਕਰ ਰਹੀਆਂ ਹਨ ਕਿ ਸੱਚ ਦਾ ਰਾਹ ਫੜੀਏ ਤੇ ਖੁਆਰ ਹੋਣ ਤੋਂ ਬਚੀਏ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**


*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



**Healthcare/Medical Programs**

**Study @ Home and Get Certified.**
**Overseas degrees given credit**
**Specially designed for working people.**
**Make your dreams come true**
**Onetime Investment, Lifelong Reward**

ਘਰ ਬੈਠ ਕੇ ਪੜ੍ਹਾਈ ਕਰੋ ਤੇ ਸਰਟੀਫਿਕੇਟ ਹਾਸਲ ਕਰੋ। ਹੋਰ ਦੇਸ਼ਾਂ ਤੋਂ ਕੀਤੀ ਡਿਗਰੀ ਲਈ ਕਰੈਡਿਟ ਮਿਲੇਗਾ। ਇਹ ਪ੍ਰੋਗਰਾਮ ਖਾਸ ਕਰਕੇ ਕੰਮ ਕਰਦੇ ਲੋਕਾਂ ਲਈ ਹੈ। ਆਪਣੇ ਸੁਪਨੇ ਸੱਚੇ ਕਰੋ। ਇਕ ਵਾਰ ਦਾ ਖਰਚਾ, ਉਮਰ ਭਰ ਦਾ ਲਾਭ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: 206-575-7961**

**www.royalcollegeusa.com**

## Matrimonials

### ਵਰ ਦੀ ਲੋੜ ਹੈ

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

### ਕੰਨਿਆ ਦੀ ਲੋੜ ਹੈ

Sikh parents seek match for handsome US educated son, MBA, MS, BS, Engineering, 28/ 5'-11''. Employed with a highly reputed company. Email: photo/ bio: sps1083@gmail.com

ਜੱਟ ਸਿੱਖ ਅਮਰੀਕਨ ਸਿਟੀਜ਼ਨ ਲੜਕੇ, 21 ਸਾਲ, 6 ਫੁਟ ਲਈ ਯੋਗ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ 24 ਸਾਲਾ (6 ਫੁਟ) ਭਰਾ ਲਈ ਅਮਰੀਕਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ ਕਰੋ ਫੋਨ:408-694-8554

US citizen or green card holder girl sought for US green card holder Rajput boy 29, 5'-11". Call: 318-348-7448 or 661-229-6823 (Cell)

Sikh parents seek pretty, tall, professionally qualified match for US citizen clean-shaven boy 26, 5' 11", Master degree, working as financial analyst with a reputed Company. Contact: kpsingh263@gmail.com

Wanted suitable professional match for US citizen Jatt Sikh boy, 39, 5'-7" MD, good practice, innocent divorcee, issueless. Respectable family. Email bio-data & recent photo @ ssg77429@gmail.com

## ਹੱਕਾਨੀ ਨੈੱਟਵਰਕ ਅਤਿਵਾਦੀ ਧੜਾ ਕਰਾਰ

**ਨਵੀਂ ਦਿੱਲੀ:** ਅਮਰੀਕਾ ਨੇ ਆਖਰਕਾਰ ਪਾਕਿਸਤਾਨ ਵਿਚਲੇ ਹੱਕਾਨੀ ਨੈੱਟਵਰਕ ਨੂੰ ਰਸਮੀ ਤੌਰ 'ਤੇ ਅਤਿਵਾਦੀਆਂ ਗਰੁੱਪ ਕਰਾਰ ਦੇ ਦਿੱਤਾ ਹੈ। ਇਸ ਨਾਲ ਉਹ ਪਾਕਿ 'ਤੇ ਇਸ ਗਰੁੱਪ ਖਿਲਾਫ਼ ਫੌਜੀ ਕਾਰਵਾਈ ਕਰਨ ਲਈ ਜ਼ੋਰ ਪਾ ਸਕੇਗਾ। ਨਿਊਯਾਰਕ ਟਾਈਮਜ਼ ਅਨੁਸਾਰ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਇਸ ਨੈੱਟਵਰਕ ਨੂੰ ਅਤਿਵਾਦੀ ਗਰੁੱਪ ਕਰਾਰ ਦੇਣ ਬਾਰੇ ਰਿਪੋਰਟ ਕਾਂਗਰਸ ਵਿਚ ਪੇਸ਼ ਕੀਤੀ।

# ਗੁਜਰਾਤ 'ਚ ਜਨਤਾ ਦਲ (ਯੂ) ਨੇ ਮੋਦੀ ਨੂੰ ਵੰਗਾਰਿਆ

**ਨਵੀਂ ਦਿੱਲੀ:** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਆਪਣੀਆਂ ਦੂਰੀਆਂ ਨੂੰ ਹੋਰ ਵਧਾਉਂਦਿਆਂ ਜਨਤਾ ਦਲ (ਯੂ) ਨੇ ਗੁਜਰਾਤ ਵਿਚ ਆਪਣੇ ਪੱਧਰ ਉੱਤੇ ਵਿਧਾਨ ਸਭਾ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਇਸੇ ਦੌਰਾਨ ਸ਼ਿਵ ਸੈਨਾ ਨੇ ਵੀ ਗੁਜਰਾਤ ਵਿਚ ਵੱਖਰੇ ਤੌਰ 'ਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਬਿਹਾਰ ਵਿਚ ਭਾਜਪਾ ਨਾਲ ਮਿਲ ਕੇ ਸਰਕਾਰ ਚਲਾ ਰਹੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੀ ਗੁਜਰਾਤ ਵਿਚ ਇਸ ਸਾਲ ਦੇ ਅੰਤ ਵਿਚ ਹੋ ਰਹੀਆਂ ਚੋਣਾਂ ਦੌਰਾਨ ਜਨਤਾ ਦਲ (ਯੂ) ਦੇ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕਰਨਗੇ।

ਪਾਰਟੀ ਦੀ ਯੋਜਨਾ ਬਾਰੇ ਸੰਕੇਤ ਦਿੰਦਿਆਂ ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ ਨੇ ਪੱਤਰਕਾਰਾਂ ਨੂੰ ਕਿਹਾ ਕਿ "ਕੌਮੀ ਜਮਹੂਰੀ ਗੱਠਜੋੜ (ਐਨ ਡੀ ਏ) ਵਿਚ ਭਾਜਪਾ ਸਭ ਤੋਂ ਵੱਡੀ ਪਾਰਟੀ ਹੈ। ਉਨ੍ਹਾਂ ਕਿਹਾ ਗੁਜਰਾਤ ਨੂੰ ਛੱਡ ਕੇ ਹੋਰ ਹਰ ਉਸ ਥਾਂ ਭਾਜਪਾ ਨਾਲ ਗੱਠਜੋੜ ਕੀਤਾ ਜਾਵੇਗਾ ਜਿੱਥੇ ਉਹ ਚਾਹੁੰਦੀ ਹੈ। ਸ੍ਰੀ ਯਾਦਵ ਨੇ ਕਿਹਾ ਕਿ ਗੁਜਰਾਤ ਭਾਜਪਾ ਨਾਲ ਜਨਤਾ ਦਲ (ਯੂ) ਦਾ ਕੋਈ ਗੱਠਜੋੜ ਨਹੀਂ ਹੈ। ਕਿਆਸ ਲਾਏ ਜਾ ਰਹੇ ਹਨ ਕਿ ਜਨਤਾ ਦਲ (ਯੂ) ਦੀ ਸੂਬਾਈ ਇਕਾਈ ਗੁਜਰਾਤ ਦੀਆਂ ਕੁੱਲ 182 ਵਿਚੋਂ 100 ਸੀਟਾਂ ਉਤੇ ਚੋਣ ਲੜਨ ਦੀ ਯੋਜਨਾ ਬਣਾ ਰਹੀ ਹੈ। ਪਾਰਟੀ ਪ੍ਰਧਾਨ ਨੇ ਕਿਹਾ ਕਿ ਗੁਜਰਾਤ ਵਿਚ ਪਾਰਟੀ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਲਈ ਉਹ ਖੁਦ, ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਕਈ ਹੋਰ ਮੰਤਰੀ ਜਾਣਗੇ। ਇਸ ਦੌਰਾਨ ਸ਼ਿਵ ਸੈਨਾ ਨੇ ਵੀ ਗੁਜਰਾਤ ਵਿਚ ਵੱਖਰੇ ਤੌਰ 'ਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਪਾਰਟੀ ਦੇ ਬੁਲਾਰੇ ਸੰਜੇ ਰਾਵਤ ਨੇ ਕਿਹਾ ਕਿ ਪਾਰਟੀ ਗੁਜਰਾਤ ਵਿਚ ਆਪਣੇ ਉਮੀਦਵਾਰ ਉਤਾਰੇਗੀ ਤੇ ਇਸ ਦੀ ਤਿਆਰੀ ਕੀਤੀ ਜਾ ਰਹੀ ਹੈ। ਹਾਲਾਂਕਿ ਉਨ੍ਹਾਂ ਇਹ ਨਹੀਂ ਦੱਸਿਆ ਕਿ ਪਾਰਟੀ ਕਿੰਨੀਆਂ ਸੀਟਾਂ ਉੱਤੇ ਚੋਣ ਲੜੇਗੀ।

# ਖੱਜਲ-ਖੁਆਰੀ ਨੂੰ ਰੋਕੇਗੀ ਅਮਰੀਕਾ ਦੀ ਨਵੀਂ ਵੀਜ਼ਾ ਪ੍ਰਣਾਲੀ

**ਨਵੀਂ ਦਿੱਲੀ (ਬਿਊਰੋ):** ਵੀਜ਼ੇ ਲਈ ਦਰਖਾਸਤਾਂ ਦੇਣ ਸਮੇਂ ਹੁੰਦੀ ਖੱਜਲ-ਖੁਆਰੀ ਨੂੰ ਰੋਕਣ ਲਈ ਅਮਰੀਕੀ ਦੂਤਘਰ ਨੇ ਨਵੀਂ ਵੀਜ਼ਾ ਪ੍ਰਣਾਲੀ ਲਾਗੂ ਕਰਨ ਦਾ ਐਲਾਨ ਕੀਤਾ ਹੈ। 26 ਸਤੰਬਰ ਨੂੰ ਲਾਗੂ ਹੋ ਰਹੀ ਨਵੀਂ ਵੀਜ਼ਾ ਪ੍ਰਣਾਲੀ ਤਹਿਤ ਯਾਤਰੀ ਦਸਤਾਵੇਜ਼ਾਂ ਲਈ ਫੀਸ ਦੀ ਅਦਾਇਗੀ ਤੇ ਮਿਲਣ ਦਾ ਪ੍ਰੋਗਰਾਮ ਅਸਾਨ ਬਣਾ ਦਿੱਤਾ ਗਿਆ ਹੈ।

ਅਮਰੀਕਾ ਜਾਣ ਦੇ ਚਾਹਵਾਨ ਭਾਰਤੀ ਵੀਜ਼ਾ ਦਰਖਾਸਤ ਫੀਸ ਇਲੈਕਟ੍ਰਾਨਿਕ ਫੰਡ ਟਰਾਂਸਫਰ ਜਾਂ ਮੋਬਾਈਲ ਫੋਨ ਰਾਹੀਂ ਅਦਾ ਕਰ ਸਕਣਗੇ ਤੇ ਉਹ ਦੇਸ਼ ਭਰ 'ਚ 33 ਸਥਾਨਾਂ ਤੋਂ ਆਪਣੇ ਦਸਤਾਵੇਜ਼ ਲੈ ਸਕਣਗੇ। ਪਹਿਲੀ ਵਾਰ ਦਰਖ਼ਾਸਤ ਕਰਤਾ ਆਨ ਲਾਈਨ ਜਾਂ ਕਾਲ ਸੈਂਟਰ ਤੋਂ ਫੋਨ 'ਤੇ ਮਿਲਣ ਦਾ ਸਮਾਂ ਲੈ ਸਕਣਗੇ। ਕਾਲ ਸੈਂਟਰ 'ਤੇ ਬੈਠੇ ਦੂਤਾਵਾਸ ਦੇ ਪ੍ਰਤੀਨਿਧ ਦਰਖ਼ਾਸਤ ਕਰਤਾ ਦੇ ਸਵਾਲਾਂ ਦਾ ਜਵਾਬ ਅੰਗਰੇਜ਼ੀ, ਹਿੰਦੀ, ਪੰਜਾਬੀ, ਗੁਜਰਾਤੀ ਤੇ ਤੇਲਗੂ 'ਚ ਦੇਣਗੇ।

ਅਮਰੀਕੀ ਦੂਤਘਰ ਦੇ ਕੌਂਸਲਰ ਮਾਮਲਿਆਂ ਬਾਰੇ ਮੰਤਰੀ ਜੂਲੀਆ ਸਟਾਨਲੇਅ ਨੇ ਕਿਹਾ ਹੈ ਕਿ ਵਿਸ਼ਵ ਵਿਆਪੀ ਅਮਰੀਕਾ ਦੇ ਵੀਜ਼ੇ ਦੀ ਵਧੀ ਮੰਗ ਦੇ ਮੱਦੇਨਜ਼ਰ ਵੀਜ਼ਾ ਪ੍ਰਣਾਲੀ ਨੂੰ ਸੰਭਾਵੀ ਹੱਦ ਤੱਕ ਕੁਸ਼ਲ ਬਣਾਉਣ ਦਾ ਟੀਚਾ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਫੋਨ 'ਤੇ ਮਿਲਣ ਦਾ ਸਮਾਂ ਦਿੱਤਾ ਜਾ ਰਿਹਾ ਹੈ। ਸਟਾਨਲੇਅ ਨੇ ਕਿਹਾ ਕਿ ਦਰਖ਼ਾਸਤ ਕਰਤਾ ਨੂੰ ਦੋ ਵਾਰ ਮਿਲਣ ਲਈ ਸਮਾਂ ਲੈਣਾ ਪਵੇਗਾ। ਪਹਿਲੀ ਵਾਰ ਫਿੰਗਰ ਪ੍ਰਿੰਟ ਦੇਣ ਤੇ ਦੂਸਰੀ ਵਾਰ ਕੌਂਸਲਰ ਇੰਟਰਵਿਊ ਵਾਸਤੇ ਜੋ ਦੂਤਘਰ ਜਾਂ ਕੌਂਸਲਖਾਨੇ ਵਿਚ ਹੋਵੇਗੀ। ਉਨ੍ਹਾਂ ਕਿਹਾ ਕਿ ਅਮਰੀਕਾ ਹਮੇਸ਼ਾਂ ਹੀ ਵੀਜ਼ਾ ਮੁੱਦਿਆਂ ਨੂੰ ਸਭ ਤੋਂ ਵਧ ਸੰਭਾਵੀ ਸੁਰੱਖਿਆ ਦਿੰਦਾ ਹੈ ਤੇ ਸਾਰੇ ਦਸਤਾਵੇਜ਼ ਬਹੁਤ ਹੀ ਸੁਰੱਖਿਅਤ ਰੱਖੇ ਜਾਣਗੇ।

ਨਵੀਂ ਪ੍ਰਣਾਲੀ ਤਹਿਤ ਐਕਸਿਸ ਤੇ ਸਿਟੀਬੈਂਕ ਦੀਆਂ 1800 ਬ੍ਰਾਂਚ 'ਤੇ ਵੀ ਵੀਜ਼ਾ ਫੀਸ ਦੀ ਅਦਾਇਗੀ ਹੋ ਸਕੇਗੀ। ਸਟਾਨਲੇਅ ਨੇ ਸਪੱਸ਼ਟ ਕੀਤਾ ਕਿ ਵੀਜ਼ਾ ਨਵਿਆਉਣ ਸਮੇਂ ਦਰਖ਼ਾਸਤ ਕਰਤਾ ਨੂੰ (ਇਕ ਤੋਂ ਵਧ ਵਾਰ) ਫਿੰਗਰ ਪ੍ਰਿੰਟ ਦੇਣ ਦੀ ਲੋੜ ਨਹੀਂ ਪਵੇਗੀ।

## ਸ਼ਹੀਦ ਕਿਸਾਨਾਂ ਦੇ ਵਾਰਸਾਂ ਨੂੰ ਨੌਕਰੀ ਦੇਣ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਸਮੇਂ ਦੌਰਾਨ ਵੱਖ ਵੱਖ ਕਿਸਾਨ ਅੰਦੋਲਨਾਂ ਵਿਚ ਜਾਨ ਗੁਆਉਣ ਵਾਲੇ ਅੱਠ ਵਿਅਕਤੀਆਂ ਦੇ ਵਾਰਸਾਂ ਨੂੰ ਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਅਕਲੀਆਂ ਵਿਚ ਕਿਸਾਨਾਂ ਤੇ ਪੁਲਿਸ ਵਿਚਾਲੇ ਹੋਈ ਝੜਪ ਦੌਰਾਨ ਮਾਰੇ ਗਏ ਦੋ ਵਿਅਕਤੀਆਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਦਾ ਐਲਾਨ ਕੀਤਾ ਹੈ। ਸ. ਬਾਦਲ ਨੇ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪੀ. ਐਸ.ਪੀ.ਸੀ.ਐਲ.) ਨੂੰ ਦਰਮਿਆਨੇ ਤੇ ਛੋਟੇ ਕਿਸਾਨਾਂ ਨੂੰ ਪਹਿਲ ਦੇ ਆਧਾਰ 'ਤੇ ਨਵੇਂ ਟਿਊਬਵੈਲ ਕੁਨੈਕਸ਼ਨ ਦੇਣ ਲਈ 2012-13 ਲਈ ਨਵੀਂ ਨੀਤੀ ਤਿਆਰ ਕਰਨ ਲਈ ਵੀ ਕਿਹਾ ਤੇ ਹਾਜ਼ਰ ਅਫ਼ਸਰਾਂ ਨੂੰ ਕਿਸਾਨਾਂ ਨਾਲ ਸਬੰਧਤ ਮਸਲਿਆਂ ਦੇ ਛੇਤੀ ਹੱਲ ਕਰਨ ਨੂੰ ਤਰਜੀਹ ਦੇਣ ਬਾਰੇ ਨਿਰਦੇਸ਼ ਦਿੱਤੇ। ਕਿਸਾਨੀ ਖੁਦਕੁਸ਼ੀਆਂ ਬਾਰੇ ਫ਼ਿਕਰ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਵਿੱਤ ਕਮਿਸ਼ਨਰ ਮਾਲ ਨੂੰ ਅਜਿਹੇ ਸਾਰੇ ਕੇਸਾਂ ਦੀ ਜਾਂਚ ਕਰਨ ਦੇ ਨਾਲ ਨਾਲ ਇਸ ਬਾਰੇ ਤੁਰੰਤ ਮੁਆਵਜ਼ਾ ਦੇਣ ਦੇ ਨਿਰਦੇਸ਼ ਦਿੱਤੇ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545 London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
India Vacation tour package also available.

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605


ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਅਕਾਲੀ-ਭਾਜਪਾ ਸਰਕਾਰ ਪੰਜ ਸਾਲ ਪੂਰੇ ਨਹੀਂ ਕਰ ਸਕੇਗੀ: ਕੈਪਟਨ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੀ ਨਿੱਘਰ ਚੁੱਕੀ ਆਰਥਿਕਤਾ ਤੇ ਕਾਨੂੰਨ ਵਿਵਸਥਾ ਕਾਰਨ ਰਾਜ ਦੀ ਅਕਾਲੀ-ਭਾਜਪਾ ਸਰਕਾਰ ਆਪਣੇ ਪੰਜ ਸਾਲ ਪੂਰੇ ਨਹੀਂ ਕਰੇਗੀ। ਉਨ੍ਹਾਂ ਸਨਅਤਾਂ ਸਮੇਤ ਸਾਰੇ ਛੋਟੇ-ਵੱਡੇ ਵਰਗਾਂ 'ਤੇ ਟੈਕਸਾਂ ਨਾਲ ਰਾਜ ਵਿਚ ਬਦਅਮਨੀ ਪੈਦਾ ਹੋਣ ਦਾ ਖਦਸ਼ਾ ਪ੍ਰਗਟਾਇਆ। ਇਸ ਨਾਲ ਸੂਬੇ ਅੰਦਰ ਐਮਰਜੈਂਸੀ ਵਰਗੇ ਹਾਲਾਤ ਪੈਦਾ ਹੋ ਸਕਦੇ ਹਨ ਤੇ ਰਾਜ ਰਾਸ਼ਟਰਪਤੀ ਰਾਜ ਵੱਲ ਵੱਧ ਸਕਦਾ ਹੈ।



ਉਨ੍ਹਾਂ ਕਾਂਗਰਸ ਵੱਲੋਂ ਟੈਕਸਾਂ ਵਿਰੁੱਧ ਲੁਧਿਆਪਣਾ 'ਚ ਦਿੱਤੇ ਰੋਸ ਧਰਨੇ ਵਿਚ ਕਿਹਾ ਕਿ ਸੂਬਾ ਤੇ ਲੋਕ ਬੁਰੀ ਤਰ੍ਹਾਂ ਕਰਜ਼ੇ ਦੀ ਮਾਰ ਹੇਠ ਹਨ। ਸੂਬੇ ਦੀ ਆਮਦਨ ਵਧਾਉਣ ਦਾ ਇਹ ਤਰੀਕਾ ਨਹੀਂ ਕਿ ਲੋਕਾਂ ਨੂੰ ਕੁਚਲ ਹੀ ਦਿੱਤਾ ਜਾਵੇ। ਇਸ ਤਰ੍ਹਾਂ ਪੰਜਾਬ ਖੜ੍ਹਾ ਨਹੀਂ ਰਹਿ ਸਕਦਾ। ਸਰਕਾਰ ਨੇ 3000 ਕਰੋੜ ਦੇ ਟੈਕਸ ਲਾਏ ਹਨ ਤੇ ਹਾਲੇ 6000 ਕਰੋੜ ਦੇ ਟੈਕਸ ਹੋਰ ਲਾਉਣੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਹਰ ਪ੍ਰਕਾਰ ਦੇ ਖਾਲੀ ਪਲਾਟਾਂ ਤੋਂ ਟੈਕਸ ਚੁੱਕ ਦਿੱਤੇ ਗਏ ਸਨ ਪਰ ਇਸ ਸਰਕਾਰ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ।

ਪੈਲੇਸਾਂ 'ਤੇ ਅੰਨ੍ਹੇਵਾਹ ਲਾਇਆ ਟੈਕਸ ਇਕ ਹੋਰ ਨਾਦਰਸ਼ਾਹੀ ਹੁਕਮ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਕਾਂਗਰਸ ਓਨੀ ਦੇਰ ਖਹਿੜਾ ਨਹੀਂ ਛੱਡੇਗੀ ਜਿੰਨੀ ਦੇਰ ਉਹ ਟੈਕਸ ਵਾਪਸ ਨਹੀਂ ਲਵੇਗੀ। ਕਾਂਗਰਸ ਪੰਜਾਬ ਬੰਦ ਵਰਗੇ ਸੰਘਰਸ਼ ਕਰਨ ਸਮੇਤ ਜੇਲ੍ਹਾਂ ਵੀ ਭਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਤਨਖਾਹਾਂ ਤੇ ਪੈਨਸ਼ਨਾਂ ਦੇਣ ਲਈ ਕੋਈ ਪੈਸਾ ਨਹੀਂ ਪਰ 22 ਪਾਰਲੀਮਾਨੀ ਸਕੱਤਰਾਂ 'ਤੇ ਫਜ਼ੂਲ ਪੈਸਾ ਖਰਚ ਕੇ ਖਜ਼ਾਨੇ 'ਤੇ ਭਾਰੀ ਬੋਝ ਪਾਇਆ ਜਾ ਰਿਹਾ ਹੈ।

ਸਰਕਾਰ ਵਿਚ ਸ਼ਾਮਲ ਲੋਕਾ ਨੇ 150 ਦੇ ਕਰੀਬ ਆਪਣੇ ਨੇੜੇ ਦੇ ਰਿਸ਼ਤੇਦਾਰ ਵਕੀਲਾਂ ਨੂੰ ਐਡਵੋਕੇਟ ਜਨਰਲ ਬਣਾ ਕੇ ਨਵੇਂ ਖਰਚੇ ਸੂਬੇ ਦੇ ਲੋਕਾਂ 'ਤੇ ਲੱਦ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਦਿਨ-ਦਿਹਾੜੇ ਲੋਕਾਂ ਦੇ ਕਤਲ ਹੋ ਰਹੇ ਹਨ। ਲੁਟੇਰਿਆਂ ਹੱਥੋਂ ਲੋਕ ਲੁੱਟੇ ਜਾ ਰਹੇ ਹਨ। ਔਰਤ-ਬੱਚੇ ਕੋਈ ਵੀ ਇਸ ਰਾਜ ਵਿਚ ਸੁਰੱਖਿਅਤ ਨਹੀਂ ਤੇ ਕਾਂਗਰਸੀਆਂ 'ਤੇ ਝੂਠੇ ਮੁਕੱਦਮੇ ਦਰਜ ਹੋ ਰਹੇ ਹਨ।

ਸਾਂਝੇ ਮੋਰਚੇ, ਬਹੁਜਨ ਸਮਾਜ ਤੇ ਹੋਰ ਪਾਰਟੀਆਂ ਬਾਰੇ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕੋਈ ਰਾਜਸੀ ਗੱਠਜੋੜ ਨਹੀਂ ਚਾਹੁੰਦੇ। ਉਹ ਚਾਹੁੰਦੇ ਹਨ ਕਿ ਜਿਹੜੀਆਂ ਪਾਰਟੀਆਂ ਦਾ ਇਸ ਵੇਲੇ ਲੋਕਾਂ ਨੂੰ ਟੈਕਸਾਂ ਤੋਂ ਬਚਾਉਣ ਦਾ ਏਜੰਡਾ ਹੈ, ਉਹ ਇਕ ਮੰਚ ਤੋਂ ਸੰਘਰਸ਼ ਲੜਨ। ਜੇ ਉਨ੍ਹਾਂ ਨੂੰ ਇਨ੍ਹਾਂ ਪਾਰਟੀਆਂ ਵੱਲੋਂ ਇਸ ਮੁੱਦੇ ਵਿਚ ਧਰਨੇ-ਮੁਜ਼ਾਹਰੇ ਵਿਚ ਸੱਦਿਆ ਗਿਆ ਤਾਂ ਉਹ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਜ਼ਰੂਰ ਜਾਣਗੇ।

ਉਨ੍ਹਾਂ ਕਿਹਾ ਕਿ ਸੰਵਿਧਾਨ ਅਨੁਸਾਰ ਟੈਕਸਾਂ ਦਾ ਜ਼ਿਕਰ ਬਜਟ ਵਿਚ ਹੋਣਾ ਚਾਹੀਦਾ ਸੀ ਪਰ ਇਹ ਪਿਛਲੇ ਦਰਵਾਜ਼ਿਓਂ ਲੋਕਾਂ 'ਤੇ ਲੱਦ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇੰਡਸਟਰੀ ਸਮੇਤ ਹੋਰ ਕਾਰੋਬਾਰਾਂ ਨੂੰ ਵਧਾਉਣ ਵਿਚ ਸਹਾਇਤਾ ਦੇਣੀ ਚਾਹੀਦੀ ਹੈ। ਅੱਜ ਪੰਜਾਬ ਦੀਆਂ ਸੱਤ ਸਟੀਲ ਮਿੱਲਾਂ ਹੋਰ ਸੂਬਿਆਂ ਵਿਚ ਜਾ ਰਹੀਆਂ ਹਨ। ਸਾਈਕਲ ਇੰਡਸਟਰੀ ਬਾਹਰ ਜਾ ਰਹੀ ਹੈ। 2007 ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੋ ਸਾਲਾਂ ਵਿਚ ਬਿਜਲੀ ਸਰਪਲੱਸ ਕਰਨ ਦੇ ਦਾਅਵੇ ਕਰ ਰਿਹਾ ਸੀ ਪਰ ਬਿਜਲੀ ਕਿੱਥੇ ਹੈ? ਰਾਜ ਵਿਚ 40 ਲੱਖ ਨੌਜਵਾਨ ਬੇਰੁਜ਼ਗਾਰ ਹਨ। ਲੁਧਿਆਣਾ ਮੈਟਰੋ ਬਾਰੇ ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਲੋਕਾਂ ਦੇ ਡਿੱਗਣ ਲਈ ਟੋਏ ਤਾਂ ਪੁੱਟ ਸਕਦਾ ਹੈ ਪਰ ਮੈਟਰੋ ਨਹੀਂ ਚੱਲੇਗੀ।

## ਮਨਪ੍ਰੀਤ ਨਾਲ ਗਠਜੋੜ ਦੀ ਕਿਸੇ ਨਾ ਦਿੱਤੀ ਸਲਾਹ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਚੋਣ ਗਠਜੋੜ ਕਰਨ ਦਾ ਕਿਸੇ ਪਾਸਿਓਂ ਕੋਈ ਸੁਝਾਅ ਨਹੀਂ ਆਇਆ ਸੀ ਤੇ ਹੁਣ ਉਨ੍ਹਾਂ ਨੇ ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ ਵੱਲੋਂ ਲਾਏ ਟੈਕਸਾਂ ਵਿਰੁੱਧ ਸਾਂਝਾ ਸੰਘਰਸ਼ ਛੇੜਨ ਲਈ ਮਨਪ੍ਰੀਤ ਬਾਦਲ ਨੂੰ ਅਪੀਲ ਕਰਕੇ ਕੁਝ ਗਲਤ ਨਹੀਂ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਤੋਂ ਕਾਂਗਰਸ ਦੀ ਸੀਨੀਅਰ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਇਹ ਕਹਿੰਦੇ ਆ ਰਹੇ ਹਨ ਕਿ ਜੇਕਰ ਚੋਣਾਂ ਤੋਂ ਪਹਿਲਾਂ ਕੈਪਟਨ ਹੋਰ ਆਗੂਆਂ ਦੀ ਗੱਲ ਮੰਨ ਕੇ ਮਨਪ੍ਰੀਤ ਬਾਦਲ ਨਾਲ ਗਠਜੋੜ ਕਰ ਲੈਂਦੇ ਤਾਂ ਅੱਜ ਹਾਲਤ ਹੋਰ ਹੋਣੀ ਸੀ। ਇਸ ਬਾਰੇ ਕੈਪਟਨ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਉਨ੍ਹਾਂ ਨਾਲ ਪਾਰਟੀ ਦੇ ਕਿਸੇ ਵੀ ਆਗੂ ਨੇ ਮਨਪ੍ਰੀਤ ਬਾਦਲ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਨਹੀਂ ਕੀਤੀ ਸੀ ਤੇ ਨਾ ਹੀ ਪਾਰਟੀ ਪੱਧਰ 'ਤੇ ਅਜਿਹਾ ਕੋਈ ਏਜੰਡਾ ਸਾਹਮਣੇ ਆਇਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਮਨਪ੍ਰੀਤ ਬਾਦਲ ਨੂੰ ਪਾਰਟੀ ਵਿਚ ਸ਼ਾਮਲ ਕਰਨ ਦੀ ਗੱਲ ਨਹੀਂ ਕੀਤੀ ਬਲਕਿ ਪੀ.ਪੀ.ਪੀ. ਸਮੇਤ ਹੋਰ ਵਿਰੋਧੀ ਧਿਰਾਂ ਨੂੰ ਰਾਜ ਸਰਕਾਰ ਵੱਲੋਂ ਲਾਏ ਟੈਕਸਾਂ ਵਿਰੁੱਧ ਸਾਂਝਾ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੰਚਾਰਜ ਠਾਕੁਰ ਗੁਲਚੈਨ ਸਿੰਘ ਚੜਕ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਦੀ ਰੱਦੋਬਦਲ ਕਰਨ ਦੇ ਚੱਲ ਰਹੇ ਵਿਵਾਦ 'ਤੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਅਣਕਿਆਸੀ ਹਾਰ ਤੋਂ ਬਾਅਦ ਕੈਪਟਨ ਨੇ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਪੱਤਰ ਭੇਜ ਕੇ ਕਿਹਾ ਸੀ ਕਿ ਉਮੀਦ ਅਨੁਸਾਰ ਚੋਣ ਨਤੀਜੇ ਨਹੀਂ ਆਏ ਤੇ ਜੇ ਪਾਰਟੀ ਲੀਡਰਸ਼ਿਪ ਵਿਚ ਬਦਲਾਅ ਕਰਨਾ ਚਾਹੁੰਦੀ ਹੈ ਤਾਂ ਉਹ ਹਰ ਵੇਲੇ ਤਿਆਰ ਹਨ। ਇਸ ਤੋਂ ਬਾਅਦ ਇਹ ਮੁੱਦਾ ਹਾਈ ਕਮਾਨ ਕੋਲ ਹੈ ਜਿਸ ਕਾਰਨ ਲੀਡਰਸ਼ਿਪ ਦੇ ਮਾਮਲੇ 'ਤੇ ਕੋਈ ਵਿਵਾਦ ਨਹੀਂ ਹੈ।

# ਹੋਂਦ ਚਿੱਲੜ ਕਾਂਡ ਦੀ ਜਾਂਚ ਬੇਹੱਦ ਸੁਸਤ

**ਚੰਡੀਗੜ੍ਹ:** ਹੋਂਦ ਚਿੱਲੜ ਕਤਲੇਆਮ ਦੀ ਜਾਂਚ ਲਈ ਗਠਿਤ ਜਸਟਿਸ ਗਰਗ ਕਮਿਸ਼ਨ ਦੀ ਮਿਆਦ ਦੂਜੀ ਵਾਰ ਰਿਪੋਰਟ ਸੌਂਪੇ ਬਿਨਾਂ ਹੀ ਖ਼ਤਮ ਹੋ ਗਈ ਹੈ। ਸੇਵਾਮੁਕਤ ਜਸਟਿਸ ਟੀ.ਪੀ. ਗਰਗ 'ਤੇ ਆਧਾਰਤ ਹਰਿਆਣਾ ਸਰਕਾਰ ਵੱਲੋਂ ਨਿਯੁਕਤ ਕੀਤੇ ਇਕ ਮੈਂਬਰੀ ਕਮਿਸ਼ਨ ਦੀ ਮਿਆਦ ਦੋ ਸਤੰਬਰ ਨੂੰ ਖ਼ਤਮ ਹੋ ਜਾਣ ਦੇ ਕਾਰਨ ਕਮਿਸ਼ਨ ਦੇ ਕੰਮ ਵਿਚ ਰੁਕਾਵਟ ਪੈ ਗਈ ਹੈ। ਬੇਕਸੂਰ ਸਿੱਖਾਂ ਦੀ ਲੜਾਈ ਲੜਨ ਵਾਲੇ ਤਾਲਮੇਲ ਕਮੇਟੀ ਦੇ ਮੈਂਬਰ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਅਨੁਸਾਰ 10 ਸਤੰਬਰ ਨੂੰ ਹਿਸਾਰ ਵਿਚ ਕਮਿਸ਼ਨ ਦੇ ਸਾਹਮਣੇ ਗਵਾਹੀਆਂ ਹੋਣੀਆਂ ਸਨ। ਇਸ ਮੌਕੇ ਕਈ ਸਰਕਾਰੀ ਅਧਿਕਾਰੀ ਪਹੁੰਚੇ ਹੋਏ ਸਨ ਪਰ ਜਸਟਿਸ ਗਰਗ ਦੇ ਇਹ ਕਹਿਣ 'ਤੇ ਅਦਾਲਤ ਵਿਚ ਸਨਾਟਾ ਛਾ ਗਿਆ ਕਿ ਕਮਿਸ਼ਨ ਦੀ ਤਾਂ ਮਿਆਦ ਹੀ ਖ਼ਤਮ ਹੋ ਚੁੱਕੀ ਹੈ ਜਿਸ ਲਈ ਉਨ੍ਹਾਂ ਨੇ ਹਰਿਆਣਾ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਮਿਆਦ ਹੋਰ ਇਕ ਸਾਲ ਵਧਾਈ ਜਾਵੇ ਤੇ ਇਸ ਲਈ ਤੁਰੰਤ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਉਧਰ, ਇਸ ਬਾਰੇ ਹਰਿਆਣਾ ਦੇ ਐਡੀਸ਼ਨਲ ਚੀਫ਼ ਸੈਕਟਰੀ ਸੁਮੀਰ ਮਾਥੁਰ ਦਾ ਕਹਿਣਾ ਹੈ ਕਿ ਗਰਗ ਕਮਿਸ਼ਨ ਦੀ ਮਿਆਦ ਹੋਰ ਛੇ ਮਹੀਨੇ ਤੱਕ ਵਧਾ ਦਿੱਤੀ ਗਈ ਹੈ। ਇਸ ਕਮਿਸ਼ਨ ਦੀ ਸਥਾਪਨਾ ਪਿਛਲੇ ਸਾਲ ਮਾਰਚ ਮਹੀਨੇ ਹੋਈ ਸੀ ਜਿਸ ਵਿਚ ਛੇ ਮਹੀਨੇ ਪਹਿਲਾਂ ਹੀ ਵਾਧਾ ਕਰ ਦਿੱਤਾ ਗਿਆ ਸੀ। ਸਰਕਾਰ ਨੇ ਹੋਰ ਛੇ ਮਹੀਨੇ ਵਧਾਉਣ ਦਾ ਫੈਸਲਾ ਕੀਤਾ ਹੈ। ਹਰਿਆਣਾ ਸਰਕਾਰ ਨੇ ਇਸੇ ਕਮਿਸ਼ਨ ਨੂੰ ਗੁੜਗਾਓਂ ਤੇ ਪਟੌਦੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਦੀ ਜਾਂਚ ਵੀ ਸੌਂਪ ਦਿੱਤੀ ਹੈ। ਹਰਿਆਣਾ ਸਰਕਾਰ ਵੱਲੋਂ 2 ਮਾਰਚ, 2011 ਨੂੰ ਜਸਟਿਸ ਟੀ.ਪੀ. ਗਰਗ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਸਰਕਾਰ ਨੇ ਕਮਿਸ਼ਨ ਨੂੰ ਸਾਲ ਦੇ ਅੰਦਰ ਰਿਪੋਰਟ ਸੌਂਪਣ ਦੀ ਜ਼ਿੰਮੇਵਾਰੀ ਦਿੱਤੀ ਸੀ। ਕਮਿਸ਼ਨ ਵੱਲੋਂ ਆਪਣਾ ਕੰਮ ਸਮੇਂ ਸਿਰ ਪੂਰਾ ਨਾ ਕਰਨ ਕਾਰਨ ਸਰਕਾਰ ਨੇ ਮਿਆਦ ਵਿਚ ਛੇ ਮਹੀਨਿਆਂ ਦਾ ਵਾਧਾ ਕਰਕੇ ਰਿਪੋਰਟ ਸੌਂਪਣ ਲਈ ਦੋ ਸਤੰਬਰ 2012 ਤੱਕ ਦਾ ਸਮਾਂ ਮਿਥਿਆ ਸੀ।

### ਜਾਂਚ ਕਮਿਸ਼ਨ ਦੀ ਮਿਆਦ 'ਚ ਦੂਜੀ ਵਾਰ ਵਾਧਾ



ਗਰਗ ਕਮਿਸ਼ਨ ਨੂੰ ਹੀ ਡੱਬਵਾਲੀ ਅਗਨੀ ਕਾਂਡ ਦੀ ਜਾਂਚ ਸੌਂਪੀ ਗਈ ਸੀ ਜੋ ਮੁਕੰਮਲ ਕਰਨ ਵਿਚ ਚਾਰ ਸਾਲ ਦਾ ਲੰਮਾ ਸਮਾਂ ਲੱਗ ਗਿਆ। ਸ. ਗਿਆਸਪੁਰਾ ਨੇ ਅਨੁਸਾਰ 10 ਸਤੰਬਰ ਨੂੰ ਹਿਸਾਰ ਵਿਚ ਹੋਂਦ ਚਿੱਲੜ ਕਾਂਡ ਬਾਰੇ ਚੱਲ ਰਹੇ ਕੇਸ ਵਿਚ ਜੋ ਗਵਾਹੀਆਂ ਹੋਣੀਆਂ ਸਨ, ਉਹ ਨਹੀਂ ਹੋ ਸਕੀਆਂ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਸਰਕਾਰ ਜਾਣ ਬੁੱਝ ਕੇ ਇਹੋ ਜਿਹੇ ਹੱਥਕੰਡੇ ਵਰਤ ਰਹੀ ਹੈ ਜਿਸ ਨਾਲ ਜਾਂਚ ਲੰਮੀ ਚਲੇ ਪਰ ਤਾਲਮੇਲ ਕਮੇਟੀ ਪ੍ਰਭਾਵਿਤ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਲੜਾਈ ਜਾਰੀ ਰੱਖੇਗੀ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਵਕੀਲਾਂ ਦਾ ਖਰਚਾ ਬਰਦਾਸ਼ਤ ਕਰੇ ਤਾਂ ਕਿ ਪੀੜਤ ਸਿੱਖ ਪਰਿਵਾਰਾਂ ਦਾ ਹੌਸਲਾਂ ਬਰਕਰਾਰ ਰਹੇ।

# ਪਿੰਡਾਂ 'ਚ ਸ਼ਰਾਬ ਖ਼ਿਲਾਫ਼ ਆਵਾਜ਼ ਬੁਲੰਦ

**ਸੰਗਰੂਰ:** ਜ਼ਿਲ੍ਹਾ ਸੰਗਰੂਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਸ਼ਰਾਬ ਦੇ ਠੇਕੇ ਖੋਲ੍ਹਣ ਵਿਰੁੱਧ ਪੰਚਾਇਤਾਂ ਨੂੰ ਜਾਗਰੂਕ ਕਰਨ ਦੀ ਚਲਾਈ ਮੁਹਿੰਮ ਤਹਿਤ ਪੰਚਾਇਤਾਂ ਨੇ ਠੇਕਿਆਂ ਵਿਰੁੱਧ ਮਤੇ ਪਾਸ ਕਰਨੇ ਸ਼ੁਰੂ ਕਰ ਦਿੱਤੇ ਹਨ। ਹਾਸਲ ਜਾਣਕਾਰੀ ਅਨੁਸਾਰ ਪਿੰਡ ਕੁੰਭੜਵਾਲ ਤੇ ਜਲਾਨ ਦੀਆਂ ਪੰਚਾਇਤਾਂ ਨੇ ਪਹਿਲਕਦਮੀ ਕਰਦਿਆਂ ਮਤੇ ਪਾਸ ਕੀਤੇ ਹਨ ਕਿ ਅਪਰੈਲ 2013 ਤੋਂ ਉਨ੍ਹਾਂ ਦੀ ਪੰਚਾਇਤ ਦੀ ਹੱਦ ਅੰਦਰ ਸ਼ਰਾਬ ਦਾ ਠੇਕਾ ਨਾ ਖੋਲ੍ਹਿਆ ਜਾਵੇ। ਪੰਚਾਇਤ ਅਨੁਸਾਰ ਸ਼ਰਾਬ ਕਾਰਨ ਅਨੇਕਾਂ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਆਰਥਿਕ ਤੌਰ 'ਤੇ ਬਰਬਾਦ ਹੋ ਰਹੇ ਹਨ ਤੇ ਲੜਾਈ-ਝਗੜੇ ਵਧ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਪੰਜਾਬ, ਉੱਪ ਮੁੱਖ ਮੰਤਰੀ ਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੂੰ ਅਪੀਲ ਕੀਤੀ ਕਿ ਪੰਚਾਇਤਾਂ ਦੇ ਮਤਿਆਂ ਦਾ ਸਤਿਕਾਰ ਕੀਤਾ ਜਾਵੇ ਤੇ ਪੰਚਾਇਤੀ ਰਾਜ ਐਕਟ 1994 ਦੀ 40 (2) ਧਾਰਾ ਨੂੰ ਐਕਟ ਵਿਚੋਂ ਬਾਹਰ ਕੱਢਿਆ ਜਾਵੇ।

# ਪੰਜਾਬ ਪੁਲਿਸ ਦਾ ਏ.ਸੀ.ਪੀ. ਭ੍ਰਿਸ਼ਟਾਚਾਰ ਦੇ ਕੇਸ 'ਚ ਫਸਿਆ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਨੇ ਲੁਧਿਆਣਾ ਦੇ ਅਸਿਸਟੈਂਟ ਕਮਿਸ਼ਨਰ ਆਫ਼ ਪੁਲੀਸ (ਏ.ਸੀ.ਪੀ) ਗੁਰਚਰਨ ਸਿੰਘ ਖ਼ਿਲਾਫ਼ ਭ੍ਰਿਸ਼ਟਾਚਾਰ ਐਕਟ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਇਸ ਗੱਲ ਦੀ ਪੁਸ਼ਟੀ ਪੰਜਾਬ ਵਿਜੀਲੈਂਸ ਬਿਊਰੋ ਦੀ ਆਈ.ਜੀ. ਮੈਡਮ ਵੀ ਨੀਰਜਾ ਨੇ ਕੀਤੀ ਹੈ। ਇਹ ਕਾਰਵਾਈ ਜ਼ਿਲ੍ਹਾ ਟਰਾਂਸਪੋਰਟ ਦਫ਼ਤਰ ਲੁਧਿਆਣਾ ਦੇ ਮੋਟਰ ਵਹੀਕਲ ਇੰਸਪੈਕਟਰ ਰਾਕੇਸ਼ ਕੁਮਾਰ ਗੁਪਤਾ ਦੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਇਸ ਤੋਂ ਪਹਿਲਾਂ ਗੁਰਚਰਨ ਸਿੰਘ ਵਿਜੀਲੈਂਸ 'ਚ ਡੀ.ਐਸ.ਪੀ. ਵਜੋਂ ਤਾਇਨਾਤ ਸਨ।

ਹਾਸਲ ਜਾਣਕਾਰੀ ਅਨੁਸਾਰ ਮੋਟਰ ਵਹੀਕਲ ਇੰਸਪੈਕਟਰ ਰਾਕੇਸ਼ ਕੁਮਾਰ ਗੁਪਤਾ ਖ਼ਿਲਾਫ਼ ਲੋਕਾਂ ਦੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਸਨ ਕਿ ਉਹ ਲੋਕਾਂ ਦੀਆਂ ਗੱਡੀਆਂ ਪਾਸ ਕਰਨ ਤੇ ਡੀ.ਟੀ.ਓ. ਨਾਲ ਸਬੰਧਤ ਹੋਰ ਕੰਮਾਂ ਲਈ ਪੈਸੇ ਲੈ ਕੇ ਕੰਮ ਕਰਦਾ ਸੀ। ਇਸ ਮਾਮਲੇ ਦੀ ਜਾਂਚ ਡੀ.ਐਸ.ਪੀ. ਗੁਰਚਰਨ ਸਿੰਘ ਕਰ ਰਹੇ ਸਨ। ਉਨ੍ਹਾਂ ਇਸ ਬਾਰੇ ਕਈ ਵਾਰ ਸ੍ਰੀ ਗੁਪਤਾ ਨੂੰ ਤਲਬ ਵੀ ਕੀਤਾ ਹੈ ਤੇ ਉਸ ਦੇ ਘਰ ਤੇ ਦਫ਼ਤਰ ਦੀ ਤਲਾਸ਼ੀ ਵੀ ਲਈ ਗਈ ਹੈ। ਇਸ ਦੌਰਾਨ ਡੀ.ਐਸ.ਪੀ. ਦੀਆਂ ਵਧੀਕੀਆਂ ਤੋਂ ਤੰਗ ਆ ਕੇ ਸ੍ਰੀ ਗੁਪਤਾ ਨੇ ਕੇਸ ਨੂੰ ਰਫ਼ਾ ਦਫ਼ਾ ਕਰਨ ਲਈ ਗੁਹਾਰ ਲਾਈ।

ਇਸ ਤਰ੍ਹਾਂ ਵਿਜੀਲੈਂਸ ਅਧਿਕਾਰੀ ਨਾਲ 25 ਲੱਖ ਰੁਪਏ ਦੇਣ ਦਾ ਸੌਦਾ ਤੈਅ ਹੋ ਗਿਆ ਪਰ ਇਸ ਦੇ ਬਾਵਜੂਦ ਸ਼ਿਕਾਇਤਕਰਤਾ ਦਾ ਸਬੰਧਤ ਕੇਸ ਤੋਂ ਛੁਟਕਾਰਾ ਨਹੀਂ ਹੋਇਆ। ਇਸ ਦੌਰਾਨ ਡੀ.ਐਸ.ਪੀ. ਨੇ ਦਬਾਅ ਪੈਣ 'ਤੇ ਦੋ ਕਿਸ਼ਤਾਂ ਵਿਚ ਸਾਢੇ 12 ਲੱਖ ਰੁਪਏ ਸ੍ਰੀ ਗੁਪਤਾ ਨੂੰ ਵਾਪਸ ਮੋੜ ਦਿੱਤੇ ਪਰ ਬਾਕੀ ਸਾਢੇ 12 ਲੱਖ ਰੁਪਏ ਮੋੜਨ ਦਾ ਨਾਂ ਨਹੀਂ ਲੈ ਰਿਹਾ ਸੀ ਜਿਸ ਕਾਰਨ ਸ਼ਿਕਾਇਤਕਰਤਾ ਨੇ ਜਾਂਚ ਅਧਿਕਾਰੀ ਖ਼ਿਲਾਫ਼ ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਕੋਲ ਲਿਖਤੀ ਸ਼ਿਕਾਇਤ ਕਰ ਦਿੱਤੀ। ਇਸ ਦੌਰਾਨ ਡੀ.ਐਸ.ਪੀ. ਦਾ ਵਿਜੀਲੈਂਸ ਵਿਚੋਂ ਤਬਾਦਲਾ ਹੋ ਗਿਆ ਤੇ ਉਸ ਨੂੰ ਏ.ਸੀ.ਪੀ. ਲੁਧਿਆਣਾ ਲਾ ਦਿੱਤਾ ਤੇ ਉਸ ਦੀ ਥਾਂ 'ਤੇ ਸ੍ਰੀ ਗੁਪਤਾ ਦਾ ਕੇਸ ਕਿਸੇ ਹੋਰ ਵਿਜੀਲੈਂਸ ਅਧਿਕਾਰੀ ਕੋਲ ਪਹੁੰਚ ਗਿਆ।

# ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਤੋਂ ਵਿਦਿਆਰਥੀਆਂ ਨੇ ਮੂੰਹ ਮੋੜਿਆ

**ਚੰਡੀਗੜ੍ਹ:** ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਤੋਂ ਮੂੰਹ ਮੋੜ ਲਿਆ ਹੈ। ਵਿਦਿਆਰਥੀ ਯੂਨੀਵਰਸਿਟੀ ਕੋਲੋਂ ਫੀਸਾਂ ਵਾਪਸ ਮੰਗ ਰਹੇ ਹਨ ਜਿਨ੍ਹਾਂ ਵਿਚੋਂ ਕੁਝ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨੇ ਫੀਸਾਂ ਵਾਪਸ ਕਰ ਵੀ ਦਿੱਤੀਆਂ ਹਨ। ਸੂਤਰਾਂ ਅਨੁਸਾਰ ਪਿਛਲੇ ਦਿਨੀਂ ਯੂਨੀਵਰਸਿਟੀ ਦੇ ਤਕਰੀਬਨ 100 ਵਿਦਿਆਰਥੀਆਂ ਨੇ ਯੂਨੀਵਰਸਿਟੀ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਆਪਣੀਆਂ ਫੀਸਾਂ ਵਾਪਸ ਮੰਗੀਆਂ ਹਨ।



ਵਿਦਿਆਰਥੀਆਂ ਦਾ ਕਹਿਣਾ ਸੀ ਕਿ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੇ ਵਿਸ਼ਿਆਂ ਨੂੰ 'ਯੂਨੀਵਰਸਿਟੀ ਗਰਾਂਟ ਕਮਿਸ਼ਨ' (ਯੂ.ਜੀ.ਸੀ.) ਵੱਲੋਂ ਮਾਨਤਾ ਨਹੀਂ ਦਿੱਤੀ ਗਈ। ਇਸ ਲਈ ਉਹ ਉਨ੍ਹਾਂ ਅਦਾਰਿਆਂ ਵਿਚ ਦਾਖਲਾ ਲੈਣਾ ਚਾਹੁੰਦੇ ਹਨ ਜਿਨ੍ਹਾਂ ਅਦਾਰਿਆਂ ਨੂੰ ਯੂ.ਜੀ.ਸੀ. ਦੀ ਮਾਨਤਾ ਹੈ। ਜ਼ਿਕਰਯੋਗ ਹੈ ਕਿ ਜਿਸ ਯੂਨੀਵਰਸਿਟੀ ਨੂੰ ਯੂ.ਜੀ.ਸੀ. ਵੱਲੋਂ ਮਾਨਤਾ ਨਾ ਮਿਲੀ ਹੋਵੇ, ਉਹ ਯੂਨੀਵਰਸਿਟੀ ਹੋਰਾਂ ਮਾਨਤਾ ਪ੍ਰਾਪਤ ਅਦਾਰਿਆਂ ਵਾਂਗ ਕਈ ਅਹਿਮ ਵਿੱਦਿਅਕ ਰਸਮਾਂ ਸਿਰੇ ਨਹੀਂ ਚਾੜ੍ਹ ਸਕਦੀ ਜਿਨ੍ਹਾਂ ਵਿਚੋਂ ਇਕ ਰਸਮ ਇਹ ਹੈ ਕਿ ਯੂਨੀਵਰਸਿਟੀ ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਹੋਣ ਮਗਰੋਂ ਉਨ੍ਹਾਂ ਨੂੰ ਡਿਗਰੀਆਂ ਦੇਣ ਦੇ ਸਮਰੱਥ ਨਹੀਂ ਹੁੰਦੀ।

ਸੂਤਰਾਂ ਅਨੁਸਾਰ ਯੂਨੀਵਰਸਿਟੀ ਤੋਂ ਫੀਸਾਂ ਵਾਪਸ ਮੰਗਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਦੇ ਇੰਜੀਨੀਅਰਿੰਗ, ਤਕਨਾਲੋਜੀ ਤੇ ਕੰਪਿਊਟਰ ਸਾਇੰਸ ਵਿਭਾਗਾਂ ਦੇ ਸਨ। ਕਾਰਜਕਾਰੀ ਉਪ-ਕੁਲਪਤੀ ਡਾ. ਗੁਰਮੋਹਨ ਸਿੰਘ ਵਾਲੀਆ ਦਾ ਕਹਿਣਾ ਹੈ ਕਿ 100 ਵਿਦਿਆਰਥੀਆਂ ਨੂੰ ਨਹੀਂ ਬਲਕਿ 50 ਵਿਦਿਆਰਥੀਆਂ ਨੂੰ ਫੀਸਾਂ ਵਾਪਸ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਵਿਚ ਅਜਿਹਾ ਅਕਸਰ ਹੁੰਦਾ ਹੀ ਰਹਿੰਦਾ ਹੈ ਜਦੋਂ ਵਿਦਿਆਰਥੀਆਂ ਨੂੰ ਆਈ.ਆਈ.ਟੀ. ਜਾਂ ਕਿਧਰੇ ਹੋਰ ਦਾਖਲਾ ਮਿਲ ਜਾਂਦਾ ਹੈ ਤਾਂ ਉਹ ਮੌਜੂਦਾ ਵਿੱਦਿਅਕ ਸੰਸਥਾਨ ਨੂੰ ਛੱਡ ਦਿੰਦੇ ਹਨ। ਉਨ੍ਹਾਂ ਕਿਹਾ ਕਿ ਯੂ.ਜੀ.ਸੀ. ਦੀ ਮਾਨਤਾ ਲਈ ਉਹ ਕਮਿਸ਼ਨ ਦੇ ਚੇਅਰਮੈਨ ਨੂੰ ਨਵੀਂ ਦਿੱਲੀ ਵਿਖੇ ਮਿਲੇ ਸਨ ਤੇ ਡੇਢ-ਦੋ ਮਹੀਨਿਆਂ ਤੱਕ ਕਮਿਸ਼ਨ ਦੀ ਟੀਮ ਜਾਂਚ ਲਈ ਯੂਨੀਵਰਸਿਟੀ ਦਾ ਦੌਰਾ ਕਰੇਗੀ।

# ਅਠਾਈ ਵਰ੍ਹਿਆਂ ਦਾ ਦਰਦ ਬਿਆਨੇਗਾ 'ਫੋਰਗੌਟਨ ਸਿਟੀਜ਼ਨ'


**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਹੁਣ ਤੱਕ ਸਜ਼ਾਵਾਂ ਤੇ ਪੀੜਤਾਂ ਨੂੰ ਨਿਆਂ ਨਾ ਮਿਲਣ ਕਾਰਨ ਸਿੱਖ ਭਾਈਚਾਰੇ ਵੱਲੋਂ ਇਸ ਕਤਲੇਆਮ ਦੀ 28ਵੀਂ ਬਰਸੀ ਮੌਕੇ ਨਵੰਬਰ ਦੇ ਪਹਿਲੇ ਹਫ਼ਤੇ ਸਰਕਾਰ ਤੇ ਨਿਆਂ ਪਾਲਿਕਾ ਕੋਲ ਅਫਸੋਸ ਦਾ ਪ੍ਰਗਟਾਵਾ ਕਰਨ ਲਈ 'ਫੋਰਗੋਟਨ ਸਿਟੀਜ਼ਨ' ਨਾਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਜਿਸ ਤਹਿਤ ਸੇਵਾ ਮੁਕਤ ਜੱਜਾਂ ਕੋਲੋਂ ਲੋਕ ਅਦਾਲਤ ਲਵਾਈ ਜਾਵੇਗੀ ਜਿਸ ਵਿਚ ਪੀੜਤ ਤੇ ਗਵਾਹ ਪੇਸ਼ ਹੋਣਗੇ।

ਫੋਰਗੌਟਨ ਸਿਟੀਜ਼ਨ ਤਹਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਸਹਿਮਤੀ ਲੈਣ ਲਈ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲਣ ਆਏ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਤੇ ਜਰਨੈਲ ਸਿੰਘ ਨੇ ਦੱਸਿਆ ਕਿ ਸਿੱਖ ਕਤਲੇਆਮ ਨੂੰ 28 ਸਾਲ ਬੀਤ ਚੁੱਕੇ ਹਨ ਪਰ ਇਸ ਬਾਰੇ ਹਾਲੇ ਤਕ ਕੁਝ ਨਹੀਂ ਹੋਇਆ ਜਦੋਂਕਿ 2002 ਵਿਚ ਹੋਏ ਗੁਜਰਾਤ ਦੰਗਿਆਂ ਦੇ ਮਾਮਲੇ ਵਿਚ ਇਕ ਸਾਬਕਾ ਮੰਤਰੀ ਸਮੇਤ ਹੋਰ ਦੋਸ਼ੀਆਂ ਨੂੰ ਸਜ਼ਾ ਹੋ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਸਰਕਾਰੀ ਅੰਕੜਿਆਂ ਮੁਤਾਬਕ ਸਿੱਖ ਕਤਲੇਆਮ ਦੌਰਾਨ ਦੇਸ਼ ਵਿਚ ਸੱਤ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ ਸਨ ਤੇ ਸਿਰਫ ਦਿੱਲੀ ਵਿਚ ਹੀ ਤਿੰਨ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ ਸਨ। ਇਨ੍ਹਾਂ ਘਟਨਾਵਾਂ ਬਾਰੇ ਉਸ ਵੇਲੇ 500 ਤੋਂ ਵੱਧ ਕੇਸ ਦਰਜ ਹੋਏ ਸਨ ਜਿਨ੍ਹਾਂ ਵਿਚੋਂ 265 ਕੇਸ ਪੁਲਿਸ ਨੇ ਹੀ ਬੰਦ ਕਰ ਦਿੱਤੇ ਤੇ ਬਾਕੀਆਂ ਵਿਚੋਂ ਵਧੇਰੇ ਕੇਸਾਂ ਵਿਚ ਦੇਰ ਹੋਣ ਕਾਰਨ ਗਵਾਹ ਹੀ ਪੇਸ਼ ਨਹੀਂ ਹੋਏ।

ਉਨ੍ਹਾਂ ਕਿਹਾ ਕਿ ਇਸ ਵੇਲੇ ਸਿਰਫ਼ ਪੰਜ ਕੇਸ ਟਰਾਇਲ ਕੋਰਟ ਵਿਚ ਚਲ ਰਹੇ ਹਨ।

### ਨਵੰਬਰ 'ਚ ਕਰਵਾਏ ਜਾਣਗੇ ਚੁਰਾਸੀ ਦੇ ਪੀੜਤਾਂ ਲਈ ਸਮਾਗਮ



ਇਨ੍ਹਾਂ ਕੇਸਾਂ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਦੇ ਨਾਂ ਵੀ ਸ਼ਾਮਲ ਹਨ। ਆਗੂਆਂ ਨੇ ਕਿਹਾ ਕਿ ਸਿੱਖ ਕਤਲੇਆਮ ਬਾਰੇ ਸਮੇਂ ਦੀਆਂ ਸਰਕਾਰਾਂ ਨੇ ਕੋਈ ਠੋਸ ਕਦਮ ਨਹੀਂ ਚੁੱਕਿਆ ਤੇ ਨਿਆਂਪਾਲਿਕਾ ਦੀ ਕਾਰਗੁਜ਼ਾਰੀ ਵੀ ਤਸੱਲੀਬਖਸ਼ ਨਹੀਂ ਰਹੀ। ਉਨ੍ਹਾਂ ਕਿਹਾ ਕਿ 28ਵੀਂ ਬਰਸੀ ਮੌਕੇ ਸੁੱਤੀ ਪਈ ਸਰਕਾਰ ਤੇ ਨਿਆਂਪਾਲਿਕਾ ਨੂੰ ਹਲੂਣਿਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਕ ਨਵੰਬਰ ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸ਼ਹੀਦਾਂ ਦੇ ਨਮਿੱਤ ਅਖੰਡ ਪਾਠ ਪ੍ਰਕਾਸ਼ ਕਰਵਾਏ ਜਾਣਗੇ ਤੇ ਤਿੰਨ ਨਵੰਬਰ ਨੂੰ ਇਸ ਕਤਲੇਆਮ ਦੌਰਾਨ ਦਿੱਲੀ ਵਿਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਸਿੱਖਾਂ ਨੂੰ ਦਰਸਾਉਂਦੀਆਂ ਉਨ੍ਹਾਂ ਦੀਆਂ ਤਿੰਨ ਹਜ਼ਾਰ ਦਸਤਾਰਾਂ ਰੱਖੀਆਂ ਜਾਣਗੀਆਂ। ਇਨ੍ਹਾਂ ਦਸਤਾਰਾਂ ਦੇ ਹੇਠ ਮਾਰੇ ਗਏ ਵਿਅਕਤੀਆਂ ਦੇ ਨਾਂ ਲਿਖ ਕੇ ਰੱਖੇ ਜਾਣਗੇ। ਇਸ ਤਹਿਤ 1 ਤੋਂ 5 ਨਵੰਬਰ ਤੱਕ ਦਿੱਲੀ ਵਿਖੇ ਫੋਟੋ ਪ੍ਰਦਰਸ਼ਨੀ ਵੀ ਲਾਈ ਜਾਵੇਗੀ ਜਿਸ ਵਿਚ ਮਾਰੇ ਗਏ ਵਿਅਕਤੀਆਂ ਤੇ ਘਟਨਾਵਾਂ ਨਾਲ ਸਬੰਧਤ ਤਸਵੀਰਾਂ ਪ੍ਰਦਰਸ਼ਤ ਕੀਤੀ ਜਾਣਗੀਆਂ।

ਇਹ ਪ੍ਰਦਰਸ਼ਨੀ ਉੱਘੀ ਚਿੱਤਰਕਾਰ ਅਰਪਨਾ ਸਿੰਘ ਦੀ ਨਿਗਰਾਨੀ ਹੇਠ ਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਤਿੰਨ ਨਵੰਬਰ ਨੂੰ ਇੰਡੀਆ ਗੇਟ ਜਾਂ ਜੰਤਰ ਮੰਤਰ ਵਿਖੇ ਤਿੰਨ ਹਜ਼ਾਰ ਦਸਤਾਰਾਂ ਰੱਖਣ ਦਾ ਮਾਮਲਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਵਿਚਾਰਿਆ ਗਿਆ ਹੈ ਤੇ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਨ ਮਗਰੋਂ ਇਸ ਬਾਰੇ ਉਹ ਆਪਣੀ ਰਾਏ ਦੇਣਗੇ।

ਉਨ੍ਹਾਂ ਕਿਹਾ ਕਿ ਦਿੱਲੀ ਵਿਚ ਸਿੱਖ ਵਿਰੋਧੀ ਦੰਗਿਆਂ ਵਿਚ ਮਾਰੇ ਗਏ ਵਿਅਕਤੀਆਂ ਦੀ ਯਾਦਗਾਰ ਬਣਾਈ ਜਾਣੀ ਚਾਹੀਦੀ ਹੈ। ਸਿੱਖ ਆਗੂਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਹੋਰਾਂ ਨੂੰ ਅਪੀਲ ਕੀਤੀ ਕਿ ਉਹ ਨਵੰਬਰ ਦੇ ਪਹਿਲੇ ਹਫਤੇ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਕਰਨ ਤੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ। ਉਨ੍ਹਾਂ ਦੱਸਿਆ ਕਿ ਗਾਇਕ ਜੱਸੀ ਜਸਰਾਜ ਵੱਲੋਂ ਆਪਣੀ ਨਵੀਂ ਐਲਬਮ ਇਸ ਪ੍ਰੋਗਰਾਮ ਨੂੰ ਸਮਰਪਿਤ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਦਿੱਲੀ ਦੇ ਵਿਦਿਅਕ ਅਦਾਰਿਆਂ ਵਿਚ ਨੁੱਕੜ ਨਾਟਕ ਵੀ ਕਰਵਾਏ ਜਾ ਰਹੇ ਹਨ।

ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

Wifi Radio ਦੁਨੀਆਂ ਭਰ ਵਿਚ ਚਲਦਾ ਹੈ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ,
ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City

ਰੇਡੀਓ ਤੁਸੀਂ ਫੋਨ
**832-551-5038**
**510-972-0442**
'ਤੇ ਵੀ ਸੁਣ ਸਕਦੇ ਹੋ

**Khalsa Radio**
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600

*Radio CK, PO Box 296, Fremont, CA 94537*

**Yarra, Kharazi & Associates**

Phone: (888) 97YARRA (92772)

**Immigration**
**Family Law**
**Personal Injury**



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

**Trust your matter to a specialist**

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

# ਪੰਜਾਬ ਪੁਲਿਸ ਹੋਈ ਬੇਮੁਹਾਰੀ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਚਾਹੇ ਪੁਲਿਸ ਦਾ ਅਕਸ ਸੁਧਨ ਦੇ ਦਾਅਵੇ ਕਰ ਰਹੇ ਹਨ ਪਰ ਪੰਜਾਬ ਪੁਲਿਸ ਬੇਮੁਹਾਰੀ ਹੋਈ ਰਹੀ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜਾਰੀ ਰਿਪੋਰਟ ਵਿਚ ਸਭ ਤੋਂ ਵੱਧ ਸ਼ਿਕਾਇਤਾਂ ਲੋਕਾਂ ਦੀ ਜਾਨ-ਮਾਲ ਦੀ ਰਾਖੀ ਪੁਲਿਸ ਖ਼ਿਲਾਫ਼ ਆਈਆਂ ਹਨ। ਅੰਕੜਿਆਂ ਮੁਤਾਬਕ ਚਾਲੂ ਸਾਲ ਦੇ ਪਹਿਲੇ ਛੇ ਮਹੀਨਿਆਂ 'ਚ ਪੁਲਿਸ ਖਿਲਾਫ 5723 ਸ਼ਿਕਾਇਤਾਂ ਆ ਚੁੱਕੀਆਂ ਹਨ ਜਦੋਂਕਿ ਪਿਛਲੇ ਸਾਲ ਗਿਣਤੀ 4308 ਸੀ। ਜੇਲ੍ਹ ਪੁਲਿਸ ਵਿਰੁੱਧ ਮਿਲੀਆਂ ਸ਼ਿਕਾਇਤਾਂ ਇਸ ਤੋਂ ਵੱਖਰੀਆਂ ਹਨ।

ਪੁਲਿਸ ਵਧੀਕੀਆਂ ਖ਼ਿਲਾਫ਼ ਸਭ ਤੋਂ ਵੱਧ ਸ਼ਿਕਾਇਤਾਂ ਲੁਧਿਆਣਾ ਤੇ ਸਭ ਤੋਂ ਘੱਟ ਸ਼ਹੀਦ ਭਗਤ ਸਿੰਘ ਨਗਰ ਦੀਆਂ ਹਨ। 2011 ਦੌਰਾਨ ਪੁਲਿਸ ਖ਼ਿਲਾਫ਼ 8562 ਆਈਆਂ ਤੇ ਉਸ ਤੋਂ ਇਕ ਸਾਲ ਪਹਿਲਾਂ ਸ਼ਿਕਾਇਤਾਂ ਦੀ ਗਿਣਤੀ 9338 ਸੀ। ਕਮਿਸ਼ਨ ਕੋਲ 1997 'ਚ ਪਹਿਲੀ ਵਾਰ ਪੁਲਿਸ ਵਿਰੁੱਧ ਸਿਰਫ 57 ਸ਼ਿਕਾਇਤਾਂ ਮਿਲੀਆਂ ਸਨ ਤੇ ਉਸ ਤੋਂ ਅਗਲੇ ਸਾਲ ਹੀ ਗਿਣਤੀ ਵਧ ਕੇ 492 ਹੋ ਗਈ ਸੀ। ਕਮਿਸ਼ਨ ਦੇ ਗਠਨ ਤੋਂ ਲੈ ਕੇ ਪਿਛਲੇ ਸਾਲ ਤੱਕ ਸਭ ਤੋਂ ਵੱਧ ਸ਼ਿਕਾਇਤਾਂ 2005 'ਚ 9835 ਮਿਲੀਆਂ ਸਨ। ਇਸ ਤੋਂ ਘੱਟ ਸ਼ਿਕਾਇਤਾਂ 2004 ਵਿਚ 9661 ਤੇ 2007 'ਚ 9410 ਸਨ।

ਅੰਕੜਿਆਂ ਮੁਤਾਬਕ ਪੁਲਿਸ ਖ਼ਿਲਾਫ਼ ਸ਼ਿਕਾਇਤਾਂ 'ਚ ਵਾਧਾ 1997 ਤੋਂ ਹੋਇਆ ਹੈ। ਪਹਿਲੇ ਸਾਲ ਸ਼ਿਕਾਇਤਾਂ ਦੋ ਅੰਕਾਂ ਵਿਚ ਸਨ। ਇਸ ਤੋਂ ਅਗਲੇ ਦੋ ਸਾਲਾਂ 'ਚ ਅਕਾਂ ਦੀ ਗਿਣਤੀ ਵਧ ਕੇ ਤਿੰਨ ਤੇ ਫਿਰ ਚਾਰ ਹੋ ਗਈ ਸੀ। ਪਹਿਲੇ ਚਾਰ ਸਾਲਾਂ ਦੌਰਾਨ ਸ਼ਿਕਾਇਤਾਂ ਦੀ ਗਿਣਤੀ ਪਹਿਲਾਂ ਨਾਲੋਂ ਦੋ ਗੁਣਾ ਹੁੰਦੀ ਗਈ ਸੀ। ਜੇਲ੍ਹ ਵਿਭਾਗ ਦੀ ਪੁਲਿਸ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ।

ਕਮਿਸ਼ਨ ਦੇ ਅੰਕੜਿਆਂ ਅਨੁਸਾਰ ਇਸ ਸਾਲ ਅੰਮ੍ਰਿਤਸਰ ਜ਼ਿਲ੍ਹੇ ਦੀ ਪੁਲਿਸ ਖ਼ਿਲਾਫ਼ 30 ਜੂਨ ਤੱਕ 825 ਸ਼ਿਕਾਇਤਾਂ ਆ ਚੁੱਕੀਆਂ ਹਨ ਜਦੋਂਕਿ ਪਿਛਲੇ ਸਾਲ ਇਹ ਗਿਣਤੀ 668 ਸੀ। ਬਠਿੰਡਾ ਜ਼ਿਲ੍ਹੇ ਤੋਂ ਪੁਲਿਸ ਵਿਰੁੱਧ 442, ਫਰੀਦਕੋਟ ਤੋਂ 262, ਫਤਿਹਗੜ੍ਹ ਸਾਹਿਬ ਤੋਂ 88, ਫਿਰੋਜ਼ਪੁਰ ਤੋਂ 364, ਗੁਰਦਾਸਪੁਰ ਤੋਂ 375, ਹੁਸ਼ਿਆਰਪੁਰ ਤੋਂ 169, ਜਲੰਧਰ ਤੋਂ 376, ਕਪੂਰਥਲਾ ਤੋਂ 150, ਮਾਨਸਾ ਤੋਂ 208, ਮੋਗਾ ਤੋਂ 273, ਮੁਕਤਸਰ ਸਾਹਿਬ ਤੋਂ 229, ਸ਼ਹੀਦ ਭਗਤ ਸਿੰਘ ਨਗਰ ਤੋਂ 162, ਪਟਿਆਲਾ ਤੋਂ 478, ਰੋਪੜ ਤੋਂ 91, ਮੁਹਾਲੀ ਤੋਂ 162, ਸੰਗਰੂਰ ਤੋਂ 313, ਤਰਨਤਾਰਨ ਤੋਂ 435, ਬਰਨਾਲਾ ਤੋਂ 111, ਫਾਜ਼ਿਲਕਾ ਤੋਂ 269, ਪਠਾਨਕੋਟ ਤੋਂ 68 ਤੇ ਪੰਜਾਬ ਤੋਂ ਬਾਹਰੋਂ 57 ਸ਼ਿਕਾਇਤਾਂ ਮਿਲੀਆਂ ਹਨ।

ਪਿਛਲੇ ਸਾਲ ਕ੍ਰਮਵਾਰ ਇਹ ਗਿਣਤੀ 326, 173, 93, 531, 444, 165, 339, 150, 684, 157, 196, 222,56, 379, 71, 188, 244, 616, 88 ਤੇ 48 ਸੀ। ਪੁਲਿਸ ਜ਼ਿਲ੍ਹਾ ਖੰਨਾ ਵਿਰੁੱਧ ਸਿਰਫ ਇਕ ਸ਼ਿਕਾਇਤ ਮਿਲੀ ਹੈ। ਕੁੱਲ ਮਿਲਾ ਕੇ ਭਾਵੇਂ ਪੁਲਿਸ ਖ਼ਿਲਾਫ਼ ਸ਼ਿਕਾਇਤਾਂ ਦੀ ਗਿਣਤੀ ਵਧੀ ਹੈ ਪਰ ਬਠਿੰਡਾ, ਫਰੀਦਕੋਟ, ਹੁਸ਼ਿਆਰਪੁਰ, ਗੁਰਦਾਸਪੁਰ ਤੇ ਪਟਿਆਲਾ ਦੀ ਪੁਲਿਸ ਵਿਰੁੱਧ ਸ਼ਿਕਾਇਤਾਂ ਦੀ ਗਿਣਤੀ ਘਟ ਵੀ ਹੋਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹੇ ਮੁਕਤਸਰ ਦੀ ਪੁਲਿਸ ਖ਼ਿਲਾਫ਼ ਵੀ ਸਿਰਫ਼ ਸੱਤ ਸ਼ਿਕਾਇਤਾਂ ਘੱਟ ਪ੍ਰਾਪਤ ਹੋਈਆਂ ਹਨ।

ਫਾਜ਼ਿਲਕਾ ਤੇ ਪਠਾਨਕੋਟ ਨੂੰ ਸੂਚੀ 'ਚ ਇਸ ਸਾਲ ਹੀ ਸ਼ਾਮਲ ਕੀਤਾ ਗਿਆ ਹੈ। ਪਿਛਲੇ ਸਾਲ ਦੀ ਗਿਣਤੀ ਵੇਲੇ ਦੋਵੇਂ ਜ਼ਿਲ੍ਹੇ ਹੋਂਦ 'ਚ ਨਹੀਂ ਆਏ ਸਨ। ਕਮਿਸ਼ਨ ਦੇ ਅੰਕੜਿਆਂ ਤੋਂ ਇਕ ਗੱਲ ਹੋਰ ਵੀ ਸਾਹਮਣੇ ਆਈ ਹੈ ਕਿ ਇਸ ਸਾਲ ਔਰਤਾਂ 'ਤੇ ਜ਼ਿਆਦਤੀਆਂ ਤੇ ਮਜ਼ਦੂਰਾਂ ਨਾਲ ਸਬੰਧਤ ਸ਼ਿਕਾਇਤਾਂ ਦੀ ਗਿਣਤੀ ਵੀ ਵਧੀ ਹੈ ਪਰ ਫਿਰਕੂ ਦੰਗਿਆਂ, ਬੱਚਿਆਂ 'ਤੇ ਅੱਤਿਆਚਾਰ ਤੇ ਸਿਹਤ ਵਿਭਾਗ ਨਾਲ ਸਬੰਧਤ ਸ਼ਿਕਾਇਤਾਂ ਦੀ ਗਿਣਤੀ ਘਟੀ ਹੈ। ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਵਾਲੇ ਪ੍ਰੇਮੀ ਜੋੜਿਆਂ ਵੱਲੋਂ ਸ਼ਰਨ ਲੈਣ ਦੀਆਂ ਅਰਜ਼ੀਆਂ 'ਚ ਕਾਫੀ ਵਾਧਾ ਹੋਇਆ ਹੈ।

# ਬਿਨ ਵਿਆਹੀ ਮਾਂ ਵੱਲੋਂ ਬਾਦਲ ਕੋਲ ਇਨਸਾਫ਼ ਦੀ ਗੁਹਾਰ

### ਪੁਲਿਸ 'ਤੇ ਮੁਲਜ਼ਮ ਨੂੰ ਬਚਾਉਣ ਦੇ ਦੋਸ਼



**ਮਾਹਿਲਪੁਰ:** ਬਲਾਤਕਾਰ ਦੀ ਪੀੜਤ ਤੇ ਬਿਨ ਵਿਆਹੀ ਮਾਂ ਬਣੀ ਲੜਕੀ ਨੇ ਮੁੱਖ ਮੰਤਰੀ ਤੇ ਪੰਜਾਬ ਦੇ ਪੁਲਿਸ ਮੁਖੀ ਅੱਗੇ ਇਨਸਾਫ਼ ਦੀ ਗੁਹਾਰ ਲਾਈ ਹੈ। ਪੀੜਤ ਲੜਕੀ ਅਨੁਸਾਰ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਪਿੰਡ ਲਹਿਲੀ ਦੇ ਸ਼ਾਦੀਸ਼ੁਦਾ ਤੇ ਦੋ ਬੱਚਿਆਂ ਦੇ ਪਿਓ ਸੁਖਮਿੰਦਰ ਸਿੰਘ ਬੈਂਸ ਨੂੰ ਇਲਾਕੇ ਦੀ ਪੁਲਿਸ ਬਚਾਅ ਰਹੀ ਹੈ ਤੇ ਅਦਾਲਤੀ ਹੁਕਮਾਂ ਦੀ ਅਣਦੇਖੀ ਕਰ ਰਹੀ ਹੈ। ਲੜਕੀ ਮੁਤਾਬਕ ਉਸ ਨਾਲ ਬਲਾਤਕਾਰ ਕਰਕੇ ਉਸ ਨੂੰ ਬਿਨ ਵਿਆਹੀ ਮਾਂ ਬਣਾਉਣ ਵਾਲੇ ਮੁਲਜ਼ਮ ਨੂੰ ਬਚਾਉਣ ਲਈ ਉਸ ਦੇ ਮਾਪਿਆਂ 'ਤੇ ਉਸ 'ਤੇ ਰਾਜ਼ੀਨਾਮੇ ਲਈ ਦਬਾਅ ਪਾਇਆ ਜਾ ਰਿਹਾ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਦਿਨੀਂ ਪੁਲਿਸ ਨੂੰ ਇਸ ਮੁਲਜ਼ਮ ਤੇ ਹੋਰਾਂ ਨੂੰ ਕਾਬੂ ਕਰਕੇ 14 ਸਤੰਬਰ ਤੱਕ ਅਦਾਲਤ 'ਚ ਪੇਸ਼ ਕਰਨ ਦੇ ਹੁਕਮ ਸੁਣਾਏ ਸਨ। ਲੜਕੀ ਅਨੁਸਾਰ ਸੁਖਮਿੰਦਰ ਸਿੰਘ ਨੇ ਧੋਖੇ ਨਾਲ ਉਸ ਨੂੰ ਕੋਲਡ ਡ੍ਰਿੰਕ 'ਚ ਕੋਈ ਚੀਜ਼ ਪਿਆ ਕੇ ਉਸ ਨਾਲ ਬਲਾਤਕਾਰ ਕੀਤਾ ਤੇ ਉਸ ਦੀਆਂ ਤਸਵੀਰਾਂ ਲੈ ਕੇ ਉਸ ਦਾ ਸਰੀਰਕ ਸ਼ੋਸ਼ਣ ਕਰਦਾ ਰਿਹਾ। ਜਦੋਂ ਉਹ ਗਰਭਵਤੀ ਹੋ ਗਈ ਤਾਂ ਉਸ ਨਾਲ ਵਿਆਹ ਨਾ ਕਰਾਉਣ ਤੇ ਮਗਰੋਂ ਮਾਰਨ ਦੀਆਂ ਧਮਕੀਆਂ ਦੇਣ ਲੱਗ ਪਿਆ।

ਲੜਕੀ ਦਾ ਕਹਿਣਾ ਹੈ ਕਿ ਖੇਤਰੀ ਪੁਲਿਸ ਅੱਗੇ ਸੁਣਵਾਈ ਨਾ ਹੋਣ 'ਤੇ ਉਹ ਮਨੁੱਖੀ ਅਧਿਕਾਰ ਸੰਗਠਨ ਚੰਡੀਗੜ੍ਹ ਕੋਲ ਪੁੱਜੀ ਤਾਂ ਇਹ ਮਾਮਲਾ ਅਦਾਲਤ 'ਚ ਪਹੁੰਚਿਆ। ਅਦਾਲਤ ਦੇ ਹੁਕਮਾਂ 'ਤੇ ਥਾਣਾ ਮਾਹਿਲਪੁਰ ਦੀ ਪੁਲਿਸ ਨੇ ਮੁਲਜ਼ਮਾਂ ਵਿਰੁੱਧ ਮਾਮਲਾ ਤਾਂ ਦਰਜ ਕਰ ਲਿਆ ਪਰ ਉਸ ਨੂੰ ਫੜਨ ਦੀ ਬਜਾਏ ਉਸ ਦੇ ਮਾਪਿਆਂ ਕੋਲ ਗੇੜੇ ਮਾਰ ਕੇ ਰਾਜ਼ੀਨਾਮੇ ਲਈ ਦਬਾਅ ਪਾ ਰਹੇ ਹਨ। ਪੁਲਿਸ ਦਾ ਕਹਿਣਾ ਹੈ ਕਿ ਵਾਰ-ਵਾਰ ਛਾਪੇ ਮਾਰਨ 'ਤੇ ਵੀ ਮੁਲਜ਼ਮ ਹੱਥ ਨਹੀਂ ਆ ਰਿਹਾ ਹੈ।

ਅਦਾਲਤ ਨੇ ਪੁਲਿਸ ਦੀ ਖਿਚਾਈ ਕਰਦਿਆਂ ਸੁਖਮਿੰਦਰ ਸਿੰਘ ਬੈਂਸ ਨੂੰ ਭਗੌੜਾ ਐਲਾਨ ਦਿੱਤਾ ਤੇ ਪੁਲਿਸ ਨੂੰ ਉਸ ਦਾ ਪਾਸਪੋਰਟ ਜ਼ਬਤ ਕਰਕੇ ਮਾਮਲੇ ਦੀ ਸੁਣਵਾਈ 14 ਸਤੰਬਰ 'ਤੇ ਪਾ ਦਿੱਤੀ ਸੀ। ਲੜਕੀ ਦਾ ਕਹਿਣਾ ਹੈ ਕਿ ਉਹ ਡਰਦੀ ਮਾਰੀ ਆਪਣੀ ਬੱਚੀ ਨਾਲ ਲੁਕ-ਛਿਪ ਕੇ ਦਿਨ ਕੱਟ ਰਹੀ ਹੈ। ਲੜਕੀ ਵੱਲੋਂ ਲਾਏ ਦੋਸ਼ਾਂ ਦੇ ਜਵਾਬ 'ਚ ਪੁਲਿਸ ਦਾ ਕਹਿਣਾ ਹੈ ਕਿ ਉਸ 'ਤੇ ਜਾਂ ਉਸ ਦੇ ਮਾਪਿਆਂ 'ਤੇ ਕੋਈ ਦਬਾਅ ਨਹੀਂ ਪਾਇਆ ਜਾ ਰਿਹਾ। ਮੁਲਜ਼ਮ ਨੂੰ ਕਾਬੂ ਕਰਕੇ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ। ਪੀੜਤ ਲੜਕੀ ਨੇ ਦੋਸ਼ ਲਾਇਆ ਕਿ ਮੁਲਜ਼ਮ ਨੂੰ ਪੁਲਿਸ ਦੇ ਉੱਚ ਅਧਿਕਾਰੀ ਦੇ ਘਰ ਅੰਦਰ ਰੱਖਿਆ ਹੋਇਆ ਹੈ ਤੇ ਸਿਆਸੀ ਆਗੂਆਂ ਦੀ ਮਿਲੀਭੁਗਤ ਨਾਲ ਉਸ ਨੂੰ ਵਿਦੇਸ਼ ਭੇਜਣ ਵਿਚ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ।

## ਜਥੇਦਾਰ ਧਨੌਲਾ ਨੂੰ ਤਿੰਨ ਸਾਲ ਦੀ ਕੈਦ

**ਬਰਨਾਲਾ:** ਅਦਾਲਤ ਨੇ ਜਥੇਦਾਰ ਭਰਪੂਰ ਸਿੰਘ ਧਨੌਲਾ ਨੂੰ ਅਫ਼ੀਮ ਰੱਖਣ ਦੇ ਮਾਮਲੇ 'ਚ ਤਿੰਨ ਸਾਲ ਦੀ ਕੈਦ ਤੇ ਦਸ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਸ਼੍ਰੋਮਣੀ ਅਕਾਲੀ ਦਲ (1920) ਦੇ ਸਿਰਕੱਢ ਆਗੂ ਭਰਪੂਰ ਸਿੰਘ ਧਨੌਲਾ 1985 'ਚ ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਮੌਕੇ ਪੰਜਾਬ ਰਾਜ ਜੰਗਲਾਤ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਵੀ ਰਹੇ ਹਨ। ਅਦਾਲਤ ਨੇ ਇਸੇ ਕੇਸ 'ਚ ਇਕ ਹੋਰ ਨਾਮਜ਼ਦ ਦੋਸ਼ੀ ਸੁਰਜੀਤ ਸਿੰਘ ਨੂੰ ਡੇਢ ਸਾਲ ਦੀ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਅਦਾ ਕਰਨ ਦੇ ਹੁਕਮ ਸੁਣਾਏ ਹਨ। ਇਸ ਕੇਸ 'ਚ ਸ਼ਾਮਲ ਤੀਸਰੇ ਵਿਅਕਤੀ ਗੁਰਨਾਮ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਹਾਸਲ ਜਾਣਕਾਰੀ ਮੁਤਾਬਕ ਪੁਲਿਸ ਵੱਲੋਂ 17 ਮਈ 2003 ਨੂੰ ਜਥੇਦਾਰ ਭਰਪੂਰ ਸਿੰਘ ਧਨੌਲਾ ਨੂੰ ਨਜ਼ਦੀਕੀ ਪਿੰਡ ਕੋਟਦੂਨਾ ਨੇੜਿਓਂ ਇਕ ਨਾਕੇ ਤੋਂ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਕੋਲੋਂ ਡੇਢ ਕਿਲੋ ਅਫ਼ੀਮ ਦੀ ਬਰਾਮਦਗੀ ਦਿਖਾਈ ਗਈ ਸੀ। ਪੁਲਿਸ ਵੱਲੋਂ ਇਸ ਕੇਸ 'ਚ ਸੁਰਜੀਤ ਸਿੰਘ ਤੇ ਗੁਰਨਾਮ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਸਮੇਂ ਬਰਨਾਲਾ ਪੁਲਿਸ ਵੱਲੋਂ ਇਸ ਕੇਸ ਦੀ ਪੜਤਾਲ ਕਰਕੇ ਜਥੇਦਾਰ ਧਨੌਲਾ ਤੇ ਸੁਰਜੀਤ ਸਿੰਘ ਨੂੰ ਖਾਨਾ ਨੰਬਰ ਦੋ ਵਿਚ ਕੱਢ ਦਿੱਤਾ ਸੀ ਤੇ ਇਕੱਲੇ ਗੁਰਨਾਮ ਸਿੰਘ ਨੂੰ ਦੋਸ਼ੀ ਕਰਾਰ ਦੇ ਦਿੱਤਾ ਗਿਆ ਸੀ ਪਰ ਸਿਆਸੀ ਉਥਲ-ਪੁਥਲ ਹੋਣ ਕਾਰਨ ਫੇਰ ਤਫ਼ਤੀਸ਼ ਕਰਕੇ ਭਰਪੂਰ ਸਿੰਘ ਧਨੌਲਾ ਤੇ ਸੁਰਜੀਤ ਸਿੰਘ ਨੂੰ ਇਸ ਕੇਸ 'ਚ ਸ਼ਾਮਲ ਕਰ ਲਿਆ ਗਿਆ।

## ਦੋ ਬੱਚਿਆਂ ਦੀ ਹੱਤਿਆ ਕਰਕੇ ਪਿਓ ਵੱਲੋਂ ਖੁਦਕੁਸ਼ੀ

**ਪਠਾਨਕੋਟ:** ਘਰਵਾਲੀ ਨਾਲ ਰੋਜ਼ਾਨਾ ਹੁੰਦੇ ਕਲੇਸ਼ ਤੋਂ ਤੰਗ ਆ ਕੇ ਇਕ ਵਿਅਕਤੀ ਨੇ ਆਪਣੇ ਦੋ ਬੱਚਿਆਂ ਨੂੰ ਕੋਲਡ ਡਰਿੰਕ 'ਚ ਜ਼ਹਿਰ ਮਿਲਾ ਕੇ ਉਨ੍ਹਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਤੇ ਪਿੱਛੋਂ ਆਪ ਵੀ ਪੱਖੇ ਨਾਲ ਲਟਕ ਕੇ ਖ਼ੁਦਕੁਸ਼ੀ ਕਰ ਲਈ। ਇਹ ਘਟਨਾ ਰਾਜ ਪਰੂਰਾ ਪਿੰਡ 'ਚ ਵਾਪਰੀ। ਹਾਸਲ ਜਾਣਕਾਰੀ ਅਨੁਸਾਰ ਮ੍ਰਿਤਕ ਵਿਅਕਤੀ ਦੇ ਪਰਵਾਸੀ ਔਰਤ ਨਾਲ ਨਾਜਾਇਜ਼ ਸਬੰਧ ਹੋਣ ਕਾਰਨ ਮੀਆਂ-ਬੀਵੀ ਵੱਖ-ਵੱਖ ਰਹਿੰਦੇ ਸਨ। ਮ੍ਰਿਤਕਾਂ 'ਚ ਇਕ ਬੱਚਾ ਅੱਠ ਸਾਲ ਦਾ ਸੀ ਜੋ ਦੂਸਰੀ ਕਲਾਸ 'ਚ ਪੜ੍ਹਦਾ ਸੀ ਤੇ ਦੂਸਰਾ ਬੱਚਾ ਮਹਿਜ਼ 5 ਸਾਲ ਦਾ ਸੀ ਤੇ ਉਹ ਯੂ.ਕੇ.ਜੀ. ਕਲਾਸ 'ਚ ਪੜ੍ਹਦਾ ਸੀ। ਮਿਲੀ ਜਾਣਕਾਰੀ ਅਨੁਸਾਰ ਪਿਤਾ ਸੋਹਨ ਲਾਲ (30) ਰਾਜ ਪਰੂਰਾ ਪਿੰਡ 'ਚ ਪਿਛਲੇ ਦੋ ਮਹੀਨਿਆਂ ਤੋਂ ਕਿਰਾਏ ਦਾ ਮਕਾਨ ਲੈ ਕੇ ਇਕੱਲਾ ਰਹਿ ਰਿਹਾ ਸੀ ਤੇ ਉਸ ਦੀ ਪਤਨੀ ਨਰੇਸ਼ ਕੁਮਾਰੀ ਨੇੜੇ ਹੀ ਪਿੰਡ ਜਸਵਾਲੀ 'ਚ ਆਪਣੇ ਦੋਵੇਂ ਬੱਚਿਆਂ ਨਾਲ ਆਪਣੇ ਮਕਾਨ 'ਚ ਰਹਿੰਦੀ ਸੀ। ਘਟਨਾ ਵਾਲੇ ਦਿਨ ਸੋਹਨ ਲਾਲ ਮੋਟਰਸਾਈਕਲ 'ਤੇ ਜਸਵਾਲੀ ਪਿੰਡ ਆਇਆ 'ਤੇ ਘਰ 'ਚੋਂ ਦੋਵੇਂ ਬੱਚਿਆਂ ਨੂੰ ਫੁਸਲਾ ਕੇ ਆਪਣੇ ਨਾਲ ਲੈ ਗਿਆ ਤੇ ਰਾਜ ਪਰੂਰਾ ਪਿੰਡ ਵਿਖੇ ਘਰ 'ਚ ਜਾ ਕੇ ਉਸ ਨੇ ਹੱਤਿਆ ਤੇ ਖ਼ੁਦਕੁਸ਼ੀ ਦੀ ਘਟਨਾ ਨੂੰ ਅੰਜਾਮ ਦਿੱਤਾ।

## ਮਾਨ ਵੱਲੋਂ ਸੁਮੇਧ ਸੈਣੀ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿਚ ਪੰਜਾਬ ਦੇ ਮੁੱਖ ਸਕੱਤਰ ਰਾਕੇਸ਼ ਸਿੰਘ ਤੇ ਡੀ.ਜੀ.ਪੀ. ਸੁਮੇਧ ਸੈਣੀ ਸਮੇਤ ਪੰਜ ਵਿਅਕਤੀਆਂ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੈ। ਉਨ੍ਹਾਂ ਵੱਲੋਂ ਇਹ ਮੁਕੱਦਮਾ ਪਿਛਲੇ ਦਿਨੀਂ ਇਕ ਅਖ਼ਬਾਰ 'ਚ ਛਪੀ ਖ਼ਬਰ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ। ਪਟੀਸ਼ਨ 'ਚ ਸ. ਮਾਨ ਨੇ ਕਿਹਾ ਹੈ ਕਿ ਉਕਤ ਪੰਜ ਵਿਅਕਤੀਆਂ ਨੇ ਉਨ੍ਹਾਂ ਨੂੰ ਹਿੰਸਾ ਤੇ ਸੰਪਰਦਾਇਕ ਨਫ਼ਰਤ ਦੀ ਭਾਵਨਾ ਫੈਲਾਉਣ ਵਾਲਾ ਵਿਅਕਤੀ ਦੱਸਿਆ ਸੀ। ਜੁਡੀਸ਼ੀਅਲ ਮੈਜਿਸਟਰੇਟ ਮਹੇਸ਼ ਗਰੋਵਰ ਦੀ ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ 8 ਤਰੀਕ ਨਵੰਬਰ ਤੈਅ ਕੀਤੀ ਹੈ।

# ਮੰਟੋ ਦੀਆਂ ਧੀਆਂ ਨੇ ਭਾਰਤ ਆ ਕੇ ਜਾਣੀ ਅੱਬਾ ਦੀ ਮਕਬੂਲੀਅਤ



**ਸਮਰਾਲਾ (ਪੰਜਾਬ ਟਾਈਮਜ਼ ਬਿਊਰੋ):** ਉਰਦੂ ਦੇ ਮਸ਼ਹੂਰ ਕਹਾਣੀਕਾਰ ਸਆਦਤ ਹਸਨ ਮੰਟੋ ਦੀਆਂ ਤਿੰਨ ਬੇਟੀਆਂ ਬੀਬੀ ਨੁਸਰਤ ਜਲਾਲ, ਨੁਹਾਜ਼ਤ ਤੇ ਨਿਗਾਹਤ ਪਟੇਲ ਦਾ ਕਹਿਣਾ ਹੈ ਕਿ ਪਾਕਿਸਤਾਨ ਵਿਚੋਂ ਲਾਹੌਰ ਤੋਂ ਇਧਰਲੇ ਪੰਜਾਬ ਵਿਚ ਆਪਣੇ ਪਿਤਾ ਦੇ ਜਨਮ ਅਸਥਾਨ ਪਿੰਡ ਪਪੜੌਦੀ (ਨੇੜੇ ਸਮਰਾਲਾ) ਪਹੁੰਚਣ 'ਤੇ ਜੋ ਉਨ੍ਹਾਂ ਨੂੰ ਪਿੰਡ ਵਾਸੀਆਂ ਤੇ ਸਮਰਾਲਾ ਇਲਾਕਾ ਦੇ ਲੋਕਾਂ ਨੇ ਪਿਆਰ ਦਿੱਤਾ ਹੈ, ਉਸ ਨੂੰ ਉਹ ਕਦੇ ਨਹੀਂ ਭੁਲਾ ਸਕਣਗੀਆਂ। ਉਹ ਆਪਣੇ ਅੱਬਾ ਜਾਨ ਦੇ ਜਨਮ ਪਿੰਡ ਪਪੜੌਦੀ ਪਹੁੰਚੀਆਂ ਸਨ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਪਾਕਿਸਤਾਨ ਵਿਚ ਉਨ੍ਹਾਂ ਦੇ ਅੱਬਾ ਪ੍ਰਤੀ ਉਨ੍ਹਾਂ ਨੂੰ ਕੋਈ ਨਹੀਂ ਜਾਣਦਾ, ਇੱਥੇ ਆ ਕੇ ਪਤਾ ਲੱਗਾ ਕਿ ਉਨ੍ਹਾਂ ਦੇ ਅੱਬਾ ਏਨੇ ਮਕਬੂਲ ਲੇਖਕ ਸਨ।

ਉਰਦੂ ਦੇ ਮਸ਼ਹੂਰ ਲੇਖਕ ਸਆਦਤ ਹਸਨ ਮੰਟੋ ਦੀਆਂ ਧੀਆਂ ਦਾ ਮੰਨਣਾ ਹੈ ਕਿ ਸਾਹਿਤ ਭਾਰਤ ਤੇ ਪਾਕਿਸਤਾਨ ਨੂੰ ਨੇੜੇ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਮੰਟੋ ਦੀਆਂ ਧੀਆਂ ਆਪਣੇ ਪਿਤਾ ਦੀ ਜਨਮ ਸ਼ਤਾਬਦੀ ਸਬੰਧੀ ਸਮਾਗਮ ਵਿਚ ਹਿੱਸਾ ਲੈਣ ਲਈ ਭਾਰਤ ਆਈਆਂ ਹੋਈਆਂ ਹਨ। ਮੰਟੋ ਦੀ ਸਭ ਤੋਂ ਵੱਡੀ ਧੀ ਨਿਗਾਹਤ ਪਟੇਲ ਨੇ ਸੈਮੀਨਾਰ ਵਿਚ ਕਿਹਾ, "ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ ਦੋ ਅਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਨਾਲ ਦੋਵੇਂ ਮੁਲਕਾਂ ਦੇ ਲੋਕ ਨੇੜੇ ਆ ਸਕਦੇ ਹਨ।

ਮੁੰਬਈ ਵਿਚ ਜਨਮੀ ਨਿਗਾਹਤ ਜੋ ਇਸ ਵੇਲੇ 66 ਸਾਲਾਂ ਦੀ ਹੈ, ਦੇ ਪਿਤਾ ਦੀ ਜਦੋਂ ਮੌਤ ਹੋਈ, ਉਸ ਵੇਲੇ ਉਹ ਨੌਂ ਸਾਲਾਂ ਦੀ ਸੀ। ਇਸ ਲਈ ਉਸ ਨੂੰ ਆਪਣੇ ਅੱਬਾ ਬਾਰੇ ਧੁੰਦਲਾ ਹੀ ਚੇਤੇ ਹੈ। ਮੰਟੋ ਦੀ 42 ਸਾਲ ਦੀ ਉਮਰੇ 1955 ਵਿਚ ਮੌਤ ਹੋ ਗਈ ਸੀ। ਮੰਟੋ ਦੀ ਵਿਚਕਾਰਲੀ ਧੀ ਨੁਜ਼ਹਤ ਜੋ ਆਪਣੇ ਪਿਤਾ ਦੀ ਮੌਤ ਵੇਲੇ ਮਸਾਂ ਸੱਤ ਸਾਲਾਂ ਦੀ ਸੀ, ਨੇ ਦੱਸਿਆ ਕਿ ਉਸ ਦੇ ਤਿੰਨ ਪੁੱਤ ਹਨ ਤੇ ਉਸ ਦੇ ਵਿਚਕਾਰਲੇ ਮੁੰਡੇ ਨੂੰ ਲਿਖਣ-ਪੜ੍ਹਨ ਦਾ ਸ਼ੌਕ ਹੈ। ਆਸ ਹੈ ਕਿ ਉਹ ਆਪਣੇ ਨਾਨੇ ਵਰਗਾ ਤਾਂ ਨਹੀਂ ਘੱਟੋ-ਘੱਟ ਉਨ੍ਹਾਂ ਦੇ ਨੇੜੇ-ਤੇੜੇ ਤਕ ਤਾਂ ਪੁੱਜ ਹੀ ਜਾਵੇਗਾ।

ਮੰਟੋ ਦੀ ਤੀਜੀ ਧੀ ਨੁਸਰਤ ਜੋ ਆਪਣੇ ਪਿਤਾ ਦੀ ਮੌਤ ਵੇਲੇ ਰਿੜਦੀ ਹੀ ਸੀ, ਨੇ ਦੱਸਿਆ ਕਿ ਤਿੰਨੇ ਭੈਣਾਂ ਨੂੰ ਆਪਣੇ ਪਿਤਾ ਦੀ ਸਾਹਿਤਕ ਰਚਨਾ 'ਤੇ ਮਾਣ ਹੈ। ਪਿਤਾ ਜਦੋਂ ਜਿਉਂਦੇ ਸਨ ਤਾਂ ਉਨ੍ਹਾਂ ਨੂੰ ਬਹੁਤ ਮਾਨਤਾ ਨਹੀਂ ਮਿਲੀ ਪਰ ਹੁਣ ਉਨ੍ਹਾਂ ਦਾ ਜੋ ਸਤਿਕਾਰ ਹੋ ਰਿਹਾ ਹੈ, ਉਸ ਤੋਂ ਉਹ ਕਮੀ ਪੂਰੀ ਹੋ ਗਈ ਜਾਪਦੀ ਹੈ।

ਪਿੰਡ ਪਹੁੰਚਣ ਤੋਂ ਪਹਿਲਾਂ ਮੰਟੋ ਦੀਆਂ ਤਿੰਨੇ ਬੇਟੀਆਂ ਤੇ ਦਾਮਾਦ ਅਸਰਤ ਫਾਰੂਕ, ਪ੍ਰੋ. ਰਾਵੀਆ, ਪ੍ਰੋ. ਤਾਹਿਰਾ, ਇਕਬਾਲ ਤੇ ਪ੍ਰੋ. ਰਸੀਦ ਅਜਮਦ ਦਾ ਆਈ.ਟੀ.ਆਈ ਸਮਰਾਲਾ ਵਿਚ ਲੇਖਕ ਮੰਚ ਸਮਰਾਲਾ ਤੇ ਹੋਰ ਸਮਾਜਕ ਤੇ ਧਾਰਮਕ ਜਥੇਬੰਦੀਆਂ ਨੇ ਸੁਆਗਤ ਕੀਤਾ ਤੇ ਹਿੰਦ-ਪਾਕਿ ਦੋਸਤੀ ਦੇ ਨਾਅਰੇ ਲਾਏ। ਇਸ ਮੌਕੇ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਨੇ ਕਿਹਾ ਕਿ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਦਾ ਸਮੁੱਚਾ ਮਾਹੌਲ ਪੰਜਾਬੀ ਹੈ। ਕਹਾਣੀਆਂ ਦੇ ਬਹੁਤੇ ਪਾਤਰ ਸਿੱਖ ਪਿੱਠ-ਭੂਮੀ ਵਿਚੋਂ ਹਨ। ਖਾਸ ਕਰਕੇ ਮੰਟੋ ਦੀ ਜਗਤ ਪ੍ਰਸਿੱਧ ਕਹਾਣੀ 'ਟੋਬਾ ਟੇਕ ਸਿੰਘ' ਦਾ ਸਿੱਖ ਪਾਤਰ ਜਿਸ ਨੇ ਪੰਜਾਬ ਦੀ ਵੰਡ ਨੂੰ ਪ੍ਰਵਾਨ ਹੀ ਨਹੀਂ ਸੀ ਕੀਤਾ। ਪ੍ਰੋ. ਨੌਸ਼ਹਿਰਵੀ ਨੇ ਮੰਟੋ ਦੀਆਂ ਪ੍ਰਸਿੱਧ ਕਹਾਣੀਆਂ ਜਿਵੇਂ ਬਾਪੂ ਗੋਪੀ ਨਾਥ, ਦੋ ਕੌਮਾਂ, ਟੇਟਵਾਲ ਦਾ ਕੁੱਤਾ, ਧੂੰਆਂ, ਬੂ ਤੇ ਗੁਰਮੁਖ ਸਿੰਘ ਦੀ ਵਸੀਅਤ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ। ਮੰਟੋ ਦੀਆਂ ਬੇਟੀਆਂ ਨੇ ਆਪਣੇ ਅੱਬੂ ਜਾਨ ਦਾ ਜੱਦੀ ਘਰ ਵੇਖਿਆ ਜਿੱਥੇ ਇਕ ਸਦੀ ਪਹਿਲਾਂ ਸਆਦਤ ਹਸਨ ਮੰਟੋ ਦਾ ਜਨਮ ਹੋਇਆ ਸੀ। ਉਨ੍ਹਾਂ ਕਮਰਿਆਂ ਵਿਚ ਵੀ ਗਏ, ਜਿਥੇ ਉਨ੍ਹਾਂ ਦੇ ਪਿਤਾ ਦਾ ਜਨਮ ਬੀਤਿਆ ਸੀ। ਉਹ ਆਪਣੇ ਘਰ ਕਰੀਬ ਇਕ ਘੰਟਾ ਰੁਕੀਆਂ ਤੇ ਪਿੰਡ ਵਾਸੀਆਂ ਨਾਲ ਆਪਣੇ ਪਿਤਾ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਇਸ ਵੇਲੇ ਉਨ੍ਹਾਂ ਦੀਆਂ ਅੱਖਾਂ ਨਮ ਸਨ।

# ਮੰਟੋ ਦੀਆਂ ਧੀਆਂ ਤੇ ਉਨ੍ਹਾਂ ਦੇ ਨਾਨਕੇ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸਆਦਤ ਹਸਨ ਮੰਟੋ ਕੌਣ ਸੀ, ਉਸ ਦੀ ਅਜ਼ਮਤ ਦਾ ਭੇਤ ਕੀ ਸੀ, ਉਹ ਕਿੰਨੀ ਉਮਰ ਵਿਚ ਤੁਰ ਗਿਆ, ਤੇ ਉਹ ਕਿੰਨੀਆਂ ਧੀਆਂ ਦਾ ਪਿਤਾ ਸੀ? ਇਹ ਤੇ ਇਹੋ ਜਿਹੇ ਅਨੇਕਾਂ ਸਵਾਲਾਂ ਦਾ ਉਤਰ ਉਸ ਦੇ ਹਰ ਪਾਠਕ ਕੋਲ ਹੈ। ਉਸ ਦੀ ਮ੍ਰਿਤੂ ਸਮੇਂ ਉਸ ਦੀਆਂ ਧੀਆਂ ਦੀ ਉਮਰ ਨੌਂ, ਸੱਤ, ਤੇ ਪੰਜ ਸਾਲ ਤੋਂ ਘਟ ਸੀ, ਇਹ ਵੀ ਕਈਆਂ ਨੂੰ ਪਤਾ ਹੋਵੇਗਾ। ਮੰਟੋ ਦੇ ਤੁਰ ਜਾਣ ਤੋਂ ਪਿੱਛੋਂ ਉਸ ਦੀ ਪਤਨੀ ਸਾਫੀਆ ਦੀ ਬਾਂਹ ਕਿਸ ਨੇ ਫੜੀ, ਬਹੁਤ ਘੱਟ ਲੋਕਾਂ ਨੂੰ ਪਤਾ ਹੈ। ਇਹ ਸਭ ਕੁਝ ਜਾਨਣ ਦਾ ਸਬੱਬ ਪਿਛਲੇ ਦਿਨੀਂ ਬਣਿਆ। ਕਿਉਂ ਤੇ ਕਿਵੇਂ ਆਪਾਂ ਇਸ ਦੀ ਗੱਲ ਕਰਦੇ ਹਾਂ।

ਮੰਟੋ ਦੀਆਂ ਤਿੰਨੋ ਬੇਟੀਆਂ ਨਿਗਾਹਤ, ਨਜ਼ਾਹਤ ਤੇ ਨੁਸਰਤ ਅੱਜ ਕਲ ਅੰਮ੍ਰਿਤਸਰ, ਸਮਰਾਲਾ ਤੇ ਦਿੱਲੀ ਦਾ ਵੀਜ਼ਾ ਲਗਵਾ ਕੇ ਆਪਣੇ ਪਿਤਾ ਦੀ ਜਨਮ ਭੂਮੀ ਵੇਖਣ ਆਈਆਂ ਹੋਈਆਂ ਹਨ। ਮੈਂ ਸਮਰਾਲਾ ਤੋਂ ਦਿੱਲੀ ਤੱਕ ਉਨ੍ਹਾਂ ਦੇ ਅੱਗੇ ਪਿੱਛੇ ਸਫਰ ਕੀਤਾ ਹੈ। ਮੇਰੇ ਨਾਲ ਮੇਰੀ ਪਤਨੀ ਸੁਰਜੀਤ ਕੌਰ ਸੀ ਤੇ ਉਨ੍ਹਾਂ ਨਾਲ ਨਜ਼ਾਹਤ ਦਾ ਪਤੀ ਅਰਸ਼ਦ ਫਾਰੂਕ। ਬਹੁਤੀ ਜਾਣਕਾਰੀ ਦਾ ਸੋਮਾ ਅਰਸ਼ਦ ਤੇ ਸੁਰਜੀਤ ਦੀ ਆਪਸੀ ਗੱਲਬਾਤ ਹੈ।

ਮੰਟੋ ਦੀ ਪਤਨੀ ਕੇਵਲ ਸੱਤਵੀਂ ਪਾਸ ਸੀ। ਬੜੀ ਨਿੱਘੀ ਤੇ ਜਾਨਦਾਰ ਇਸਤਰੀ। ਉਸ ਨੂੰ ਇਹ ਨਿੱਘ ਅਪਣੀ ਮਾਂ ਕੋਲੋਂ ਮਿਲਿਆ ਸੀ ਜਿਹੜੀ ਮੂਲੋਂ ਅਨਪੜ੍ਹ ਸੀ ਤੇ ਜਿਸ ਦਾ ਪਤੀ ਉਸ ਦੀ ਜਵਾਨੀ ਸਮੇਂ ਅਫਰੀਕਾ ਵਿਚ ਬਰਤਾਨਵੀ ਸਰਕਾਰ ਦੀ ਨੌਕਰੀ ਕਰਦਾ ਸਮੂਹਕ ਹਿੰਸਾ ਦਾ ਸ਼ਿਕਾਰ ਹੋ ਗਿਆ ਸੀ। ਸਾਫੀਆ ਦੀ ਵਿਧਵਾ ਮਾਂ ਕੋਲ ਤਾਂ ਉਹ ਵੀ ਨਹੀਂ ਸੀ। ਉਸ ਨੂੰ ਉਸ ਦੀ ਵਿਧਵਾ ਮਾਂ ਨੇ ਜਿਹੜਾ ਹੌਸਲਾ ਤੇ ਠਰ੍ਹਮਾ ਦਿੱਤਾ ਉਸ ਦੀ ਮਿਸਾਲ ਘਟ ਹੀ ਮਿਲਦੀ ਹੈ। ਅਰਸ਼ਦ



*ਪਿੰਡ ਪਪੜੌਦੀ ਵਿਚ ਲੇਖਕ ਮੰਚ ਵਲੋਂ ਮੰਟੋ ਦੇ ਪਰਿਵਾਰ ਦਾ ਸਨਮਾਨ*

ਨੇ ਵੀ ਆਪਣੇ ਲਾਵਾਰਸ ਬੱਚਿਆਂ ਨੂੰ ਉਸੇ ਤਰ੍ਹਾਂ ਪਾਲਿਆ ਸੀ ਜਿਵੇਂ ਸਾਫੀਆ ਨੇ ਆਪਣੀ ਨਨ੍ਹੀ ਪਨੀਰੀ ਨੂੰ। ਇਸ ਪਨੀਰੀ ਦੀ ਨਾਨੀ ਨੂੰ ਤਾਂ ਮਰਹੂਮ ਨਾਨੇ ਦੀ ਮੋਟੀ ਪੈਨਸ਼ਨ ਮਿਲਦੀ ਸੀ ਪਰ ਸਾਫੀਆ ਦੇ ਸ਼ਬਦਾਂ ਵਿਚ ਦੋਵੇਂ ਮਾਂਵਾਂ-ਧੀਆਂ ਲਾਮਿਸਾਲ ਪਾਤਰ ਸਨ। ਧੀ ਤਾਂ 1977 ਵਿਚ ਚੱਲ ਵਸੀ ਪਰ ਉਸ ਦੀ ਮਾਂ 1988 ਤੱਕ ਜ਼ਿੰਦਾ ਰਹੀ। ਜਿਨ੍ਹਾਂ ਭਰਾਵਾਂ ਦੇ ਪਿਆਰ ਨੂੰ ਮੰਟੋ ਤਰਸਦਾ ਰਿਹਾ ਉਨ੍ਹਾਂ ਨੇ ਮੰਟੋ ਦੀਆਂ ਬੱਚੀਆਂ ਵਲ ਵੀ ਧਿਆਨ ਨਹੀਂ ਦਿੱਤਾ ਭਾਵੇਂ ਮੂੰਹ ਮੁਲਾਹਜਾ ਰਖਣ ਲਈ ਮਿਲਦੇ ਰਹਿੰਦੇ ਸਨ। ਮੰਟੋ ਦੀਆਂ ਧੀਆਂ ਨੂੰ ਉਨ੍ਹਾਂ ਦੀ ਨਾਨੀ ਤੇ ਮਾਮਿਆਂ ਨੇ ਪਾਲਿਆ ਹੀ ਨਹੀਂ ਐਮ ਏ ਤੱਕ ਪੜ੍ਹਾਇਆ ਤੇ ਵਿਆਹ ਕੇ ਆਪੋ-ਆਪਣੇ ਘਰੀਂ ਵੀ ਤੋਰਿਆ। ਜਵਾਈ ਚੰਗੇ ਹਨ। ਅਰਸ਼ਦ ਖੁਦ ਸੇਵਾ ਮੁਕਤ ਬੈਂਕਰ ਹੈ, ਨੁਸਰਤ ਦਾ ਪਤੀ ਲੇਖੇ ਜੋਖੇ ਨਾਲ ਸਬੰਧਤ ਨੌਕਰੀ ਛਡ ਕੇ ਚੰਗਾ ਖਾਸਾ ਪੇਂਟਰ ਬਣ ਚੁੱਕਾ ਹੈ। ਨਿਗਹਤ ਦੇ ਪਤੀ ਦੀ ਸਿਹਤ ਠੀਕ ਨਹੀਂ ਪਰ ਘਰੋਂ ਸੌਖਾ ਹੈ। ਤਿੰਨ ਦੇ ਤਿੰਨੋ ਜਵਾਈ ਵਿਧਵਾ ਮਾਂ ਤੇ ਵਿਧਵਾ ਨਾਨੀ ਦੀ ਲੱਭਤ ਹਨ।

ਤਿੰਨਾਂ ਭੈਣਾਂ ਦਾ ਆਪਸੀ ਪਿਆਰ ਵੀ ਲਾਮਿਸਾਲ ਹੈ। ਤਿੰਨੇ ਪਰਿਵਾਰ ਆਰਥਕ ਮੰਦੇ ਵਾਲੇ ਪਾਕਿਸਤਾਨ ਦੇ ਖਾਂਦੇ ਪੀਂਦੇ ਨਾਗਰਿਕ ਹਨ। ਉਨ੍ਹਾਂ ਦੀ ਦਰਿਆ-ਦਿਲੀ ਤੇ ਨਿੱਘ ਦੀ ਇਕ ਮਿਸਾਲ ਇਹ ਵੀ ਹੈ ਕਿ ਉਹ ਮੰਟੋ ਦੀਆਂ ਲਿਖਤਾਂ ਦੇ ਤਿੰਨ ਮੱਦਾਹਾਂ ਨੂੰ ਆਪਣੇ ਪਰਿਵਾਰ ਦੇ ਜੀਆਂ ਵਾਂਗ ਆਪਣੇ ਅੰਗ ਸੰਗ ਰਖਦੀਆਂ ਹਨ। ਫੈਸਲਾਬਾਦ ਤੋਂ ਆਈਆਂ ਤਾਹਿਰਾ ਇਕਬਾਲ ਤੇ ਰਾਬੀਆ ਸਰਫਰਾਜ਼ ਤਾਂ ਸਕੀਆਂ ਭੈਣਾਂ ਹੀ ਜਾਪਦੀਆਂ ਹਨ। ਲਾਹੌਰ ਦਾ ਜੰਮਪਲ ਮਿਰਜ਼ਾ ਹਾਮਿਦ ਬੇਗ ਉਰਦੂ ਵਿਚ ਅਫਸਾਨੇ ਲਿਖਦਾ ਹੈ ਤੇ ਉਨ੍ਹਾਂ ਲਈ ਭਰਾਵਾਂ ਤੋਂ ਵਧ ਹੈ। ਮੰਟੋ ਦੀਆਂ ਤਿੰਨੇ ਸਾਹਿਬਜ਼ਾਦੀਆਂ ਖੁਦ ਤਾਂ ਲੇਖਕ ਨਹੀਂ ਪਰ ਉਨ੍ਹਾਂ ਵਿਚੋਂ ਦੋ ਦੀ ਰੋਜ਼ੀ ਰੋਟੀ ਦਾ ਸਾਧਨ ਉਰਦੂ ਭਾਸ਼ਾ ਦਾ ਅਧਿਐਨ ਤੇ ਅਧਿਆਪਨ ਰਿਹਾ ਹੈ।

ਉਨ੍ਹਾਂ ਸਭਨਾਂ ਨੂੰ ਮਿਲਣਾ ਤੇ ਜਾਨਣਾ ਮੇਰੀ ਜ਼ਿੰਦਗੀ ਦਾ ਇਕ ਹਾਸਲ ਹੈ। ਮੇਰਾ ਹੀ ਨਹੀਂ ਮੰਟੋ ਦੇ ਸਮਕਾਲੀ ਖੁਸ਼ਵੰਤ ਸਿੰਘ ਦਾ ਵੀ ਜਿਸ ਨੇ ਢਿੱਲਾ ਹੋਣ ਦੇ ਬਾਵਜੂਦ ਉਨ੍ਹਾਂ ਲਈ ਇੱਕ ਸ਼ਾਮ ਕੱਢੀ। ਮੇਰਾ ਉਨ੍ਹਾਂ ਨੂੰ ਜਾਨਣ ਦਾ ਸਬੱਬ ਕਦੀ ਨਾ ਬਣਦਾ ਜੇ 'ਦੈਨਿਕ ਭਾਸਕਰ' ਵਾਲੀ ਸ਼ਾਇਦਾ ਮੈਨੂੰ ਮੰਟੋ ਫਾਊਂਡੇਸ਼ਨ ਦਾ ਕਾਰਕੁਨ ਨਾ ਬਣਾਉਂਦੀ ਤੇ ਆਲਮੀ ਉਰਦੂ ਟਰੱਸਟ ਦਾ ਚੇਅਰਮੈਨ ਏ ਰਹਿਮਾਨ ਉਨ੍ਹਾਂ ਦੇ ਵੀਜ਼ੇ ਲਗਵਾਉਣ ਵਿਚ ਦਿਨ ਰਾਤ ਇੱਕ ਨਾ ਕਰਦਾ। ਮੈਂ ਉਨ੍ਹਾਂ ਦੇ ਲੇਖਕ ਮੰਚ ਸਮਰਾਲਾ ਵਾਲੇ ਸਵਾਗਤ ਵਿਚ ਹੀ ਨਹੀਂ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵਲੋਂ ਕੀਤੇ ਸਨਮਾਨ ਸਮੇਂ ਵੀ ਹਾਜ਼ਰ ਸਾਂ। ਇਹ ਵੀ ਇੱਕ ਸਬੱਬ ਹੈ ਕਿ ਇਹ ਸਤਰਾਂ ਲਿਖਣ ਤੱਕ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਦੋਵਾਂ ਦੇਸ਼ਾਂ ਵਿਚ ਵੀਜ਼ੇ ਦੀਆਂ ਸ਼ਰਤਾਂ ਨਰਮ ਕਰ ਦਿੱਤੀਆ ਹਨ, ਖਾਸ ਕਰਕੇ ਵਡੇਰੀ ਉਮਰ ਦੇ ਬੰਦਿਆਂ ਲਈ। ਮੈਂ ਆਸ ਕਰਦਾ ਹਾਂ ਕਿ ਅੱਗੇ ਤੋਂ ਅਜਿਹੀਆਂ ਮਿਲਣੀਆਂ ਸੌਖੀਆਂ ਹੋ ਜਾਣਗੀਆਂ ਤੇ ਅਸੀਂ ਜਾਣ ਸਕਾਂਗੇ ਕਿ ਦੋਵਾਂ ਦੇਸ਼ਾਂ ਦੇ ਵਸਨੀਕ ਇੱਕ ਦੂਜੇ ਨੂੰ ਕਿੰਨਾ ਚਾਹੁੰਦੇ ਹਾਂ।

**ਅੰਤਿਕਾ:**

(ਪਰਸ਼ੋਤਮ ਅੱਬੀ 'ਆਜ਼ਰ')
ਤੂੰਧ ਨੂੰ ਜੇ ਮੈਂ ਪਾਗਲ ਕਹਿਨਾਂ,
ਤੂੰ ਦੱਸ ਦੇ ਕੀ ਹੋਰ ਕਹਾਂ।
ਕਿਉਂ ਕਿੱਕਰਾਂ ਦੇ ਪਿੰਡ ਵਿਚ ਯਾਰਾ
ਲਭਦਾ ਫਿਰਨੈ ਠੰਢੀ ਛਾਂ।

# ਰਣੀਕੇ ਨੇ ਸਰਕਾਰ ਨੂੰ ਕਸੂਤਾ ਫਸਾਇਆ

**ਚੰਡੀਗੜ੍ਹ:** ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਸਰਕਾਰ ਨੂੰ ਕਸੂਤਾ ਫਸਾ ਦਿੱਤਾ ਹੈ। ਅੰਮ੍ਰਿਤਸਰ ਵਿਚ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਅਟਾਰੀ ਵਿਧਾਨ ਸਭਾ ਹਲਕੇ ਵਿਚ ਪਹਿਲਾਂ ਦਿਹਾਤੀ ਵਿਕਾਸ ਫੰਡ ਵਿਚ 1.5 ਕਰੋੜ ਤੇ ਹੁਣ ਸਰਹੱਦੀ ਖੇਤਰ ਵਿਕਾਸ ਫੰਡ (ਕੇਂਦਰੀ ਫੰਡ) ਵਿਚ ਤਕਰੀਬਨ 2.6 ਕਰੋੜ ਰੁਪਏ ਦੇ ਘਪਲੇ ਵਿਚ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਗ੍ਰਿਫ਼ਤਾਰ ਕਰਨ ਤੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

ਵਿਰੋਧੀ ਧਿਰ ਵੱਲੋਂ ਇਸ ਮਾਮਲੇ 'ਤੇ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਾਥੀ ਮੰਤਰੀ ਦੇ ਸੁਰਖੀਆਂ ਵਿਚ ਆਉਣ 'ਤੇ ਚੁੱਪ ਵੱਟ ਲਈ ਹੈ। ਸ. ਬਾਦਲ ਦਾ ਕਹਿਣਾ ਹੈ ਕਿ ਰਣੀਕੇ ਦੇ ਮਾਮਲੇ 'ਤੇ ਪੁਲਿਸ ਵੱਲੋਂ ਪਹਿਲਾਂ ਹੀ ਜਾਂਚ ਕੀਤੀ ਜਾ ਰਹੀ ਹੈ। ਇਸ ਲਈ ਅਜਿਹੇ ਮਾਮਲੇ ਵਿਚ ਉਨ੍ਹਾਂ ਵੱਲੋਂ ਕੁਝ ਕਹਿਣਾ ਜਾਂਚ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਕੈਪਟਨ ਤੇ ਜਾਖੜ ਨੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਰਣੀਕੇ ਵੱਲੋਂ ਹੀ ਲਵਾਏ ਡੀ.ਐਸ.ਪੀ. ਨੂੰ ਸੌਂਪ ਦਿੱਤੀ ਗਈ ਹੈ। ਉਨ੍ਹਾਂ ਇਸ ਮਾਮਲੇ ਵਿਚ ਮੰਤਰੀ ਨੂੰ ਗ੍ਰਿਫ਼ਤਾਰ ਕਰਕੇ ਇਸ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਕੇਂਦਰੀ ਫੰਡਾਂ ਵਿਚ ਘਪਲੇ ਕਰਨ ਵਾਲਿਆਂ ਨੂੰ ਨਤੀਜੇ ਵੀ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਦੋ ਕੈਬਨਿਟ ਮੰਤਰੀ ਪਹਿਲਾਂ ਹੀ ਜੇਲ੍ਹ ਵਿਚ ਹਨ ਤੇ ਹੁਣ ਇਕ ਹੋਰ ਮੰਤਰੀ ਜੇਲ੍ਹ ਵਿਚ ਹੋਵੇਗਾ। ਬਠਿੰਡਾ ਵਿਚ ਵੀ ਕੇਂਦਰੀ ਫੰਡਾਂ ਦੀ ਵਰਤੋਂ ਦੀ ਜਾਂਚ ਜਾਰੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਨੇ ਕੇਂਦਰੀ ਫੰਡਾਂ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਕੀਤੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਪਿਛਲੇ ਵਰ੍ਹੇ ਕਿਸਾਨਾਂ ਲਈ ਸੋਕਾ ਰਾਹਤ ਵਜੋਂ 800 ਕਰੋੜ ਰੁਪਏ ਭੇਜੇ ਸਨ ਜਿਸ ਵਿਚੋਂ ਸੂਬਾ ਸਰਕਾਰ ਨੇ ਸਿਰਫ ਡੇਢ ਸੌ ਕਰੋੜ ਰੁਪਏ ਕਿਸਾਨਾਂ ਨੂੰ ਵੰਡੇ ਹਨ ਜਦੋਂਕਿ ਬਾਕੀ 650 ਕਰੋੜ ਰੁਪਏ ਦਾ ਕੋਈ ਹਿਸਾਬ ਨਹੀਂ ਹੈ। ਇਸੇ ਤਰ੍ਹਾਂ 115 ਕਰੋੜ ਲਿਟਰ ਮਿੱਟੀ ਦਾ ਤੇਲ ਕੇਂਦਰ ਸਰਕਾਰ ਵੱਲੋਂ ਗਰੀਬ ਪਰਿਵਾਰਾਂ ਨੂੰ ਵੰਡਣ ਲਈ ਭੇਜਿਆ ਗਿਆ ਸੀ ਤੇ ਇਹ ਤੇਲ 10 ਲਿਟਰ ਪ੍ਰਤੀ ਪਰਿਵਾਰ ਦਿੱਤਾ ਜਾਣਾ ਸੀ ਪਰ ਇਹ ਲੋਕਾਂ ਨੂੰ ਮਿਲਿਆ ਹੀ ਨਹੀਂ ਹੈ।

## ਵਿਸ਼ਵ ਬੈਂਕ ਦੇ ਸਰਵੇਖਣ 'ਚ ਪੰਜਾਬ ਨੂੰ ਤਰਜੀਹੀ ਸਥਾਨ

**ਚੰਡੀਗੜ੍ਹ:** ਵਿਸ਼ਵ ਬੈਂਕ ਨੇ ਸਰਵੇਖਣ 'ਚ ਪੰਜਾਬ ਨੂੰ ਭਾਰਤ ਵਿਚ ਨਿਵੇਸ਼ ਪੱਖੋਂ ਸਭ ਤੋਂ ਵੱਧ ਤਰਜੀਹੀ ਸਥਾਨ ਦਿੱਤਾ ਹੈ। ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਅਨਿਲ ਜੋਸ਼ੀ ਨੇ ਦੱਸਿਆ ਕਿ ਹਾਲ ਹੀ ਵਿਚ ਵਿਸ਼ਵ ਬੈਂਕ ਵੱਲੋਂ ਦੇਸ਼ ਵਿਚ ਨਿਵੇਸ਼ ਬਾਰੇ ਕੀਤੇ ਗਏ ਸਰਵੇਖਣ ਵਿਚ ਪੰਜਾਬ ਨੂੰ ਤਰਜੀਹੀ ਸਥਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਬੈਂਕ ਦੀ ਰਿਪੋਰਟ ਵਿਚ ਵੱਖ ਵੱਖ ਪਹਿਲੂਆਂ ਨੂੰ ਆਧਾਰ ਬਣਾਇਆ ਗਿਆ ਸੀ ਜਿਸ ਵਿਚ ਰਾਜ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤਾ ਗਿਆ ਰਿਕਾਰਡ ਨਿਵੇਸ਼ ਜਿਵੇਂ ਕਿ ਸੜਕਾਂ, ਹਵਾਈ ਤੇ ਰੇਲਵੇ ਕੁਨੈਕਟੀਵਿਟੀ ਤੇ ਸਰਕਾਰ ਵੱਲੋਂ ਐਲਾਨੀਆਂ ਗਈਆਂ ਰਿਆਇਤਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਵਿਸ਼ਵ ਬੈਂਕ ਦੀ ਸਟੱਡੀ ਵਿਚ ਅਟਾਰੀ ਵਿਖੇ ਸਥਾਪਤ ਕੀਤੀ ਗਈ ਸੰਗਠਿਤ ਚੈੱਕ ਪੋਸਟ ਤੇ ਬਠਿੰਡਾ ਵਿਖੇ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਪ੍ਰਾਜੈਕਟ ਬਾਰੇ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਸ੍ਰੀ ਜੋਸ਼ੀ ਨੇ ਕਿਹਾ ਕਿ ਰਾਜ ਵਿਚ ਪਹਿਲਾਂ ਨਿਵੇਸ਼ਕਾਂ ਨੂੰ ਬਿਜਲੀ ਦੀ ਕਮੀ ਕਾਰਨ ਵੱਡੀ ਸਮੱਸਿਆ ਆਉਂਦੀ ਸੀ ਜਿਹੜੀ ਕਿ ਅਗਲੇ ਸਾਲਾਂ ਵਿਚ ਤਿੰਨ ਥਰਮਲ ਪਲਾਂਟਾਂ ਦੇ ਸ਼ੁਰੂ ਹੋਣ ਨਾਲ ਦੂਰ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਵਾਹਗਾ ਬਾਰਡਰ 'ਤੇ ਸਥਾਪਿਤ ਚੈੱਕ ਪੋਸਟ ਪੰਜਾਬ ਦੇ ਵਪਾਰ ਦੀ ਰੀੜ੍ਹ ਦੀ ਹੱਡੀ ਬਣੇਗੀ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਵਪਾਰੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਮੁੰਬਈ ਬੰਦਰਗਾਹ ਦੀ ਤਰ੍ਹਾਂ ਸੰਗਠਿਤ ਚੈੱਕ ਪੋਸਟ ਰਾਹੀਂ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਸੂਚੀ 137 ਤੋਂ ਵਧਾ ਕੇ 6000 ਕੀਤੀ ਜਾਵੇ।

Wanted Owner Operators

ਸਟਾਕਟਨ ਦੀ ਇਕ ਬਹੁਤ ਹੀ ਵਧੀਆ ਟਰੱਕਿੰਗ ਕੰਪਨੀ ਨੂੰ ਓਨਰ ਆਪਰੇਟਰਾਂ ਦੀ ਲੋੜ ਹੈ

ਸਾਡੇ ਕੋਲ ਲੋਡ ਦੀ ਕੋਈ ਕਮੀ ਨਹੀਂ
ਅਤੇ ਤੁਸੀਂ 48 ਸਟੇਟਾਂ ਵਿਚ ਜਿਸ
ਤਰ੍ਹਾਂ ਦਾ ਚਾਹੋ, ਲੋਡ ਲੈ ਸਕਦੇ ਹੋ
ਤੇਲ ਲਈ ਕਾਰਡ ਜਾਂ ਕੌਮ ਚੈਕ ਲਓ
ਹਰ ਗੇੜੇ ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ
ਫੋਨ: 209-479-0242



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ
ਉਨੇ ਹੀ ਮਿੰਟ ਕੱਟੇ ਜਾਣਗੇ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸ਼ਨਿਚਰਵਾਰ, 15 ਸਤੰਬਰ 2012*

## ਸਾਂਝ ਦੇ ਸੁਨੇਹੇ

ਭਾਰਤ ਤੇ ਪਾਕਿਸਤਾਨ ਵਿਚਕਾਰ ਵੀਜ਼ੇ ਬਾਰੇ ਹੋਇਆ ਸਮਝੌਤਾ ਦੋਹਾਂ ਮੁਲਕਾਂ ਦੇ ਆਵਾਮ ਲਈ ਸ਼ੁਭ ਸ਼ਗਨ ਹੈ। ਆਉਣ ਵਾਲੇ ਵਕਤਾਂ ਦੌਰਾਨ ਇਸ ਸਮਝੌਤੇ ਨੇ ਸਿਆਸੀ, ਆਰਥਿਕ ਅਤੇ ਬਿਨਾਂ ਸ਼ੱਕ, ਸਮਾਜਕ ਖੇਤਰ ਵਿਚ ਅਹਿਮ ਰੋਲ ਅਦਾ ਕਰਨਾ ਹੈ। ਇਸ ਸਮਝੌਤੇ ਨਾਲ ਦੋਹਾਂ ਮੁਲਕਾਂ ਦੇ ਆਵਾਮ ਲਈ ਸਮਝੋ ਦਿਲਾਂ ਦੇ ਸੌਦੇ ਹੋਏ ਹਨ। ਇਸ ਸਿਲਸਿਲੇ ਵਿਚ ਸਭ ਤੋਂ ਅਹਿਮ ਨੁਕਤਾ ਇਹ ਹੈ ਕਿ ਕਾਰੋਬਾਰ ਦੇ ਨਾਲ-ਨਾਲ ਦੋਹਾਂ ਮੁਲਕਾਂ ਦੇ ਲੋਕ ਹੁਣ ਸੌਖਿਆਂ ਹੀ ਇਕ-ਦੂਜੇ ਨੂੰ ਗਲਵੱਕੜੀ ਵਿਚ ਲੈ ਸਕਣਗੇ। ਦੋਹਾਂ ਮੁਲਕਾਂ ਦਾ ਇਹ ਦੁਖਾਂਤ ਹੀ ਰਿਹਾ ਹੈ ਕਿ ਆਜ਼ਾਦੀ ਤੋਂ ਬਾਅਦ ਰਿਸ਼ਤੇ ਸਹਿਜ ਨਹੀਂ ਰਹਿ ਸਕੇ। ਦੋਹਾਂ ਪਾਸਿਆਂ ਦੇ ਲੋਕ ਭਾਵੇਂ ਆਪਸ ਵਿਚ ਜੱਫੀ ਪਾਉਣ ਲਈ ਸਦਾ ਤੜਫਦੇ ਰਹੇ ਹਨ ਪਰ ਹਾਕਮਾਂ ਦੀਆਂ ਨੀਤੀਆਂ ਨੇ ਸਾਂਝ ਦੀਆਂ ਬਾਂਹਾਂ ਭੰਨ ਸੁੱਟੀਆਂ ਸਨ। ਇਸ ਦਾ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਨੂੰ ਸਹਿਣਾ ਪਿਆ। ਹੁਣ ਜਦੋਂ ਸਾਂਝ ਦੀ ਸਵੇਰ, ਲਿਖਤੀ ਸੁਨੇਹੇ ਦੇ ਰੂਪ ਵਿਚ ਦੋਹਾਂ ਮੁਲਕਾਂ ਦੇ ਵਿਹੜਿਆਂ ਵਿਚ ਚੜ੍ਹ ਰਹੀ ਹੈ ਤਾਂ ਇਸ ਦਾ ਸਭ ਤੋਂ ਵੱਧ ਫਾਇਦਾ ਵੀ ਪੰਜਾਬੀਆਂ ਨੂੰ ਹੀ ਹੋਵੇਗਾ। ਹੁਣ ਟੁੱਟੀਆਂ ਤਾਂ ਗੰਢੀਆਂ ਹੀ ਜਾ ਸਕਣਗੀਆਂ, ਵਪਾਰ-ਕਾਰੋਬਾਰ ਦਾ ਵੀ ਨਵਾਂ ਚੈਪਟਰ ਲਿਖਿਆ ਜਾ ਸਕੇਗਾ। ਸਿਆਸੀ ਕਾਰਨਾਂ ਕਰ ਕੇ ਦੋਹਾਂ ਪੰਜਾਬਾਂ ਵਿਚਕਾਰ ਪਾੜਾ 1947 ਦੀ ਵੰਡ ਵੇਲੇ ਪਿਆ ਸੀ। ਵੰਡ ਵੇਲੇ ਜਿਸ ਪੀੜ੍ਹੀ ਨੇ ਇਹ ਦਰਦ ਹੰਢਾਇਆ, ਉਹ ਭਾਵੇਂ ਹੌਲੀ-ਹੌਲੀ ਖਤਮ ਹੋ ਰਹੀ ਹੈ, ਪਰ ਇਸ ਪੀੜ੍ਹੀ ਵੱਲੋਂ ਬਿਆਨ ਕੀਤੀਆਂ ਦਰਦ ਭਰੀਆਂ ਕਹਾਣੀਆਂ ਦਾ ਸੇਕ ਅਜੇ ਵੀ ਮੱਠਾ ਨਹੀਂ ਪਿਆ ਹੈ। ਉਸ ਭਾਵੇ ਸਮੇਂ ਦੌਰਾਨ ਕਿਸ ਤਰ੍ਹਾਂ ਲੋਕ ਰਾਤੋ-ਰਾਤ ਇਕ-ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਸਨ, ਚਿਤਵਿਆ ਵੀ ਨਹੀਂ ਜਾ ਸਕਦਾ। ਸਭ ਤੋਂ ਵੱਡਾ ਸਦਮਾ ਅਤੇ ਸਬਕ ਤਾਂ ਇਹ ਵੀ ਹੈ ਕਿ ਅੰਗਰੇਜ਼ਾਂ ਨੇ ਵੀ ਉਹ ਘੱਲੂਘਾਰਾ ਹੋ ਲੈਣ ਦਿੱਤਾ! ਹੁਣ ਤੱਕ ਇਹੀ ਸੁਣਿਆ ਹੈ ਕਿ ਅੰਗਰੇਜ਼ਾਂ ਦੇ ਰਾਜ ਵਿਚ ਤਾਂ ਪੁੱਛੇ ਬਗੈਰ ਪੱਤਾ ਵੀ ਨਹੀਂ ਸੀ ਹਿਲ ਸਕਦਾ; ਅੱਜ ਦੇ ਹਾਲਾਤ ਤੋਂ ਤਪੇ ਹੋਏ ਕੁਝ ਬਜ਼ੁਰਗ ਤਾਂ ਇਹ ਵੀ ਕਹਿ ਦਿੰਦੇ ਹਨ ਕਿ ਅੰਗਰੇਜ਼ਾਂ ਦਾ ਰਾਜ ਹੁਣ ਨਾਲੋਂ ਕਈ ਦਰਜੇ ਚੰਗਾ ਸੀ; ਪਰ ਇਹ ਸਵਾਲ ਅਜੇ ਤੱਕ ਅਣ-ਸੁਲਝਾਇਆ ਹੀ ਹੈ ਕਿ ਅੰਗਰੇਜ਼ਾਂ ਨੇ ਉਸ ਵੇਲੇ ਉਠੀ ਫਿਰਕੂ ਹਨ੍ਹੇਰੀ ਥੰਮ੍ਹਣ ਲਈ ਕੋਈ ਚਾਰਾ ਕਿਉਂ ਨਾ ਕੀਤਾ? 1984 ਵਿਚ ਸਿੱਖਾਂ ਦੇ ਕਤਲੇਆਮ ਅਤੇ 2001 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਬਾਰੇ ਇਹ ਸਹੀ ਨਤੀਜਾ ਕੱਢਿਆ ਜਾ ਚੁੱਕਾ ਹੈ ਕਿ ਜੇ ਸਰਕਾਰ ਚਾਹੁੰਦੀ ਤਾਂ ਇਹ ਕਤਲੇਆਮ ਰੋਕ ਸਕਦੀ ਸੀ। ਕਿਸੇ ਨੇ ਇਹੀ ਸਵਾਲ ਵੰਡ ਵੇਲੇ ਅੰਗਰੇਜ਼ਾਂ ਲਈ ਨਹੀਂ ਕੀਤਾ! ਬੱਸ, ਇਹੀ ਕਹਿ ਕੇ ਖੁਦ ਨੂੰ ਕੋਸ ਲਿਆ ਕਿ ਉਸ ਵੇਲੇ ਮਨਾਂ ਅੰਦਰ ਪਤਾ ਨਹੀਂ ਕੀ ਫਤੂਰ ਉਠਿਆ ਸੀ ਕਿ ਰਾਤੋ-ਰਾਤ ਲੋਕ ਇਕ-ਦੂਜੇ ਨੂੰ ਵੱਢਣ-ਟੁੱਕਣ ਤੁਰ ਪਏ!!

ਅਸਲ ਵਿਚ ਪਿਛਲੇ ਸਾਢੇ ਛੇ ਦਹਾਕਿਆਂ ਦੌਰਾਨ ਦੋਹਾਂ ਮੁਲਕਾਂ ਨੇ ਸਿਆਸੀ-ਸਮਾਜਕ-ਆਰਥਿਕ ਪੱਧਰ 'ਤੇ ਜਿਹੜੀਆਂ ਦੁਸ਼ਵਾਰੀਆਂ ਹੰਢਾਈਆਂ ਹਨ, ਉਨ੍ਹਾਂ ਦੀਆਂ ਜੜ੍ਹਾਂ ਅੰਗਰੇਜ਼ ਦੀਆਂ ਉਸ ਨੀਤੀ ਵਿਚ ਪਈਆਂ ਹਨ ਜਿਸ ਨਾਲ ਵੱਖ-ਵੱਖ ਧਰਮਾਂ ਦੇ ਆਵਾਮ ਵਿਚਕਾਰ ਪਾੜਾ ਲਗਾਤਾਰ ਵਧਦਾ ਗਿਆ। ਇਸ ਤੋਂ ਅਗਲਾ ਦੁਖਾਂਤ ਇਹ ਵਾਪਰਿਆ ਕਿ ਉਰਦੂ ਮੁਸਲਮਾਨਾਂ ਦੀ ਭਾਸ਼ਾ ਹੋ ਗਈ, ਹਿੰਦੀ ਹਿੰਦੂਆਂ ਨੇ ਸਾਂਭ ਲਈ ਅਤੇ ਪੰਜਾਬੀ ਨੂੰ ਨਿਰੋਲ ਸਿੱਖਾਂ ਨਾਲ ਜੋੜ ਦਿੱਤਾ ਗਿਆ। ਇਸ ਭਾਸ਼ਾ-ਵੰਡ ਦਾ ਅਸਰ ਭਰਵੇਂ ਰੂਪ ਵਿਚ ਸਾਡੇ ਸਾਹਮਣੇ ਹੈ, ਪਰ ਹੁਣ ਤੱਕ ਪੁਲਾਂ ਹੇਠੋਂ ਇੰਨਾ ਕੁ ਪਾਣੀ ਲੰਘ ਚੁੱਕਾ ਹੈ ਕਿ ਚਾਹੁੰਦਿਆਂ ਹੋਇਆਂ ਵੀ ਕੁਝ ਮਸਲਿਆਂ 'ਤੇ ਨਜ਼ਰਸਾਨੀ ਸੰਭਵ ਨਹੀਂ ਰਹੀ। ਪਾਕਿਸਤਾਨ ਦਾ ਆਪਣਾ ਹਾਲ ਕੋਈ ਬਹੁਤਾ ਚੰਗਾ ਨਹੀਂ। ਤਕਰੀਬਨ ਦਹਾਕਾ ਪਹਿਲਾਂ ਪੱਤਰਕਾਰ ਨਜਮ ਸੇਠੀ ਨੇ ਪਾਕਿਸਤਾਨ ਨੂੰ 'ਅਸਫਲ ਸਟੇਟ' ਆਖਿਆ ਸੀ, ਹੁਣ ਪਾਕਿਸਤਾਨ ਵਿਚ ਜਿਸ ਤਰ੍ਹਾਂ ਦਾ ਰੋਲ ਫੌਜ ਨਿਭਾ ਰਹੀ ਹੈ ਅਤੇ ਜਿਸ ਤਰ੍ਹਾਂ ਧਾਰਮਿਕ ਜਥੇਬੰਦੀਆਂ ਕੱਟੜਤਾ ਦੀ ਹਰ ਸੀਮਾ ਪਾਰ ਕਰ ਚੁੱਕੀਆਂ ਹਨ, ਨਜਮ ਸੇਠੀ ਦੀ ਉਦੋਂ ਕੀਤੀ ਟਿੱਪਣੀ ਸਹੀ ਜਾਪਣ ਲੱਗ ਪਈ ਹੈ। ਥੋੜ੍ਹੇ-ਬਹੁਤੇ ਫਰਕ ਨਾਲ ਭਾਰਤ ਦਾ ਹਾਲ ਵੀ ਪਾਕਿਸਤਾਨ ਤੋਂ ਬਹੁਤਾ ਵੱਖਰਾ ਨਹੀਂ। ਭਾਰਤ ਵਿਚ ਬਹੁਤ ਕੁਝ ਜਮਹੂਰੀਅਤ ਦੇ ਪਰਦੇ ਥੱਲੇ ਢਕਿਆ ਗਿਆ ਹੈ। 20ਵੀਂ ਸਦੀ ਦੇ ਪਿਛਲੇ ਸਾਲਾਂ ਦੌਰਾਨ ਪੰਜਾਬ ਨੇ ਜਿੰਨੀ ਹਿੰਸਾ ਆਪਣੇ ਪਿੰਡੇ ਉਤੇ ਝੱਲੀ ਹੈ, ਉਸ ਦਾ ਸਿੱਧਾ ਸਬੰਧ ਭਾਰਤੀ ਜਮਹੂਰੀਅਤ ਦੀ ਅਸਫਲਤਾ ਨਾਲ ਹੀ ਤਾਂ ਜੁੜਦਾ ਹੈ। ਕਈ ਕਾਰਨਾਂ ਕਰ ਕੇ ਦੋਹਾਂ ਮੁਲਕਾਂ ਵਿਚ ਅਜਿਹੇ ਹਾਲਾਤ ਵਾਰ-ਵਾਰ ਬਣਦੇ ਰਹੇ ਹਨ। ਇਸ ਪ੍ਰਸੰਗ ਵਿਚ ਦੋਹਾਂ ਮੁਲਕਾਂ ਵੱਲੋਂ ਪਾਈ ਵੀਜ਼ਾ-ਗਲਵੱਕੜੀ ਪੰਜਾਬੀਆਂ ਲਈ ਆਸਾਂ ਲੈ ਕੇ ਬਹੁੜੀ ਹੈ। ਇਸ ਆਸ ਨੂੰ ਬੂਰ ਪੈਣ ਦੀਆਂ ਸੰਭਾਵਨਾਵਾਂ ਇਸ ਕਰ ਕੇ ਵੀ ਵੱਧ ਹਨ ਕਿ ਦੋਹਾਂ ਪੰਜਾਬਾਂ ਦੀ ਨਵੀਂ ਪੀੜ੍ਹੀ ਆਪਸੀ ਰਿਸ਼ਤਿਆਂ ਨੂੰ ਨਵੇਂ ਸਿਰਿਓਂ ਪਰਿਭਾਸ਼ਤ ਕਰਨ ਵੱਲ ਅਹੁਲ ਰਹੀ ਹੈ। ਇਸ ਪੀੜ੍ਹੀ ਨੇ ਵੰਡ ਦਾ ਉਹ ਦਰਦ ਬਜ਼ੁਰਗਾਂ ਦੀਆਂ ਗੱਲਾਂ ਅਤੇ ਸਾਹਿਤ ਦੀਆਂ ਸਾਖੀਆਂ ਰਾਹੀਂ ਮਹਿਸੂਸ ਕੀਤਾ ਹੈ। ਸਭ ਤੋਂ ਵੱਡੀ ਗੱਲ, ਇਸ ਪੀੜ੍ਹੀ ਨੇ ਪੰਜਾਬੀਆਂ ਦੇ ਦਿਲਾਂ ਵਿਚ ਉਸ ਵਕਤ ਉਠੀ ਨਫਰਤ ਦੀ ਹਨ੍ਹੇਰੀ ਬਾਰੇ ਸਵਾਲ ਕੀਤੇ ਹਨ। ਇਹ ਸਵਾਲ ਦਿਲ ਦੀਆਂ ਟੁੱਟੀਆਂ ਗੰਢਣ ਵਾਲੇ ਹਨ। ਤਿੰਨ-ਚਾਰ ਪੀੜ੍ਹੀਆਂ ਦੀ 'ਦੁਸ਼ਮਣੀ' ਤੋਂ ਬਾਅਦ ਹੁਣ ਦੋਸਤੀ ਦੀ ਫਿਜ਼ਾ ਰੁਮਕੀ ਹੈ। ਇਸ ਫਿਜ਼ਾ ਵਿਚ ਸਾਹ ਲੈਣਾ ਅਤੇ ਇਸ ਦੌਰ ਦੇ ਗਵਾਹ ਬਣਨਾ ਕਿਸੇ ਤਮਗੇ ਤੋਂ ਘੱਟ ਨਹੀਂ। ਅਸੀਂ ਆਪਣੇ ਬਜ਼ੁਰਗਾਂ ਕੋਲੋਂ ਵੰਡ ਵੇਲੇ ਦੇ ਦਰਦ ਦੀਆਂ ਕਹਾਣੀਆਂ ਬਹੁਤ ਸੁਣ ਚੁੱਕੇ ਹਾਂ, ਹੁਣ ਸਾਂਝ ਦੀਆਂ ਕਹਾਣੀਆਂ ਪਾਉਣ ਦੀ ਬੇਲਾ ਹੈ। ਇਹ ਸਾਂਝ ਸਾਡੇ ਗੁਰੂ ਸਹਿਬਾਨ ਵੱਲੋਂ ਦਿੱਤੇ ਸਰਬੱਤ ਦੇ ਭਲੇ ਵਾਲੇ ਸੁਨੇਹੇ ਦੀ ਅਗਲੀ ਕੜੀ ਹੈ। ਇਸ ਕੜੀ ਵਿਚ ਜਿੰਨੀਆਂ ਵੀ ਲੜੀਆਂ ਹੋਰ ਜੁੜਨਗੀਆਂ, ਉਹ ਸਾਂਝ ਦੇ ਅਗਲੇ ਸਮਿਆਂ ਦਾ ਸਿਰਨਾਵਾਂ ਬਣਨਗੀਆਂ। ਕਹਿਣਾ ਚਾਹੀਦਾ ਹੈ ਕਿ ਸਾਂਝ ਦੇ ਇਹ ਸੁਨੇਹੇ ਅਗਲੀਆਂ ਪੀੜ੍ਹੀਆਂ ਦੀਆਂ ਉਡਾਣਾਂ ਲਈ ਆਧਾਰ ਹਨ, ਤੇ ਉਡਾਣ ਭਰਨ ਵਾਲਿਆਂ ਦਾ ਮੂੰਹ ਸਦਾ ਅਗਾਂਹ ਵੱਲ ਹੁੰਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨਕਸ਼ਾ ਪੰਜਾਬ ਦਾ!

ਨਸ਼ੇ-ਖੋਰੀ ਨੇ ਸਿਵਿਆਂ ਦੇ ਰਾਹ ਪਾਈ, ਬੇ-ਗ਼ੈਰਤੀ ਹੋਈ ਮੁੰਡੀਰ ਯਾਰੋ।
ਬੀਬੇ ਕਾਕੇ ਤੇ ਕਾਕੀਆਂ 'ਲੋਪ ਹੋਏ, ਤੁਰੇ ਫਿਰਦੇ ਨੇ ਰਾਂਝੇ ਤੇ ਹੀਰ ਯਾਰੋ।
ਹੁਣ ਦੀ ਦਰੋਪਦੀ ਸ਼ਰ੍ਹੇ-ਬਾਜ਼ਾਰ ਫਿਰਦੀ, ਲਾਹ ਕੇ ਆਪਣੇ ਆਪ ਹੀ ਚੀਰ ਯਾਰੋ।
ਅੰਨੇ ਕਾਮ ਨੂੰ ਪਿਆਰ ਦਾ ਨਾਮ ਦਿੰਦੇ, ਐਸਾ ਨਜ਼ਰ ਵਿਚ ਪੈ ਗਿਆ ਟੀਰ ਯਾਰੋ।
ਇੱਜ਼ਤ ਅਣਖ ਸਵੈਮਾਨ ਨਾ ਨਜ਼ਰ ਆਵੇ, ਬਣਿਆ ਪੈਸਾ ਈਮਾਨ ਤੇ ਪੀਰ ਯਾਰੋ।
ਹਾਲ ਦੇਖ ਕੇ ਤੜਫਦੇ ਮਾਪਿਆਂ ਦਾ, ਡੁੱਲ੍ਹ ਪੈਂਦਾ ਏ ਅੱਖਾਂ 'ਚੋਂ ਨੀਰ ਯਾਰੋ!

# ਈਮਾਨਦਾਰ ਬੁੱਧੀਜੀਵੀ ਦੀ ਹੋਣੀ

***ਨੌਮ ਚੌਮਸਕੀ ਅਮਰੀਕਾ ਹੀ ਨਹੀਂ, ਸੰਸਾਰ ਦਾ ਧਨੰਤਰ ਵਿਦਵਾਨ ਹੈ। ਵੱਖ-ਵੱਖ ਮਸਲਿਆਂ ਬਾਰੇ ਉਸ ਨੇ ਸਦਾ ਹੀ ਆਪਣੇ ਮੌਲਿਕ ਵਿਚਾਰਾਂ ਨਾਲ ਸੰਸਾਰ ਭਰ ਦੇ ਬੁਧੀਜੀਵੀਆਂ ਦਾ ਧਿਆਨ ਖਿੱਚਿਆ ਹੈ। ਉਹ ਸਦਾ ਹਵਾ ਦੇ ਉਲਟ ਰੁਖ਼ ਤੁਰਿਆ ਹੈ। ਇਸ ਲੇਖ ਵਿਚ ਉਸ ਨੇ ਜਿਹੜੀ ਬਾਤ ਪਾਈ ਹੈ, ਉਹ ਗੌਲਣ ਵਾਲੀ ਹੈ। ਅੱਜ ਦੇ ਯੁੱਗ ਵਿਚ ਸੱਚ ਬੋਲਣ ਦੀ ਜੋ ਕੀਮਤ ਤਾਰਨੀ ਪੈਂਦੀ, ਇਸ ਲੇਖ ਵਿਚ ਬਿਆਨ ਕੀਤੀ ਗਈ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਸ ਲੇਖ ਦਾ ਅਨੁਵਾਦ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***


ਤੁਹਾਡੇ ਵਿਚੋਂ ਕਿੰਨੇ ਕੁ ਜੋਨ ਪੀਟਰਸ ਤੇ ਉਹਦੀ ਕਿਤਾਬ ਬਾਰੇ ਜਾਣਦੇ ਹਨ? 1984 ਵਿਚ ਇਹ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਸੀ। ਜੋਨ ਪੀਟਰਸ ਨਾਂ ਦੀ ਔਰਤ ਦੀ ਲਿਖੀ (ਜਾਂ ਘੱਟੋ-ਘੱਟ ਉਹਦੇ ਦਸਤਖ਼ਤਾਂ ਹੇਠ ਛਪੀ) ਇਸ ਕਿਤਾਬ ਦੇ ਦਸ ਐਡੀਸ਼ਨ ਛਪੇ। ਫੁੱਟ ਨੋਟ ਦੇਖ ਕੇ ਲੱਗਦਾ ਸੀ ਕਿ ਇਹ ਕਿਸੇ ਵੱਡੇ ਵਿਦਵਾਨ ਦੀ ਘਾਲਣਾ ਹੈ। ਇਸ ਦਾ ਉਦੇਸ਼ ਸੀ, ਫ਼ਲਸਤੀਨੀ ਤਾਂ ਇੱਥੇ (ਸਾਬਕਾ ਫ਼ਲਸਤੀਨ ਦੀ ਸਰਜ਼ਮੀਨ 'ਤੇ 1920 ਤੋਂ 1948 ਦੇ ਸਾਲਾਂ 'ਚ ਵਸਾਏ ਯਹੂਦੀ ਇਲਾਕਿਆਂ) ਹੁਣੇ ਜਿਹੇ ਆ ਕੇ ਵਸੇ ਪਰਵਾਸੀ ਲੋਕ ਹਨ। ਇਹ ਕਿਤਾਬ ਬਹੁਤ ਹਰਮਨਪਿਆਰੀ ਹੋਈ। ਸੈਂਕੜੇ ਰੀਵਿਊਕਾਰਾਂ ਨੇ ਇਸ ਦੇ ਸੋਹਲੇ ਗਾਏ। ਇਕ ਵੀ ਨਾਂਹਪੱਖੀ ਰੀਵਿਊ ਨਹੀਂ ਆਇਆ। 'ਦੀ ਵਾਸ਼ਿੰਗਟਨ ਪੋਸਟ', 'ਦੀ ਨਿਊ ਯਾਰਕ ਟਾਈਮਜ਼', ਹਰ ਕੋਈ ਇਸ ਦੀਆਂ ਸਿਫ਼ਤਾਂ ਕਰ ਰਿਹਾ ਸੀ। ਇਹ ਕਿਤਾਬ ਸਾਬਤ ਕਰਦੀ ਸੀ ਕਿ ਫ਼ਲਸਤੀਨੀ ਨਾਂ ਦੇ ਕੋਈ ਲੋਕ ਹੈ ਹੀ ਨਹੀਂ! ਨਿਰਸੰਦੇਹ, ਇਸ ਦਾ ਗੁੱਝਾ ਅਰਥ ਸੀ ਕਿ ਜੇ ਇਸਰਾਇਲ ਇਨ੍ਹਾਂ ਨੂੰ ਇੱਥੋਂ ਦਬੱਲ ਦੇਵੇ ਤਾਂ ਇਹ ਕੋਈ ਇਖ਼ਲਾਕੀ ਮੁੱਦਾ ਨਹੀਂ ਬਣਦਾ। ਇਸ ਵਿਚ ਵਸੋਂ ਬਾਰੇ ਹਰ ਤਰ੍ਹਾਂ ਦਾ ਵਿਸ਼ਲੇਸ਼ਣ ਦਿੱਤਾ ਗਿਆ ਸੀ, ਤੇ ਸ਼ਿਕਾਗੋ ਯੂਨੀਵਰਸਿਟੀ 'ਚ ਆਬਾਦੀ ਬਾਰੇ ਪ੍ਰੋਫ਼ੈਸਰ ਫਿਲਿਪ ਐਮ ਹੌਜ਼ਰ ਨੇ ਇਸ 'ਤੇ ਮੋਹਰ ਵੀ ਲਾਈ ਹੋਈ ਸੀ। ਇਹ ਉਸ ਵਰ੍ਹੇ ਦਾ ਵੱਡਾ ਬੌਧਿਕ ਮਾਅਰਕਾ ਸੀ: ਸਾਊਲ ਬੈਲੋ, ਬਾਰਬਰਾ ਟੁਚਮੈਨ, ਹਰ ਕੋਈ ਇਸ ਨੂੰ ਬਹੁਤ ਮਹਾਨ ਸ਼ੈਅ ਦੱਸ ਰਿਹਾ ਸੀ। ਖ਼ੈਰ, ਨਾਰਮਨ ਫਿੰਕਲਸਟੇਨ ਜੋ ਪ੍ਰਿੰਸਟਨ ਯੂਨੀਵਰਸਿਟੀ ਵਿਖੇ ਗਰੈਜੂਏਸ਼ਨ ਦਾ ਵਿਦਿਆਰਥੀ ਸੀ, ਨੇ ਕਿਤਾਬ ਨਿੱਠ ਕੇ ਪੜ੍ਹੀ। ਉਸ ਦੀ ਰੁਚੀ ਯਹੂਦੀਵਾਦ ਦੀ ਤਵਾਰੀਖ਼ 'ਚ ਸੀ। ਉਸ ਨੂੰ ਇਸ ਕਿਤਾਬ ਵਿਚ ਕਈ ਚੀਜ਼ਾਂ ਅਜੀਬ ਲੱਗੀਆਂ। ਉਹ ਬਹੁਤ ਨਚੋਹੀ ਹੈ, ਉਸ ਨੇ ਹਵਾਲਿਆਂ ਦੀ ਪੜਤਾਲ ਸ਼ੁਰੂ ਕਰ ਦਿੱਤੀ। ਆਖ਼ਰ ਪੋਲ ਖੁੱਲ੍ਹ ਗਿਆ ਕਿ ਇਹ ਜਾਅਲਸਾਜ਼ੀ ਸੀ। ਫਿੰਕਲਸਟੇਨ ਨੇ ਪੰਜੀ ਕੁ ਸਫ਼ਿਆਂ ਦਾ ਪਰਚਾ ਲਿਖਿਆ, ਤੇ ਤੀਹ ਕੁ ਐਸੇ ਬੰਦਿਆਂ ਨੂੰ ਭੇਜ ਦਿੱਤਾ ਜੋ ਇਸ ਮਜ਼ਮੂਨ 'ਚ ਰੁਚੀ ਰੱਖਦੇ ਸਨ। ਉਸ ਨੇ ਤਾਕੀਦ ਕੀਤੀ: "ਮੈਨੂੰ ਇਸ ਕਿਤਾਬ ਵਿਚੋਂ ਇਹ ਕੁਝ ਲੱਭਿਆ ਹੈ। ਤੁਹਾਨੂੰ ਲੱਗਦੈ ਕਿ ਇਹ ਕੋਈ ਕੰਮ ਦੀ ਚੀਜ਼ ਹੈ?"

ਉਸ ਨੂੰ ਇਕ ਜਵਾਬ ਮਿਲ ਗਿਆ, ਮੇਰੇ ਵੱਲੋਂ। ਮੈਂ ਉਸ ਨੂੰ ਦੱਸਿਆ-ਹਾਂ, ਮੇਰੀ ਜਾਚੇ ਇਹ ਰੌਚਕ ਵਿਸ਼ਾ ਹੈ, ਪਰ ਮੈਂ ਚੇਤਾਵਨੀ ਵੀ ਦਿੱਤੀ, ਜੇ ਤੂੰ ਇਸ ਦੀ ਪੈਰਵਾਈ ਕਰੇਂਗਾ, ਸਿਆਪਾ ਗਲ ਪਾ ਬੈਠੇਂਗਾ-ਕਿਉਂਕਿ ਤੂੰ ਅਮਰੀਕੀ ਬੁੱਧੀਮਾਨ ਭਾਈਚਾਰੇ ਦੀ ਜਾਅਲਸਾਜ਼ ਗ੍ਰੋਹ ਵਜੋਂ ਪੋਲ ਖੋਲ੍ਹ ਰਿਹਾ ਏਂ, ਉਨ੍ਹਾਂ ਨੂੰ ਇਹ ਗਵਾਰਾ ਨਹੀਂ ਹੋਵੇਗਾ ਅਤੇ ਉਹ ਤੈਨੂੰ ਬਰਬਾਦ ਕਰਨ ਲਈ ਟਿੱਲ ਲਾ ਦੇਣਗੇ। ਜੇ ਤੂੰ ਇਹ ਕਰਨਾ ਹੀ ਚਾਹੁੰਦਾ ਏਂ, ਜ਼ਰੂਰ ਕਰ; ਪਰ ਉਸ ਮੁਸ਼ਕਿਲ ਤੋਂ ਖ਼ਬਰਦਾਰ ਜ਼ਰੂਰ ਰਹੀਂ ਜੋ ਤੇਰੇ ਗਲ ਪੈ ਰਹੀ ਹੈ। ਉਸ ਨੂੰ ਮੇਰੀ ਗੱਲ 'ਤੇ ਯਕੀਨ ਨਾ ਆਇਆ। ਇਸ ਪਿੱਛੋਂ ਅਸੀਂ ਗੂੜ੍ਹੇ ਮਿੱਤਰ ਬਣ ਗਏ। ਇਸ ਤੋਂ ਪਹਿਲਾਂ ਮੈਂ ਉਸ ਦਾ ਜਾਣੂੰ ਨਹੀਂ ਸੀ। ਉਸ ਨੇ ਲੇਖ ਰਸਾਲਿਆਂ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਕਿਸੇ ਨੇ ਇਸ ਨੂੰ ਟਿੱਚ ਨਹੀਂ ਜਾਣਿਆ। ਆਖ਼ਿਰ ਮੈਂ ਇਸ ਦਾ ਇਕ ਅੰਸ਼ ਇਲੀਨੋ ਤੋਂ ਛਪਦੇ ਖੱਬੇਪੱਖੀ ਰਸਾਲੇ 'ਇਨ ਦੀਜ਼ ਟਾਈਮਜ਼' ਵਿਚ ਛਪਵਾਉਣ ਵਿਚ ਕਾਮਯਾਬ ਹੋ ਗਿਆ। ਹੋਰ ਕਿਤਿਓਂ ਕੋਈ ਜਵਾਬ ਨਾ ਆਇਆ। ਇਸੇ ਦੌਰਾਨ ਉਸ ਦੇ ਪ੍ਰੋਫੈਸਰਾਂ ਨੇ ਉਸ ਨਾਲ ਬੋਲ-ਚਾਲ ਬੰਦ ਕਰ ਦਿੱਤੀ; ਉਹ ਉਸ ਨੂੰ ਮਿਲਣ ਦਾ ਸਮਾਂ ਨਾ ਦਿੰਦੇ, ਉਸ ਦੇ ਪਰਚੇ ਨਾ ਪੜ੍ਹਦੇ, ਅਸਲ ਵਿਚ ਉਸ ਨੂੰ ਆਪਣਾ ਪ੍ਰੋਗਰਾਮ ਅੱਧ-ਵਿਚਾਲੇ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ।

ਉਹ ਮਾਯੂਸੀ ਦੇ ਆਲਮ 'ਚ ਘਿਰ ਰਿਹਾ ਸੀ। ਉਸ ਨੇ ਮੇਰੀ ਸਲਾਹ ਲਈ। ਮੈਂ ਆਪਣੀ ਸਮਝ ਅਨੁਸਾਰ ਉਹਨੂੰ ਚੰਗੀ ਸਲਾਹ ਦਿੱਤੀ। ਮੈਂ ਉਹਨੂੰ ਕਿਹਾ ਕਿ ਉਹ ਕਿਸੇ ਹੋਰ ਵਿਭਾਗ 'ਚ ਤਬਾਦਲਾ ਕਰਵਾ ਲਵੇ, ਜਿੱਥੇ ਕੁਝ ਲੋਕ ਮੇਰੇ ਜਾਣੂੰ ਸਨ; ਮੇਰਾ ਖ਼ਿਆਲ ਸੀ ਕਿ ਉੱਥੇ ਘੱਟੋ-ਘੱਟ ਉਸ ਨਾਲ ਚੰਗਾ ਸਲੂਕ ਤਾਂ ਕੀਤਾ ਜਾਵੇਗਾ। ਇਹ ਅੰਦਾਜ਼ਾ ਗਲਤ ਨਿਕਲਿਆ। ਵਿਭਾਗ ਬਦਲਣ ਪਿਛੋਂ ਜਦੋਂ ਥੀਸਿਜ਼ ਲਿਖਣ ਦਾ ਵਕਤ ਆ ਗਿਆ, ਉਸ ਨੂੰ ਕੋਈ ਅਧਿਆਪਕ ਨਾ ਮਿਲਿਆ ਜੋ ਉਸ ਦਾ ਥੀਸਿਜ਼ ਪੜ੍ਹੇ। ਆਖ਼ਿਰ ਗਲੋਂ ਲਾਹੁਣ ਲਈ, ਉਨ੍ਹਾਂ ਨੇ ਉਸ ਨੂੰ ਪੀਐਚ.ਡੀ ਦੇ ਦਿੱਤੀ।

ਹੁਣ ਉਹ ਨਿਊ ਯਾਰਕ ਸ਼ਹਿਰ 'ਚ ਕਿਸੇ ਨਿੱਕੇ ਜਿਹੇ ਕਮਰੇ 'ਚ ਰਹਿੰਦਾ ਹੈ ਅਤੇ ਸਕੂਲੀ ਪੜ੍ਹਾਈ ਵਿਚ ਛੱਡ ਚੁੱਕੇ ਅੱਲ੍ਹੜਾਂ 'ਚ ਸਮਾਜ-ਭਲਾਈ ਦਾ ਕੰਮ ਕਰਦਾ ਹੈ। ਉਹ ਹੋਣਹਾਰ ਵਿਦਵਾਨ ਸੀ, ਉਸ ਨੂੰ ਜੋ ਕਰਨ ਲਈ ਕਿਹਾ ਗਿਆ ਸੀ, ਜੇ ਉਹ ਉਹੀ ਕੁਝ ਕਰਦਾ ਰਹਿੰਦਾ, ਉਸ ਨੇ ਤਰੱਕੀ ਕਰਦੇ ਜਾਣਾ ਸੀ ਤੇ ਹੁਣ ਉਹ ਕਿਸੇ ਵੱਡੀ ਯੂਨੀਵਰਸਿਟੀ 'ਚ ਪ੍ਰੋਫ਼ੈਸਰ ਲੱਗਿਆ ਹੁੰਦਾ।

ਹੁਣ ਮੈਨੂੰ ਜੋਨ ਪੀਟਰਸ ਵਾਲੀ ਕਹਾਣੀ ਅੱਗੇ ਤੋਰਨ ਦਿਓ...ਫਿੰਕਲਸਟੇਨ ਬਹੁਤ ਸਿਰੜੀ ਹੈ: ਉਸ ਨੇ ਹੁਨਾਲ ਦੀਆਂ ਛੁੱਟੀਆਂ ਲਈਆਂ ਅਤੇ ਨਿਊ ਯਾਰਕ ਪਬਲਿਕ ਲਾਇਬ੍ਰੇਰੀ 'ਚ ਡੇਰਾ ਲਾ ਲਿਆ। ਉਹਨੇ 'ਕੱਲੇ-'ਕੱਲੇ ਹਵਾਲੇ ਦੀ ਘੋਖ ਕੀਤੀ ਅਤੇ ਜਾਅਲਸਾਜ਼ੀ ਦਾ ਐਸਾ ਰਿਕਾਰਡ ਲੱਭਿਆ ਕਿ ਤੁਸੀਂ ਯਕੀਨ ਨਹੀਂ ਕਰਨਾ। ਖ਼ੈਰ, ਨਿਊ ਯਾਰਕ ਦਾ ਬੁੱਧੀਮਾਨ ਭਾਈਚਾਰਾ ਬਹੁਤ



*ਨੌਮ ਚੌਮਸਕੀ*

ਹੀ ਨਿੱਕਾ ਜਿਹਾ ਘੇਰਾ ਹੈ, ਬਹੁਤ ਛੇਤੀ ਹਰ ਕਿਸੇ ਨੂੰ ਪਤਾ ਲੱਗ ਗਿਆ ਕਿ ਕਿਤਾਬ ਨਿਰੀ ਧੋਖਾਧੜੀ ਹੈ। 'ਨਿਊ ਯਾਰਕ ਰੀਵਿਊ ਆਫ ਬੁੱਕਸ' ਰਸਾਲਾ ਤਿੱਖੇ ਪ੍ਰਤੀਕਰਮ ਦੇਣ ਲਈ ਕਾਫ਼ੀ ਤੇਜ਼ ਸੀ। ਇਨ੍ਹਾਂ ਨੂੰ ਪਤਾ ਸੀ ਕਿ ਇਹ ਜਾਅਲਸਾਜ਼ੀ ਹੈ, ਪਰ ਸੰਪਾਦਕ ਆਪਣੇ ਮਿੱਤਰਾਂ ਨੂੰ ਰੀਵਿਊ ਛਾਪ ਕੇ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦਾ।

ਇਸੇ ਦੌਰਾਨ, ਫਿੰਕਲਸਟੇਨ ਨੂੰ ਵੱਡੇ-ਵੱਡੇ ਪ੍ਰੋਫੈਸਰਾਂ ਦੇ ਸੁਨੇਹੇ ਆਉਣ ਲੱਗੇ, "ਦੇਖ, ਆਪਣਾ ਜਹਾਦ ਛੱਡ ਦੇ; ਅਸੀਂ ਤੇਰਾ ਪੂਰਾ ਖ਼ਿਆਲ ਰੱਖਾਂਗੇ।" ਪਰ ਉਸ ਨੇ ਕੰਮ ਜਾਰੀ ਰੱਖਿਆ। ਜਦੋਂ ਵੀ ਇਸ ਕਿਤਾਬ ਦੇ ਹੱਕ 'ਚ ਕੋਈ ਰੀਵਿਊ ਛਪਦਾ, ਉਹ ਸੰਪਾਦਕ ਨੂੰ ਖ਼ਤ ਲਿਖਦਾ ਜਿਸ ਨੂੰ ਕੋਈ ਨਾ ਛਾਪਦਾ। ਅਸੀਂ ਪ੍ਰਕਾਸ਼ਕਾਂ ਤੱਕ ਪਹੁੰਚ ਕੀਤੀ, ਪਰ ਪੂਰੇ ਪ੍ਰਬੰਧ ਨੇ ਜ਼ਬਾਨ ਨੂੰ ਤਾਲਾ ਲਾਇਆ ਸੀ। ਫਿਰ ਉਨ੍ਹਾਂ ਤੋਂ ਤਕਨੀਕੀ ਗ਼ਲਤੀ ਹੋ ਗਈ; ਉਨ੍ਹਾਂ ਨੇ ਇੰਗਲੈਂਡ ਵਿਚ ਕਿਤਾਬ ਛਾਪਣ ਦੀ ਇਜਾਜ਼ਤ ਦੇ ਦਿੱਤੀ।

ਜਿਉਂ ਹੀ ਇਸ ਬਾਰੇ ਪਤਾ ਲੱਗਿਆ, ਮੈਂ ਝੱਟ ਫਿੰਕਲਸਟੇਨ ਦੀ ਲਿਖਤ ਦੀਆਂ ਕਾਪੀਆਂ ਬਰਤਾਨੀਆ ਦੇ ਕਈ ਵਿਦਵਾਨਾਂ ਅਤੇ ਪੱਤਰਕਾਰਾਂ ਨੂੰ ਭੇਜ ਦਿੱਤੀਆਂ ਜਿਨ੍ਹਾਂ ਦੀ ਮੱਧ-ਪੂਰਬ ਵਿਚ ਦਿਲਚਸਪੀ ਹੈ, ਤੇ ਉਨ੍ਹਾਂ ਨੇ ਤਿਆਰੀ ਕਰ ਲਈ। ਜਿਉਂ ਹੀ ਕਿਤਾਬ ਛਪੀ, ਇਸ ਦਾ ਹੀਜ-ਪਿਆਜ ਨੰਗਾ ਹੋ ਗਿਆ। 'ਦੀ ਟਾਈਮਜ਼ ਲਿਟਰੇਰੀ ਸਪਲੀਮੈਂਟ', 'ਦੀ ਲੰਡਨ ਰੀਵਿਊ', 'ਦੀ ਆਬਜ਼ਰਵਰ' ਵਰਗੇ ਹਰ ਵੱਡੇ ਰਸਾਲੇ ਨੇ ਰੀਵਿਊ 'ਚ ਆਖ ਦਿੱਤਾ ਕਿ ਇਹ ਕਿਤਾਬ ਤਾਂ ਬਕਵਾਸ, ਮੁੱਢ-ਮੁੱਤ 'ਤੇ ਵੀ ਪੂਰੀ ਨਹੀਂ ਉਤਰਦੀ। ਕਈ ਆਲੋਚਕਾਂ ਨੇ ਫਿੰਕਲਸਟੇਨ ਦੀ ਆਲੋਚਨਾ ਦਾ ਜ਼ਿਕਰ ਕੀਤੇ ਬਗ਼ੈਰ ਇਸ ਨੂੰ ਵਰਤਿਆ।

ਅਮਰੀਕਾ ਵਿਚ ਲੋਕ ਬਰਤਾਨਵੀ ਰੀਵਿਊ ਪੜ੍ਹਦੇ ਹਨ। ਜੇ ਤੁਸੀਂ ਅਮਰੀਕੀ ਬੁੱਧੀਜੀਵੀ ਭਾਈਚਾਰੇ ਵਿਚ ਸ਼ਾਮਲ ਹੋ, ਤੁਸੀਂ 'ਦੀ ਟਾਈਮਜ਼ ਲਿਟਰੇਰੀ ਸਪਲੀਮੈਂਟ' ਅਤੇ 'ਦੀ ਲੰਡਨ ਰੀਵਿਊ' ਪੜ੍ਹਦੇ ਹੋ। ਸੋ, ਇਨ੍ਹਾਂ ਬੁੱਧੀਜੀਵੀਆਂ ਲਈ ਥੋੜ੍ਹੀ ਪ੍ਰੇਸ਼ਾਨੀ ਖੜ੍ਹੀ ਹੋ ਗਈ। ਇਨ੍ਹਾਂ ਨੇ ਪੈਰ ਖਿੱਚਣੇ ਸ਼ੁਰੂ ਕਰ ਦਿੱਤੇ; ਨਾਲ ਹੀ ਕਹਿਣਾ ਸ਼ੁਰੂ ਕਰ ਦਿੱਤਾ, "ਦੇਖੋ, ਮੈਂ ਬਿਲਕੁਲ ਨਹੀਂ ਕਿਹਾ ਕਿ ਕਿਤਾਬ ਚੰਗੀ ਸੀ, ਮੈਂ ਤਾਂ ਬੱਸ ਇੰਨਾ ਕਿਹਾ ਸੀ ਕਿ ਵਿਸ਼ਾ ਰੌਚਕ ਹੈ।" ਇੱਥੇ ਆ ਕੇ 'ਦੀ ਨਿਊ ਯਾਰਕ ਰੀਵਿਊ' ਹਰਕਤ 'ਚ ਆ ਗਿਆ ਅਤੇ ਇਨ੍ਹਾਂ ਨੇ ਉਹੀ ਕੁਝ ਕੀਤਾ ਜੋ ਅਜਿਹੇ ਹਾਲਾਤ ਇਹ ਹਮੇਸ਼ਾ ਕਰਦੇ ਹਨ। ਜੇ ਕੋਈ ਕਿਤਾਬ ਇੰਗਲੈਂਡ ਵਿਚ ਨਕਾਰ ਦਿੱਤੀ ਜਾਂਦੀ ਹੈ ਤਾਂ ਇੱਥੇ ਲੋਕਾਂ ਨੂੰ ਪਤਾ ਲੱਗ ਜਾਂਦਾ ਹੈ, ਜਾਂ ਜੇ ਇੰਗਲੈਂਡ ਵਿਚ ਕਿਤਾਬ ਦੀ ਤਾਰੀਫ਼ ਹੁੰਦੀ ਹੈ, ਤੁਹਾਨੂੰ ਪ੍ਰਤੀਕਰਮ ਦੇਣਾ ਪੈਂਦਾ ਹੈ। ਜੇ ਕਿਤਾਬ ਇਸਰਾਇਲ ਬਾਰੇ ਹੈ, ਤਾਂ ਘੜਿਆ-ਘੜਾਇਆ ਤਰੀਕਾ ਹੈ: ਰੀਵਿਊ ਕਰਨ ਲਈ ਕੋਈ ਇਸਰਾਇਲੀ ਵਿਦਵਾਨ ਫੜਿਆ ਜਾਂਦਾ ਹੈ। 'ਦੀ ਨਿਊ ਯਾਰਕ ਰੀਵਿਊ' ਨੇ ਇਹ ਕੰਮ ਫਲਸਤੀਨੀ ਕੌਮਵਾਦ ਬਾਰੇ ਇਸਰਾਇਲ ਦੇ ਚੋਟੀ ਦੇ ਮਾਹਰ ਯੇਹੋਸ਼ੂਆ ਪੋਰਾਥ ਨੂੰ ਸੌਂਪ ਦਿੱਤਾ। ਉਸ ਨੇ ਰੀਵਿਊ ਲਿਖ ਦਿੱਤਾ ਪਰ ਇਨ੍ਹਾਂ ਨੇ ਨਹੀਂ ਛਾਪਿਆ। ਇਕ ਵਰ੍ਹਾ ਗੁਜ਼ਰ ਗਿਆ। ਕੋਈ ਨਹੀਂ ਸੀ ਜਾਣਦਾ ਕਿ ਕੀ ਵਾਪਰ ਰਿਹਾ ਸੀ, ਪਰ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਨੂੰ ਨਾ ਛਾਪਣ ਲਈ ਵਾਹਵਾ ਦਬਾਅ ਪਾਇਆ ਗਿਆ ਹੋਵੇਗਾ। ਆਖ਼ਿਰ ਇਹ ਲਿਖ ਦਿੱਤਾ ਗਿਆ ਕਿ ਇਹ ਰੀਵਿਊ ਨਹੀਂ ਛਪ ਸਕਦਾ, ਇਸ ਦੇ ਕੁਝ ਅੰਸ਼ ਛਾਪ ਦਿੱਤੇ ਗਏ ਹਨ। ਅਸਲ ਵਿਚ ਰੀਵੀਊ ਆਲੋਚਨਾਤਮਕ ਸੀ, ਇਸ ਨੇ ਕਿਹਾ ਕਿ ਕਿਤਾਬ ਬਕਵਾਸ ਹੈ ਵਗੈਰਾ ਵਗੈਰਾ; ਪਰ ਇਹ ਸੱਜਣ ਬਿਲਕੁਲ ਨਹੀਂ ਕਹਿਆ ਕਿ ਇਸ ਨੂੰ ਮੁੱਦੇ ਬਾਰੇ ਕੀ ਜਾਣਕਾਰੀ ਹੈ।

ਇਸਰਾਇਲੀ ਰੀਵਿਊ ਉਂਜ ਵੀ ਆਲੋਚਨਾਤਮਕ ਸਨ: ਇਸਰਾਇਲੀ ਪ੍ਰੈਸ ਦਾ ਪ੍ਰਤੀਕਰਮ ਸੀ-ਉਨ੍ਹਾਂ ਨੂੰ ਉਮੀਦ ਸੀ ਕਿ ਕਿਤਾਬ ਜ਼ਿਆਦਾ ਪੜ੍ਹੀ ਨਹੀਂ ਜਾਵੇਗੀ ਕਿਉਂਕਿ ਓੜਕ ਇਹ ਯਹੂਦੀਆਂ ਲਈ ਨੁਕਸਾਨਦੇਹ ਹੋਵੇਗੀ। ਕਦੇ ਨਾ ਕਦੇ ਇਸ ਦੀ ਪੋਲ ਖੁੱਲ੍ਹ ਜਾਵੇਗੀ। ਇਸ ਦਾ ਮਾੜਾ ਅਸਰ ਪਵੇਗਾ। ਅਮਰੀਕੀ ਬੁੱਧੀਮਾਨ ਭਾਈਚਾਰੇ ਨੂੰ ਅਹਿਸਾਸ ਹੋ ਗਿਆ ਕਿ ਪੀਟਰਸ ਦੀ ਕਿਤਾਬ ਨੇ ਤਾਂ ਸਿਆਪਾ ਸਹੇੜ ਲਿਆ ਹੈ। ਫਿਰ ਇਹ ਕਿਤਾਬ ਗ਼ਾਇਬ ਹੀ ਹੋ ਗਈ। ਹੁਣ ਕੋਈ ਇਸ ਦੀ ਗੱਲ ਨਹੀਂ ਕਰਦਾ। ਹੁਣ ਨੁਕਤਾ ਇਹ ਹੈ, ਜੋ ਕੁਝ ਫਿੰਕਲਸਟੇਨ ਨਾਲ ਹੋਇਆ, ਉਹ ਕਿਸੇ ਵੀ ਈਮਾਨਦਾਰ ਆਲੋਚਕ ਨਾਲ ਵਾਪਰ ਸਕਦਾ ਹੈ।

ਹਾਲੇ ਵੀ ਯੂਨੀਵਰਸਿਟੀਆਂ ਜਾਂ ਕਿਸੇ ਵੀ ਹੋਰ ਸੰਸਥਾ ਵਿਚ, ਤੁਹਾਨੂੰ ਅਕਸਰ ਹੀ ਚੁੱਪ-ਚੁਪੀਤੇ ਕੰਮ ਕਰਦੇ ਰਹਿਣ ਵਾਲੇ ਵੱਖਰੇ ਖ਼ਿਆਲਾਂ ਦੇ ਬੰਦੇ ਮਿਲ ਜਾਣਗੇ। ਉਹ ਕਿਸੇ ਨਾ ਕਿਸੇ ਢੰਗ ਨਾਲ ਜਿਉਂਦੇ ਰਹਿ ਸਕਦੇ ਹਨ, ਖ਼ਾਸ ਕਰ ਕੇ ਜੇ ਉਨ੍ਹਾਂ ਨੂੰ ਭਾਈਚਾਰੇ ਦੀ ਮਦਦ ਮਿਲਦੀ ਰਹੇ; ਪਰ ਜੇ ਉਨ੍ਹਾਂ ਦੇ ਕੰਮ ਨਾਲ ਬਹੁਤ ਧਮੱਚੜ ਮੱਚ ਜਾਂਦਾ ਹੈ ਤਾਂ ਬਹੁਤ ਸੰਭਾਵਨਾ ਹੁੰਦੀ ਹੈ ਕਿ ਉਨ੍ਹਾਂ ਨੂੰ ਕੱਢ ਦਿੱਤਾ ਜਾਵੇ। ਪਹਿਲੀ ਗੱਲ ਤਾਂ ਉਨ੍ਹਾਂ ਨੂੰ ਸੰਸਥਾਵਾਂ ਅੰਦਰ ਆਉਣ ਹੀ ਨਹੀਂ ਦਿੱਤਾ ਜਾਵੇਗਾ, ਖ਼ਾਸ ਕਰ ਕੇ ਜੇ ਉਹ ਨੌਜਵਾਨ ਹੋਣ। ਉਨ੍ਹਾਂ ਨੂੰ ਮੱਖਣ 'ਚੋਂ ਵਾਲ ਵਾਂਗ ਕੱਢ ਦਿੱਤਾ ਜਾਵੇਗਾ। ਜ਼ਿਆਦਾਤਰ ਮਾਮਲਿਆਂ ਵਿਚ ਜੋ ਸੰਸਥਾਵਾਂ 'ਚ ਵੜਨ 'ਚ ਕਾਮਯਾਬ ਹੋ ਜਾਣ ਤਾਂ ਉਥੇ ਟਿਕੇ ਰਹਿਣ ਵਾਲੇ ਲੋਕ ਪਹਿਲਾਂ ਹੀ ਸਹੀ ਅਕੀਦੇ ਬਣਾ ਲੈਂਦੇ ਹਨ: ਜੀ ਹਜ਼ੂਰੀਏ ਬਣਨਾ ਉਨ੍ਹਾਂ ਲਈ ਸਮੱਸਿਆ ਨਹੀਂ ਹੈ, ਉਹ ਤਾਂ ਪਹਿਲਾਂ ਹੀ ਜੀ ਹਜ਼ੂਰੀਏ ਹੁੰਦੇ ਹਨ, ਇਸੇ ਦੀ ਬਦੌਲਤ ਹੀ ਉਹ ਉਥੇ ਅੱਪੜੇ ਹੁੰਦੇ ਹਨ। ਇਉਂ ਵਿਚਾਰਧਾਰਕ ਕੰਟਰੋਲ-ਤੰਤਰ, ਅਧਿਐਨ ਉੱਪਰ ਆਪਣੀ ਜਕੜ ਬਣਾਈ ਰੱਖਦਾ ਹੈ। ਇਹੀ ਹੈ ਇਸ ਦੇ ਸਿਲਸਿਲੇ ਦੀ ਮੂਲ ਕਥਾ।

*ਅਨੁਵਾਦ: ਬੂਟਾ ਸਿੰਘ*
*ਫ਼ੋਨ:91-94634-74342*

# ਨਸਲੀ ਵਿਤਕਰਾ: ਸਿੱਖਾਂ ਲਈ ਹੁਣ ਅਜ਼ਮਾਇਸ਼ ਦੀਆਂ ਘੜੀਆਂ

***ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਪਿਛਲੇ ਮਹੀਨੇ ਹੋਈ ਵਾਰਦਾਤ ਬਾਰੇ 'ਪੰਜਾਬ ਟਾਈਮਜ਼' ਦੇ ਸੰਗੀ-ਸਾਥੀ ਹਰਜਿੰਦਰ ਦੁਸਾਂਝ ਨੇ ਬੜੇ ਮੋਕਲੇ ਦ੍ਰਿਸ਼ਟੀਕੋਣ ਤੋਂ ਸਮੁੱਚੇ ਹਾਲਾਤ ਦੀ ਪੁਣ-ਛਾਣ ਕੀਤੀ ਹੈ। ਉਨ੍ਹਾਂ ਅਮਰੀਕਾ ਵਿਚ ਚੱਲ ਰਹੇ ਨਸਲੀ ਵਿਤਕਰੇ ਦੇ ਨਾਲ-ਨਾਲ ਕੁਝ ਕੁ ਹੋਰ ਅਹਿਮ ਪੱਖਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਨਾਲ ਹੀ ਉਨ੍ਹਾਂ ਆਪਣੇ ਭਾਈਚਾਰੇ ਦੀ ਪਹੁੰਚ ਬਾਰੇ ਵੀ ਖੁੱਲ੍ਹ ਕੇ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੀਆਂ ਇਹ ਟਿੱਪਣੀਆਂ ਵਿਚਾਰਨ ਵਾਲੀਆਂ ਹਨ। ਹਰਜਿੰਦਰ ਦੁਸਾਂਝ ਦੇ ਇਹ ਵਿਚਾਰ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਜਦੋਂ ਮਨੁੱਖ ਵਿਅਕਤੀਗਤ ਜਾਂ ਭਾਈਚਾਰਕ ਤੌਰ ਉਤੇ ਕਿਸੇ ਹਾਦਸੇ ਵਿਚੋਂ ਗੁਜ਼ਰਦਾ ਹੈ ਤਾਂ ਉਸ ਨੂੰ ਵਿਸ਼ਵਾਸ ਨਾ ਕਰਨ ਯੋਗ, ਗੁੱਸੇ ਵਾਲੀ, ਉਦਾਸੀ ਵਾਲੀ, ਸਮਝੌਤਾਵਾਦੀ ਤੇ ਸਵੀਕਾਰ ਕਰਨ ਵਾਲੀਆਂ ਪੰਜ ਮਾਨਸਿਕ ਅਵਸਥਾਵਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਵਿਅਕਤੀਗਤ ਸੋਚ, ਪਰਿਵਾਰ, ਸੱਭਿਆਚਾਰ ਤੇ ਧਾਰਮਿਕ ਵਿਚਾਰਾਂ ਵਰਗੇ ਅਨੇਕਾਂ ਕਾਰਨਾਂ ਕਰ ਕੇ ਪਹਿਲੀਆਂ ਚਾਰ


**ਹਰਜਿੰਦਰ ਦੁਸਾਂਝ**

ਅਵਸਥਾਵਾਂ ਨਿੱਜੀ ਜਾਂ ਭਾਈਚਾਰਕ ਤੌਰ ਉਤੇ ਅੱਗੇ-ਪਿੱਛੇ ਆ ਸਕਦੀਆਂ, ਪਰ ਆਖਿਰ ਵਿਚ ਇਨਸਾਨ ਸਵੀਕਾਰ ਕਰਨ ਜਾਂ ਭਾਣਾ ਮੰਨਣ ਵਾਲੀ ਸਥਿਤੀ ਵਿਚ ਆ ਪਹੁੰਚਦਾ ਹੈ। ਇਹ ਕੁਦਰਤ ਦਾ ਦਸਤੂਰ ਹੈ ਤੇ ਇਸ ਤੋਂ ਵੱਧ ਇਹ ਇਨਸਾਨ ਦੀ ਲੋੜ ਵੀ। ਪਹਿਲੀਆਂ ਤਿੰਨ ਅਵਸਥਾਵਾਂ ਵਿਚ ਤਾਂ ਮਨੁੱਖ ਪੂਰੀ ਤਰ੍ਹਾਂ ਉਲਾਰ, ਉਦਾਸ ਜਾਂ ਗੁੱਸੇ ਵਿਚ ਹੁੰਦਾ ਹੈ। ਇਨ੍ਹਾਂ ਹਾਲਤਾਂ ਵਿਚ ਮਨੁੱਖ ਯਥਾਰਥ ਤੋਂ ਦੂਰ ਹੁੰਦਾ ਹੈ ਤੇ ਸਿਰਫ ਸੰਤਾਪ ਹੀ ਭੋਗਦਾ ਹੈ। ਸਮਝੌਤਾਵਾਦੀ ਹਾਲਾਤ ਮਨੁੱਖ ਨੂੰ ਯਥਾਰਥ ਨਾਲ ਜੋੜ ਕੇ ਗੁੱਸੇ ਤੇ ਉਦਾਸੀ ਵਰਗੀਆਂ ਅਲਾਮਤਾਂ ਤੋਂ ਦੂਰ ਲੈ ਜਾਂਦੇ ਹਨ। ਇਸੇ ਲਈ ਗੁਰੂ ਸਹਿਬਾਨ ਨੇ ਭਾਣਾ ਮੰਨਣ ਉਤੇ ਜ਼ੋਰ ਦਿੱਤਾ ਹੈ ਤਾਂ ਕਿ ਮਨੁੱਖ ਗੁੱਸੇ ਤੋਂ ਛੇਤੀ ਨਿਜਾਤ ਪਾ ਕੇ ਤੇ ਯਥਾਰਥਵਾਦੀ ਪਹੁੰਚ ਅਪਨਾ ਕੇ ਜ਼ਿੰਦਗੀ ਨੂੰ ਮੁੜ ਸਾਵੇਂ-ਪੱਧਰੇ ਰਾਹ ਉਤੇ ਪਾ ਸਕੇ।

ਅਗਸਤ ਦੇ ਪਹਿਲੇ ਹਫ਼ਤੇ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਇਕ ਨਸਲਵਾਦੀ ਸਿਰਫਿਰੇ ਵੱਲੋਂ ਕੀਤੀ ਕਤਲੋਗਾਰਤ ਨੇ ਅਮਰੀਕਾ ਦੇ ਸਿੱਖਾਂ ਦੁਆਲੇ ਖੌਫ ਅਤੇ ਦਹਿਸ਼ਤ ਵਾਲਾ ਮਾਹੌਲ ਸਿਰਜ ਦਿੱਤਾ ਸੀ, ਪੂਰੇ ਅਮਰੀਕਾ ਦੇ ਹਿਰਦੇ ਵਲੂੰਧਰੇ ਗਏ ਸਨ। ਚੋਣਾਂ ਦਾ ਦੌਰ ਹੋਣ ਕਰ ਕੇ ਅਮਰੀਕਨ ਸਮਾਜ ਵਿਚ ਰਾਜਨੀਤੀ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਵੰਡੀਆਂ ਪਈਆਂ ਹੋਈਆਂ ਹਨ, ਪਰ ਸਿੱਖਾਂ ਉਤੇ ਹੋਏ ਹਮਲੇ ਨੇ ਅਮਰੀਕਨ ਭਾਈਚਾਰੇ ਨੂੰ ਸਭ ਵੰਡੀਆਂ ਨੂੰ ਭੁਲਾ ਕੇ ਇਕੱਠੇ ਕਰ ਦਿੱਤਾ। ਵੱਖੋ-ਵੱਖਰੇ ਵਰਗਾਂ ਦੇ ਲੋਕ ਦੀਵਾਰ ਬਣ ਕੇ ਸਿੱਖਾਂ ਨਾਲ ਖੜ੍ਹੇ ਹੋ ਗਏ। ਆਮ ਲੋਕਾਂ ਤੋਂ ਲੈ ਕੇ ਧਾਰਮਿਕ, ਰਾਜਸੀ ਆਗੂਆਂ ਤੇ ਜਥੇਬੰਦੀਆਂ ਨੇ ਇਸ ਦੀ ਨਿਖੇਧੀ ਕੀਤੀ। ਅਮਰੀਕੀ ਕੌਮੀ ਝੰਡੇ ਝੁਕੇ ਰਹੇ। ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਹਮਲੇ ਦੀ ਨਿਖੇਧੀ ਕਰਦਿਆਂ ਅਮਰੀਕਾ ਦੀ ਤਰੱਕੀ ਵਿਚ ਸਿੱਖਾਂ ਦੇ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਆਖਿਆ ਕਿ ਸਿੱਖ, ਅਮਰੀਕਨ ਪਰਿਵਾਰ ਦੇ ਅਹਿਮ ਮੈਂਬਰ ਹਨ। ਇਸ ਦੇ ਨਾਲ ਹੀ ਉਨ੍ਹਾਂ ਸਿੱਖਾਂ ਦੀ ਹਰ ਹਿਫਾਜ਼ਤ ਦਾ ਭਰੋਸਾ ਦਿੱਤਾ।

ਸਿੱਖ ਫਲਸਫੇ ਦੀ ਲੋਅ ਵਿਚ ਸਿੱਖਾਂ ਨੇ ਇਸ ਨੂੰ ਭਾਣਾ ਮੰਨ ਲਿਆ ਤੇ ਪੂਰਾ ਸਿੱਖ ਭਾਈਚਾਰਾ ਸਹਿਜ ਅਵਸਥਾ ਵਿਚ ਆ ਗਿਆ। ਅਮਰੀਕਾ ਦੇ ਗੁਰਦੁਆਰਿਆਂ ਵਿਚ ਜਿੱਥੇ ਵਿਛੜੇ ਤੇ ਜ਼ਖ਼ਮੀ ਸਿੱਖਾਂ ਤੇ ਪੁਲਿਸ ਅਫਸਰ ਲਈ ਅਰਦਾਸਾਂ ਕੀਤੀਆਂ ਗਈਆਂ, ਉਥੇ ਉਨ੍ਹਾਂ ਦੇ ਨਾਲ ਕਥਿਤ ਹੱਤਿਆਰੇ ਤੇ ਉਸ ਦੇ ਪਰਿਵਾਰ ਲਈ ਵੀ ਅਰਦਾਸਾਂ ਕੀਤੀਆਂ। ਇਸ ਨਾਲ ਲੋਕਾਂ ਤੱਕ 'ਨਾ ਕੋਇ ਬੈਰੀ ਨਾਹਿ ਬਿਗਾਨਾ' ਦਾ ਗੁਰੂ ਫਰਮਾਨ ਪਹੁੰਚਿਆ। ਪੂਰੇ ਅਮਰੀਕਾ ਵਿਚ ਗੱਲ ਤੁਰੀ ਕਿ ਸਿੱਖ ਹਮੇਸ਼ਾ ਸਰਬੱਤ ਦਾ ਭਲਾ ਮੰਗਦਾ ਹੈ। ਸਿੱਖਾਂ ਦੇ ਇਸ ਉਭਰੇ ਅਕਸ ਨੂੰ ਸੰਭਾਲਣ ਅਤੇ ਇਸ ਨੂੰ ਹੋਰ ਪ੍ਰਚਾਰਨ ਤੇ ਨਿਖਾਰਨ ਦੀ ਸਿੱਖਾਂ ਸਿਰ ਹੁਣ ਪਹਿਲਾਂ ਨਾਲੋਂ ਵੱਧ ਜ਼ਿੰਮੇਵਾਰੀ ਆ ਪਈ ਹੈ।

ਇਕ ਮਹੀਨਾ ਪਹਿਲਾਂ ਸਿੱਖ ਜਿਸ ਤਰ੍ਹਾਂ ਦੇ ਸੰਤਾਪ ਵਿਚ ਸਨ, ਉਹ ਉਸ ਤੋਂ ਹੁਣ ਨਜਾਤ ਪਾ ਚੁੱਕੇ ਹਨ। ਸਿੱਖਾਂ ਨੂੰ ਇਹ ਸਮੁੱਚਾ ਘਟਨਾਕ੍ਰਮ ਗੰਭੀਰਤਾ ਨਾਲ ਸਮਝਣਾ ਚਾਹੀਦਾ ਹੈ। ਜੋ ਲੋਕ ਅਜਿਹੀ ਕਤਲੋਗਾਰਤ ਕਰਦੇ ਹਨ, ਉਹ ਉਦਾਸੀ, ਨਿਰਾਸ਼ਾ ਅਤੇ ਤਣਾਅ ਦੇ ਰੋਗੀ ਹੋਣ ਦੇ ਨਾਲ ਸਮਾਜਕ ਤੌਰ 'ਤੇ ਨਿਖੜੇ ਹੋਏ ਹੁੰਦੇ ਹਨ। ਇਸ ਤੋਂ ਬਿਨਾਂ ਅਜਿਹੇ ਲੋਕ ਜ਼ਿੰਦਗੀ ਵਿਚ ਫੇਲ੍ਹ ਹੋ ਚੁੱਕੇ ਹੁੰਦੇ ਹਨ ਤੇ ਉਹ ਆਪਣੀਆਂ ਅਣਗਹਿਲੀਆਂ ਤੇ ਗਲਤੀਆਂ ਨੂੰ ਸਮਝਣ ਦੀ ਥਾਂ ਦੋਸ਼ ਦੂਜੇ ਲੋਕਾਂ ਸਿਰ ਮੜ੍ਹਨ ਲੱਗ ਪੈਂਦੇ ਹਨ। ਇਕ ਗੱਲ ਹੋਰ, ਅਜਿਹੇ ਲੋਕਾਂ ਨੇ ਅਕਸਰ ਆਪਣੀ ਸ਼ਕਤੀ ਦੀ ਸਹੀ ਵਰਤੋਂ ਨਹੀਂ ਕੀਤੀ ਹੁੰਦੀ। ਨਿਰਾਸ਼ਾ ਦੇ ਦੌਰ ਵਿਚ ਜਦੋਂ ਉਹ ਖੁਦਕੁਸ਼ੀ ਦੇ ਰਾਹ ਪੈਂਦੇ ਹਨ ਤਾਂ ਆਪਣੀ ਸ਼ਕਤੀ ਦਾ ਪ੍ਰਗਟਾਵਾ ਵੀ ਕਰਨਾ ਚਾਹੁੰਦੇ ਹਨ, ਪਰ ਸਿੱਖਾਂ ਦੇ ਮਨ ਵਿਚ ਸਭ ਤੋਂ ਵੱਡਾ ਸਵਾਲ ਇਹੋ ਹੈ ਕਿ ਮਿਲਵਾਕੀ ਵਿਚ ਸਿੱਖਾਂ ਨੂੰ ਨਿਸ਼ਾਨਾ ਕਿਉਂ ਬਣਾਇਆ ਗਿਆ? ਪਿਛੋਕੜ ਵਿਚ ਦੇਖਿਆ ਜਾਵੇ ਤਾਂ ਕਿਸੇ ਸਿੱਖ ਉਤੇ ਪਹਿਲਾ ਨਸਲੀ ਹਮਲਾ 9/11 ਦੇ ਵੱਡੇ ਹਮਲੇ ਤੋਂ ਚਾਰ ਦਿਨ ਬਾਅਦ ਐਰੀਜ਼ੋਨਾ ਦੇ ਮੈਸਾ ਸ਼ਹਿਰ ਦੇ ਗੈਸ ਸਟੇਸ਼ਨ ਮਾਲਕ ਬਲਬੀਰ ਸਿੰਘ ਸੋਢੀ ਉਤੇ ਹੋਇਆ ਸੀ। ਹਮਲਾਵਰ ਰੌਕੀ ਫਰੈਂਕ ਨੇ ਸੋਢੀ ਤੋਂ ਇਲਾਵਾ ਲਿਬਨਾਨੀ ਤੇ ਅਫ਼ਗਾਨ ਮੂਲ ਦੇ ਲੋਕਾਂ ਉਤੇ ਵੀ ਗੋਲੀਆਂ ਵਰ੍ਹਾਈਆਂ ਸਨ। ਫਰੈਂਕ ਗਿਆਰਾਂ ਸਤੰਬਰ ਦੇ ਹਮਲੇ ਲਈ ਮੁਸਲਮਾਨਾਂ ਸਮੇਤ ਹਰ ਮੱਧ ਪੂਰਬੀ ਜਾਂ ਗੂੜ੍ਹੀ ਚਮੜੀ ਵਾਲੇ ਤੇ ਵਿਦੇਸ਼ੀ ਲਹਿਜ਼ੇ ਵਿਚ ਬੋਲਣ ਵਾਲੇ ਨੂੰ ਦੋਸ਼ੀ ਮੰਨਣ ਲੱਗ ਪਿਆ ਸੀ। ਫਰੈਂਕ ਹੁਣ ਉਮਰ ਭਰ ਲਈ ਜੇਲ੍ਹ ਵਿਚ ਹੈ। 9/11 ਤੋਂ ਬਾਅਦ ਮੁਸਲਮਾਨਾਂ ਅਤੇ ਅਰਬ ਮੂਲ ਦੇ ਲੋਕਾਂ ਖ਼ਿਲਾਫ਼ ਨਫ਼ਰਤੀ ਜੁਰਮ ਬਹੁਤ ਜ਼ਿਆਦਾ ਵਧ ਗਿਆ, ਜੋ ਕਿਸੇ ਨਾ ਕਿਸੇ ਰੂਪ ਵਿਚ ਅਜੇ ਤਕ ਜਾਰੀ ਹੈ। ਅਮਰੀਕਾ ਵਿਚ ਨਫ਼ਰਤੀ ਜੁਰਮ 9/11 ਤੋਂ ਬਾਅਦ ਹੀ ਵਧਿਆ ਹੈ, ਪਰ ਇਸ ਨੂੰ ਉਸ ਨਾਲ ਹੀ ਜੋੜ ਕੇ ਨਹੀਂ ਦੇਖਣਾ ਚਾਹੀਦਾ। ਉੱਤਰੀ ਆਇਰਲੈਂਡ, ਇਜ਼ਰਾਈਲ ਤੇ ਭਾਰਤ ਵਰਗੇ ਦੇਸ਼ਾਂ ਦੇ ਹਜ਼ਾਰਾਂ ਲੋਕ ਨਸਲੀ ਤੇ ਨਫ਼ਰਤੀ ਜੁਰਮਾਂ ਦਾ ਸ਼ਿਕਾਰ ਹਨ। ਨਫ਼ਰਤੀ ਜੁਰਮ ਦੇ ਅਨੇਕਾਂ ਕਾਰਨ ਹਨ। ਨਫ਼ਰਤੀ ਜੁਰਮਾਂ ਦੀ ਵੱਡੀ ਵਜ੍ਹਾ ਆਰਥਿਕਤਾ ਹੈ।



***ਰਾਸ਼ਟਰਪਤੀ ਥੱਮਸ ਜੈਫਰਸਨ ਜਿਸ ਨੇ ਧਾਰਮਿਕ ਆਜ਼ਾਦੀ ਕਾਨੂੰਨ ਬਣਾਇਆ***

***ਸਿੱਖ ਫਲਸਫੇ ਦੀ ਲੋਅ ਵਿਚ ਸਿੱਖਾਂ ਨੇ ਇਸ ਨੂੰ ਭਾਣਾ ਮੰਨ ਲਿਆ ਤੇ ਪੂਰਾ ਸਿੱਖ ਭਾਈਚਾਰਾ ਸਹਿਜ ਅਵਸਥਾ ਵਿਚ ਆ ਗਿਆ। ਅਮਰੀਕਾ ਦੇ ਗੁਰਦੁਆਰਿਆਂ ਵਿਚ ਜਿੱਥੇ ਵਿਛੜੇ ਤੇ ਜ਼ਖ਼ਮੀ ਸਿੱਖਾਂ ਤੇ ਪੁਲਿਸ ਅਫਸਰਾਂ ਲਈ ਅਰਦਾਸਾਂ ਕੀਤੀਆਂ ਗਈਆਂ, ਉਥੇ ਉਨ੍ਹਾਂ ਦੇ ਨਾਲ ਕਥਿਤ ਹੱਤਿਆਰੇ ਤੇ ਉਸ ਦੇ ਪਰਿਵਾਰ ਲਈ ਵੀ ਅਰਦਾਸਾਂ ਕੀਤੀਆਂ। ਇਸ ਨਾਲ ਸਿੱਖ ਫਲਸਫੇ ਤੋਂ ਲੋਕਾਂ ਤੱਕ 'ਨਾ ਕੋਇ ਬੈਰੀ ਨਾਹਿ ਬਿਗਾਨਾ' ਦਾ ਗੁਰੂ ਫਰਮਾਨ ਪਹੁੰਚਿਆ। ਪੂਰੇ ਅਮਰੀਕਾ ਵਿਚ ਗੱਲ ਤੁਰੀ ਕਿ ਸਿੱਖ ਹਮੇਸ਼ਾ ਸਰਬੱਤ ਦਾ ਭਲਾ ਮੰਗਦਾ ਹੈ। ਸਿੱਖਾਂ ਦੇ ਇਸ ਉਭਰੇ ਅਕਸ ਨੂੰ ਸੰਭਾਲਣ ਅਤੇ ਇਸ ਨੂੰ ਹੋਰ ਪ੍ਰਚਾਰਨ ਤੇ ਨਿਖਾਰਨ ਦੀ ਸਿੱਖਾਂ ਸਿਰ ਹੁਣ ਪਹਿਲਾਂ ਨਾਲੋਂ ਜ਼ਿਆਦਾ ਜ਼ਿੰਮੇਵਾਰੀ ਆ ਪਈ ਹੈ।***

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਆਰਥਿਕਤਾ ਮੰਦੀ ਪੈਂਦੀ ਹੈ, ਨਸਲੀ ਵਿਤਕਰੇ ਤੇ ਨਫ਼ਰਤ ਵਧਦੀ ਹੈ, ਜਿਸ ਵਿਚੋਂ ਘਿਨੌਣੇ ਨਫ਼ਰਤੀ ਜੁਰਮ ਪੈਦਾ ਹੁੰਦੇ ਹਨ। 1980ਵਿਆਂ ਦੌਰਾਨ ਜਦੋਂ ਅਮਰੀਕਾ ਵਿਚ ਜਪਾਨੀ ਕਾਰਾਂ ਦੀ ਮੰਗ ਤੇਜ਼ੀ ਨਾਲ ਵਧੀ ਤਾਂ ਅਮਰੀਕਨ ਕਾਰਾਂ ਬਣਾਉਣ ਵਾਲੀਆਂ ਕੰਪਨੀਆਂ ਨੇ ਕੰਮ ਘਟਣ ਕਾਰਨ ਆਪਣੇ ਕਾਮਿਆਂ ਦੀ ਛਾਂਟੀ ਸ਼ੁਰੂ ਕਰ ਦਿੱਤੀ ਸੀ, ਜਿਸ ਦੇ ਨਤੀਜੇ ਵਜੋਂ ਜਪਾਨੀ ਲੋਕਾਂ ਦੇ ਭੁਲੇਖੇ ਚੀਨੀ ਮੂਲ ਦੇ ਲੋਕਾਂ ਖਿਲਾਫ਼ ਨਫ਼ਰਤੀ ਜੁਰਮ ਵਧ ਗਿਆ ਸੀ। 1982 ਵਿਚ ਡਿਟਰਾਇਟ (ਮਿਸ਼ੀਗਨ) ਦੇ ਆਸ-ਪਾਸ ਕੁਝ ਚੀਨੀਆਂ ਦਾ ਕਤਲ ਵੀ ਹੋਇਆ ਸੀ। ਅੱਜ ਦੇਸ਼ ਦੇ ਆਰਥਿਕ ਹਾਲਾਤ ਉਨ੍ਹਾਂ ਦਿਨਾਂ ਨਾਲੋਂ ਵੀ ਮਾੜੇ ਹਨ। ਆਰਥਿਕ ਮੰਦਵਾੜੇ ਵਿਚੋਂ ਨਿਕਲਣ ਦਾ ਅਜੇ ਕੋਈ ਸਿਰਾ ਨਹੀਂ ਦਿਸਦਾ। ਦੂਜੇ ਪਾਸੇ, ਦੇਸ਼ ਇਕੋ ਸਮੇਂ ਦੋ ਮੁਹਾਜ਼ਾਂ ਉਤੇ ਖੁੱਲ੍ਹੀ ਜੰਗ ਲੜ ਰਿਹਾ ਹੈ, ਜਿਸ ਕਾਰਨ ਹਰ ਪਾਸੇ ਨਿਰਾਸ਼ਾ ਹੈ। ਜੰਗੀ ਮੁਹਾਜ਼ ਤੋਂ ਮੁੜ ਰਹੇ ਫੌਜੀਆਂ ਦੀ ਨਿਰਾਸ਼ਾ ਸਭ ਤੋਂ ਗੰਭੀਰ ਮਸਲਾ ਹੈ। ਪਹਿਲੀਆਂ ਸਾਰੀਆਂ ਜੰਗਾਂ ਤੋਂ ਬਾਅਦ ਆਰਥਿਕਤਾ ਮਜ਼ਬੂਤ ਹੋ ਗਈ ਸੀ ਤੇ ਦੇਸ਼ ਪਰਤਦੇ ਫੌਜੀਆਂ ਨੂੰ ਵਧੀਆ ਨੌਕਰੀਆਂ ਮਿਲ ਜਾਂਦੀਆਂ ਸਨ, ਪਰ ਇਸ ਵਾਰ ਹਾਲਾਤ ਅਸਲੋਂ ਉਲਟ ਹਨ। ਇਸ ਵਾਰ ਉਨ੍ਹਾਂ ਨੂੰ ਚੰਗੀਆਂ ਨੌਕਰੀਆਂ ਨਹੀਂ ਮਿਲ ਰਹੀਆਂ। ਦੋ ਜੰਗਾਂ ਹੋਣ ਕਰ ਕੇ ਕਈਆਂ ਨੂੰ ਵਾਰ-ਵਾਰ ਮੁਹਾਜ਼ 'ਤੇ ਜਾਣਾ ਪਿਆ, ਜਿਸ ਨਾਲ ਕਈਆਂ ਦੇ ਪਰਿਵਾਰ ਟੁੱਟ ਗਏ ਤੇ ਕਈਆਂ ਦੇ ਪਰਿਵਾਰਕ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ। ਗੈਰ-ਹਾਜ਼ਰੀ ਕਾਰਨ ਕਈਆਂ ਦੇ ਬੱਚੇ ਕੁਸੰਗਤ ਵਿਚ ਪੈ ਗਏ। ਕਈ ਸਦਾ ਲਈ ਅਪਾਹਜ ਹੋ ਗਏ। ਕਈ ਸ਼ਹੀਦ ਦੋਸਤਾਂ ਦੇ ਵਿਛੋੜੇ ਦੇ ਸਦਮੇ ਵਿਚ ਹਨ। ਅਜਿਹੇ ਜੰਗੀ ਹਾਲਾਤ ਵਿਚ ਨਫ਼ਰਤੀ ਜੁਰਮ ਵਧਣਾ ਕੁਦਰਤੀ ਹੈ।

'ਦੀ ਸਾਊਦਰਨ ਪਾਵਰਟੀ ਲਾਅ ਸੈਂਟਰ' ਅਜਿਹਾ ਸਮਾਜ-ਸੇਵੀ ਅਦਾਰਾ ਹੈ, ਜੋ ਨਸਲੀ ਵਿਤਕਰੇ ਨੂੰ ਉਤਸ਼ਾਹਤ ਕਰਨ ਵਾਲੇ ਗਰੁਪਾਂ 'ਤੇ ਨਜ਼ਰ ਰੱਖਦਾ ਹੈ। ਅਦਾਰੇ ਮੁਤਾਬਕ ਸਾਲ 2000 ਵਿਚ ਪੂਰੇ ਦੇਸ਼ ਵਿਚ ਨਸਲੀ ਵਿਤਕਰੇ ਵਾਲੇ 602 ਗਰੁਪ ਸਨ, ਜਦੋਂ ਕਿ 2011 ਵਿਚ ਇਹ ਵਧ ਕੇ 1018 ਹੋ ਗਏ। ਅਜਿਹੇ ਨਸਲੀ ਧੜਿਆਂ ਦੀ ਜ਼ਿਆਦਾ ਗਿਣਤੀ ਅਮਰੀਕਾ ਦੇ ਚੜ੍ਹਦੇ ਅਤੇ ਲਹਿੰਦੇ ਪਾਸੇ ਦੇ ਰਾਜਾਂ ਵਿਚ ਹੈ। ਗੌਰਤਲਬ ਗੱਲ ਹੈ ਕਿ ਇਨ੍ਹਾਂ ਰਾਜਾਂ ਵਿਚ ਹੀ ਗੈਰ-ਗੋਰੇ ਪਰਵਾਸੀਆਂ ਦੀ ਗਿਣਤੀ ਜ਼ਿਆਦਾ ਹੈ। ਮੱਧ ਅਮਰੀਕਾ ਦੇ ਰਾਜਾਂ ਵਿਚ ਇਨ੍ਹਾਂ ਦੀ ਗਿਣਤੀ ਘੱਟ ਹੈ। ਸਭ ਤੋਂ ਵੱਧ ਉਦਾਰ ਰਾਜ ਮੰਨੇ ਜਾਣ ਵਾਲੇ ਕੈਲੀਫੋਰਨੀਆ ਵਿਚ ਨਫ਼ਰਤ ਭਰਿਆ ਪ੍ਰਚਾਰ ਕਰਨ ਵਾਲੇ ਸਭ ਤੋਂ ਵੱਧ 84 ਧੜੇ ਹਨ। ਜਾਰਜੀਆ ਵਿਚ 65, ਟੈਕਸਸ 'ਚ 45, ਨਿਊ ਯਾਰਕ ਵਿਚ 34 ਤੇ ਇਲੀਨਾਏ ਵਿਚ 28 ਧੜੇ ਸਰਗਰਮ ਹਨ।

ਅਜਿਹੇ ਨਸਲੀ ਧੜਿਆਂ ਦੇ ਕਿਸੇ ਮੈਂਬਰ ਦੀ ਨਫ਼ਰਤ ਦਾ ਨਿਸ਼ਾਨਾ ਸਿੱਖ ਬਣ ਗਏ, ਇਹ ਬਹੁਤ ਦੁਖਦਾਈ ਤੇ ਅਸਹਿ ਹੈ, ਪਰ ਸਿੱਖਾਂ ਨੂੰ ਠਰੰਮੇ ਨਾਲ ਸਮਝਣਾ ਚਾਹੀਦਾ ਹੈ ਕਿ ਅਜਿਹੇ ਨਸਲੀ ਧੜਿਆਂ ਦੀ ਨਫ਼ਰਤ ਕੇਵਲ ਸਿੱਖਾਂ ਲਈ ਨਹੀਂ ਹੈ। ਇਹ ਗੈਰ-ਗੋਰੀ ਚਮੜੀ ਵਾਲੇ ਲੋਕਾਂ ਨੂੰ ਪਸੰਦ ਨਹੀਂ ਕਰਦੇ। ਇਥੋਂ ਤੱਕ ਕਿ ਉਸ ਨੂੰ ਵੀ ਨਹੀਂ ਜੋ ਵਿਦੇਸ਼ੀ ਲਹਿਜ਼ੇ ਵਿਚ ਅੰਗਰੇਜ਼ੀ ਬੋਲਦਾ ਹੈ; ਭਾਵੇਂ ਕੋਈ ਕਾਕੇਸ਼ੀਅਨ (ਗੋਰੀ ਨਸਲ) ਵੀ ਹੋਵੇ। ਇਹ ਹਰ ਉਸ ਬੰਦੇ ਖਿਲਾਫ਼ ਹਨ ਜਿਹੜਾ ਸੱਭਿਆਚਾਰਕ ਜਾਂ ਸਰੀਰਕ ਤੌਰ ਉੱਤੇ ਇਨ੍ਹਾਂ ਨੂੰ ਮੁੱਖਧਾਰਾ ਅਮਰੀਕੀ ਸਮਾਜ ਤੋਂ ਵੱਖਰਾ ਲੱਗਦਾ ਹੈ। ਸਟਾਕਟਨ (ਕੈਲੀਫੋਰਨੀਆ) ਦੇ ਇਕ ਪ੍ਰਾਇਮਰੀ ਸਕੂਲ ਵਿਚ ਪੈਟਰਿਕ ਪੂਰਡੀ ਨੇ ਦੱਖਣੀ ਪੂਰਬੀ ਏਸ਼ੀਆ ਮੂਲ ਦੇ ਪੰਜ ਮਾਸੂਮ ਬੱਚੇ ਇਸ ਲਈ ਮਾਰ ਦਿੱਤੇ ਸਨ ਕਿ ਇਨ੍ਹਾਂ ਪਰਵਾਸੀਆਂ ਕਾਰਨ ਉਹ ਜ਼ਿੰਦਗੀ ਵਿਚ ਸਫ਼ਲਤਾ ਨਹੀਂ ਹਾਸਲ ਕਰ ਸਕਿਆ ਸੀ। ਸੋ, ਮਿਲਵਾਕੀ ਵਾਲਾ ਕਾਤਲ ਮਾਈਕਲ ਪੇਜ ਗੁਰਦੁਆਰੇ ਨੇੜੇ ਰਹਿੰਦਾ ਸੀ ਜਿਸ ਕਾਰਨ ਸਿੱਖ ਉਸ ਦੀ ਨਫ਼ਰਤ ਤੋਂ ਸਭ ਤੋਂ ਵੱਧ ਪੀੜਤ ਹੋਏ। ਹੋ ਸਕਦਾ ਹੈ ਕਿ ਜੇ ਅਜਿਹਾ ਕੋਈ ਸਿਰਫਿਰਿਆ ਨਫ਼ਰਤੀ ਮੁਸਲਮਾਨਾਂ, ਯਹੂਦੀਆਂ, ਹਿੰਦੂਆਂ ਜਾਂ ਬੋਧੀਆਂ ਦੇ ਧਾਰਮਿਕ ਸਥਾਨਾਂ ਨੇੜੇ ਰਹਿੰਦਾ ਹੋਵੇ ਤਾਂ ਉਹ ਵੀ ਉਸ ਤੋਂ ਪੀੜਤ ਹੋ ਸਕਦੇ ਹਨ।

ਗੁਰਦੁਆਰਾ ਓਕ ਕਰੀਕ 'ਤੇ ਹਮਲੇ ਪਿਛੋਂ ਪਿਛਲੇ 3 ਹਫ਼ਤਿਆਂ ਵਿਚ ਨਿਊ ਯਾਰਕ ਤੇ ਨਿਊ ਜਰਸੀ ਵਿਚ ਸਮੂਹਿਕ ਕਤਲੋਗਾਰਤ ਦੀਆਂ ਦੋ ਹੋਰ ਘਟਨਾਵਾਂ ਹੋ ਚੁੱਕੀਆਂ ਹਨ। ਇਨ੍ਹਾਂ ਘਟਨਾਵਾਂ ਵਿਚ ਕਿਸੇ ਖਾਸ ਵਰਗ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਇਹ ਦੋਵੇਂ ਘਟਨਾਵਾਂ ਹੋਈਆਂ ਵੀ ਪੋਲਿਸ਼ ਇਲਾਕਿਆਂ ਵਿਚ ਸਨ। ਇਕ ਘਟਨਾ ਨਿਊ ਯਾਰਕ ਦੀ ਇਤਿਹਾਸਕ ਇੰਪੀਰੀਅਲ ਬਿਲਡਿੰਗ ਸਾਹਮਣੇ ਅਤੇ ਦੂਜੀ ਨਿਊ ਜਰਸੀ ਦੇ ਨਾਮਵਰ ਮਾਲ ਵਿਚ ਹੋਈ। ਨਿਊ ਜਰਸੀ ਵਾਲੀ ਘਟਨਾ ਵਿਚ ਤਾਂ ਹਮਲਾਵਰ ਨੇ ਆਪਣੇ ਸਾਥੀ ਕਾਮਿਆਂ ਨੂੰ ਵੀ ਨਹੀਂ ਬਖ਼ਸ਼ਿਆ। ਸੋ, ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਨਫ਼ਰਤ ਦੇ ਮਾਰਿਆਂ ਜਾਂ ਹੋਰ ਮਾਨਸਿਕ ਨੁਕਸਾਂ ਕਾਰਨ ਸਮੂਹਿਕ ਕਤਲੋਗਾਰਤ ਕਰਨ ਵਾਲਿਆਂ ਦੀ ਇਨਸਾਨੀਅਤ ਮਰ ਚੁੱਕੀ ਹੁੰਦੀ ਹੈ। ਉਨ੍ਹਾਂ ਦਾ ਕੋਈ ਧਰਮ ਨਹੀਂ ਹੁੰਦਾ ਤੇ ਨਾ ਹੀ ਉਹ ਵਿਸ਼ੇਸ਼ ਵਿਚਾਰਾਂ ਨੂੰ ਅਹਿਮੀਅਤ ਦਿੰਦੇ ਹਨ। ਉਨ੍ਹਾਂ ਦਾ ਨਿਸ਼ਾਨਾ ਕੋਈ ਵੀ ਬੰਦਾ ਜਾਂ ਭਾਈਚਾਰਾ ਬਣ ਸਕਦਾ ਹੈ।

ਨਸਲੀ ਵਿਤਕਰੇ ਦੀ ਕਰੋਧੀ ਅੱਗ ਵਿਚ ਝੁਲਸੇ ਹੋਏ ਬੰਦੇ ਵੱਲੋਂ ਸਿੱਖ ਗੁਰੂਧਾਮ ਵਿਚ ਬਿਨਾਂ ਕਿਸੇ ਭੜਕਾਹਟ ਤੋਂ ਜਿਵੇਂ ਸ਼ਰਧਾਲੂਆਂ ਉਤੇ ਹਮਲਾ ਕੀਤਾ ਗਿਆ, ਉਸ ਨੂੰ ਪੂਰੇ ਦੇਸ਼ ਨੇ ਸਿੱਖਾਂ ਉਤੇ ਨਹੀਂ, ਸਗੋਂ ਅਮਰੀਕਾ ਉਤੇ ਹਮਲਾ ਸਮਝਿਆ। ਇਹ ਹਮਲਾ ਅਮਰੀਕਾ ਦੇ ਉਸ ਧਰਮ ਨਿਰਲੇਪ ਪਲੈਟਫਾਰਮ (ਨੀਂਹਾਂ) ਉਤੇ ਹੈ, ਜੋ ਕਦੇ ਯੂਰਪ ਦੀਆਂ 13 ਅਮਰੀਕਨ ਬਸਤੀਆਂ ਕਹਾਉਂਦੇ ਰਾਜਾਂ ਨੇ ਬਣਾਇਆ ਸੀ ਤੇ ਜਿਸ ਉਤੇ ਦੁਨੀਆਂ ਦਾ ਸਭ ਤੋਂ ਤਾਕਤਵਰ ਦੇਸ਼ 'ਸੰਯੁਕਤ ਰਾਜ ਅਮਰੀਕਾ' ਉਸਰਿਆ।

ਜਦੋਂ ਇਸ ਨਵੇਂ ਦੇਸ਼ ਦਾ ਬਾਨਣੂੰ ਬੰਨ੍ਹਣ ਦੀ ਤਿਆਰੀ ਹੋ ਰਹੀ ਸੀ ਤਾਂ ਥਾਮਸ ਜੈਫ਼ਰਸਨ ਧਾਰਮਿਕ ਵਖਰੇਵਿਆਂ ਤੇ ਧਾਰਮਿਕ ਆਜ਼ਾਦੀ ਬਾਰੇ ਬਹੁਤ ਅਗਾਂਹਵਧੂ, ਨਿਰਪੱਖ ਤੇ ਉਸਾਰੂ ਸੋਚ ਰੱਖਦਾ ਸੀ। ਉਸ ਦੇ ਯਤਨਾਂ ਸਦਕਾ ਧਾਰਮਿਕ ਆਜ਼ਾਦੀ ਸ਼ੁਰੂ ਤੋਂ ਹੀ ਅਮਰੀਕਾ ਦਾ ਕੌਮੀ ਅਕੀਦਾ ਬਣਾ ਦਿੱਤੀ ਗਈ। ਥਾਮਸ ਜੈਫ਼ਰਸਨ ਨੇ ਧਾਰਮਿਕ ਆਜ਼ਾਦੀ ਦਾ ਜੋ ਸੰਵਿਧਾਨਕ ਚਾਰਟਰ ਲਿਖਿਆ, ਉਹ ਕੇਵਲ ਈਸਾਈਆਂ ਲਈ ਨਹੀਂ, ਸਗੋਂ ਦੁਨੀਆਂ ਦੇ ਸਭ ਮਜ਼੍ਹਬਾਂ ਲਈ ਹੈ। ਜੈਫ਼ਰਸਨ ਦਾ ਲਿਖਿਆ ਧਾਰਮਿਕ ਆਜ਼ਾਦੀ ਵਾਲਾ ਚਾਰਟਰ ਸੱਚ-ਮੁੱਚ ਧਰਮ ਨਿਰਲੇਪ ਹੈ, ਜੋ ਅਮਰੀਕਨ ਕਾਂਗਰਸ ਜਾਂ ਕਿਸੇ ਕਾਂਗਰਸਮੈਨ ਉਤੇ ਕਿਸੇ ਧਰਮ, ਕਿਸੇ ਧਾਰਮਿਕ ਆਗੂ ਜਾਂ ਧਰਮ ਸਥਾਨ ਦੀ ਮਦਦ ਕਰਨ ਲਈ ਬੰਦਿਸ਼ ਲਾਉਂਦਾ ਹੈ। ਅਮਰੀਕਾ ਦੇ ਪਿਤਾਮਾ ਸੱਚ-ਮੁੱਚ ਸੈਕੂਲਰ ਸਨ। ਅੱਜ ਜਦੋਂ ਦੇਸ਼ ਵਿਚ ਧਾਰਮਿਕ ਤਲਖੀਆਂ ਵਧ ਰਹੀਆਂ ਹਨ ਤਾਂ ਸਭ ਨੂੰ ਉਨ੍ਹਾਂ ਪੁਰਖਿਆਂ ਨੂੰ ਯਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਇਹ ਦੇਸ਼ ਬਣਾਇਆ ਸੀ। ਜੈਫਰਸਨ ਦੀ ਧਾਰਮਿਕ ਆਜ਼ਾਦੀ ਦੇ ਥੀਸਿਸ ਬਾਰੇ ਅਨੇਕਾਂ ਇਤਿਹਾਸਕਾਰਾਂ ਅਤੇ ਬੁੱਧੀਮਾਨਾਂ ਨੇ ਕਿਤਾਬਾਂ ਲਿਖੀਆਂ ਹਨ। ਉਸ ਨੇ ਆਪਣੀ ਸਵੈ-ਜੀਵਨੀ ਵਿਚ ਇਸ ਬਾਰੇ ਵਿਸਥਾਰ ਨਾਲ ਲਿਖਿਆ ਹੈ ਕਿ ਧਾਰਮਿਕ ਆਜ਼ਾਦੀ ਦੀ ਗਰੰਟੀ ਦੇਣ ਵਾਲਾ ਬਿੱਲ ਆਪਣੇ ਵਿਰੋਧੀਆਂ ਨਾਲ ਸਲਾਹ-ਮਸ਼ਵਰਾ ਕਰ ਕੇ ਤਿਆਰ ਕੀਤਾ ਗਿਆ ਸੀ ਤੇ ਇਹ ਥੋੜ੍ਹੇ ਜਿਹੇ ਵਿਰੋਧ ਤੋਂ ਬਾਅਦ ਬਹੁਮਤ ਨਾਲ ਪਾਸ ਹੋ ਗਿਆ। ਇਸ ਬਿੱਲ ਦਾ ਖਾਕਾ ਤਿਆਰ ਕਰਨ ਤੋਂ ਪਹਿਲਾਂ ਉਨ੍ਹਾਂ ਯਹੂਦੀਆਂ, ਜ਼ਿੰਨਟਾਇਲ, ਈਸਾਈਆਂ ਦੇ ਵੱਖੋ-ਵੱਖਰੇ ਗਰੁਪਾਂ, ਇਸਲਾਮ, ਹਿੰਦੂਆਂ ਤੇ ਬੋਧੀਆਂ ਸਮੇਤ ਵੱਖ ਵੱਖ ਧਰਮਾਂ ਦਾ ਧਾਰਮਿਕ ਤੇ ਤਵਾਰੀਖੀ ਸਾਹਿਤ ਪੜ੍ਹਿਆ ਸੀ।

ਦਿਲਚਸਪ ਗੱਲ ਹੈ ਕਿ ਮਿਲਵਾਕੀ ਵਿਚ ਸਿੱਖਾਂ ਉਤੇ ਹੋਏ ਨਸਲੀ ਹਮਲੇ ਨੇ ਅਮਰੀਕਾ ਵਿਚ ਧਾਰਮਿਕ ਆਜ਼ਾਦੀ ਦੇ ਇਤਿਹਾਸ ਨੂੰ ਮੁੜ ਰੌਸ਼ਨ ਕਰ ਦਿੱਤਾ ਹੈ। ਸਿੱਖਾਂ ਉਤੇ ਹੋਏ ਨਸਲੀ ਨਫ਼ਰਤ ਦੇ ਹਮਲੇ ਤੋਂ ਪਹਿਲਾਂ ਬਹੁਤ ਘੱਟ ਲੋਕਾਂ ਨੂੰ ਪਤਾ ਸੀ ਕਿ ਥਾਮਸ ਜੈਫਰਸਨ ਦੀ ਕਬਰ ਉਤੇ ਦੇਸ਼ ਦੇ ਪਹਿਲਾ ਵਿਦੇਸ਼ ਮੰਤਰੀ, ਦੂਜੇ ਉਪ ਰਾਸ਼ਟਰਪਤੀ ਜਾਂ ਤੀਜੇ ਰਾਸ਼ਟਰਪਤੀ ਹੋਣ ਦਾ ਜ਼ਿਕਰ ਨਹੀਂ, ਸਗੋਂ ਉਸ ਦੀ ਕਬਰ ਉਤੇ ਲਿਖਿਆ ਹੈ, 'ਧਾਰਮਿਕ ਆਜ਼ਾਦੀ ਦੇਣ ਵਾਲੇ ਚਾਰਟ (ਬਿੱਲ) ਦਾ ਲੇਖਕ।' ਉਸ ਦੀ ਕਬਰ ਉਤੇ ਕੋਈ ਧਾਰਮਿਕ ਚਿੰਨ੍ਹ ਨਹੀਂ, ਸਗੋਂ ਧਾਰਮਿਕ ਆਜ਼ਾਦੀ ਦੀ ਦੇਵੀ ਸਮਝੀ ਜਾਂਦੀ ਵਰਜੀਨੀਆ ਦਾ ਬੁੱਤ ਲੱਗਾ ਹੋਇਆ ਹੈ। ਜੈਫਰਸਨ ਕਦੇ ਨਹੀਂ ਚਾਹੁੰਦਾ ਸੀ ਕਿ ਉਸ ਦੀ ਧਾਰਮਿਕ ਆਜ਼ਾਦੀ ਵਾਲੀ ਗੱਲ ਵਿਚ ਕਦੇ ਕੋਈ ਦੁਬਿਧਾ ਪੈਦਾ ਹੋਵੇ। ਇਸੇ ਲਈ ਉਸ ਦੀ ਕਬਰ 'ਤੇ ਕੋਈ ਧਾਰਮਿਕ ਚਿੰਨ੍ਹ ਨਹੀਂ ਹੈ।

ਅਮਰੀਕਾ ਦੇ ਲੋਕਾਂ ਨੂੰ ਧਾਰਮਿਕ ਆਜ਼ਾਦੀ ਦੀ ਗਰੰਟੀ ਦਿਵਾਉਣ ਵਾਲੇ ਥਾਮਸ ਜੈਫਰਸਨ ਦੀ ਕਬਰ 'ਤੇ ਲੱਗਿਆ ਦੇਵੀ ਵਰਜੀਨੀਆ ਦਾ ਬੁੱਤ ਜਿੱਥੇ ਧਾਰਮਿਕ ਆਜ਼ਾਦੀ ਦੀ ਸ਼ਾਹਦੀ ਭਰਦਾ ਹੈ, ਉਥੇ ਆਪਣੇ ਆਸ-ਪਾਸ ਵਸਦੇ ਦੂਜੇ ਮਜ਼੍ਹਬ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਮਝਣ ਤੇ ਉਨ੍ਹਾਂ ਨੂੰ ਠੇਸ ਨਾ ਪਹੁੰਚਾਉਣ ਦਾ ਸੁਨੇਹਾ ਵੀ ਦਿੰਦਾ ਹੈ। ਮੈਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਸਾਡੇ ਸਿੱਖ ਧਰਮ ਦੇ ਅਨੇਕਾਂ ਸਮਾਜਕ ਤੇ ਧਾਰਮਿਕ ਆਗੂ ਆਪਣੀ ਧਾਰਮਿਕ ਆਜ਼ਾਦੀ ਦਾ ਤਾਂ ਖਿਆਲ ਰੱਖਦੇ ਹਨ, ਪਰ ਦੂਜਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ। ਵੱਖਰੇ ਸਿੱਖ ਰਾਜ ਲਈ ਸੰਘਰਸ਼ ਕਰ ਰਹੇ ਇਕ ਖਾਲਿਸਤਾਨੀ ਆਗੂ ਦੋ ਸਾਲ ਪਹਿਲਾਂ ਯੂਬਾ ਸਿਟੀ ਦੇ ਨਗਰ ਕੀਰਤਨ ਵਿਚ ਹਿੱਸਾ ਲੈਣ ਵਾਸ਼ਿੰਗਟਨ ਡੀ.ਸੀ. ਤੋਂ ਗਏ ਸਨ। ਉਨ੍ਹਾਂ ਨੇ ਆਪਣੇ ਜੋਸ਼ੀਲੇ ਤੇ ਭੜਕਾਊ ਭਾਸ਼ਣ ਵਿਚ ਇਕ ਫਿਰਕੇ ਦੇ ਲੋਕਾਂ ਖ਼ਿਲਾਫ਼ ਤਾਂ ਪ੍ਰਚਾਰ ਕੀਤਾ ਹੀ, ਉਹ ਵਾਰ-ਵਾਰ ਇਹ ਵੀ ਕਹਿ ਰਹੇ ਸਨ ਕਿ ਅਮਰੀਕਾ ਦਾ ਧਾਰਮਿਕ ਆਜ਼ਾਦੀ ਵਾਲਾ ਕਾਨੂੰਨ ਤੇ ਵਿਭਾਗ ਦੁਨੀਆਂ ਭਰ ਦੇ ਈਸਾਈਆਂ ਦੀ ਰੱਖਿਆ ਲਈ ਬਣਾਇਆ ਗਿਆ ਹੈ। ਹੁਣੇ-ਹੁਣੇ ਉਨ੍ਹਾਂ ਦੀਆਂ ਤਕਰੀਰਾਂ ਦੀਆਂ ਕੁਝ ਵੀਡੀਓ ਦੇਖੀਆਂ ਹਨ, ਆਪਣੇ ਭਾਸ਼ਣਾਂ ਵਿਚ ਉਹ ਵਾਰ-ਵਾਰ ਕਹਿੰਦੇ ਹਨ ਕਿ ਜਦੋਂ ਦੁਨੀਆਂ ਵਿਚ ਕਿਧਰੇ ਈਸਾਈਆਂ ਉਤੇ ਹਮਲਾ ਹੁੰਦਾ ਹੈ ਤਾਂ ਇਹ ਵਿਭਾਗ ਕਾਰਵਾਈ ਕਰਦਾ ਹੈ।

ਸਿੱਖਾਂ ਉਤੇ ਹੋਏ ਹਮਲੇ ਪਿੱਛੋਂ ਜਿਵੇਂ ਪੂਰਾ ਦੇਸ਼ ਹਰਕਤ ਵਿਚ ਆਇਆ ਅਤੇ ਸਿੱਖਾਂ ਨਾਲ ਢਾਲ ਬਣ ਕੇ ਖੜ੍ਹਾ ਹੋਇਆ, ਉਸ ਨੂੰ ਦੇਖ ਕੇ ਇਸ ਖਾਲਿਸਤਾਨੀ ਆਗੂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਮਝਣਾ ਚਾਹੀਦਾ ਹੈ ਕਿ ਅਮਰੀਕਾ ਦਾ ਧਾਰਮਿਕ ਆਜ਼ਾਦੀ ਵਾਲਾ ਕਾਨੂੰਨ ਸਭ ਲਈ ਸਾਂਝਾ ਹੈ। ਪ੍ਰਤੱਖ ਸਬੂਤ ਹੈ ਕਿ ਕਿਵੇਂ ਗੈਰ-ਸਿੱਖ ਪੁਲਿਸ ਅਫ਼ਸਰਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ


***(ਬਾਕੀ ਸਫਾ 34 'ਤੇ)***




***'ਸਾਊਦਰਨ ਪਾਵਰਟੀ ਲਾਅ ਸੈਂਟਰ' ਵੱਲੋਂ ਤਿਆਰ ਕੀਤਾ ਮੈਪ ਜਿਸ ਵਿਚ ਵੱਖ-ਵੱਖ ਰਾਜਾਂ ਵਿਚ ਸਰਗਰਮ ਨਸਲੀ ਗਰੁਪਾਂ ਦੀ ਗਿਣਤੀ ਦਰਸਾਈ ਗਈ ਹੈ***

# ਭ੍ਰਿਸ਼ਟਾਚਾਰ: ਕਾਂਗਰਸ ਤੇ ਭਾਜਪਾ ਦੀ ਲੜਾਈ 'ਭੂਆ ਭਤੀਜੀ ਲੜੀਆਂ' ਤੋਂ ਵੱਧ ਕੁਝ ਨਹੀਂ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਲੜਾਈ ਸਿਰਫ ਦਿੱਲੀ ਦੇ ਤਖਤ ਦੀ ਹੈ, ਜ਼ਮੀਰ ਦੇ ਪੱਖੋਂ ਨਾ ਕਾਂਗਰਸੀ ਕਿਸੇ ਤਰ੍ਹਾਂ ਸੁਲੱਖਣੇ ਨਿਕਲਦੇ ਹਨ ਤੇ ਨਾ ਭਾਜਪਾ ਵਾਲੇ ਹੀ। ਪੰਜਾਬੀ ਮੁਹਾਵਰੇ ਮੁਤਾਬਕ ਉਠ ਨੂੰ ਪੁੱਛਿਆ ਗਿਆ ਸੀ ਕਿ ਚੜ੍ਹਾਈ ਚੰਗੀ ਹੁੰਦੀ ਹੈ ਕਿ ਉਤਰਾਈ ਤੇ ਉਸ ਨੇ ਕਿਹਾ ਸੀ, ਦੋਵਾਂ ਦਾ ਫਿੱਟੇ ਮੂੰਹ। ਕਾਂਗਰਸੀਆਂ ਅਤੇ ਭਾਜਪਾ ਵਾਲਿਆਂ ਦੀ ਪਾਰਲੀਮੈਂਟ ਤੋਂ ਗਲੀ-ਗਲੀ ਤੱਕ ਦੀ ਲੜਾਈ 'ਭੂਆ-ਭਤੀਜੀ ਲੜੀਆਂ ਵਿਚ ਕਚਹਿਰੀ ਦੇ' ਵਾਲੀ ਹੈ। ਦੇਸ਼ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਉਨ੍ਹਾਂ ਕੋਲ ਦੋਵਾਂ ਦੇ ਮੁਕਾਬਲੇ ਕੋਈ ਤੀਸਰੀ ਟਿਕਾਊ ਧਿਰ ਹਾਲੇ ਤੱਕ ਪੇਸ਼ ਨਹੀਂ ਹੋ ਰਹੀ, ਇਸ ਲਈ ਇਹ ਨੌਟੰਕੀ ਬਰਦਾਸ਼ਤ ਕਰਨੀ ਪੈ ਰਹੀ ਹੈ।*

ਭਾਰਤੀ ਪਾਰਲੀਮੈਂਟ ਦਾ ਇਸ ਵਾਰੀ ਦਾ ਮੌਨਸੂਨ ਰੁੱਤ ਅਜਲਾਸ ਅਮਲ ਵਿਚ ਲੋਕਤੰਤਰ ਦਾ ਅਸਲੋਂ ਘਟੀਆ ਨਾਟਕ ਬਣ ਕੇ ਰਹਿ ਗਿਆ। ਸੈਸ਼ਨ ਮੁੱਕ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਇਸ ਦਾ ਸਾਰਾ ਦੋਸ਼ ਵਿਰੋਧੀ ਧਿਰ, ਤੇ ਖਾਸ ਕਰ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਿਰ ਥੱਪ ਦਿੱਤਾ ਹੈ। ਕੁਝ ਲੋਕਾਂ ਨੂੰ ਇਸ ਵਿਚ ਕਾਫੀ ਹੱਦ ਤੱਕ ਸੱਚਾਈ ਜਾਪਦੀ ਹੈ। ਭਾਜਪਾ ਨੇ ਖੜੇ ਪੈਰ ਭਾਜੀ ਮੋੜ ਦਿੱਤੀ ਤੇ ਸਾਰਾ ਕਸੂਰ ਸਰਕਾਰ ਚਲਾ ਰਹੀ ਧਿਰ ਦਾ ਕੱਢ ਦਿੱਤਾ। ਹੁਣ ਭਾਜਪਾ ਕਹਿੰਦੀ ਹੈ ਕਿ ਉਹ ਆਪਣੀ ਰਾਜਨੀਤੀ ਦੀ ਇਹ ਲੜਾਈ ਗਲੀ-ਗਲੀ ਵਿਚ ਪੁਚਾ ਦੇਵੇਗੀ। ਕਾਂਗਰਸ ਵਾਲੇ ਕਹਿੰਦੇ ਹਨ ਕਿ ਉਹ ਭਾਜਪਾ ਨਾਲ ਗਲੀ-ਗਲੀ ਜਾ ਕੇ ਸਿੱਝਣਗੇ। ਪੰਜਾਬੀ ਦੀ ਇਕ ਬੋਲੀ ਹੈ, 'ਭੂਆ ਭਤੀਜੀ ਲੜੀਆਂ ਵਿਚ ਕਚਹਿਰੀ ਦੇ।' ਵੇਖਣ ਨੂੰ ਇਹ ਦੋ ਧਿਰਾਂ ਦੀ ਲੜਾਈ ਲੱਗਦੀ ਹੈ, ਅਸਲ ਵਿਚ ਇਹ ਉਨ੍ਹਾਂ ਦਾ ਖੇਖਣ ਹੈ, ਜਿਨ੍ਹਾਂ ਦੀ ਨਾਨੀ-ਦੋਹਤੀ ਅੰਦਰੋਂ ਰਲੀ ਹੋਈ ਹੈ।

ਜਿਸ ਪਾਰਲੀਮੈਂਟ ਨੂੰ ਲੋਕ-ਰਾਜ ਦਾ ਸਭ ਤੋਂ ਵੱਡਾ ਮੰਦਰ ਕਿਹਾ ਜਾਂਦਾ ਹੈ, ਉਸ ਦਾ ਸਮਾਗਮ ਚਲਾਉਣ ਲਈ ਲੋਕਾਂ ਦੀ ਕਮਾਈ ਵਿਚੋਂ ਆਏ ਟੈਕਸਾਂ ਵਿਚੋਂ ਇੱਕ ਅੰਦਾਜ਼ੇ ਮੁਤਾਬਕ ਢਾਈ ਲੱਖ ਰੁਪਏ ਪ੍ਰਤੀ ਮਿੰਟ ਖਰਚ ਹੋ ਜਾਂਦੇ ਹਨ। ਇੰਜ ਇੱਕ ਘੰਟੇ ਦਾ ਡੇਢ ਕਰੋੜ ਬਣਦਾ ਹੈ। ਕਾਰਵਾਈ ਵੱਧ ਜਾਂ ਘੱਟ ਦਾ ਲੇਖਾ ਲਾ ਕੇ ਔਸਤ ਛੇ ਘੰਟੇ ਰੋਜ਼ ਚੱਲਦੀ ਹੈ। ਕੁੱਲ ਤੇਰਾਂ ਦਿਨ ਕੰਮ ਠੱਪ ਰਿਹਾ ਤੇ ਸਰਕਾਰੀ ਸੂਚਨਾ ਮੁਤਾਬਕ ਇਸ ਠੱਪ ਰਹੇ ਸਮੇਂ ਦਾ ਕੁੱਲ ਖਰਚਾ ਇੱਕ ਸੌ ਸਤਾਰਾਂ ਕਰੋੜ ਰੁਪਏ ਦਾ ਬਣਿਆ ਹੈ। ਜਿਹੜੇ ਵਿਚਲੇ ਦਿਨਾਂ ਵਿਚ ਕੁਝ ਕੰਮ ਹੋਇਆ ਮੰਨਿਆ ਗਿਆ ਹੈ, ਉਨ੍ਹਾਂ ਵਿਚ ਇੱਕ ਸੂਚੀ ਦਰਜ ਜਾਤੀ ਦੇ ਲੋਕਾਂ ਨੂੰ ਨੌਕਰੀ ਦੌਰਾਨ ਤਰੱਕੀਆਂ ਵਿਚ ਵੀ ਰਿਜ਼ਰਵੇਸ਼ਨ ਦੇਣ ਦਾ ਬਿੱਲ ਪੇਸ਼ ਹੋਣ ਵਾਲਾ ਸਮਾਂ ਗਿਣਿਆ ਜਾ ਸਕਦਾ ਹੈ, ਜਿਸ ਵਿਚ ਪੰਜਾਬ ਦਾ ਅਵਤਾਰ ਸਿੰਘ ਕਰੀਮਪੁਰੀ ਅਤੇ ਉਤਰ ਪ੍ਰਦੇਸ਼ ਦਾ ਨਰੇਸ਼ ਅਗਰਵਾਲ ਹੱਥੋਪਾਈ ਹੋ ਕੇ ਦੇਸ਼ ਦੀ ਪਾਰਲੀਮੈਂਟ ਨੂੰ ਯੂ ਪੀ ਵਾਲੀ ਅਸੈਂਬਲੀ ਬਣਾ ਦੇਣ ਲੱਗੇ ਸਨ।

ਲੋਕ ਜਾਣਨਾ ਚਾਹੁੰਦੇ ਹਨ ਕਿ ਏਨੇ ਦਿਨਾਂ ਦੇ ਇਸ ਬੇਲੋੜੇ ਰੌਲੇ-ਰੱਪੇ ਅਤੇ ਅੜਿੱਕੇ ਵਿਚੋਂ ਨਿਕਲਿਆ ਕੀ? ਇਸ ਦਾ ਜਵਾਬ ਦੇਣ ਦੇ ਚੱਕਰ ਵਿਚ ਫਿਰ ਨਾਨੀ-ਦੋਹਤੀ ਵਾਂਗ ਰਲੀਆਂ ਦੋਵੇਂ ਧਿਰਾਂ ਸੌ ਜਵਾਬ ਗਿਣਾ ਦੇਣਗੀਆਂ। ਦੇਸ਼ ਦੇ ਲੋਕਾਂ ਨੂੰ ਆਪਣੇ ਦਿਮਾਗ ਉਤੇ ਜ਼ੋਰ ਦੇ ਕੇ ਸੋਚਣਾ ਚਾਹੀਦਾ ਹੈ ਕਿ ਉਹ ਕਿਹੜਾ ਮੌਕਾ ਸੀ, ਜਦੋਂ ਇਨ੍ਹਾਂ ਦੀ ਆਪੋ ਵਿਚ ਤੰਦ ਜੁੜੀ ਹੋਈ ਨਹੀਂ ਸੀ ਨਿਕਲੀ? ਜੇ ਉਹ ਇਸ ਪੱਖੋਂ ਸੋਚਣਗੇ ਤਾਂ ਕਈ ਸੂਤਰ ਸਾਹਮਣੇ ਆ ਜਾਣਗੇ।

ਤਾਜ਼ਾ ਮਾਮਲਾ ਕੋਲੇ ਦੇ ਬਲਾਕਾਂ ਦੀ ਵੰਡ ਦਾ ਹੈ, ਜਿਸ ਵਿਚ ਦੇਸ਼ ਦੀ ਸਰਕਾਰ ਦੀ ਅਗਵਾਈ ਕਰਦੀ ਕਾਂਗਰਸ ਪਾਰਟੀ ਦੇ ਲੀਡਰਾਂ ਨੇ ਵੱਧ ਖਾਧਾ ਜਾਪਦਾ ਹੈ, ਪਰ ਭਾਜਪਾ ਦੇ ਲੀਡਰ ਵੀ ਸੁੱਕੇ ਸੰਘ ਨਹੀਂ ਰਹਿ ਗਏ। ਕੋਲੇ ਦਾ ਇੱਕ ਬਲਾਕ ਜੇ ਭਾਜਪਾ ਪ੍ਰਧਾਨ ਦੇ ਸਭ ਤੋਂ ਖਾਸ ਕਹੇ ਜਾਂਦੇ ਰਾਜ ਸਭਾ ਮੈਂਬਰ ਅਜੇ ਸੰਚੇਤੀ ਨੂੰ ਮਿਲ ਗਿਆ ਤਾਂ ਦੂਸਰਾ ਕਿਸੇ ਚਹੇਤੇ ਨੂੰ ਦੇਣ ਲਈ ਭਾਜਪਾ ਦਾ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਦੌੜਾਂ ਲਾਉਂਦਾ ਰਿਹਾ ਸੀ। ਜਿਹੜਾ ਕੋਲਾ ਬਲਾਕ ਉਸ ਨੇ ਆਪਣੀ ਚਹੇਤੀ ਕੰਪਨੀ ਨੂੰ ਅਲਾਟ ਕਰਾਉਣ ਦੀ ਸਿਫਾਰਸ਼ ਕੀਤੀ ਸੀ, ਜਦੋਂ ਉਸ ਦੇ ਸਬੰਧ ਵਿਚ ਜੰਗਲਾਤ ਮਹਿਕਮੇ ਵਾਲੇ ਅੜ ਗਏ ਤਾਂ ਉਹ ਇਹ ਅੜਿੱਕਾ ਦੂਰ ਕਰਨ ਲਈ ਮੁੱਖ ਮੰਤਰੀ ਹੁੰਦਿਆਂ ਵੀ ਆਪਣੇ ਰਾਜ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਵਰਤ ਰੱਖ ਕੇ ਬੈਠ ਗਿਆ ਸੀ। ਲਾਲੂ ਪ੍ਰਸਾਦ ਦੇ ਸਭ ਤੋਂ ਚਹੇਤੇ ਪੀ ਸੀ ਗੁਪਤਾ ਦੇ ਪੁੱਤਰ ਨੂੰ ਕੋਲੇ ਦਾ ਇੱਕ ਬਲਾਕ ਉਦੋਂ ਅਲਾਟ ਹੋਇਆ, ਜਦੋਂ ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਵਿਚ ਗੁਪਤਾ ਕਾਰਪੋਰੇਟ ਮਾਮਲਿਆਂ ਦਾ ਮੰਤਰੀ ਬਣਿਆ ਸੀ। ਇੱਕ ਕੋਲਾ ਬਲਾਕ ਡੀ ਐਮ ਕੇ ਪਾਰਟੀ ਦੇ ਇੱਕ ਕੇਂਦਰੀ ਮੰਤਰੀ ਜਗਤ ਰਕਸ਼ਕ ਨੂੰ ਮਿਲ ਗਿਆ। ਸਾਨੂੰ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਕੋਲੇ ਦੇ ਬਲਾਕਾਂ ਦੀ ਕਾਲੀ ਵੰਡ ਵਿਚੋਂ ਸਭ ਤੋਂ ਵੱਧ ਤਾਂ ਕਾਂਗਰਸੀ ਐਮ ਪੀ ਨਵੀਨ ਜਿੰਦਲ ਨੂੰ ਮਿਲੇ, ਪਰ ਦੂਸਰੇ ਨੰਬਰ ਉਤੇ ਜਿਹੜੀ ਕੰਪਨੀ ਨੂੰ ਵੱਡਾ ਗੱਫਾ ਮਿਲਿਆ, ਉਸ ਨਾਲ ਕਾਮਰੇਡ ਜੋਤੀ ਬਾਸੂ ਦੇ ਪੁੱਤਰ ਚੰਦਨ ਬਾਸੂ ਦਾ ਨਾਂ ਜੁੜਦਾ ਹੈ। ਚੰਦਨ ਬਾਸੂ ਉਂਜ ਵੀ ਚੰਦਨ ਦੀ ਮਹਿਕ ਛੱਡਣ ਵਾਲਾ ਨਹੀਂ, ਸ਼ੁਰੂ ਤੋਂ ਹੀ ਵਿਵਾਦਾਂ ਵਿਚ ਰਿਹਾ ਹੈ।

ਅਸੀਂ ਕੋਲੇ ਦੇ ਬਲਾਕਾਂ ਦੀ ਵੰਡ ਨੂੰ ਛੱਡ ਕੇ ਦੂਸਰੇ ਪਾਸੇ ਵੇਖੀਏ ਤਾਂ ਕਾਮਨਵੈਲਥ ਖੇਡਾਂ ਦਾ ਬਹੁਤ ਵੱਡਾ ਮਾਮਲਾ ਨਿਕਲ ਆਵੇਗਾ। ਉਸ ਦੇ ਖਿਲਾਫ ਸਭ ਤੋਂ ਪਹਿਲਾਂ ਦੁਹਾਈ ਕਾਂਗਰਸ ਦੇ ਐਮ ਪੀ ਮਣੀ ਸ਼ੰਕਰ ਅਈਅਰ ਨੇ ਪਾਈ ਪਰ ਬਾਅਦ ਵਿਚ ਇਸ ਨੂੰ ਭਾਜਪਾ ਨੇ ਚੁੱਕ ਲਿਆ। ਜਦੋਂ ਕੇਸ ਦਰਜ ਹੋ ਗਿਆ ਅਤੇ ਸੀ ਬੀ ਆਈ ਚੋਰਾਂ ਨੂੰ ਫੜਨ ਤੁਰੀ, ਕਾਂਗਰਸ ਦੇ ਸੁਰੇਸ਼ ਕਲਮਾਡੀ ਦੇ ਨਾਲ ਪਹਿਲਾ ਦਾਗੀ ਬੰਦਾ ਭਾਜਪਾ ਦੀ ਕੇਂਦਰੀ ਕਮਾਨ ਦਾ ਫੰਡ ਇਕੱਠੇ ਕਰਨ ਵਾਲਾ ਆਗੂ ਸੀ। ਹੈਰਾਨੀ ਦੀ ਗੱਲ ਇਹ ਕਿ ਆਪਣੇ ਕੇਂਦਰੀ ਆਗੂ ਬਾਰੇ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਨੇ ਇਹ ਕਹਿ ਦਿੱਤਾ ਕਿ ਉਸ ਨੂੰ ਉਹ ਜਾਣਦੇ ਵੀ ਨਹੀਂ। ਪਿੱਛੋਂ ਪਾਰਟੀ ਨੇ ਇਹ ਕਹਿ ਕੇ ਖਹਿੜਾ ਛੁਡਾਇਆ ਕਿ ਆਗੂ ਤਾਂ ਸਾਡਾ ਹੈ, ਪਰ ਉਸ ਨੂੰ ਰਾਜਸੀ ਕਾਰਨਾਂ ਕਰ ਕੇ ਫਸਾਇਆ ਗਿਆ ਹੈ। ਜਦੋਂ 'ਆਪਣਾ' ਬੰਦਾ ਫਸ ਜਾਵੇ, ਉਦੋਂ ਸਿਆਸੀ ਪਾਰਟੀਆਂ ਇਹੋ ਹੀ ਕਿਹਾ ਕਰਦੀਆਂ ਹਨ, ਤੇ ਇਹ ਇਸ ਵਾਰੀ ਵੀ ਹੋ ਰਿਹਾ ਹੈ।

ਜਦੋਂ ਸੀ ਬੀ ਆਈ ਨੇ ਇਸ ਵਾਰੀ ਕੋਲਾ ਮਾਮਲੇ ਵਿਚ ਛਾਪੇ ਮਾਰਨ ਦਾ ਕੰਮ ਸ਼ੁਰੂ ਕੀਤਾ ਤਾਂ ਜਿਸ ਕੰਪਨੀ ਦੇ ਖਿਲਾਫ ਪਹਿਲੇ ਦਿਨ ਛਾਪੇ ਵੱਜੇ, ਉਸ ਦੇ ਮਾਲਕ ਦਰੜਾ ਪਰਿਵਾਰ ਵਾਲੇ ਹਨ। ਇਨ੍ਹਾਂ ਵਿਚੋਂ ਇੱਕ ਵਿਜੇ ਦਰੜਾ ਪਾਰਲੀਮੈਂਟ ਵਿਚ ਕਾਂਗਰਸ ਦਾ ਮੈਂਬਰ ਹੈ ਤੇ ਉਸ ਦਾ ਸਕਾ ਭਰਾ ਰਜਿੰਦਰ ਦਰੜਾ ਮਹਾਰਾਸ਼ਟਰ ਵਿਚ ਕਾਂਗਰਸ ਦਾ ਮੰਤਰੀ ਹੈ। ਹੈਰਾਨੀ ਦੀ ਗੱਲ ਇਹ ਕਿ ਵਿਜੇ ਦਰੜਾ ਹਾਲੇ ਪਿਛਲੇ ਮਹੀਨੇ ਇਸ ਗੱਲ ਲਈ ਚਰਚਾ ਵਿਚ ਆ ਗਿਆ ਸੀ ਕਿ ਉਹ ਗੁਜਰਾਤ ਦੇ ਕਿਸੇ ਸਮਾਗਮ ਵਿਚ ਭਾਜਪਾ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਨਾ ਸਿਰਫ ਇੱਕੋ ਸਟੇਜ ਉਤੇ ਬੈਠਾ ਸੀ, ਸਗੋਂ ਉਸ ਨੇ ਮੋਦੀ ਨੂੰ ਸੰਤ-ਸਿਪਾਹੀ ਕਹਿ ਕੇ ਵਡਿਆਇਆ ਸੀ।

ਉਦੋਂ ਲੋਕ ਹੈਰਾਨ ਸਨ ਕਿ ਕਾਂਗਰਸੀ ਐਮ ਪੀ ਨੇ ਨਰਿੰਦਰ ਮੋਦੀ ਦੇ ਇੰਨੇ ਸੋਹਲੇ ਕਿਉਂ ਗਾਏ, ਪਰ ਸਮਝ ਕਿਸੇ ਨੂੰ ਨਹੀਂ ਸੀ ਆਈ। ਹੁਣ ਆਉਣ ਲੱਗ ਪਈ ਹੈ। ਉਹ ਕਾਂਗਰਸੀ ਐਮ ਪੀ ਹੋਣ ਦੇ ਨਾਲ ਮਹਾਂਰਾਸ਼ਟਰ ਦੇ ਸਭ ਤੋਂ ਵੱਧ ਪੜ੍ਹੇ ਜਾਂਦੇ ਅਖਬਾਰ ਦਾ ਮਾਲਕ ਵੀ ਹੈ, ਇਸ ਲਈ ਜਾਣਦਾ ਸੀ ਕਿ ਜੇ ਕੋਲੇ ਵਾਲੇ ਮਾਮਲੇ ਵਿਚ ਛਾਪੇ ਵੱਜਣ ਦੀ ਨੌਬਤ ਆ ਗਈ ਤਾਂ ਭਾਜਪਾ ਵਾਲਿਆਂ ਦੀ ਮਦਦ ਦੀ ਲੋੜ ਪੈ ਸਕਦੀ ਹੈ। ਹੋਇਆ ਵੀ ਇਹੋ ਕਿ ਦਰੜਾ ਪਰਿਵਾਰ ਦੇ ਅਦਾਰਿਆਂ ਉਤੇ ਛਾਪੇ ਵੱਜਣ ਦੇ ਬਾਅਦ ਉਸ ਦੇ ਪੱਖ ਵਿਚ ਇੱਕ ਵੀ ਕਾਂਗਰਸੀ ਆਗੂ ਨਹੀਂ ਬੋਲਿਆ, ਭਾਜਪਾ ਵਾਲੇ ਕੁਝ ਨੇਤਾ ਬੋਲੇ ਹਨ ਕਿ ਉਸ ਨੂੰ ਨਰਿੰਦਰ ਮੋਦੀ ਨਾਲ ਨੇੜਤਾ ਦੀ ਸਜ਼ਾ ਦਿੱਤੀ ਜਾ ਰਹੀ ਹੈ। ਜਿਵੇਂ ਕਦੇ ਇੰਦਰਾ ਗਾਂਧੀ ਤੇ ਉਸ ਦੇ ਪੁੱਤਰ ਦੀ ਨੇੜਤਾ ਨਾਲ ਰਿਲਾਇੰਸ ਵਾਲੇ ਅੰਬਾਨੀ ਫਰਸ਼ ਤੋਂ ਉਠ ਕੇ ਅਰਸ਼ ਤੱਕ ਪਹੁੰਚੇ ਤੇ ਫਿਰ ਨਹਿਰੂ-ਗਾਂਧੀ ਖਾਨਦਾਨ ਦੇ ਵਿਰੋਧੀਆਂ ਨਾਲ ਜਾ ਮਿਲੇ ਸਨ, ਹੋਣ ਨੂੰ ਇਹ ਵੀ ਹੋ ਸਕਦਾ ਹੈ ਕਿ ਹੁਣ ਦਰੜਾ ਪਰਿਵਾਰ ਵੀ ਕਾਂਗਰਸ ਵਾਲੇ ਪਾਸਿਓਂ ਮਲਾਈ ਚੱਟ ਚੁੱਕਣ ਪਿੱਛੋਂ ਭਾਜਪਾ ਨਾਲ ਕੁੰਡੀ ਜੋੜਨ ਦਾ ਯਤਨ ਕਰ ਰਿਹਾ ਹੋਵੇ। ਭਾਰਤ ਦੇ ਲੋਕਾਂ ਨੂੰ ਇਸ ਗੱਲ ਨਾਲ ਵਾਸਤਾ ਨਹੀਂ ਕਿ ਉਹ ਕਾਂਗਰਸ ਵਿਚ ਰਹਿੰਦੇ ਹਨ ਜਾਂ ਭਾਜਪਾ ਵਿਚ ਜਾਂਦੇ ਹਨ ਜਾਂ ਅੱਧੋ-ਅੱਧੀ ਦੋਵੇਂ ਪਾਸੇ ਤੁਰੇ ਫਿਰਦੇ ਹਨ, ਵਾਸਤਾ ਇਸ ਗੱਲ ਨਾਲ ਹੈ ਕਿ ਹੁਣ 'ਗੰਗਾ ਗਈਆਂ ਹੱਡੀਆਂ' ਵਾਂਗ ਖਾਧਾ ਗਿਆ ਮਾਲ ਮੁੜਨਾ ਨਹੀਂ।

ਇਹ ਖੇਡ ਕੋਈ ਅੱਜ ਨਹੀਂ ਹੋਣ ਲੱਗੀ, ਅੱਗੇ ਵੀ ਕਈ ਵਾਰੀ ਵਾਪਰ ਚੁੱਕੀ ਹੈ। ਜਿਨ੍ਹਾਂ ਲੋਕਾਂ ਦੀ ਯਾਦਦਾਸ਼ਤ ਕੁਝ ਕਮਜ਼ੋਰ ਹੋਵੇ, ਉਨ੍ਹਾਂ ਨੂੰ ਚੇਤੇ ਕਰਵਾਇਆ ਜਾ ਸਕਦਾ ਹੈ ਕਿ ਨਰਸਿਮਹਾ ਰਾਓ ਦੇ ਪ੍ਰਧਾਨ ਮੰਤਰੀ ਹੁੰਦਿਆਂ ਟੈਲੀਕਾਮ ਮੰਤਰੀ ਸੁਖ ਰਾਮ ਦਾ ਅਸਤੀਫਾ ਮੰਗ ਕੇ ਭਾਰਤੀ ਜਨਤਾ ਪਾਰਟੀ ਨੇ ਕਈ ਦਿਨ ਪਾਰਲੀਮੈਂਟ ਨੂੰ ਨਹੀਂ ਸੀ ਚੱਲਣ ਦਿੱਤਾ। ਫਿਰ ਸੁਖ ਰਾਮ ਦੇ ਘਰ ਛਾਪੇ ਵੱਜੇ ਤੇ ਸਿਰਹਾਣੇ ਨੋਟਾਂ ਨਾਲ ਭਰੇ ਹੋਏ ਫੜੇ ਗਏ ਸਨ। ਅਗਲੀ ਵਾਰੀ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਿਚ ਵਾਜਪਾਈ ਸਰਕਾਰ ਬਣੀ ਤਾਂ ਹਿਮਾਚਲ ਪ੍ਰਦੇਸ਼ ਦੇ ਮੰਡੀ ਹਲਕੇ ਤੋਂ ਆਜ਼ਾਦ ਜਿੱਤ ਕੇ ਆਏ ਸੁਖ ਰਾਮ ਨੂੰ ਉਸ ਸਰਕਾਰ ਦਾ ਮੰਤਰੀ ਬਣਾ ਦਿੱਤਾ ਗਿਆ ਸੀ। ਬੂਟਾ ਸਿੰਘ ਦਾ ਵੀ ਬਹੁਤ ਵਿਰੋਧ ਕੀਤਾ ਗਿਆ ਸੀ ਪਰ ਉਸੇ ਵਾਜਪਾਈ ਸਰਕਾਰ ਵਿਚ ਬੂਟਾ ਸਿੰਘ ਨੂੰ ਵੀ ਮੰਤਰੀ ਬਣਾ ਦਿੱਤਾ ਗਿਆ ਸੀ। ਇਹ ਸਾਰੇ ਲੋਕ ਕੱਲ੍ਹ ਤੱਕ ਭਾਜਪਾ ਦੀ ਨਜ਼ਰ ਵਿਚ ਦਾਗੀ ਸਨ ਪਰ ਆਪਣੇ ਵੱਲ ਆਉਂਦੇ ਸਾਰ ਦੁੱਧ-ਧੋਤੇ ਹੋ ਗਏ।

ਹਾਲੇ ਇਸ ਚੱਲਦੇ ਸਾਲ ਦਾ ਇੱਕ ਕਿੱਸਾ ਵੀ ਤਾਜ਼ਾ ਹੈ। ਉਤਰ ਪ੍ਰਦੇਸ਼ ਵਿਚ ਨੈਸ਼ਨਲ ਰੂਰਲ ਹੈਲਥ ਮਿਸ਼ਨ ਦਾ ਕਈ ਹਜ਼ਾਰ ਕਰੋੜ ਰੁਪਏ ਦਾ ਘੋਟਾਲਾ ਮਾਇਆਵਤੀ ਸਰਕਾਰ ਦੇ ਸਮੇਂ ਵਾਪਰ ਗਿਆ, ਜਿਸ ਦਾ ਭੇਦ ਲੁਕਾਈ ਰੱਖਣ ਲਈ ਲਖਨਊ ਵਿਚ ਇੱਕ ਪਿੱਛੋਂ ਦੂਸਰਾ ਤੇ ਫਿਰ ਤੀਸਰਾ ਚੀਫ ਮੈਡੀਕਲ ਅਫਸਰ ਕਤਲ ਕਰ ਦਿੱਤੇ ਗਏ। ਮਾਇਆਵਤੀ ਸਰਕਾਰ ਦੇ ਸਿਹਤ ਮੰਤਰੀ ਬਾਬੂ ਸਿੰਘ ਕੁਸ਼ਵਾਹਾ ਨੂੰ ਭਾਜਪਾ ਨੇ ਇਸ ਘੋਟਾਲੇ ਦਾ ਮੁੱਖ ਪਾਤਰ ਪਾਰਲੀਮੈਂਟ ਵਿਚ ਵੀ ਕਿਹਾ ਤੇ ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਵਿਚ ਵੀ, ਪਰ ਜਦੋਂ ਉਸ ਰਾਜ ਦੀਆਂ ਵਿਧਾਨ ਸਭਾ ਚੋਣਾਂ ਹੋਣ ਲੱਗੀਆਂ, ਉਹੋ ਕੁਸ਼ਵਾਹਾ ਸਰਕਾਰ ਤੋਂ ਅਸਤੀਫਾ ਦੇ ਕੇ ਭਾਜਪਾ ਵਿਚ ਆ ਗਿਆ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਉਸ ਦੇ ਗਲ ਹਾਰ ਪਾ ਕੇ ਸਵਾਗਤ ਕੀਤਾ ਪਰ ਲੋਕਾਂ ਵਿਚ ਉਨ੍ਹਾਂ ਦਾ ਇਹੋ ਜਿਹਾ ਜਲੂਸ ਨਿਕਲ ਗਿਆ ਕਿ ਅਗਲੇ ਹਫਤੇ ਉਸ ਨੂੰ ਬਾਹਰ ਕਰਨਾ ਪੈ ਗਿਆ, ਤੇ ਉਹ ਇਹ ਕਹਿੰਦਾ ਸੀ ਕਿ ਪੱਕੇ ਤੌਰ ਉਤੇ ਨਹੀਂ, ਚੋਣਾਂ ਤੀਕ ਵਕਤੀ ਤੌਰ ਉਤੇ ਉਸ ਨੂੰ ਜ਼ਰਾ ਦੂਰੀ ਰੱਖਣ ਨੂੰ ਕਿਹਾ ਗਿਆ ਹੈ।

ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਵੇਲੇ ਨਟਵਰ ਸਿੰਘ ਨੂੰ ਵਿਦੇਸ਼ ਮੰਤਰੀ ਬਣਾਇਆ ਗਿਆ ਸੀ। ਉਹ ਤੇਲ ਦੇ ਬਦਲੇ ਇਰਾਕ ਨੂੰ ਅਨਾਜ ਭੇਜਣ ਦੇ ਮਾਮਲੇ ਵਿਚ ਵੱਡੇ ਭ੍ਰਿਸ਼ਟਾਚਾਰ ਦਾ ਦੋਸ਼ੀ ਨਿਕਲਿਆ ਤਾਂ ਕਾਂਗਰਸ ਨੇ ਉਸ ਦਾ ਬਚਾਅ ਕਰਨ ਵਿਚ ਮੁਸ਼ਕਲ ਸਮਝ ਕੇ ਪੱਲਾ ਝਾੜ ਲਿਆ। ਭਾਜਪਾ ਉਸ ਦੇ ਪਿੱਛੇ ਪਈ ਹੋਈ ਸੀ। ਜਦੋਂ ਉਹ ਕਾਂਗਰਸ ਤੋਂ ਦੂਰੀ ਪਾ ਗਿਆ ਤਾਂ ਕੁਝ ਥਾਂਈਂ ਭਾਜਪਾ ਦੇ ਪ੍ਰੋਗਰਾਮਾਂ ਵਿਚ ਵੀ ਚਲਾ ਗਿਆ ਤੇ ਇਹ ਐਲਾਨ ਹੋਣ ਲੱਗ ਪਏ ਸਨ ਕਿ ਉਹ ਭਾਜਪਾ ਵਿਚ ਲੈ ਲਿਆ ਜਾਵੇਗਾ। ਫਿਰ ਇੱਕਦਮ ਇਹ ਖੇਡ ਰੁਕ ਗਈ। ਕਾਰਨ ਉਸ ਦਾ ਅਸਤੀਫਾ ਮੰਗਣ ਦਾ ਵੀ ਭਾਰਤ ਦੀ ਥਾਂ ਅਮਰੀਕਾ ਤੋਂ ਪੈਦਾ ਹੋਇਆ ਸੀ ਤੇ ਪਾਰਟੀ ਵਿਚ ਸ਼ਾਮਲ ਹੋਣ ਵਿਚ ਪੈਦਾ ਹੋਏ ਅੜਿੱਕੇ ਦਾ ਕਾਰਨ ਵੀ ਅਮਰੀਕਾ ਦੀ ਗੁੰਝਲ ਸੀ।

ਬਹੁਤੇ ਲੋਕਾਂ ਨੂੰ ਯਾਦ ਨਹੀਂ ਹੋਣਾ ਕਿ ਵਾਜਪਾਈ ਸਰਕਾਰ ਵੇਲੇ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਭੀਸ਼ਮ ਅਗਨੀਹੋਤਰੀ ਨੂੰ 'ਅੰਬੈਸਡਰ ਐਟ ਲਾਰਜ' ਬਣਾ ਦਿੱਤਾ ਗਿਆ ਸੀ। ਇਹੋ ਜਿਹੇ 'ਅੰਬੈਸਡਰ ਐਟ ਲਾਰਜ' ਕਈ ਹੋਰ ਦੇਸ਼ਾਂ ਵੱਲੋਂ ਬਣਾਏ ਜਾਂਦੇ ਰਹੇ ਸਨ ਤੇ ਉਨ੍ਹਾਂ ਕੋਲ ਉਸ ਦੇਸ਼ ਤੋਂ ਬਾਹਰ ਕਿਤੇ ਵੀ ਜਾ ਕੇ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਹੁੰਦਾ ਸੀ। ਭਾਰਤ ਵੱਲੋਂ ਅਮਰੀਕਾ ਵਿਚ ਬਾਕਾਇਦਾ ਅੰਬੈਸਡਰ ਲਲਿਤ ਮਾਨ ਸਿੰਘ ਹੋਣ ਦੇ ਬਾਵਜੂਦ ਇਸ ਬੰਦੇ ਨੂੰ, ਜਿਹੜਾ ਭਾਰਤੀ ਨਾਗਰਿਕ ਵੀ ਨਹੀਂ ਸੀ ਰਿਹਾ, 'ਅੰਬੈਸਡਰ ਐਟ ਲਾਰਜ' ਇਸ ਲਈ ਲਾ ਦਿੱਤਾ ਗਿਆ ਕਿ ਉਹ ਅਮਰੀਕਾ ਵਿਚ ਆਰ ਐਸ ਐਸ ਦਾ ਖਾਸ ਕਾਰਿੰਦਾ ਸੀ। ਅਗਨੀਹੋਤਰੀ ਨੇ ਅਮਰੀਕਾ ਤੋਂ ਸਾਰੀ ਦੁਨੀਆਂ ਦੀਆਂ ਉਡਾਰੀਆਂ ਲਾਈਆਂ, ਖਰਚਾ ਭਾਰਤ ਦੀ ਸਰਕਾਰ ਝੱਲਦੀ ਰਹੀ ਤੇ ਜਦੋਂ ਵਾਜਪਾਈ ਸਰਕਾਰ ਦਾ ਭੋਗ ਪੈ ਗਿਆ, ਉਸ ਨੇ ਆਖਰੀ ਉਡਾਰੀ ਬਿਨਾਂ ਕਿਸੇ ਵਿਸ਼ੇਸ਼ ਮਕਸਦ ਤੋਂ ਭਾਰਤ ਦੇ ਨੇੜਲੇ ਸਮੁੰਦਰ ਵਿਚ ਪੈਂਦੇ ਦੇਸ਼ ਮਾਰੀਸ਼ਸ਼ ਦੀ ਸੈਰ ਕਰਨ ਵਾਸਤੇ ਰੱਖ ਲਈ। ਨਵੇਂ ਵਿਦੇਸ਼ ਮੰਤਰੀ ਬਣੇ ਨਟਵਰ ਸਿੰਘ ਨੇ ਉਸ ਦੇ ਖਰਚਿਆਂ ਦੀ ਪੜਤਾਲ ਸ਼ੁਰੂ ਕਰਵਾ ਦਿੱਤੀ ਤਾਂ ਅਗਨੀਹੋਤਰੀ ਅਸਤੀਫਾ ਦੇ ਗਿਆ ਤੇ ਸਮਾਂ ਪਾ ਕੇ ਉਸ ਦੀ ਕਿੜ ਕੱਢਣ ਲਈ ਆਰ ਐਸ ਐਸ ਨੇ ਭਾਜਪਾ ਨੂੰ ਨਟਵਰ ਸਿੰਘ ਦੇ ਖਿਲਾਫ ਇਰਾਕ ਵਾਲਾ ਮੁੱਦਾ ਉਛਾਲਣ ਨੂੰ ਕਹਿ ਦਿੱਤਾ। ਨੁਕਸ ਨਟਵਰ ਸਿੰਘ ਦੇ ਵੀ ਸਨ, ਇਸ ਲਈ ਕੁਰਸੀ ਛੱਡਣੀ ਪਈ ਤੇ ਹੋਰ ਕੋਈ ਠਾਹਰ ਨਾ ਮਿਲਦੀ ਵੇਖ ਕੇ ਜਦੋਂ ਉਹ ਭਾਜਪਾ ਵਿਚ ਜਾਣ ਲੱਗਾ, ਆਰ ਐਸ ਐਸ ਨੇ ਆਪਣੀ ਪੁਰਾਣੀ ਕਿੜ ਕਾਰਨ ਉਸ ਦੇ ਇਥੇ ਵੀ ਪੈਰ ਨਾ ਲੱਗਣ ਦਿੱਤੇ। ਇਹ ਗੱਲ ਦੱਸ ਦਿੰਦੀ ਹੈ ਕਿ ਬੰਦੇ ਦਾ ਭ੍ਰਿਸ਼ਟ ਹੋਣਾ ਭਾਜਪਾ ਨੂੰ ਹਜ਼ਮ ਹੋ ਜਾਂਦਾ ਹੈ, ਆਰ ਐਸ ਐਸ ਦੀ ਵਿਰੋਧਤਾ ਕੀਤੀ ਹੋਵੇ ਤਾਂ ਉਸ ਦਾ ਪਾਪ ਗੰਗਾ ਨਹਾ ਕੇ ਵੀ ਲੱਥਾ ਨਹੀਂ ਸਮਝਿਆ ਜਾ ਸਕਦਾ।

ਹੁਣ ਜਦੋਂ ਕੋਲੇ ਵਾਲੇ ਸਕੈਂਡਲ ਨੇ ਪਾਰਲੀਮੈਂਟ ਜਾਮ ਕੀਤੀ ਪਈ ਸੀ, ਇੱਕ ਖਬਰ ਅਣਗੌਲੀ ਜਿਹੀ ਬਣ ਕੇ ਰਹਿ ਗਈ, ਜਿਸ ਵਿਚ ਫਿਰ ਦੋਵਾਂ ਪਾਰਟੀਆਂ ਦੀ ਨਾੜੂਏ ਦੀ ਸਾਂਝ ਲੱਭਦੀ ਹੈ। ਰਾਜੀਵ ਗਾਂਧੀ ਦੇ ਵਕਤ ਅਰੁਣ ਨਹਿਰੂ ਇੱਕ ਧੜੱਲੇਦਾਰ ਮੰਤਰੀ ਹੁੰਦਾ ਸੀ। ਉਸ ਦੇ ਖਿਲਾਫ ਇੱਕ ਭ੍ਰਿਸ਼ਟਾਚਾਰ ਦਾ ਕੇਸ ਬਣਿਆ ਸੀ ਅਤੇ ਵਿਦੇਸ਼ ਤੋਂ ਨੌਂ ਐਮ ਐਮ ਦੇ ਪਿਸਤੌਲਾਂ ਦੀ ਖਰੀਦ ਵਿਚ ਕਮਿਸ਼ਨ ਖਾਣ ਦਾ ਦੋਸ਼ ਲੱਗਾ ਸੀ, ਜਿਸ ਬਾਰੇ ਸੀ ਬੀ ਆਈ ਜਾਂਚ ਚੱਲਦੀ ਰਹੀ ਸੀ। ਪਿਛਲੇ ਦਿਨੀਂ ਸੀ ਬੀ ਆਈ ਨੇ ਇਹ ਮਾਮਲਾ ਬੰਦ ਕਰਨ ਲਈ ਅਦਾਲਤ ਨੂੰ ਸਿਫਾਰਸ਼ ਕਰ ਦਿੱਤੀ ਸੀ। ਅਦਾਲਤ ਨੇ ਇਸ ਕਲੋਜ਼ਰ ਰਿਪੋਰਟ ਨੂੰ ਮੰਨਣ ਤੋਂ ਇਨਕਾਰ ਕਰ ਕੇ ਕਹਿ ਦਿੱਤਾ ਕਿ ਕੇਸ ਬੰਦ ਕਰਨ ਵਾਲਾ ਨਹੀਂ ਹੈ। ਹੁਣ ਜਦੋਂ ਮਾਮਲਾ ਦੋਬਾਰਾ ਚੱਲਣਾ ਹੈ ਤਾਂ ਇਸ ਵਿਚ ਅਰੁਣ ਨਹਿਰੂ ਦੇ ਨਾਲ ਤਰੀਕਾਂ ਭੁਗਤਣ ਵਾਲਾ ਦੂਸਰਾ ਬੰਦਾ ਭਾਜਪਾ ਦਾ ਸਾਬਕਾ ਪਾਰਲੀਮੈਂਟ ਮੈਂਬਰ ਬੀ ਪੀ ਸਿੰਘਲ ਹੋਵੇਗਾ। ਅਰੁਣ ਨਹਿਰੂ ਦੇ ਮੰਤਰੀ ਹੁੰਦਿਆਂ ਉਸ ਦੇ ਨਾਲ ਪਿਸਤੌਲਾਂ ਦੇ ਸੌਦੇ ਵੇਲੇ ਉਹ ਭਾਰਤ ਸਰਕਾਰ ਦਾ ਸੈਕਟਰੀ ਪੱਧਰ ਦਾ ਅਫਸਰ ਹੁੰਦਾ ਸੀ। ਖਾਸ ਗੱਲ ਇਹ ਹੈ ਕਿ ਰਾਜੀਵ ਗਾਂਧੀ ਦੇ ਰਾਜ ਵਿਚ ਜਿਹੜੀ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਰਾਮ ਮੰਦਰ ਦੀ ਮੁਹਿੰਮ ਵਿੱਢੀ ਸੀ, ਇਹ ਬੀ ਪੀ ਸਿੰਘਲ ਉਸ ਪ੍ਰੀਸ਼ਦ ਦੇ ਜਨਰਲ ਸਕੱਤਰ ਅਸ਼ੋਕ ਸਿੰਘਲ ਦਾ ਭਰਾ ਹੋਣ ਕਰ ਕੇ ਭਾਜਪਾ ਵੱਲੋਂ ਪਾਰਲੀਮੈਂਟ ਵਿਚ ਭੇਜਿਆ ਗਿਆ ਸੀ। ਕਹਿਣ ਦਾ ਭਾਵ ਇਹ ਕਿ ਸੀ ਬੀ ਆਈ ਵੱਲੋਂ ਜਿਸ ਪੰਝੀ ਸਾਲ ਪੁਰਾਣੇ ਪਿਸਤੌਲਾਂ ਦੇ ਕੇਸ ਨੂੰ ਬੰਦ ਕਰਨ ਦੀ ਸਿਫਾਰਸ਼ ਕੀਤੀ ਗਈ ਤੇ ਅਦਾਲਤ ਨੇ ਮੰਨੀ ਨਹੀਂ, ਉਸ ਵਿਚ ਵੀ ਇੱਕ ਕਾਂਗਰਸੀ ਆਗੂ ਅਰੁਣ ਨਹਿਰੂ ਤੇ ਦੂਸਰਾ ਭਾਜਪਾ ਦਾ ਬੀ ਪੀ ਸਿੰਘਲ ਸ਼ਾਮਲ ਹਨ।

...ਤੇ ਇਹੋ ਗੱਲ ਸਾਫ ਕਰ ਦਿੰਦੀ ਹੈ ਕਿ ਲੜਾਈ ਸਿਰਫ ਦਿੱਲੀ ਦੇ ਤਖਤ ਦੀ ਹੈ, ਜ਼ਮੀਰ ਦੇ ਪੱਖੋਂ ਨਾ ਕਾਂਗਰਸੀ ਕਿਸੇ ਤਰ੍ਹਾਂ ਸੁਲੱਖਣੇ ਨਿਕਲਦੇ ਹਨ ਤੇ ਨਾ ਭਾਜਪਾ ਵਾਲੇ ਹੀ। ਪੰਜਾਬੀ ਮੁਹਾਵਰੇ ਮੁਤਾਬਕ ਉਠ ਨੂੰ ਪੁੱਛਿਆ ਗਿਆ ਸੀ ਕਿ ਚੜ੍ਹਾਈ ਚੰਗੀ ਹੁੰਦੀ ਹੈ ਕਿ ਉਤਰਾਈ ਤੇ ਉਸ ਨੇ ਕਿਹਾ ਸੀ, ਦੋਵਾਂ ਦਾ ਫਿੱਟੇ ਮੂੰਹ। ਕਾਂਗਰਸੀਆਂ ਅਤੇ ਭਾਜਪਾ ਵਾਲਿਆਂ ਦੀ ਪਾਰਲੀਮੈਂਟ ਤੋਂ ਗਲੀ-ਗਲੀ ਤੱਕ ਦੀ ਲੜਾਈ 'ਭੂਆ-ਭਤੀਜੀ ਲੜੀਆਂ ਵਿਚ ਕਚਹਿਰੀ ਦੇ' ਵਾਲੀ ਹੈ। ਦੇਸ਼ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਉਨ੍ਹਾਂ ਕੋਲ ਦੋਵਾਂ ਦੇ ਮੁਕਾਬਲੇ ਕੋਈ ਤੀਸਰੀ ਟਿਕਾਊ ਧਿਰ ਹਾਲੇ ਤੱਕ ਪੇਸ਼ ਨਹੀਂ ਹੋ ਰਹੀ, ਇਸ ਲਈ ਇਹ ਨੌਟੰਕੀ ਬਰਦਾਸ਼ਤ ਕਰਨੀ ਪੈ ਰਹੀ ਹੈ।


## ਕੁਕ/ਤੰਦੂਰੀਏ ਦੀ ਲੋੜ ਹੈ

**ਕੈਨਸਸ ਸਿਟੀ (ਮਿਜ਼ੋਰੀ ਸਟੇਟ) ਵਿਚ ਭਾਰਤੀ ਰੈਸਟੋਰੈਂਟ ਨੂੰ ਕੁਕ/ਤੰਦੂਰੀਏ ਦੀ ਲੋੜ ਹੈ। ਅਮਰੀਕਾ ਵਿਚ ਕੰਮ ਕਰਨ ਲਈ ਕਾਨੂੰਨੀ ਕਾਗਜ਼ ਪੱਤਰ ਹੋਣੇ ਜਰੂਰੀ ਹਨ।**

**ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।**

***ਸੰਪਰਕ ਕਰੋ: ਗੁਰਦੇਵ ਸਿੰਘ***

**ਫੋਨ:816-806-6065**

# ਪਰਦੇਸੀ ਦਾ ਪੀੜ ਪਰਾਗਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

"ਭਾ ਜੀ, ਇਕ ਖ਼ਬਰ ਛਪਾਉਣੀ ਹੈ, ਅਖ਼ਬਾਰ 'ਚ?"

"ਦੱਸੋ ਜੀ, ਕਿਹੜੀ ਖ਼ਬਰ ਹੈ?"

"ਗੱਲ ਇਸ ਤਰ੍ਹਾਂ ਹੈ ਜੀ, ਕੱਲ੍ਹ ਮੈਨੂੰ ਦੋ ਸਵਾਰੀਆਂ ਸੈਨ ਫਰਾਂਸਿਸਕੋ ਏਅਰਪੋਰਟ ਦੀਆਂ ਮਿਲ ਗਈਆਂ ਤੇ ਚਾਰ ਲੋਕਲ। ਇੱਦਾਂ ਈ ਮੇਰੇ ਇਕ ਹੋਰ ਦੋਸਤ ਨੂੰ ਇਕ ਸਵਾਰੀ ਏਅਰਪੋਰਟ ਦੀ ਅਤੇ ਪੰਜ ਲੋਕਲ...।"

"ਹਾਂ ਜੀ, ਅੱਗੇ ਬੋਲੋ?"

"ਬੱਸ ਜੀ, ਐਹੀ ਖ਼ਬਰ ਲੁਆਉਣੀ ਐ...ਮੇਰਾ ਤੇ ਮੇਰੇ ਦੋਸਤ ਦਾ, ਦੋਹਾਂ ਦੇ ਨਾਂ ਅਤੇ ਫੋਨ ਨੰਬਰ ਲਿਖ ਲਉ।"

"ਆਹ ਤਾਂ ਜਨਾਬ ਕੋਈ ਖ਼ਬਰ ਨ੍ਹੀਂ ਬਣ ਸਕਦੀ।"

"ਕਿਉਂ?" ਫੋਨ 'ਤੇ 'ਖ਼ਬਰ' ਲਿਖਾ ਰਿਹਾ ਟੈਕਸੀ ਡਰਾਈਵਰ ਚੌਂਕਿਆ।

"ਖ਼ਬਰ ਤਾਂ ਭਾਈ ਸਾਹਿਬ ਤਦ ਬਣਦੀ, ਜੇ ਤੁਸੀਂ ਯਾ ਤੁਹਾਡੇ ਦੋਸਤ ਨੇ ਪੁੰਨ-ਅਰਥ ਸੇਵਾ ਕਰਦਿਆਂ ਫਰੀ ਸਵਾਰੀਆਂ ਢੋਈਆਂ ਹੁੰਦੀਆਂ।...ਜਾਂ ਫਿਰ ਕਿਸੇ ਸਵਾਰੀ ਦਾ ਤੁਹਾਡੀ ਗੱਡੀ ਵਿਚ ਰਹਿ ਗਿਆ ਕੋਈ ਕੀਮਤੀ ਸਮਾਨ, ਤੁਸੀਂ ਉਸ ਨੂੰ ਵਾਪਸ ਮੋੜਿਆ ਹੁੰਦਾ।...ਟੈਕਸੀ ਚਲਾਉਣੀ ਤੁਹਾਡਾ ਬਿਜਨੈਸ ਹੈ। ਤੁਸੀਂ ਇੱਧਰੋਂ ਸਵਾਰੀਆਂ ਚੁੱਕੀਆਂ ਅਤੇ ਉਨ੍ਹਾਂ ਦੀ ਆਪੋ-ਆਪਣੀ ਮੰਜ਼ਿਲ 'ਤੇ ਲਾਹ ਦਿੱਤੀਆਂ। ਆਪਣੇ ਬਣਦੇ ਪੈਸੇ ਤੁਸੀਂ ਵਸੂਲ ਕਰ ਲਏ ਹੋਣਗੇ, ਬੱਸ...ਗੱਲ ਖ਼ਤਮ। ਇਹਦੇ 'ਚ ਖ਼ਬਰ ਵਾਲੀ ਕਿਹੜੀ ਗੱਲ ਹੋਈ?"

ਜਾਣੀ-ਪਛਾਣੀ ਜਿਹੀ ਲਗਦੀ ਆਵਾਜ਼ ਵਾਲੇ ਕਿਸੇ ਸੱਜਣ ਵੱਲੋਂ ਬਿਨਾਂ ਨੰਬਰ ਛੁਪਾਏ ਆਈ ਕਾਲ 'ਤੇ ਇੰਨੀਆ ਕੁ ਗੱਲਾਂ ਕਰਦਿਆਂ ਮੈਂ ਅੰਦਾਜ਼ੇ ਲਾਉਣ ਲੱਗਾ ਕਿ ਇਹ ਕੋਈ ਵੀਰ ਯਾ ਤਾਂ ਮੇਰੇ ਨਾਲ ਮਖੌਲ ਕਰ ਰਿਹਾ ਹੈ ਜਾਂ ਮੈਨੂੰ ਕਿਸੇ ਕਸੂਤੇ ਜਿਹੇ ਸਵਾਲ ਵਿਚ ਫਸਾਉਣਾ ਚਾਹੁੰਦਾ ਹੈ। ਇਸ ਕਰ ਕੇ ਮੋਹਰਿਉਂ ਕੋਈ ਅਣਕਿਆਸੀ ਗੱਲ ਸੁਣਨ ਯਾ ਅਚਾਨਕ ਕੋਈ 'ਪੋਲ ਖੁੱਲ੍ਹਣ' ਤੇ ਖਿੜ-ਖਿੜਾ ਕੇ ਹੱਸਣ ਲਈ, ਮੈਂ ਬੋਚ-ਬੋਚ ਕੇ ਬੋਲਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਵੈਸੇ, ਰੋਜ਼ ਹੀ ਪਿਆਰੇ ਪਾਠਕਾਂ ਦੇ ਫੋਨ ਸੁਣਨ ਦੇ ਤਜਰਬੇ ਕਰ ਕੇ ਇੰਨੀ ਕੁ ਗੱਲ ਮੈਂ ਤਾੜ ਗਿਆ ਸਾਂ ਕਿ ਇਹ ਕੋਈ 'ਚਤਰ' ਬੰਦਾ ਹੈ, ਜੋ ਵਕੀਲਾਂ ਵਾਂਗ ਸਵਾਲ-ਜਵਾਬ ਕਰ ਕੇ ਮੈਨੂੰ ਉਲਝਾਉਂਦਿਆਂ ਕਿਸੇ ਖਾਸ ਨੁਕਤੇ ਉਤੇ ਲਿਆਉਣਾ ਚਾਹੁੰਦਾ ਹੈ।

"ਚਲੋ ਠੀਕ ਹੈ ਜੀ, ਤੁਹਾਡਾ ਕਹਿਣਾ ਮੰਨ ਲੈਂਦੇ ਹਾਂ...।" ਉਹੀ ਗੱਲ ਹੋਈ, ਜਦ ਉਸ ਨੇ ਬੜੇ ਠਰੰਮੇ ਨਾਲ ਉਕਤ ਵਾਕ ਕਹਿ ਕੇ ਮੈਨੂੰ ਆਪਣੇ ਵਿਛਾਏ ਜਾਲ 'ਚ ਫਸਾਉਣਾ ਸ਼ੁਰੂ ਕਰ ਲਿਆ।

"...ਕਿ ਅਸੀਂ ਮੁਫ਼ਤ ਸਵਾਰੀਆਂ ਨਹੀਂ ਢੋਈਆਂ ਤੇ ਇਸੇ ਕਰ ਕੇ ਸਾਡੀ ਖ਼ਬਰ ਨਹੀਂ ਬਣ ਸਕਦੀ। ਲੇਕਿਨ ਆਹ ਜਿਹੜੀਆਂ ਹਰ ਹਫ਼ਤੇ, ਹਰ ਅਖ਼ਬਾਰ ਵਿਚ ਮੋਟੀਆਂ-ਮੋਟੀਆਂ ਸੁਰਖੀਆਂ ਵਾਲੀਆਂ ਖ਼ਬਰਾਂ ਛਪਦੀਆਂ ਨੇ...'ਧੰਨਾ ਸਿੰਹੁ ਵਕੀਲ ਨੇ ਐਨੇ ਬੰਦਿਆਂ ਨੂੰ ਗ੍ਰੀਨ ਕਾਰਡ ਦਿਵਾਇਆ...ਐਨੇ ਬੰਦਿਆਂ ਨੂੰ ਬੰਤਾ ਸਿੰਹੁ ਨੇ 'ਸਿਟੀਜ਼ਨਸ਼ਿਪ' ਦਿਵਾਈ ਯਾ ਫਲਾਣੇ ਦੀ 'ਡੀਪੋਰਟੇਸ਼ਨ' ਰੁਕਵਾਈ। ਕੀ ਇਨ੍ਹਾਂ ਵਕੀਲ ਸਾਹਿਬਾਂ ਨੇ ਸਿਟੀਜ਼ਨਸ਼ਿਪਾਂ ਜਾਂ ਗ੍ਰੀਨ ਕਾਰਡਾਂ ਦੇ ਲੰਗਰ ਚਲਾਏ ਹੋਏ ਨੇ? ਕਿਆ ਇਹ ਡੀਪੋਰਟੇਸ਼ਨਾਂ ਦੇ ਕੇਸ 'ਘਰੋ ਖਾ ਕੇ' ਲੜਦੇ ਨੇ? ਤੁਹਾਡਾ ਕਦੇ ਵਾਹ...?"

ਫੋਨ ਕਰਨ ਵਾਲਾ ਭਰਾ ਹੁਣ ਥੋੜ੍ਹਾ ਤਲਖੀ ਵਿਚ ਬੋਲਣ ਲੱਗਾ, ਪਰ ਮੈਂ ਉਹਦਾ ਸਵਾਲ ਸੁਣ ਕੇ ਜੀ ਭਿਆਣਾ ਜਿਹਾ ਹੋ ਗਿਆ। ਉਸ ਨੇ 'ਤਫਤੀਸ਼' ਕਰਨ ਵਾਲਿਆਂ ਵਾਂਗ ਮੈਨੂੰ ਘੇਰਦਿਆਂ ਪੁੱਛਿਆ, "ਸੱਚ, ਤੁਸੀਂ ਅਮਰੀਕਾ 'ਚ ਆ ਕੇ 'ਹਰਾ ਪੱਤਾ' ਕਿਵੇਂ ਲਿਆ ਸੀ?"

ਮੇਰੇ ਮੂੰਹੋਂ 'ਬਲੱਡ ਰਿਲੇਸ਼ਨ ਕੇਸ' ਨਿਕਲਿਆ ਸੁਣ ਕੇ ਉਸ ਦੀ ਸੁਰ ਹੋਰ ਤਿੱਖੀ ਹੋ ਗਈ।

"ਹੂੰਅ! ਤੁਸੀਂ ਕੀ ਜਾਣੋ ਕਿ ਇਹ ਵਕੀਲ ਜੀ ਮਹਾਰਾਜ ਗ੍ਰੀਨ ਕਾਰਡ ਕਿਵੇਂ ਅਤੇ ਕਿੰਜ ਲੈ ਕੇ ਦਿੰਦੇ ਨੇ। 'ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ'। ਪੁੱਛੋ ਉਨ੍ਹਾਂ ਨੂੰ ਜਿਨ੍ਹਾਂ ਨੂੰ ਵਕੀਲ ਦੇ ਦਫ਼ਤਰ ਦੀ ਸਰਦਲ ਤੋਂ ਬਾਹਰ ਹੀ ਕ੍ਰੈਡਿਟ ਕਾਰਡ ਜਾਂ 'ਭਰਿਆ ਲਫਾਫਾ' ਆਪਣੇ ਹੱਥ 'ਚ ਫੜਨਾ ਪੈਂਦਾ ਹੈ।"

ਇਮੀਗ੍ਰੇਸ਼ਨ ਵਕੀਲਾਂ ਨਾਲ ਵਾਹ ਪੈਣ ਦੇ ਆਪਣੇ ਢੇਰ ਸਾਰੇ ਤਲਖ ਤਜਰਬੇ ਗਿਣਾ ਕੇ ਉਸ ਨੇ ਫਿਰ ਮੈਨੂੰ ਧਰ ਲਿਆ, "ਜਿੱਦਾਂ ਤੁਸੀਂ ਮੈਨੂੰ 'ਬਣਾ-ਸੁਆਰ ਕੇ' ਜਵਾਬ ਦੇ ਦਿੱਤਾ ਕਿ ਤੁਹਾਡੀ ਖ਼ਬਰ ਨਹੀਂ ਬਣਦੀ...ਅਖੇ ਤੁਹਾਡਾ ਇਹ ਬਿਜਨੈਸ ਹੈ; ਕੀ ਤੁਸੀਂ ਮੋਟੀ ਕਮਾਈ ਕਰਨ ਵਾਲੇ ਕਾਲੇ ਕੋਟਾਂ ਵਾਲੇ ਇਨ੍ਹਾਂ ਵਕੀਲ ਭਾਈਆਂ ਨੂੰ ਕਦੇ ਜਵਾਬ ਦਿੱਤਾ ਹੈ ਕਿ ਕੋਰਟ ਕੇਸ ਲੜਨੇ ਤੁਹਾਡਾ ਬਿਜਨੈਸ ਹੈ, ਪਰਦੇਸ ਵਿਚ ਆ ਕੇ ਦਿਨ-ਰਾਤ ਟੁੱਟ-ਟੁੱਟ ਮਰਦੇ ਮਜਬੂਰ ਅਤੇ ਲੋੜਵੰਦਾਂ ਦੀ ਤੁਸੀਂ ਬੇਕਿਰਕ ਹੋ ਕੇ ਖੱਲ ਲਾਹੁੰਦੇ ਹੋ...ਮੂੰਹ ਮੰਗੀਆਂ ਫੀਸਾਂ ਲੈਂਦੇ ਹੋ। ਇਸ ਕਾਰਨ ਤੁਹਾਡੀ ਖ਼ਬਰ ਨਹੀਂ ਬਣਦੀ? ਸਾਨੂੰ ਠੋਕ ਕੇ ਨਾਂਹ!...ਵਕੀਲਾਂ ਦੀਆਂ 'ਖ਼ਬਰਾਂ' ਚੋਪੜ-ਚੋਪੜ ਕੇ ਲਿਸ਼ਕਾ ਲਿਸ਼ਕਾ ਕੇ!"

ਝੂਠੇ ਪਏ ਬੰਦੇ ਵਾਂਗ ਜਦ ਮੈਂ ਨਿੰਮੋਝੂਣਾ ਜਿਹਾ ਹੋ ਕੇ 'ਲੱਲੇ-ਭੱਬੇ' ਲਾਉਣ ਲੱਗਾ, ਤਦ ਉਹਨੂੰ ਖੌਰੇ ਮੇਰੇ ਉਪਰ ਤਰਸ ਆ ਗਿਆ। ਆਪਣਾ ਨਾਮ, ਪਤਾ ਦੱਸ ਕੇ ਬੋਲਿਆ, "ਸੌਰੀ ਭਾ ਜੀ, ਤੁਸੀਂ ਮਾਈਂਡ ਨਾ ਕਰਿਓ...ਅਸੀਂ ਤੁਹਾਨੂੰ 'ਆਪਣੀ ਆਵਾਜ਼' ਸਮਝਦੇ ਹਾਂ। ਸਾਡਾ ਤਾਂ ਲਿਖਣਾ-ਲੁਖਣਾ ਉਦੋਂ ਦਾ ਹੀ ਛੁੱਟਿਆ ਹੋਇਐ, ਜਦੋਂ ਦੀ ਟੈਲੀਫੋਨਾਂ ਨੇ ਚਿੱਠੀਆਂ ਦੀ ਅਲਖ ਮੁਕਾਈ ਹੈ, ਪਰ ਤੁਸੀਂ ਆਪਣੀਆਂ ਲਿਖਤਾਂ ਵਿਚ ਸਾਡੇ ਪਰਵਾਸੀਆਂ ਦੇ ਦੁੱਖ-ਦਰਦ, ਔਕੜਾਂ ਅਤੇ ਅਹਿਸਾਸਾਂ ਨੂੰ ਬਿਆਨਦੇ ਰਹਿੰਦੇ ਹੋ। ਮੈਂ ਸੋਚਿਆ ਕਿ ਆਪਣੇ ਦਿਲ ਦੀ ਵੇਦਨਾ ਤੁਹਾਡੇ ਅੱਗੇ ਰੱਖਾਂ। ਇਮੀਗ੍ਰੇਸ਼ਨ ਵਕੀਲਾਂ ਕੋਲੋਂ ਚਮੜੀ ਲੁਹਾਉਣ ਵਾਲੇ ਮੇਰੇ ਵਰਗੇ ਕਰਮਾਂ ਮਾਰੇ, ਜਦ ਅਖ਼ਬਾਰਾਂ ਵਿਚ ਇਨ੍ਹਾਂ ਵਕੀਲਾਂ ਦੀਆਂ 'ਖਿੜੀਆਂ ਵਾਛਾਂ' ਵਾਲੀਆਂ ਫੋਟੋਆਂ ਦੇਖਦੇ ਹਨ ਤਾਂ ਸਾਡੇ ਜ਼ਖ਼ਮ ਮੁੜ ਹਰੇ ਹੋ ਜਾਂਦੇ ਨੇ। ਹਾਂ, ਪੈਸੇ ਖਰਚ ਕੇ 'ਐਡਾਂ' ਜੀ ਸਦਕੇ ਦੇਣ, ਪਰ ਇਨ੍ਹਾਂ ਦੀਆਂ ਸਵੈ-ਸੋਭਾ ਵਾਲੀਆਂ ਖ਼ਬਰਾਂ ਦੇਖ ਕੇ ਦਿਲ ਕਰਦਾ ਹੁੰਦਾ ਹੈ ਕਿ ਅਖ਼ਬਾਰ ਨੂੰ ਲੀਰਾਂ-ਲੀਰਾਂ ਕਰ ਦੇਈਏ।"

ਇਕ ਤਰ੍ਹਾਂ ਨਾਲ ਦੁੱਖ ਫੋਲਣ ਦੇ ਸੁਰ ਵਿਚ ਉਸ ਕਿਹਾ, "ਲਓ ਭਾਅ ਜੀ ਤੁਹਾਨੂੰ ਆਪਣੇ ਇਕ ਖਾਸ ਮਿੱਤਰ ਦੀ ਗੱਲ ਸੁਣਾਉਨਾਂ ਜਿਹੜਾ ਹੁਣ ਡਿਪੋਰਟ ਹੋ ਕੇ ਵਿਚਾਰਾ ਇੰਡੀਆ ਬੈਠਾ ਹੈ। ਇਹ ਸਾਰਾ ਕਸੂਰ ਇਕ ਪੰਜਾਬੀ ਵਕੀਲ ਦਾ ਹੈ, ਜਿਹਦੇ ਇਸ਼ਤਿਹਾਰ ਹਰ ਅਖਬਾਰ ਵਿਚ ਛਪੇ ਮਿਲਦੇ ਹਨ ਤੇ ਖਬਰਾਂ ਵਿਚ ਅਕਸਰ ਇਹ ਦਾਅਵੇ ਕੀਤੇ ਮਿਲਦੇ ਹਨ ਕਿ ਫਲਾਣੇ ਨੂੰ ਵੀਜ਼ਾ ਦਿਵਾ ਦਿੱਤਾ, ਫਲਾਣੇ ਦਾ ਅਸਾਈਲਮ ਦਾ ਕੇਸ ਕਰਵਾ ਕੇ ਸਿਟੀਜ਼ਨਸ਼ਿਪ ਦਿਵਾ ਦਿੱਤੀ।"

"ਅੱਛਾ! ਵਿਚਾਰੇ ਨਾਲ ਬੜੀ ਮਾੜੀ ਗੱਲ ਹੋਈ।" ਮੈਂ ਉਸ ਨਾਲ ਹਮਦਰਦੀ ਜਤਾਈ।

ਉਹ ਫਿਰ ਬੋਲਿਆ, "ਭਾਅ ਜੀ, ਅਫਸੋਸ ਇਸ ਗੱਲ ਦਾ ਨਹੀਂ ਕਿ ਇਹ ਵਕੀਲ ਦਸਾਂ-ਬਾਰਾਂ ਵਰ੍ਹਿਆਂ ਵਿਚ ਮੇਰੇ ਇਸ ਦੋਸਤ ਤੋਂ ਕੋਈ ਇਕ ਲੱਖ ਡਾਲਰ ਫੀਸ ਵਜੋਂ ਲੈ ਗਿਆ। ਅਫਸੋਸ ਤਾਂ ਇਸ ਗੱਲ ਦਾ ਹੈ ਕਿ ਇਸ ਵਕੀਲ ਨੇ ਕਦੇ ਵੀ ਅਸਲ ਗੱਲ ਨਹੀਂ ਦੱਸੀ ਕਿ ਭਾਈ ਤੇਰਾ ਕੰਮ ਨਹੀਂ ਬਣਨਾ। ਜੇ ਇਹ ਦੱਸ ਦਿੰਦਾ ਤਾਂ ਮੇਰਾ ਦੋਸਤ ਵਿਚਾਰਾ ਅਚਾਨਕ ਡਿਪੋਰਟ ਹੋਣ ਦੀ ਥਾਂ ਸਮੇਂ ਸਿਰ ਆਪਣਾ ਕਾਰੋਬਾਰ ਸਮੇਟ ਕੇ ਇੰਡੀਆ ਤੁਰ ਜਾਂਦਾ।"

ਰਾਗ ਮਾਰੂ ਤੋਂ ਆਸਾ ਰਾਗ ਦੀਆਂ ਨਰਮ ਸੁਰਾਂ 'ਤੇ ਆ ਪਹੁੰਚੇ ਉਸ ਭਰਾ ਨੂੰ ਮੈਂ ਹੋਰ 'ਰਿਲੈਕਸ' ਕਰਨ ਦੀ ਕੋਸ਼ਿਸ਼ ਵਜੋਂ ਪਹਿਲਾਂ ਵਕੀਲਾਂ ਦੀ 'ਉਸਤਤਿ' ਵਾਲਾ ਸ਼ਿਅਰ ਸੁਣਾਇਆ,

ਖ਼ੁਦਾ ਨੇ ਬਖ਼ਸ਼ਾ ਹੁਸਨ ਨਾਦਾਨੋ ਕੋ,  
ਔਰ ਜ਼ਰ ਜਲੀਲੋਂ ਕੋ।  
ਅਕਲਮੰਦੋਂ ਕੋ ਖੁਸ਼ਕ ਰੋਟੀ,  
ਔਰ ਹਲਵਾ ਵਕੀਲੋਂ ਕੋ।

"ਦੇਖ ਵੀਰ, ਸਾਰਿਆਂ ਨੂੰ ਇਕੋ ਰੱਸੇ ਨਹੀਂ ਬੰਨ੍ਹਿਆ ਜਾ ਸਕਦਾ...।" ਹੁਣ ਮੈਂ ਬੁਲਾਰਾ ਬਣ ਗਿਆ ਤੇ ਉਹ ਸਰੋਤਾ। ਕੋਰਟਾਂ-ਕਚਹਿਰੀਆਂ ਬਾਬਤ ਆਪਣੀ ਹੱਡ-ਬੀਤੀ ਸੁਣਾਉਂਦਿਆਂ ਮੈਂ ਉਸ ਨੂੰ ਦੱਸਿਆ-ਕਿਹਾ ਜਾਂਦਾ ਹੈ ਕਿ ਕਚਹਿਰੀਆਂ ਦੀਆਂ ਕੰਧਾਂ ਵੀ ਪੈਸੇ ਮੰਗਦੀਆਂ ਹਨ। ਇਹ ਲੋਕ-ਤੱਥ ਬਿਲਕੁਲ ਦਰੁਸਤ ਹੈ, ਪਰ ਮੇਰਾ ਤਜਰਬਾ ਇਸ ਤੋਂ ਐਨ ਉਲਟ ਹੈ। ਨਵਾਂ ਸ਼ਹਿਰ ਜ਼ਿਲ੍ਹਾ ਅਦਾਲਤ ਵਿਚ ਮੇਰੇ ਪਾਸਪੋਰਟ 'ਤੇ ਜਨਮ ਮਿਤੀ ਦੀ ਦਰੁਸਤੀ ਦਾ ਕੇਸ ਦੋ ਢਾਈ ਸਾਲ ਚਲਦਾ ਰਿਹਾ। ਮੇਰਾ ਕੇਸ ਲੜ ਰਿਹਾ ਸੀ ਰਾਹੋਂ ਨਿਵਾਸੀ ਸਰਦਾਰ ਅਜੀਤ ਸਿੰਘ ਸਿਆਣ ਜੋ ਉਥੋਂ ਦਾ ਸੀਨੀਅਰ ਵਕੀਲ ਹੈ। ਉਸ ਨੇ ਮੈਥੋਂ ਕੇਸ ਦੀ ਕੋਈ ਫੀਸ ਲੈਣੀ ਤਾਂ ਦਰ ਕਿਨਾਰ, ਸਗੋਂ ਅਦਾਲਤ ਵਿਚ ਦਿੱਤੀਆਂ ਜਾਣ ਵਾਲੀਆਂ ਜ਼ਰੂਰੀ ਫੀਸਾਂ ਜਾਂ ਪੇਪਰਾਂ ਦੇ ਥੱਬੇ ਫੋਟੋਸਟੈਟ ਕਰਾਉਣ ਦੇ ਪੈਸੇ ਵੀ ਆਪਣੇ ਕੋਲੋਂ ਹੀ ਦਿੱਤੇ।

ਇਥੇ ਹੀ ਬੱਸ ਨਹੀਂ, ਮੈਨੂੰ ਹਰ ਤਰੀਕ 'ਤੇ ਗਏ ਨੂੰ ਗਰਮ ਦੁੱਧ ਜਾਂ ਠੰਢਾ ਪਿਲਾਉਣਾ ਉਹ ਕਦੇ ਨਾ ਭੁੱਲਦਾ। ਨਾ ਕੋਈ ਉਹਦਾ ਮੇਰੇ ਨਾਲ ਰਿਸ਼ਤਾ ਨਾਤਾ, ਨਾ ਹੀ ਕੋਈ ਹੋਰ ਸਬੰਧ। ਬੱਸ ਆਮ ਜਿਹੀ ਦੁਆ ਸਲਾਮ। ਪੜ੍ਹਨ ਸੁਣਨ ਵਾਲਿਆਂ ਨੂੰ ਇਹ ਗੱਲ ਖੌਰੇ ਅਤਿ-ਕਥਨੀ ਲੱਗੇ, ਪਰ ਹੈ ਇਹ ਹਕੀਕਤ। ਜਿਸ ਦਿਨ ਫੈਸਲਾ ਮੇਰੇ ਹੱਕ ਵਿਚ ਹੋਇਆ, ਉਸ ਦਿਨ ਸਿਆਣ ਸਾਹਿਬ ਦੇ ਕੈਬਨ ਵਿਚ ਜੋ 'ਪਾਰਟੀ' ਹੋਈ, ਉਹਦਾ ਖਰਚਾ ਵੀ ਉਨ੍ਹਾਂ ਮੈਨੂੰ ਨਾ ਕਰਨ ਦਿੱਤਾ।

ਇਮੀਗ੍ਰੇਸ਼ਨ ਵਕੀਲਾਂ ਤੋਂ ਦੁਖੀ ਹੋਇਆ ਟੈਕਸੀ ਡਰਾਈਵਰ ਭਰਾ ਮੇਰਾ 'ਲੈਕਚਰ' ਸੁਣ ਕੇ ਹਾਬੜਿਆ ਬੋਲਿਆ,

"ਸਿਆਣ ਸਾਹਬ ਨੂੰ ਇੱਥੇ ਅਮਰੀਕਾ 'ਚ ਸੱਦ ਲਉ ਤਾਂ ਭਾ ਜੀ।"

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ **ਗੁਰਬਾਣੀ ਰੇਡੀਓ** ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
Studio Telephone : (408) 272-5200



ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

**ਤਾਜ਼ੀਆਂ ਖ਼ਬਰਾਂ ਰੇਡੀਓ 'ਤੇ**
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
**ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ**
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ

- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

**ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ**
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
**605.475.6868 • 832.551.5029**

ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਕਮਲਿਆਂ ਦਾ ਟੱਬਰ ਅਤੇ ਬੂਰ ਮਾਜਰੇ ਵਾਲਾ ਬਾਈ ਗੁਰਮੇਲ

## ਰੰਗ-ਬੇਰੰਗ

*ਪੰਜਾਬ ਟਾਈਮਜ਼ ਦੇ 18 ਅਗਸਤ ਦੇ ਅੰਕ ਵਿਚ ਲੇਖ 'ਕਮਲਿਆਂ ਦਾ ਟੱਬਰ' ਛਪਿਆ ਸੀ ਜੋ ਕਰੀਬ 4 ਸਾਲ ਪਹਿਲਾਂ ਇਨ੍ਹਾਂ ਕਾਲਮਾਂ ਵਿਚ ਛਪਿਆ ਸੀ। ਇਸ ਲੇਖ ਤੋਂ ਬਾਅਦ ਮੈਂ ਕੁਝ ਹੋਰ ਲੇਖ ਵੀ ਇਸੇ ਸਿਲਸਿਲੇ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਾਈ ਦੇ ਦਿਨਾਂ ਬਾਰੇ ਲਿਖੇ ਸਨ। 'ਕਮਲਿਆਂ ਦਾ ਟੱਬਰ' ਲੇਖ ਪੜ੍ਹਨ ਤੋਂ ਬਾਅਦ ਬਹੁਤ ਸਾਰੇ ਪਾਠਕਾਂ ਨੇ ਮੰਗ ਕੀਤੀ ਹੈ ਕਿ ਇਹ ਸਾਰੀ ਲੇਖ ਲੜੀ ਮੁੜ ਛਾਪੀ ਜਾਵੇ। ਉਨ੍ਹਾਂ ਦੇ ਇਸਰਾਰ 'ਤੇ ਇਹ ਲੇਖ ਛਾਪ ਰਹੇ ਹਾਂ।-ਸੰਪਾਦਕ*

ਹਲਵਾਰਵੀ ਦੀ ਗੱਲ ਤੁਰੀ ਤਾਂ ਮੈਨੂੰ ਭੂਸ਼ਨ ਧਿਆਨਪੁਰੀ ਵੀ ਯਾਦ ਆ ਗਿਆ। ਐਮਰਜੈਂਸੀ ਦੇ ਦਿਨ ਸਨ। ਸ਼ਾਇਰ ਅਤੇ ਵਿਅੰਗ ਲੇਖਕ ਭੂਸ਼ਨ ਧਿਆਨਪੁਰੀ ਉਨ੍ਹੀਂ ਦਿਨੀਂ ਨੌਕਰੀ ਤਾਂ ਸੈਕਟਰੀਏਟ ਵਿਚ ਕਰਦਾ ਸੀ ਪਰ ਆਪਣੇ ਸਾਹਿਤਕ ਮਿੱਤਰਾਂ, ਜਿਨ੍ਹਾਂ ਵਿਚ ਡਾ. ਜਗਤਾਰ, ਅਮਿਤੋਜ, ਹਰਭਜਨ ਹਲਵਾਰਵੀ ਅਤੇ ਹਿੰਦੀ ਕਵੀ ਕੁਮਾਰ ਵਿਕਲ ਸ਼ਾਮਲ ਸਨ, ਨੂੰ ਮਿਲਣ ਲਈ ਅਕਸਰ ਹੀ ਯੂਨੀਵਰਸਿਟੀ ਘੁੰਮਦਾ ਨਜ਼ਰ ਆ

**ਅਮੋਲਕ ਸਿੰਘ ਜੰਮੂ**
ਫੋਨ: 847-359-0746

ਜਾਂਦਾ। ਹਾਸਰਸ ਕਵੀ ਸੂਬਾ ਸਿੰਘ ਉਨ੍ਹਾਂ ਦਿਨਾਂ ਵਿਚ ਟੈਕਸਟ ਬੁੱਕ ਬੋਰਡ ਦੇ ਚੇਅਰਮੈਨ ਹੁੰਦੇ ਸਨ ਅਤੇ ਉਨ੍ਹਾਂ ਦੀ ਹੀਰ ਨਵੀਂ ਨਵੀਂ ਛਪੀ ਸੀ। ਸਵਰਗੀ ਡਾ. ਅਤਰ ਸਿੰਘ ਬਾਬਾ ਸ਼ੇਖ ਫਰੀਦ ਚੇਅਰ ਦੇ ਨਵੇਂ ਨਵੇਂ ਚੇਅਰਮੈਨ ਬਣੇ ਸਨ। ਭੂਸ਼ਨ ਨੇ ਸੂਬਾ ਸਿੰਘ ਦੀ ਹੀਰ ਵਿਚ ਆਪਣੇ ਕੁਝ ਬੰਦ ਰਲਾ ਕੇ ਸਾਹਿਤਕ ਹਲਕਿਆਂ ਵਿਚ ਤੁਰਦੇ ਕਰ ਦਿੱਤੇ, ਜਿਨ੍ਹਾਂ ਵਿਚੋਂ ਕੁਝ ਲਾਈਨਾਂ ਇਹ ਸਨ:

ਰਾਂਝਾ ਫਿਰੇ ਬਾਜ਼ਾਰਾਂ ਵਿਚ ਭਾਅ ਪੁੱਛਦਾ,
ਥਾਂ ਇਸ਼ਕ ਦੇ ਮੰਗਦੀ ਹੀਰ ਕੁਰਸੀ।
ਸ਼ੇਖ ਫਰੀਦ ਦੀ ਹੋਈ ਮਿਹਰ ਸਾਹਿਬ,
ਵੈਦਰਾਜ ਨੂੰ ਮਿਲੀ ਅਖੀਰ ਕੁਰਸੀ।

ਕਿਸੇ ਨੇ ਡਾ. ਅਤਰ ਸਿੰਘ ਨੂੰ ਦੱਸਿਆ ਕਿ ਭੂਸ਼ਨ ਨੇ ਤੁਹਾਨੂੰ ਨਿਸ਼ਾਨਾ ਬਣਾ ਕੇ ਹੀਰ ਦਾ ਇਹ ਬੰਦ ਲਿਖਿਆ ਹੈ। ਡਾ. ਅਤਰ ਸਿੰਘ ਨੇ ਭੂਸ਼ਨ ਨੂੰ ਪੁੱਛ ਲਿਆ, ਅੱਗੋਂ ਭੂਸ਼ਨ ਬੋਲਿਆ, "ਡਾਕਟਰ ਸਾਬ੍ਹ ਤੁਹਾਨੂੰ ਇਹ ਬੰਦ ਕਿੱਦਾਂ ਦਾ ਲੱਗਿਆ? ਜੇ ਤੁਹਾਨੂੰ ਇਹ ਬੰਦ ਚੁਭਿਆ ਹੈ ਤਾਂ ਮੈਂ ਲਿਖਿਆ, ਨਹੀਂ ਤੇ ਸੂਬਾ ਸਿੰਘ ਨੇ।"

ਹਲਵਾਰਵੀ ਜਦੋਂ ਸਾਡਾ ਜਮਾਤੀ ਬਣਿਆ, ਉਦੋਂ ਹੀ ਬੂਰ ਮਾਜਰੇ ਵਾਲੇ ਗੁਰਮੇਲ ਨਾਲ ਮੇਰੀ ਮੁਲਾਕਾਤ ਹੋਈ। ਗੁਰਮੇਲ ਸੀ ਭਾਵੇਂ ਮੇਰੇ ਤੋਂ ਇਕ ਸਾਲ ਪਿਛੇ ਪਰ ਉਹ ਮੁਲਾਕਾਤ ਦੇ ਪਹਿਲੇ ਦਿਨੋਂ ਹੀ ਮੇਰੇ ਖਾਸ ਮਿੱਤਰਾਂ ਵਿਚ ਸ਼ਾਮਲ ਹੋ ਗਿਆ ਸੀ। ਜਦੋਂ ਉਹ ਅਮਰੀਕਾ ਆ ਵੱਸਿਆ ਤਾਂ ਜਿੰਨੀ ਵਾਰੀ ਵੀ ਇੰਡੀਆ ਗਿਆ ਮੈਨੂੰ ਲਾਜ਼ਮੀ ਮਿਲ ਕੇ ਗਿਆ। ਕਮਲਿਆਂ ਦਾ ਟੱਬਰ ਯਾਨਿ ਮਨਿੰਦਰ ਮੇਰੀ ਹਮਜਮਾਤਣ ਸੀ ਜਦੋਂਕਿ ਗੁਰਮੇਲ ਸਿੰਘ ਕੰਗ ਮੇਰੇ ਤੋਂ ਇਕ ਸਾਲ ਪਿਛੇ। ਦੋਹਾਂ ਦੀ ਮੇਰੇ ਨਾਲ ਸਾਂਝ ਇਸ ਤਰ੍ਹਾਂ ਹੈ ਕਿ ਗੁਰਮੇਲ ਪਿਛਲੇ 36 ਸਾਲ ਤੋਂ ਮੇਰੇ ਨਾਲ ਲਗਾਤਾਰ ਸੰਪਰਕ ਵਿਚ ਹੈ ਜਦੋਂਕਿ ਮਨਿੰਦਰ ਮੈਨੂੰ ਪੂਰੇ 31 ਸਾਲਾਂ ਦੇ ਵਕਫੇ ਬਾਅਦ 2008 ਵਿਚ ਮਿਲੀ। ਕੋਈ ਸੱਤ ਸਾਲ ਪਹਿਲਾਂ (2005) ਜਦੋਂ ਮਨਿੰਦਰ ਦਾ ਮੈਨੂੰ ਕੈਨੇਡਾ ਤੋਂ ਪਹਿਲੀ ਵਾਰ ਫੋਨ ਆਇਆ ਸੀ ਤਾਂ ਮੈਂ ਇਹ ਗੱਲ ਗੁਰਮੇਲ ਨੂੰ ਦੱਸੀ ਸੀ ਤੇ ਗੁਰਮੇਲ ਦੇ ਮੂੰਹੋਂ ਵੀ ਝੱਟ ਨਿਕਲਿਆ ਸੀ, "ਉਹੀ ਮਨਿੰਦਰ ਕਮਲਿਆਂ ਦਾ ਟੱਬਰ" ਜਦੋਂ ਮੈਂ ਆਖਿਆ, "ਹਾਂ" ਤਾਂ ਉਸ ਦਾ ਜਵਾਬ ਸੀ, "ਮੈਨੂੰ ਅੱਜ ਵੀ ਚੇਤੇ ਹੈ ਉਹਨੇ ਮੇਰਾ ਬੱਸ ਪਾਸ ਗਵਾ ਦਿੱਤਾ ਸੀ। ਜਿਹਨੂੰ ਫਿਰ ਬਣਵਾਉਣ ਲਈ ਮੈਨੂੰ ਤਿੰਨ ਮਹੀਨੇ ਲੱਗੇ ਸਨ ਤੇ ਹਰ ਰੋਜ਼ ਚਾਰ ਰੁਪਏ ਬਸ ਦਾ ਕਿਰਾਇਆ ਖਰਚ ਕੇ ਪੜ੍ਹਨ ਆਉਣਾ ਪੈਂਦਾ ਸੀ।"

ਹੋਇਆ ਇਸ ਤਰ੍ਹਾਂ ਸੀ ਕਿ ਗੁਰਮੇਲ ਨੇ ਆਪਣੇ ਪਿੰਡ ਦਾਓ ਮਾਜਰਾ, ਜਿਥੇ ਕਿ ਉਹ ਆਪਣੀ ਭੈਣ ਪਾਸ ਰਹਿੰਦਾ ਸੀ, ਤੋਂ ਚੰਡੀਗੜ੍ਹ ਲਈ ਬੱਸ ਪਾਸ ਬਣਵਾਇਆ ਸੀ ਜਿਸ 'ਤੇ ਥੋੜ੍ਹੇ ਜਿਹੇ ਪੈਸੇ ਖਰਚ ਹੁੰਦੇ ਸਨ। ਪਤਾ ਨਹੀਂ ਕਿਵੇਂ ਉਹ ਬੱਸ ਪਾਸ ਚਾਚੇ ਗੁਲਾਟੀ ਦੀ ਕੰਟੀਨ 'ਤੇ ਬੈਠੇ ਅਸੀਂ ਮੁੰਡੇ ਕੁੜੀਆਂ ਵੇਖਣ ਲੱਗ ਪਏ ਤੇ ਫਿਰ ਗੁਰਮੇਲ ਦੀ ਤਸਵੀਰ ਉਤੇ ਆਪੋ ਆਪਣੇ ਕੁਮੈਂਟ ਦੇਣ ਲੱਗ ਪਏ। ਗੁਰਮੇਲ ਦੀ ਦਾਹੜੀ ਉਨ੍ਹਾਂ ਦਿਨਾਂ ਵਿਚ ਠੋਡੀ ਦੁਆਲੇ ਜ਼ਿਆਦਾ ਹੁੰਦੀ ਸੀ। ਗੁਰਮੇਲ ਸ਼ਾਇਦ ਆਪਣੀ ਕਲਾਸ ਲਾਉਣ ਚਲਾ ਗਿਆ ਤੇ ਉਹਦਾ ਬੱਸ ਪਾਸ ਸਾਡੇ ਪਾਸ ਹੀ ਰਹਿ ਗਿਆ ਤੇ ਅਖੀਰ ਮਨਿੰਦਰ ਦੇ ਹੱਥਾਂ ਵਿਚ ਚਲਾ ਗਿਆ। ਡਿਪਾਰਟਮੈਂਟ ਛੁੱਟੀ ਹੋਈ ਤਾਂ ਮਨਿੰਦਰ ਬੱਸ ਪਾਸ ਆਪਣੇ ਨਾਲ ਹੀ ਹੋਸਟਲ ਲੈ ਗਈ। ਹਰ ਰੋਜ਼ ਗੁਰਮੇਲ ਨੇ ਮਨਿੰਦਰ ਤੋਂ ਪੁਛਿਆ ਕਰਨਾ "ਮੇਰਾ ਪਾਸ ਕਿਥੇ ਹੈ?" ਤਾਂ ਮਨਿੰਦਰ ਨੇ ਕਿਹਾ ਕਰਨਾ "ਮੈਨੂੰ ਹੋਸਟਲ ਵਿਚ ਹੀ ਭੁੱਲ ਗਿਆ।" ਮਨਿੰਦਰ ਨੂੰ ਉਹ ਬੱਸ ਪਾਸ ਮੁੜ ਕਦੇ ਨਾ ਲੱਭਾ। ਗੁਰਮੇਲ ਨੂੰ ਹਰ ਰੋਜ਼ ਦੋ ਰੁਪਏ ਸਵੇਰੇ ਤੇ ਦੋ ਰੁਪਏ ਸ਼ਾਮ ਬੱਸ ਦਾ ਪੂਰਾ ਕਿਰਾਇਆ ਖਰਚਣਾ ਪੈਂਦਾ।

ਗੁਰਮੇਲ ਨਾਲ ਮੇਰੀ ਮੁਲਾਕਾਤ ਵੀ ਦਿਲਚਸਪ ਹੈ। ਐਮ ਏ ਵਿਚ ਅਡਮਿਸ਼ਨ ਲੈਣ ਲਈ ਗੁਰਮੇਲ ਪੰਜਾਬੀ ਵਿਭਾਗ ਆਇਆ ਸੀ। ਗੁਰਮੇਲ ਅਤੇ ਇਕ ਹੋਰ ਮੁੰਡਾ ਮੇਜਰ ਸਿੰਘ ਦੋਵੇਂ ਮੈਨੂੰ ਡਿਪਾਰਟਮੈਂਟ ਦੇ ਦਫਤਰ ਅੱਗੇ ਮਿਲ ਪਏ। ਗੁਰਮੇਲ ਦੇ ਦਾਖਲੇ ਲਈ ਕੋਈ ਨਿੱਕੀ ਜਿਹੀ ਅੜਿਚਣ ਸੀ ਜੋ ਯੂਨੀਵਰਸਿਟੀ ਦੇ ਪ੍ਰਸ਼ਾਸਕੀ ਦਫਤਰ, ਜਿਹਨੂੰ ਅਸੀਂ ਸਾਰੇ ਐਡਮ ਬਲਾਕ ਕਰਕੇ ਹੀ ਜਾਣਦੇ ਸਾਂ, ਵਿਚ ਜਾ ਕੇ ਹੀ ਦੂਰ ਹੋ ਸਕਦੀ ਸੀ। ਜਦੋਂ ਮੈਂ ਸਰਸਰੀ ਪੁੱਛ ਲਿਆ, "ਕਿਉਂ ਦਾਖਲਾ ਹੋ ਗਿਆ?" ਤਾਂ ਗੁਰਮੇਲ ਨੇ ਮੈਨੂੰ ਆਪਣੀ ਮੁਸ਼ਕਿਲ ਦੱਸੀ। ਯੂਨੀਵਰਸਿਟੀ ਵਿਚ ਦੋ ਸਾਲ ਪਹਿਲਾਂ ਆ ਗਏ ਹੋਣ ਕਾਰਨ ਮੈਨੂੰ ਪ੍ਰਸ਼ਾਸਕੀ ਬਲਾਕ ਦੀ ਪੂਰੀ ਜਾਣ ਪਛਾਣ ਸੀ। ਮੈਂ ਨਾਲ ਜਾ ਕੇ ਉਸ ਦੀ ਇਹ ਅੜਿਚਣ ਦੂਰ ਕਰਵਾ ਦਿੱਤੀ। ਬਾਅਦ ਵਿਚ ਅਸੀਂ ਹੋਸਟਲ ਦੀ ਮੈਸ ਵਿਚ ਖਾਣਾ ਖਾਣ ਆ ਗਏ। ਬੱਸ ਉਸ ਦਿਨ ਤੋਂ ਹੀ ਗੁਰਮੇਲ ਨਾਲ ਇਕ ਰਿਸ਼ਤਾ ਜਿਹਾ ਬਣ ਗਿਆ ਜੋ ਲਗਾਤਾਰ ਅੱਜ ਤੱਕ ਵਧਦਾ ਹੀ ਗਿਆ।

ਰੋਪੜ ਜ਼ਿਲੇ ਵਿਚ ਮੋਰਿੰਡੇ ਤੋਂ ਪਿੰਡਾਂ ਵਿਚ ਦੀ ਇਕ ਰਾਸਤਾ ਰੋਪੜ ਸ਼ਹਿਰ ਨੂੰ ਜਾਂਦਾ ਹੈ। ਇਸੇ ਸੜਕ ਉਤੇ ਗੁਰਮੇਲ ਦਾ ਪਿੰਡ ਹੈ ਬੂਰ ਮਾਜਰਾ। ਅਨੰਦਪੁਰ ਸਾਹਿਬ ਤੋਂ ਚਮਕੌਰ ਨੂੰ ਜਾਂਦਿਆਂ ਗੁਰੂ ਗੋਬਿੰਦ ਸਿੰਘ ਜੀ ਇਸ ਪਿੰਡ ਵੀ ਕੁਝ ਸਮੇਂ ਲਈ ਰੁਕੇ ਸਨ ਜਿਥੇ ਗੁਰਦੁਆਰਾ ਸੁਸ਼ੋਭਿਤ ਹੈ। ਸਾਡੇ ਤੋਂ ਥੋੜ੍ਹਾ ਜਿਹਾ ਸੀਨੀਅਰ ਆਪਣੇ ਵੇਲਿਆਂ ਦਾ ਮੋਢੀ ਵਿਦਿਆਰਥੀ ਆਗੂ ਅਤੇ ਬਾਅਦ ਵਿਚ ਪੰਜਾਬ ਦਾ ਮੰਤਰੀ ਰਿਹਾ ਜਗਮੋਹਨ ਸਿੰਘ ਕੰਗ ਵੀ ਇਸੇ ਪਿੰਡ ਦਾ ਹੈ। ਮਾਈ ਮੋਹਣੋ ਯਾਨਿ ਜਗਮੋਹਨ ਕੌਰ ਵੀ ਇਸੇ ਪਿੰਡ ਦੀ ਸੀ। ਸਾਡੇ ਨਾਲ ਪੜ੍ਹਦਿਆਂ ਗੁਰਮੇਲ ਆਪਣੇ ਪਿੰਡ ਨਹੀਂ ਸਗੋਂ ਆਪਣੀ ਭੈਣ ਦੇ ਪਿੰਡ ਦਾਓ ਮਾਜਰੇ ਰਹਿੰਦਾ ਸੀ। ਉਸ ਦੇ ਭਣੋਈਏ ਦੀ ਜਵਾਨੀ ਉਮਰੇ ਹੀ ਮੌਤ ਹੋ ਗਈ ਸੀ ਜਿਸ ਕਰਕੇ ਭੈਣ ਦੀ ਮਦਦ ਲਈ ਉਹ ਉਥੇ ਰਹਿੰਦਾ ਸੀ। ਉਂਜ ਗੁਰਮੇਲ ਹੋਰਾਂ ਦਾ ਪਰਿਵਾਰ ਵੀ ਆਪਣੇ ਆਪ ਵਿਚ ਇਕ ਮਿਸਾਲ ਹੈ। ਉਹ ਛੇ ਭਰਾ ਸਨ। (ਇਕ ਕੁਝ ਮਹੀਨੇ ਪਹਿਲਾਂ ਗੁਜ਼ਰ ਗਿਆ) ਗੁਰਮੇਲ ਅਤੇ ਉਸ ਤੋਂ ਵੱਡਾ ਸੁਰਿੰਦਰ ਅਮਰੀਕਾ ਵਿਚ ਹੀ ਵੱਸਦੇ ਸਨ ਅਤੇ ਬਾਕੀ ਚਾਰ ਪਿੰਡ ਬੂਰ ਮਾਜਰੇ। ਦਿਲਚਸਪ ਗੱਲ ਇਹ ਹੈ ਕਿ ਵੱਡੇ ਭਰਾ ਪੁੱਤ-ਪੋਤਿਆਂ ਵਾਲੇ ਹੋ ਗਏ ਪਰ ਸਭ ਦੀ ਰੋਟੀ ਅਜੇ ਵੀ ਇਕੋ ਚੁੱਲ੍ਹੇ ਪੱਕਦੀ ਹੈ। ਖੇਤੀ-ਬਾੜੀ ਵੀ ਸਾਂਝੀ ਹੈ। ਪਿੰਡ ਜੋ ਜ਼ਮੀਨ ਜਾਇਦਾਦ ਬਣਦੀ ਹੈ ਸਾਰਿਆਂ ਦੀ ਸਾਂਝੀ ਹੈ।

ਐਮ ਏ ਦਾ ਪਹਿਲਾ ਭਾਗ ਕਰਨ ਤੋਂ ਬਾਅਦ ਗੁਰਮੇਲ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਮੈਂ ਛੇਤੀ ਹੀ ਬਾਹਰ ਚਲੇ ਜਾਣਾ ਹੈ। ਉਸ ਦਾ ਵੱਡਾ ਭਰਾ ਸੁਰਿੰਦਰ ਜੋ ਕਿ ਅੱਜ ਕੱਲ ਇਥੇ ਕੈਲਮਜ਼ੂ, ਮਿਸ਼ੀਗਨ ਵੱਸਦਾ ਹੈ, ਉਨ੍ਹੀਂ ਦਿਨੀਂ ਸ਼ਿਪ ਉਤੇ ਕੰਮ ਕਰਦਾ ਸੀ। ਗੁਰਮੇਲ ਨੇ ਕਿਹਾ ਕਰਨਾ ਮੇਰੇ ਭਰਾ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਮੈਨੂੰ ਬਾਹਰ ਲੈ ਜਾਵੇਗਾ। ਫਿਰ ਐਮ ਏ ਪੂਰੀ ਹੋਣ ਵਿਚ ਅਜੇ ਕੁਝ ਮਹੀਨੇ ਹੀ ਬਾਕੀ ਸਨ ਜਦੋਂ ਅਚਾਨਕ ਉਸ ਨੇ ਇਕ ਦਿਨ ਆ ਕੇ ਮੈਨੂੰ ਹੋਸਟਲ ਵਿਚ ਹੀ ਦੱਸਿਆ ਕਿ ਮੈਂ ਬਾਹਰ ਜਾ ਰਿਹਾ ਹਾਂ। ਕੁਝ ਹੀ ਦਿਨਾਂ ਬਾਅਦ ਗੁਰਮੇਲ ਸ਼ਿਪ ਉਤੇ ਜਾ ਚੜ੍ਹਿਆ। ਜਦੋਂ ਮਹੀਨਾ ਭਰ ਸ਼ਿਪ ਸਮੁੰਦਰ ਵਿਚ ਹੀ ਤਰਦਾ ਰਿਹਾ ਤਾਂ ਗੁਰਮੇਲ ਨੂੰ ਬੜੀ ਉਦਾਸੀ ਹੋਈ। ਉਸ ਮੈਨੂੰ ਸ਼ਿਪ ਵਿਚੋਂ ਹੀ ਚਿੱਠੀ ਲਿਖੀ। ਜਿਸ ਵਿਚੋਂ ਇਕੱਲ ਅਤੇ ਬੀਤੇ ਦਿਨਾਂ ਦਾ ਹੇਰਵਾ ਡੁੱਲ੍ਹ ਡੁੱਲ੍ਹ ਪੈਂਦਾ ਸੀ। ਉਸ ਲਿਖਿਆ ਸੀ ਮੇਰਾ ਜੀ ਕਰਦਾ ਮੈਂ ਭੱਜ ਕੇ ਪਿੰਡ ਪਹੁੰਚ ਜਾਵਾਂ। ਉਹ ਸ਼ਿਪ 'ਤੇ ਜਾ ਕੇ ਖੁਸ਼ ਹੁੰਦਿਆਂ ਵੀ ਖੁਸ਼ ਨਹੀਂ ਸੀ। ਗੁਰਮੇਲ ਦੀਆਂ ਚਿੱਠੀਆਂ ਸਮੁੰਦਰੀ ਜਹਾਜ਼ ਦੇ ਸਫਰ ਦੌਰਾਨ ਹੰਢਾਈ ਇਕੱਲ ਦੀ ਬਾਤ ਪਾਉਂਦੀਆਂ। ਕਈ ਵਾਰ ਉਹ ਜਿਸ ਕਿਸੇ ਬੰਦਰਗਾਹ ਉਤੇ ਰੁਕਦਾ ਉਥੋਂ ਬਾਰੇ ਬੜੀ ਤਫਸੀਲ ਵਿਚ ਜਾਣਕਾਰੀ ਦਿੰਦਾ। ਇਨ੍ਹਾਂ ਵਿਚੋਂ ਕੁਝ ਚਿੱਠੀਆਂ ਅਜੇ ਤੱਕ ਵੀ ਮੈਂ ਸੰਭਾਲ ਕੇ ਰੱਖੀਆਂ ਹੋਈਆਂ ਹਨ।

ਬਾਅਦ ਵਿਚ ਗੁਰਮੇਲ ਸਾਲ ਪਿਛੋਂ, ਕਦੀ ਦੋ ਸਾਲ ਪਿਛੋਂ ਚੱਕਰ ਮਾਰਦਾ। ਜਿੰਨੀ ਵਾਰੀ ਵੀ ਇੰਡੀਆ ਆਉਂਦਾ ਮੈਨੂੰ ਮਿਲੇ ਬਿਨਾ ਨਾ ਜਾਂਦਾ। ਜੇ ਗੁੜ ਦਾ ਸੀਜ਼ਨ ਹੁੰਦਾ ਤਾਂ ਆਪਣੇ ਘਰ ਦਾ ਕੱਢਿਆ ਗੁੜ ਮੈਨੂੰ ਪਹੁੰਚਦਾ ਕਰਨ ਤੋਂ ਨਾ ਉਕਦਾ ਅਤੇ ਜੇ ਗਰਮੀਆਂ ਵਿਚ ਅੰਬਾਂ ਦੀ ਬਹਾਰ ਹੁੰਦੀ ਤਾਂ ਅੰਬਾਂ ਦੀ ਖਟਮਿਠੀ ਚਟਣੀ ਵੀ ਜਰੂਰ ਪਹੁੰਚਦੀ ਕਰਦਾ। ਇਹ ਚਟਣੀ ਰੋਪੜ-ਅੰਬਾਲਾ ਯਾਨਿ ਪੁਆਧ ਦੀ ਖਾਸ ਸੁਗਾਤ ਹੈ।

1981-82 ਦੇ ਨੇੜੇ ਗੁਰਮੇਲ ਪੱਕੇ ਤੌਰ 'ਤੇ ਅਮਰੀਕਾ ਟਿਕ ਗਿਆ। ਫਿਰ ਉਸ ਨੇ ਰਿਚਮੰਡ, ਵਰਜੀਨੀਆ ਵਿਚ ਪੱਕੇ ਪੈਰ ਜਮਾ ਲਏ। ਹੁਣ ਉਸ ਦਾ ਸਬਵੇਅ ਦਾ ਅੱਛਾ-ਖਾਸਾ ਕਾਰੋਬਾਰ ਹੈ। ਉਸ ਦੀਆਂ ਦੋ ਬੜੀਆਂ ਪਿਆਰੀਆਂ ਧੀਆਂ ਹਨ-ਸਵੀਟੀ ਤੇ ਪ੍ਰੀਤੀ। ਸਵੀਟੀ ਡਾਕਟਰੀ ਕਰ ਰਹੀ ਹੈ। ਨਿੱਕੀ ਪ੍ਰੀਤੀ ਵੀ ਕਾਲਜ ਵਿਚ ਹੈ। ਉਸ ਦੀ ਪਤਨੀ ਬਲਵਿੰਦਰ ਪੇਸ਼ੇ ਵਜੋਂ ਨਰਸ ਹੈ। ਬੜੀ ਮਿਲਣਸਾਰ ਅਤੇ ਦੂਜਿਆਂ ਦੀ ਮਦਦ ਕਰਨ ਵਾਲੀ। ਜਦੋਂ ਦੀ ਮੇਰੀ ਸਿਹਤ ਖਰਾਬ ਹੋਈ ਹੈ, ਉਹ ਕੋਈ ਬਹਾਨਾ ਐਸਾ ਨਹੀਂ ਜਾਣ ਦਿੰਦੀ ਜਦੋਂ ਗੁਰਮੇਲ ਨੂੰ ਮੇਰੇ ਪਾਸ ਨਾ ਭੇਜੇ। 2008 ਵਿਚ ਜਦੋਂ ਪਹਿਲੀ ਵਾਰ ਮਨਿੰਦਰ ਨੇ ਸਾਨੂੰ ਮਿਲਣ ਆਉਣ ਦਾ ਪ੍ਰੋਗਰਾਮ ਬਣਾਇਆ ਤਾਂ ਮੈਂ ਗੁਰਮੇਲ ਨੂੰ ਵੀ ਇਸ ਬਾਰੇ ਦੱਸਿਆ। ਗੁਰਮੇਲ ਨੇ ਆਪਣੀ ਪਤਨੀ ਬਲਵਿੰਦਰ ਨੂੰ, ਅਤੇ ਦੋਹਾਂ ਨੇ ਝੱਟ ਮਨਿੰਦਰ ਦੇ ਨਾਲ ਹੀ ਮੇਰੇ ਕੋਲ ਆਉਣ ਦਾ ਪ੍ਰੋਗਰਾਮ ਬਣਾ ਗਿਆ। ਇਕ ਹਫਤਾ ਅਸੀਂ ਸਾਰੇ ਜਿਵੇਂ ਅੱਜ ਤੋਂ ਤੀਹ ਸਾਲ ਪਹਿਲਾਂ ਦੇ ਸਮੇਂ ਵਿਚ ਹੀ ਵਿਚਰਦੇ ਰਹੇ।

ਜਦੋਂ ਮੈਂ ਪੰਜਾਬੀ ਟ੍ਰਿਬਿਊਨ ਵਿਚ ਨੌਕਰੀ ਕਰਦਾ ਸਾਂ ਤਾਂ ਗੁਰਮੇਲ ਨੇ ਮੈਨੂੰ ਮਿਲਣ ਆਉਣਾ ਤਾਂ ਮੈਂ ਹਾਸੇ ਵਿਚ ਕਹਿਣਾ, ਕਦੀ ਮੈਨੂੰ ਵੀ ਆਪਣਾ ਅਮਰੀਕਾ ਵਿਖਾ ਦੇ। ਉਸ ਬੱਸ ਹੱਸ ਛੱਡਣਾ ਤੇ ਆਖਣਾ ਅਮਰੀਕਾ ਦੂਰੋਂ ਹੀ ਸੋਹਣਾ ਲੱਗਦਾ ਹੈ। 1996 ਵਿਚ ਜਦੋਂ ਮੇਰਾ ਅਮਰੀਕਾ ਆਉਣ ਦਾ ਪ੍ਰੋਗਰਾਮ ਬਣਿਆ ਤਾਂ ਮੈਂ ਜਾਣਬੁੱਝ ਕੇ ਇਸ ਬਾਰੇ ਗੁਰਮੇਲ ਨੂੰ ਨਾ ਦੱਸਿਆ। ਨਿਊ ਯਾਰਕ ਪਹੁੰਚਿਆ ਤਾਂ ਮੈਂ ਆਪਣੇ ਦੋਸਤ ਜਗਰਾਜ ਸਿੰਘ ਅਟਵਾਲ ਪਾਸ ਰੁਕਿਆ ਜੋ ਅੱਜ ਕੱਲ੍ਹ ਮਸਕੀਗਨ, ਮਿਸ਼ੀਗਨ ਵੱਸਦਾ ਹੈ। ਮੈਂ ਗੁਰਮੇਲ ਨੂੰ ਫੋਨ ਕੀਤਾ ਤਾਂ ਉਹ ਬੱਸ ਬਾਗੋਬਾਗ ਹੀ ਹੋ ਗਿਆ। ਜਗਰਾਜ ਨੂੰ ਉਸ ਮਨਾ ਲਿਆ ਕਿ ਅਗਲੇ ਦਿਨ ਹੀ ਮੈਨੂੰ ਉਹ ਵਾਸ਼ਿੰਗਟਨ ਡੀ ਸੀ ਲਈ ਬੱਸ ਵਿਚ ਬਿਠਾ ਦੇਵੇ, ਅੱਗੋਂ ਉਹ ਆਪੇ ਆ ਕੇ ਲੈ ਲਵੇਗਾ। ਜਦੋਂ ਮੈਂ ਵਾਸ਼ਿੰਗਟਨ ਪਹੁੰਚਿਆ ਤਾਂ ਸੱਚਮੁੱਚ ਹੀ ਉਹ ਬੱਸ ਅੱਡੇ 'ਤੇ ਖੜ੍ਹਾ ਮੈਨੂੰ ਉਡੀਕ ਰਿਹਾ ਸੀ। ਮੈਂ ਉਸ ਪਾਸ ਦੋ ਦਿਨ ਰਿਹਾ। ਇਹ ਦੋਵੇਂ ਦਿਨ ਉਹ ਮੈਨੂੰ ਬੜੇ ਪਿਆਰ ਨਾਲ ਅਮਰੀਕਾ ਵਿਚ ਲੋਕਾਂ ਦੇ ਰਹਿਣ-ਬਹਿਣ ਅਤੇ ਉਨ੍ਹਾਂ ਦੇ ਘਰ ਜਾਣ ਦੇ ਸਲੀਕੇ ਸਮਝਾਉਂਦਾ ਰਿਹਾ।



*ਪੰਜਾਬ ਟਾਈਮਜ਼ ਨਾਈਟ 'ਤੇ (ਖੱਬਿਓਂ) ਗੁਰਮੇਲ ਸਿੰਘ ਕੰਗ, ਬਲਵਿੰਦਰ ਕੌਰ, ਜਸਵਿੰਦਰ ਕੌਰ, ਗੁਰਮੇਲ ਦੀ ਬੇਟੀ ਪ੍ਰੀਤੀ, ਲੇਖਕ ਦੀ ਪਤਨੀ ਜਸਪ੍ਰੀਤ ਕੌਰ, ਪੰਜਾਬ ਟਾਈਮਜ਼ ਦੇ ਸਲਾਹਕਾਰੀ ਬੋਰਡ ਦੇ ਮੈਂਬਰ ਸਵਰਨਜੀਤ ਸਿੰਘ ਢਿੱਲੋਂ ਦੀ ਧਰਮ ਪਤਨੀ ਬੀਬੀ ਜਸਬੀਰ ਕੌਰ, ਅਨੁਰੀਤ ਕੌਰ ਅਤੇ ਗੁਰਮੇਲ ਦੀ ਵੱਡੀ ਬੇਟੀ ਸਵੀਟੀ ਲੇਖਕ ਦੇ ਨਾਲ*

ਮੈਨੂੰ ਕੁਝ ਅਟਪਟਾ ਵੀ ਲਗਿਆ ਪਰ ਇਸ ਪੱਖੋਂ ਮੈਂ ਅੱਜ ਤੱਕ ਆਪਣੇ ਆਪ ਨੂੰ ਉਸ ਦਾ ਦੇਣਦਾਰ ਸਮਝਦਾ ਹਾਂ। ਬੜੀਆਂ ਨਿੱਕੀਆਂ ਨਿੱਕੀਆਂ ਗੱਲਾਂ ਜਿਨ੍ਹਾਂ ਵੱਲ ਸਾਡਾ ਆਮ ਧਿਆਨ ਨਹੀਂ ਜਾਂਦਾ ਪਰ ਜੇ ਖਿਆਲ ਰੱਖਿਆ ਜਾਵੇ ਤਾਂ ਦੂਜੇ ਦੇ ਘਰ ਖਲਲ ਪੈਣੋਂ ਬਚ ਜਾਂਦਾ ਹੈ।

ਮੈਂ ਸ਼ਿਕਾਗੋ ਆ ਵੱਸਿਆ ਅਤੇ ਇਸ ਪਿਛੋਂ ਥੋੜ੍ਹੇ ਥੋੜ੍ਹੇ ਦਿਨਾਂ ਬਾਅਦ ਗੁਰਮੇਲ ਦਾ ਫੋਨ ਆਉਣਾ ਬਦਸਤੂਰ ਜਾਰੀ ਹੈ। ਮੈਂ ਫੋਨ ਕਰਾਂ ਜਾਂ ਨਾ ਕਰਾਂ ਉਸ ਨੇ ਕਰਨਾ ਹੀ ਹੈ। ਸੰਨ 2000 ਵਿਚ ਜਦੋਂ ਮੈਂ ਪੰਜਾਬ ਟਾਈਮਜ਼ ਸ਼ੁਰੂ ਕੀਤਾ ਤਾਂ ਗੁਰਮੇਲ ਨੇ ਆਪਣੀ ਤਰਫੋਂ ਮਾਲੀ ਮਦਦ ਤੁਰਤ ਭੇਜੀ। ਹਰ ਸਾਲ ਜਦੋਂ ਪੰਜਾਬ ਟਾਈਮਜ਼ ਦਾ ਸਾਲਾਨਾ ਪ੍ਰੋਗਰਾਮ ਹੁੰਦਾ ਹੈ ਤਾਂ ਉਹ ਬਾਦਸਤੂਰ ਹਾਜਰ ਹੁੰਦਾ ਹੈ। ਆਪਣੀ ਸਮਰਥਾ ਅਨੁਸਾਰ ਮਾਲੀ ਮਦਦ ਵੀ ਹਾਜਰ ਕਰਦਾ ਹੈ। ਰਿਚਮੰਡ ਵਰਜੀਨੀਆ ਵਿਚ ਪੰਜਾਬ ਟਾਈਮਜ਼ ਦਾ ਇਕ ਖਾਸ ਪਾਠਕ ਵਰਗ ਗੁਰਮੇਲ ਕਰਕੇ ਹੀ ਬਣਿਆ ਹੈ। ਮਰਹੂਮ ਸਤਵੰਤ ਸਿੰਘ ਝੱਜ ਤਾਂ ਪੰਜਾਬ ਟਾਈਮਜ਼ ਦੇ ਕੁਝ ਜ਼ਿਆਦਾ ਹੀ ਮੁਰੀਦ ਹੋਇਆ ਕਰਦੇ ਸਨ। ਉਥੇ ਗੁਰਮੇਲ ਦੇ ਦੋਸਤਾਂ ਦਾ ਦਾਇਰਾ ਵੀ ਕਾਫੀ ਵਸੀਹ ਹੈ। ਉਸੇ ਸਦਕਾ ਡਾ. ਬਲਜੀਤ ਸਿੱਧੂ, ਮਨਮੋਹਨ ਗਰੇਵਾਲ, ਮਨਮੋਹਨ ਖੋਖਰ, ਐਮ ਐਸ ਖਹਿਰਾ, ਡਾ. ਜਸਵਿੰਦਰ ਢਿਲੋਂ ਅਤੇ ਡਾ. ਜਸਵਿੰਦਰ ਸਿੰਘ ਖਹਿਰਾ ਨਾਲ ਮੇਰੀ ਜਾਣ-ਪਛਾਣ ਬਣੀ।

ਪਿਛਲੇ ਕਈ ਸਾਲਾਂ ਤੋਂ ਗੁਰਮੇਲ ਦੀ ਪਤਨੀ ਬਲਵਿੰਦਰ ਵੰਨ ਸਵੰਨੇ ਮੇਵੇ ਪਾ ਕੇ ਪਿੰਨੀਆਂ ਬਣਾ ਕੇ ਨਾਲ ਲਿਆਉਂਦੀ ਹੈ। ਆਪ ਨਾ ਆਉਣਾ ਹੋਵੇ ਤਾਂ ਉਸ ਦੇ ਹੱਥ ਭੇਜਦੀ ਹੈ। ਪੰਜਾਬ ਟਾਈਮਜ਼ ਦੇ ਦਫਤਰ ਆਉਣ ਵਾਲੇ ਸਨੇਹੀ ਇਨ੍ਹਾਂ ਪਿੰਨੀਆਂ ਦੇ ਸਵਾਦ ਤੋਂ ਵਾਕਫ ਹੋ ਚੁੱਕੇ ਹਨ। ਜਦੋਂ ਪਿੰਨੀਆਂ ਦੀ ਅਗਲੀ ਖੇਪ ਪਹੁੰਚਦੀ ਹੈ ਤਾਂ ਖਾਣ ਲੱਗਿਆਂ ਆਏ ਸਨੇਹੀ ਦੇ ਮੂੰਹੋਂ ਨਿਕਲ ਜਾਂਦਾ ਹੈ, "ਗੁਰਮੇਲ ਬਾਈ ਨੇ ਭੇਜੀਆਂ?"

ਸਾਲ 2009 ਵਿਚ ਪੰਜਾਬ ਟਾਈਮਜ਼ ਨਾਈਟ 'ਤੇ ਮੈਂ ਮਨਿੰਦਰ ਅਤੇ ਗੁਰਮੇਲ ਦੋਹਾਂ ਨੂੰ ਸੱਦਾ ਦਿੱਤਾ ਤਾਂ ਦੋਹਾਂ ਨੇ ਹੀ ਨਾ ਆ ਸਕਣ ਲਈ ਮਾਫੀ ਮੰਗੀ। ਗੁਰਮੇਲ ਨੇ ਹਾਜਰੀ ਲਵਾਉਣ ਲਈ ਆਪਣੇ ਭਤੀਜੇ ਪਾਲ ਅਤੇ ਆਪਣੀ ਵੱਡੀ ਧੀ ਸਵੀਟੀ ਨੂੰ ਭੇਜ ਦਿਤਾ ਅਤੇ ਨਾਲ ਪਿੰਨੀਆਂ ਦੀ ਇਕ ਵੱਡੀ ਖੇਪ ਵੀ। ਪਰ ਗੁਰਮੇਲ ਤੇ ਮਨਿੰਦਰ ਨੇ ਆਪਸ ਵਿਚ ਮਤਾ ਕੀਤਾ ਕਿ ਇਸ ਸਮਾਗਮ ਦੇ ਰੌਲੇ ਗੌਲੇ 'ਚ ਜਾਣ ਦੀ ਥਾਂ ਹਫਤਾ-ਪੰਦਰਾਂ ਦਿਨ ਬਾਅਦ ਜਾਇਆ ਜਾਵੇ ਅਤੇ ਉਹ ਵੀ ਮੈਨੂੰ ਦੱਸੇ ਬਿਨਾ। ਉਨ੍ਹਾਂ ਇਹ ਵੀ ਤੈਅ ਕਰ ਲਿਆ ਕਿ ਮਨਿੰਦਰ ਟੋਰਾਂਟੋ ਤੋਂ ਪਹਿਲਾਂ ਗੁਰਮੇਲ ਕੋਲ ਪਹੁੰਚ ਜਾਵੇ ਅਤੇ ਉਥੋਂ ਗੁਰਮੇਲ, ਉਸ ਦੀ ਪਤਨੀ ਬਲਵਿੰਦਰ ਅਤੇ ਮਨਿੰਦਰ ਤਿੰਨੇ ਹੀ ਕਾਰ ਵਿਚ ਸਿੱਧੇ ਬਿਨਾ ਦੱਸਿਆਂ ਮੇਰੇ ਘਰ ਆ ਧਮਕਣ, ਮੈਨੂੰ ਚਕ੍ਰਿਤ ਕਰਨ ਲਈ। ਪਰ ਕਿਸੇ ਕਾਰਨ ਉਨ੍ਹਾਂ ਦਾ ਇਹ ਪ੍ਰੋਗਰਾਮ ਐਨ ਆਖਰੀ ਮੌਕੇ ਰੱਦ ਹੋ ਗਿਆ। ਪਰ ਗੁਰਮੇਲ ਅਤੇ ਉਸ ਦੀ ਧੀ ਸਵੀਟੀ ਦੋ ਹਫਤਿਆਂ ਬਾਅਦ ਪਿੰਨੀਆਂ ਦੀ ਇਕ ਹੋਰ ਖੇਪ ਲੈ ਕੇ ਪਹੁੰਚ ਗਏ। ਉਦੋਂ ਹੀ ਗੁਰਮੇਲ ਨੇ ਆਪਣੇ ਰੱਦ ਹੋਏ ਪ੍ਰੋਗਰਾਮ ਬਾਰੇ ਦੱਸਿਆ। ਹੁਣ ਜਦੋਂ ਗੁਰਮੇਲ ਅਤੇ ਮਨਿੰਦਰ ਨਾਲ ਕੁਝ ਦਿਨ ਗੱਲ ਨਹੀਂ ਹੁੰਦੀ ਤਾਂ ਮੈਨੂੰ ਭਾਸਣ ਲੱਗਦਾ ਹੈ ਕਿ ਪਤਾ ਨਹੀਂ ਕਦੋਂ ਇਹ ਤਿੰਨੇ ਵਿਹੜੇ ਵਿਚ ਕਾਰ ਆ ਖੜ੍ਹੀ ਕਰਨ।

ਗੁਰਮੇਲ ਮੇਰੇ ਤੋਂ ਇਕ ਸਾਲ ਪਿਛੇ ਸੀ ਤੇ ਮੈਂ ਉਹਨੂੰ ਹਮੇਸ਼ਾਂ ਆਪਣੇ ਤੋਂ ਉਮਰ ਵਿਚ ਛੋਟਾ ਹੀ ਗਿਣਦਾ ਰਿਹਾ। 9-10 ਸਾਲ ਪਹਿਲਾਂ ਮੈਂ ਉਸ ਦਾ ਬਰਥ ਸਰਟੀਫਿਕੇਟ ਦੇਖ ਲਿਆ ਜਿਸ ਹਿਸਾਬ ਉਹ ਮੇਰੇ ਤੋਂ ਇਕ ਸਾਲ ਵਡਾ ਸੀ। ਮੈਂ ਗੁਰਮੇਲ ਦੀਆਂ ਧੀਆਂ ਨੂੰ ਕਿਹਾ ਕਰਨਾ, ਮੈਂ ਤੁਹਾਡਾ ਚਾਚਾ ਹਾਂ, ਤਾਇਆ ਨਹੀਂ। ਗੁਰਮੇਲ ਨੇ ਅਗੋਂ ਕਹਿਣਾ, ਨਹੀਂ ਮੇਰਾ ਬਾਪੂ ਅਨਪੜ੍ਹ ਸੀ, ਉਸ ਨੇ ਮੈਨੂੰ ਪਹਿਲਾਂ ਸਕੂਲ ਦਾਖਲ ਕਰਵਾਉਣ ਲਈ ਇਕ ਸਾਲ ਮੇਰੀ ਉਮਰ ਵਧਾ ਕੇ ਲਿਖਾਈ ਪਰ ਤੇਰਾ ਬਾਪੂ ਪੜ੍ਹਿਆ-ਲਿਖਿਆ ਹੋਣ ਕਰਕੇ ਉਸ ਨੇ ਤੇਰੀ ਉਮਰ ਜਾਣ-ਬੁਝ ਕੇ ਇਕ ਸਾਲ ਘੱਟ ਲਿਖਾਈ। ਅਸਲ ਵਿਚ ਤਾਂ ਤੂੰ ਹੀ ਵਡਾ ਹੈਂ। ਖੈਰ ਇਹ ਸਾਡਾ ਸ਼ੁਗਲ-ਮੇਲਾ ਚਲਦਾ ਰਹਿੰਦਾ। 30 ਜੁਲਾਈ 2011 ਨੂੰ ਜਦੋਂ ਮੇਰੇ ਬੇਟੇ ਦਾ ਵਿਆਹ ਹੋਇਆ ਤਾਂ ਮੈਂ ਉਸ ਦੀ ਮਿਲਣੀ ਚਾਚੇ ਵਜੋਂ ਕਰਵਾ ਕੇ ਉਸ ਨੂੰ ਖੁਸ਼ ਕਰ ਹੀ ਦਿਤਾ। ਇੰਜ ਮੈਨੂੰ ਵਡਾ ਹੋਣ ਕਰਕੇ ਉਸ 'ਤੇ ਰੋਅਬ ਪਾਉਣ ਦਾ ਹੱਕ ਵੀ ਮਿਲ ਗਿਆ।

**Quick Stop 40, Oklahoma**
**ਟਰੱਕ ਸਟਾਪ ਲਈ ਲੋੜ ਹੈ**
**ਕੁਕ, ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ**
ਇੰਡੀਅਨ ਰੈਸਟੋਰੈਂਟ ਵਿਚ ਫੁਲਕੇ ਪਕਾਉਣ ਲਈ ਖਾਸ ਤੌਰ 'ਤੇ ਕੁਕ ਦੀ ਲੋੜ ਹੈ। ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ
**ਕਾਲ ਕਰੋ:832-512-7172**

## ਸਰਬਜੀਤ ਦੀ ਰਿਹਾਈ ਦੀ ਆਸ ਬੱਝੀ

**ਲਾਹੌਰ:** ਪਾਕਿਸਤਾਨ ਵਿਚ ਮੌਤ ਦੀ ਸਜ਼ਾਯਾਫ਼ਤਾ ਭਾਰਤ ਦੇ ਸਰਬਜੀਤ ਸਿੰਘ ਦੇ ਵਕੀਲ ਅਵਾਇਸ ਸ਼ੇਖ ਦਾ ਕਹਿਣਾ ਹੈ ਕਿ ਪਾਕਿਸਤਾਨ ਸਰਕਾਰ ਨੇ ਸਰਬਜੀਤ ਨੂੰ ਰਿਹਾਅ ਕਰਨ ਦਾ ਫੈਸਲਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਾਕਿਸਤਾਨ ਫੇਰੀ ਤੋਂ ਪਹਿਲਾਂ ਉਸ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਵਕੀਲ ਨੇ ਦੱਸਿਆ ਕਿ ਉਸ ਨੇ ਖਾਲਿਦ ਚਿਸ਼ਤੀ ਦੀ ਰਿਹਾਈ ਦੇ ਤੁਰੰਤ ਬਾਅਦ ਰਹਿਮ ਲਈ ਅਪੀਲ ਕੀਤੀ ਹੈ ਤੇ ਰਾਸ਼ਟਰਪਤੀ ਨੂੰ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲੀ ਕਰਨ ਲਈ ਅਪੀਲ ਕੀਤੀ ਹੈ।

## ਟੀਪੂ ਸੁਲਤਾਨ ਦੀ ਪੇਂਟਿੰਗ ਹੋਵੇਗੀ ਨਿਲਾਮ

**ਨਵੀਂ ਦਿੱਲੀ:** ਮਲਾਕਸ ਨਾਂ ਦੇ ਬ੍ਰਿਟਿਸ਼ ਨਿਲਾਮੀ ਘਰ ਟੀਪੂ ਸੁਲਤਾਨ ਦੀ ਪੇਂਟਿੰਗ ਸਮੇਤ ਕਈ ਭਾਰਤੀ ਕਲਾ-ਕ੍ਰਿਤੀਆਂ ਨੂੰ ਸਤੰਬਰ ਦੇ ਅਖੀਰ ਵਿਚ ਨਿਲਾਮ ਕਰੇਗਾ। ਇਹ ਨਿਲਾਮੀ ਸ਼ੌਪਸ਼ਾਇਰ ਦੇ ਲੁਡਲੋ ਰੇਸਕੋਰਸ ਵਿਚ 27 ਸਤੰਬਰ ਨੂੰ ਹੋਵੇਗੀ। ਨਿਲਾਮੀ ਗ੍ਰਹਿ ਮੁਤਾਬਕ ਵਿਕਰੀ ਦਾ ਮੁੱਖ ਆਕਰਸ਼ਣ ਕੇਂਦਰ ਟੀਪੂ ਸੁਲਤਾਨ ਦੀ ਮੌਤ ਦਿਖਾਉਂਦੀ 1828 ਦੀ ਪੇਂਟਿੰਗ ਹੈ।

# ਡਾ. ਅਮਰਜੀਤ ਸਿੰਘ ਟਾਂਡਾ ਨਾਲ ਸਾਹਿਤਕ ਮਿਲਣੀ



**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਸਿਡਨੀ, ਆਸਟਰੇਲੀਆ ਵਸਦੇ ਖੇਤੀ ਵਿਗਿਆਨੀ ਅਤੇ ਸ਼ਾਇਰ ਡਾ. ਅਮਰਜੀਤ ਸਿੰਘ ਟਾਂਡਾ ਦੇ ਮਾਣ ਵਿਚ ਇਕ ਵਿਦਾਇਗੀ ਮਿਲਣੀ ਡਾ. ਗੁਰਦੇਵ ਸਿੰਘ ਨਿੱਜਰ ਦੇ ਘਰ ਕੀਤੀ ਗਈ ਜੋ ਇਕ ਕਾਵਿਕ ਮਹਿਫਲ ਹੋ ਨਿੱਬੜੀ। ਡਾ. ਟਾਂਡਾ ਪਿਛਲੇ ਕੁਝ ਦਿਨਾਂ ਤੋਂ ਅਮਰੀਕਾ ਆਏ ਸਨ। ਉਹ ਵਿਸ਼ਵ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੇ ਸਾਲਾਨਾ ਸਮਾਗਮ ਵਿਚ ਸ਼ਰੀਕ ਹੋਣ ਤੋਂ ਇਲਾਵਾ ਕਈ ਸਾਹਿਤ ਸਭਾਵਾਂ ਦੇ ਸਮਾਗਮਾਂ ਵਿਚ ਸ਼ਰੀਕ ਹੋਏ।

ਡਾ. ਨਿੱਜਰ ਦੇ ਘਰ ਹੋਏ ਇਸ ਸਮਾਗਮ ਵਿਚ ਬਰਿੰਦਰ ਸਿੰਘ ਨਿੱਜਰ, ਕਰਮ ਸਿੰਘ, ਅਮਰ ਸਿੰਘ ਨਿੱਜਰ, ਨਰਿੰਦਰ ਨਿੱਜਰ, ਭੁਪਿੰਦਰ ਸਿੰਘ ਢਿੱਲੋਂ, ਰਜਵੰਤ ਨਿੱਜਰ, ਰਮਣੀਕ ਨਿੱਜਰ, ਅੰਬਰ, ਜ਼ੋਰਾਵਰ ਸਿੰਘ, ਚਰਨਜੀਤ ਸਿੰਘ ਪੰਨੂ ਸਮੇਤ ਹਾਜ਼ਰੀਨ ਨੇ ਉਨ੍ਹਾਂ ਦੇ ਕਲਾਮ ਦਾ ਅਨੰਦ ਮਾਣਿਆ। ਡਾ. ਨਿੱਜਰ ਅਤੇ ਚਰਨਜੀਤ ਪੰਨੂ ਨੇ ਵੀ ਆਪਣੀ ਸ਼ਾਇਰੀ ਨਾਲ ਹਾਜ਼ਰੀ ਲਵਾਈ।

## ਛੇਤੀ ਸਟਾਰ ਬਣਨ ਦੀ ਲਾਲਸਾ ਹੇਠ ਨਸ਼ਿਆਂ ਦੀ ਵਰਤੋਂ ਘਾਤਕ: ਗ੍ਰੇਟ ਖਲੀ

**ਫਰੀਮਾਂਟ:** ਜਲਦ ਤੋਂ ਜਲਦ ਸਟਾਰ ਬਣਨ ਦੀ ਲਾਲਸਾ ਤਹਿਤ ਨੌਜਵਾਨਾਂ ਵਲੋਂ ਨਸ਼ਿਆਂ ਦੀ ਵਰਤੋਂ ਸਮਾਜ ਲਈ ਬਹੁਤ ਘਾਤਕ ਹੈ। ਸਾਨੂੰ ਇਸ ਰੁਝਾਨ ਨੂੰ ਰੋਕਣ ਲਈ ਹਰ ਪੱਧਰ 'ਤੇ ਯਤਨ ਕਰਨੇ ਚਾਹੀਦੇ ਹਨ। ਇਹ ਵਿਚਾਰ ਡਬਲਯੂ ਡਬਲਯੂ ਈ ਹੈਵੀ ਵੇਟ ਚੈਂਪੀਅਨ ਦਲੀਪ ਸਿੰਘ ਰਾਣਾ ਉਰਫ ਗ੍ਰੇਟ ਖਲੀ ਨੇ ਨਸ਼ਿਆਂ ਖਿਲਾਫ ਮੁਹਿੰਮ ਚਲਾ ਰਹੀ ਸੰਸਥਾ ਯੂਨਾਈਟਿਡ ਸਪੋਰਟਸ ਕਲੱਬ ਨਾਲ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਪ੍ਰਗਟਾਏ।

ਨਸ਼ਿਆਂ ਖਿਲਾਫ ਨੌਜਵਾਨਾਂ ਨੂੰ ਜਾਗਰੂਕ ਕਰਦਿਆਂ ਉਨ੍ਹਾਂ ਅਪੀਲ ਕੀਤੀ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਵਾਸਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਗ੍ਰੇਟ ਖਲੀ ਨੇ ਇਸ ਮੁਲਾਕਾਤ ਦੌਰਾਨ ਆਪਣੀ ਕਾਮਯਾਬੀ ਦਾ ਰਾਜ ਸਖਤ ਮਿਹਨਤ ਅਤੇ ਵਧੀਆ ਖੁਰਾਕ ਦੱਸਿਆ। ਇਸ ਸਮੇਂ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਅਗਵਾਈ ਹੇਠ ਕਲੱਬ ਵਲੋਂ ਗ੍ਰੇਟ ਖਲੀ ਦਾ ਸਨਮਾਨ ਵੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕਲੱਬ ਨੇ ਪੰਜਾਬ ਵਿਚ ਨਸ਼ਿਆਂ ਵਿਰੁਧ ਵਿਸ਼ੇਸ਼ ਮੁਹਿੰਮ ਵਿੱਢੀ ਹੋਈ ਹੈ।



ਗ੍ਰੇਟ ਖਲੀ ਦਾ ਸਨਮਾਨ ਕਰਦੇ ਹੋਏ ਯੂਨਾਈਟਿਡ ਸਪੋਰਟਸ ਕਲੱਬ ਦੇ ਮੈਂਬਰ

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

CHAHAL VIDEO
Video & Photography
We Treat your special events with care!
HD Video (High Definition)
Magazine Album
Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com
ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ
Jaison Chahal at 916-601-6632

Noble Dental Care
Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Shital Shah, DDS
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign
Starting at $2,950*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

The Anu Attorney Immigration Law Firm
Law offices of Anu Peshawaria
*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court
*Bankruptcy Consultation and Filing
Visa: Students, Athletes, Musicians, Journalists, Nurses, Teachers, Cooks, Religious & other professionals
Woman of the year award 1991 – India
US acclaimed extraordinary ability
Awarded for outstanding community service
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Weekends & Evening Appointments Available
Call:1-866-586-6297, 510-353-0102
46560 Fremont Blvd., STE#205, Fremont, CA 94538
anu@anuattorney.com www.anuattorney.com

# ਅਲਵਿਦਾ ਹਾਕਮ ਸੂਫ਼ੀ

ਸੂਫੀ ਗਾਇਕੀ ਵਿਚ ਵੱਖਰੀ ਪਛਾਣ ਬਣਾਉਣ ਵਾਲੇ ਗਾਇਕ ਹਾਕਮ ਸੂਫ਼ੀ ਦਾ ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ ਤਕਰੀਬਨ 60 ਵਰ੍ਹਿਆਂ ਦੇ ਸਨ। ਸੰਨ 1952 ਵਿਚ ਸ. ਕਰਤਾਰ ਸਿੰਘ ਦੇ ਘਰ ਜਨਮੇ ਹਾਕਮ ਸੂਫੀ ਨੇ ਬੀ.ਏ. ਤੇ ਆਰਟ ਐਂਡ ਕਰਾਫਟ ਦਾ ਕੋਰਸ ਕਰਨ ਉਪਰੰਤ ਅਧਿਆਪਕ ਦੀ ਨੌਕਰੀ ਕੀਤੀ ਤੇ 2010 ਵਿਚ ਸੇਵਾ ਮੁਕਤ ਹੋ ਗਏ। ਉਨ੍ਹਾਂ 1970 ਵਿਚ ਗਾਇਕੀ ਦੇ ਖੇਤਰ ਵਿਚ ਪੈਰ ਰੱਖਿਆ ਤੇ ਉਨ੍ਹਾਂ ਦਾ ਗਾਇਆ ਗੀਤ 'ਪਾਣੀ ਵਿਚ ਮਾਰਾਂ ਡੀਟਾਂ' ਬਹੁਤ ਮਕਬੂਲ ਹੋਇਆ। ਇਸ ਤੋਂ ਇਲਾਵਾ ਉਨ੍ਹਾਂ ਦਾ ਗਾਇਆ ਗੀਤ 'ਕੋਕਾ ਕਢਵਾ ਦੇ' ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਿਆ ਹੋਇਆ ਹੈ। ਉਨ੍ਹਾਂ ਨੇ ਪੰਜਾਬੀ ਦੀਆਂ ਅੱਧਾ ਦਰਜਨ ਫਿਲਮਾਂ ਵਿਚ ਵੀ ਕੰਮ ਕੀਤਾ। ਉਨ੍ਹਾਂ ਨੂੰ ਨਵੰਬਰ 2011 ਵਿਚ ਬਠਿੰਡਾ ਵਿਖੇ ਲਾਲ ਚੰਦ ਯਮਲਾ ਜੱਟ ਪੁਰਸਕਾਰ ਨਾਲ ਤੇ ਪੀਪਲਜ਼ ਫੋਰਮ ਬਰਗਾੜੀ ਵੱਲੋਂ ਲਾਈਫ਼ ਟਾਈਮ ਐਚੀਵਮੈਂਟ ਪੁਰਸ਼ਕਾਰ ਨਾਲ ਸਨਮਾਨਤ ਕੀਤਾ ਗਿਆ।



*ਹਾਕਮ ਸੂਫ਼ੀ ਦੀਆਂ ਅੰਤਿਮ ਰਸਮਾਂ ਦਾ ਦ੍ਰਿਸ਼।*

## ਕਲਾ ਦੇ ਵਪਾਰੀਕਰਨ ਤੋਂ ਬੇਲਾਗ

**ਚੰਡੀਗੜ੍ਹ:** ਪੰਜਾਬੀ ਗਾਇਕੀ ਨੂੰ ਸੂਫੀ ਰੰਗ 'ਚ ਰੰਗਣ ਵਾਲੇ ਗਾਇਕ ਹਾਕਮ ਸੂਫ਼ੀ ਇਸ ਜਹਾਨ ਨੂੰ ਸਦਾ ਲਈ ਅਲਵਿਦਾ ਆਖ ਗਏ ਹਨ। ਸਾਦਗੀ ਤੇ ਆਪਣੀ ਕਲਾ ਦਾ ਮੁੱਲ ਲਾਉਣੋਂ ਇਨਕਾਰੀ ਹਾਕਮ ਸੂਫ਼ੀ ਅਧਿਆਪਕ ਦੀ ਸਮਰਪਣ ਭਾਵਨਾ ਤੇ ਕਲਾਕਾਰ ਦੇ ਕੋਮਲ ਭਾਵਾਂ ਵਾਲਾ ਗਾਇਕ ਸੀ। ਉਹ ਕਲਾ ਦੇ ਵਪਾਰੀਕਰਨ ਦੇ ਦੌਰ ਤੋਂ ਬੇਲਾਗ ਸੀ।

ਉਹ ਫੱਕਰ ਕਿਸਮ ਦਾ ਇਨਸਾਨ ਸੀ। ਉਸ ਨੂੰ ਮਾਇਆ ਦਾ ਲਾਲਚ ਨਹੀਂ ਸੀ। ਉਹ ਪਹਿਲਾ ਗਾਇਕ ਹੋਏਗਾ ਜਿਸ ਦੇ ਅਖਾੜੇ ਦਾ ਕੋਈ ਮੁੱਲ ਨਹੀਂ ਸੀ। ਜਿੰਨੇ ਕੋਈ ਦੇ ਦਿੰਦਾ, ਲੈ ਲੈਂਦਾ ਸੀ। ਉਸ ਦਾ ਕੋਈ ਦਫ਼ਤਰ ਨਹੀਂ ਸੀ। ਅਫ਼ਸੋਸ ਕਿ ਦਿਲ ਦੀ ਬੀਮਾਰੀ ਨੇ ਹੀ ਉਸ ਨੂੰ ਲੋਕਾਂ ਕੋਲੋਂ ਖੋਹ ਲਿਆ। ਹਾਕਮਾਂ ਨੇ ਉਸ ਦੀ ਕਦੇ ਸਾਰ ਨਾ ਲਈ। ਜਿਉਂਦੇ-ਜੀਅ ਉਸ ਦੀ ਸਰਕਾਰੀ ਦਰਬਾਰ 'ਚੋਂ ਕੋਈ ਮਦਦ ਨਹੀਂ ਹੋਈ।

ਹਾਕਮ ਸੂਫ਼ੀ ਦੀ ਮੌਤ ਨਾਲ ਪੰਜਾਬ ਤੋਂ ਇਕ ਅਜਿਹਾ ਹੀਰਾ ਖੁੱਸ ਗਿਆ ਹੈ, ਜਿਹੜਾ ਅਸ਼ਲੀਲਤਾ ਦੇ ਕਿਸੇ ਵੀ ਰੂਪ ਤੋਂ ਆਪਣੇ ਸੰਗੀਤ ਨੂੰ ਨਿਛੋਹ ਰੱਖਣ ਦੇ ਰਾਹ 'ਤੇ ਸਾਬਤਕਦਮੀਂ ਚੱਲਦਾ ਰਿਹਾ। ਉਸ ਨੇ ਆਪਣੇ



ਜੱਦੀ ਸ਼ਹਿਰ ਗਿੱਦੜਬਾਹਾ ਤੋਂ 13 ਕਿਲੋਮੀਟਰ ਦੂਰ ਇਕ ਪਿੰਡ ਵਿਚ ਡਰਾਇੰਗ ਅਧਿਆਪਕ ਵਜੋਂ ਸੇਵਾ ਕੀਤੀ ਪਰ ਸੰਗੀਤ ਉਸ ਦੇ ਜੀਵਨ ਦਾ ਮਿਸ਼ਨ ਬਣਿਆ ਰਿਹਾ।

ਹਾਕਮ ਸੂਫ਼ੀ ਦੇ ਛੋਟੇ ਭਰਾ ਨਛੱਤਰ ਸਿੰਘ ਦਾ ਕਹਿਣਾ ਹੈ ਕਿ ਜਦੋਂ ਵੀ ਮੇਲਿਆਂ ਜਾਂ ਸੰਗੀਤਕ ਪ੍ਰੋਗਰਾਮਾਂ ਲਈ ਉਸ ਨੂੰ ਸੱਦਿਆ ਜਾਂਦਾ ਤਾਂ ਉਹ ਇਹੀ ਕਹਿੰਦਾ ਸਿਰਫ਼ ਤਰੀਕ ਤੈਅ ਕਰ ਲੈ, ਪੈਸੇ ਲਈ ਨਹੀਂ ਕਰਨੀ।ਹਾਕਮ ਕਲਾ ਦੇ ਵਪਾਰੀਕਰਨ ਤੋਂ ਨਿਛੋਹ ਰਿਹਾ। ਉਹ 80ਵਿਆਂ ਤੋਂ ਬਾਅਦ ਦੇ ਸਮੇਂ ਵਿਚ ਪ੍ਰਚਲਿਤ ਹੋਏ ਵੀਡੀਓਜ਼ ਦੇ ਦੌਰ ਵਿਚ ਕਦੇ ਨਹੀਂ ਭਿੱਜਿਆ। ਅਦਾਕਾਰ ਮੇਹਰ ਮਿੱਤਲ, ਗੁਰਦਾਸ ਮਾਨ ਤੇ ਗਾਇਕ ਹਾਕਮ ਸੂਫ਼ੀ ਤਿੰਨਾਂ ਵਿਚੋਂ ਸਿਰਫ਼ ਸੂਫ਼ੀ ਨੂੰ ਹੀ ਬਦਲਦੇ ਸੰਗੀਤਕ ਪਰਿਪੇਖ ਵਿਚ ਢਲਣ ਵਿਚ ਸਭ ਤੋਂ ਵੱਧ ਮੁਸ਼ਕਲ ਹੋਈ।

ਸੂਫ਼ੀ ਨੇ ਅਜਿਹੇ ਦਿਨ ਦੇਖੇ ਜਦੋਂ ਰੇਡੀਓ ਤੇ ਦੂਰਦਰਸ਼ਨ ਸਰੋਤਿਆਂ ਤੇ ਦਰਸ਼ਕਾਂ ਵਿਚ ਸਭ ਤੋਂ ਵੱਧ ਮਕਬੂਲ ਸਨ ਤੇ ਸੰਗੀਤ ਸਿਰਫ਼ ਸੁਣਨ ਦੀ ਸ਼ੈਅ ਸੀ। ਉਹ ਕਦੇ ਵੀ ਇਸ ਬੰਧੇਜ ਵਿਚ ਨਹੀਂ ਬੱਝ ਸਕੇ ਕਿ ਸੰਗੀਤ ਦਾ ਮਤਲਬ ਸੁਣਨ ਨਾਲੋਂ ਦੇਖਣਾ ਵੀ ਹੈ। ਸੂਫ਼ੀ ਦੇ ਭਤੀਜੇ ਗਗਨ ਸੂਫ਼ੀ ਨੇ ਕਿਹਾ ਕਿ ਉਨ੍ਹਾਂ ਸਾਰੀ ਉਮਰ ਵਿਆਹ ਨਾ ਕਰਵਾਉਣ ਨੂੰ ਤਰਜੀਹ ਦਿੱਤੀ ਤਾਂ ਕਿ ਉਹ ਆਪਣੇ ਸੱਤ ਭੈਣ ਭਰਾਵਾਂ ਦੀ ਸੰਭਾਲ ਕਰ ਸਕਣ। ਪਿਛਲੇ ਦੋ ਸਾਲਾਂ ਵਿਚ ਉਹ ਸਿਹਤ ਪ੍ਰਤੀ ਅਲਗਰਜ਼ ਹੋ ਗਏ ਪਰ ਫਿਰ ਵੀ ਹੋਛੇ ਬੋਲਾਂ ਤੋਂ ਰਹਿਤ ਚੰਗੇ ਪੁਰਾਣੇ ਸੰਗੀਤ ਲਈ ਉਨ੍ਹਾਂ ਦਾ ਪਿਆਰ ਕਦੇ ਨਹੀਂ ਘਟਿਆ।

## ਸਿਰਫ ਮੌਲਾ ਦੀ ਚਮਚਾਗਿਰੀ

ਬੀਤੀਆਂ ਵਿਧਾਨ ਸਭਾਂ ਚੋਣਾਂ ਵੇਲੇ ਉਸ ਨੇ ਆਖ਼ਰੀ ਦਫ਼ਾ ਗੁਰਦਾਸ ਮਾਨ ਨਾਲ ਸਟੇਜ ਤੋਂ ਗਾਇਆ। ਹਾਲਾਂਕਿ ਜ਼ਿੰਦਗੀ ਦੇ ਆਖ਼ਰੀ ਪਹਿਰ ਵਿਚ ਪੁੱਜੇ ਹਾਕਮ ਸੂਫ਼ੀ ਨੂੰ ਉਸ ਦੀ ਸਿਹਤ ਇਜਾਜ਼ਤ ਨਹੀਂ ਦਿੰਦੀ ਸੀ ਪਰ ਉਸ ਨੇ ਪੂਰੀ ਰੂਹ ਨਾਲ ਗਾਇਆ। ਇਹੋ ਉਸ ਦੀ ਆਖ਼ਰੀ ਸਟੇਜ ਹੋ ਨਿੱਬੜੀ। ਗੁਰਦਾਸ ਮਾਨ ਦਾ ਜਮਾਤੀ ਹਾਕਮ ਸੂਫ਼ੀ ਜੁਗਾੜਬੰਦੀ ਤੋਂ ਦੂਰ ਸੀ।

ਇਕ ਵਾਰ ਜਲੰਧਰ ਲਾਗੇ ਦੂਰਦਰਸ਼ਨ ਦੀ ਰਿਕਾਰਡਿੰਗ ਸੀ। ਸਟੇਜ 'ਤੇ ਆਉਣ ਤੋ ਪਹਿਲਾਂ ਕਲਾਕਾਰ ਡਾਇਰੈਕਟਰ ਦੇ ਪੈਰੀਂ ਹੱਥ ਲਾ ਕੇ ਆਉਂਦੇ ਸਨ। ਜਦੋਂ ਇਕ ਸਾਥੀ ਨੇ ਹਾਕਮ ਨੂੰ ਅਜਿਹਾ ਕਰਨ ਲਈ ਆਖਿਆ ਤਾਂ ਹਾਕਮ ਨੇ ਆਖਿਆ, 'ਅਸੀਂ ਤਾਂ ਉਸ ਮੌਲਾ ਦੀ ਚਮਚਾਗਿਰੀ ਕਰਦੇ ਹਾਂ, ਮਿੱਟੀ ਦੀਆਂ ਮੂਰਤਾਂ ਦੀ ਨਹੀਂ।' ਉਦੋਂ ਉਸ ਦੇ ਤਿੰਨ ਗੀਤ ਰਿਕਾਰਡ ਹੋਏ ਸਨ। ਸਾਦਗੀ ਦੀ ਜ਼ਿੰਦਗੀ ਜਿਉਣ ਵਾਲੇ ਹਾਕਮ ਵਿਚ ਕੋਈ ਵਲ-ਛਲ ਨਹੀਂ ਸੀ। ਇਕ ਵਾਰ ਮਰਹੂਮ ਫ਼ਿਲਮ ਡਾਇਰੈਕਟਰ ਵਰਿੰਦਰ ਆਪਣੀ ਫ਼ਿਲਮ 'ਯਾਰੀ ਜੱਟ ਦੀ' ਲਈ ਗਿੱਦੜਬਾਹਾ ਆਇਆ। ਜਦੋਂ ਹਾਕਮ ਸੂਫ਼ੀ ਘਰ ਨਾ ਮਿਲਿਆ ਤਾਂ ਉਹ ਉਸ ਦੇ ਭਰਾ ਨਛੱਤਰ ਨੂੰ ਨਾਲ ਲੈ ਕੇ ਉਸ ਨੂੰ ਲੱਭਣ ਤੁਰ ਪਿਆ। ਗਿੱਦੜਬਾਹਾ ਦੀ ਰੇਲਵੇ ਰੋਡ 'ਤੇ ਪਿੱਪਲ ਕੋਲ ਜੋਗੀ ਬੈਠੇ ਸਨ। ਜਦੋਂ ਵਰਿੰਦਰ ਨੇ ਦੇਖਿਆ ਤਾਂ ਹਾਕਮ ਸੂਫ਼ੀ ਜੋਗੀਆਂ ਵਿਚ ਬੈਠਾ ਸੀ। ਬੀਨ ਆਪਣੇ ਰੰਗ ਬਿਖ਼ੇਰ ਰਹੀ ਸੀ।

ਗਿੱਦੜਬਾਹਾ ਨਾਲ ਹੀ ਸਬੰਧਤ ਤੇ ਦਿੱਲੀ ਵਸਦੇ ਗਾਇਕ ਅਸ਼ੋਕ ਮਸਤੀ ਦਾ ਕਹਿਣਾ ਹੈ ਕਿ ਸੂਫੀ ਸਾਹਿਬ ਤੇ ਗੁਰਦਾਸ ਮਾਨ ਸਾਹਿਬ ਨੂੰ ਇਕੱਠਿਆਂ ਸਟੇਜ 'ਤੇ ਗਾਉਂਦਿਆਂ ਸੁਣਨ ਲਈ ਯਾਦ ਕੀਤਾ ਜਾਂਦਾ ਹੈ। ਮਾਨ ਸਾਹਿਬ ਨੇ ਵੀ ਇਹ ਮੰਨਿਆ ਹੈ ਕਿ ਉਨ੍ਹਾਂ ਸੂਫ਼ੀ ਸਾਹਿਬ ਤੋਂ ਹੀ ਡਫ਼ਲੀ ਵਜਾਉਣੀ ਸਿੱਖੀ। ਗੁਰਦਾਸ ਮਾਨ ਤੇ ਹਾਕਮ ਸੂਫ਼ੀ ਵੱਲੋਂ ਇਕ ਵਾਰ ਸਾਂਝੀ ਕੀਤੀ ਸਟੇਜ ਦੀ ਯਾਦ ਦਿਵਾਉਂਦਿਆਂ ਮਸਤੀ ਨੇ ਕਿਹਾ ਕਿ ਉਸ ਸਮੇਂ ਉਨ੍ਹਾਂ ਉਹ ਗੀਤ ਗਾਇਆ ਜਿਹੜਾ ਅਸਲ ਵਿਚ ਉਨ੍ਹਾਂ ਅਬੋਹਰ ਵਿਚ 30 ਸਾਲ ਪਹਿਲਾਂ ਗਾਇਆ ਸੀ। ਇਸ ਗੀਤ ਦੇ ਬੋਲ ਇਸ ਸ਼ਹਿਰ ਦੀ ਸੁੰਨੀ ਦੁਪਹਿਰ ਦਾ ਬਿਰਤਾਂਤ ਖਿੱਚਦੇ ਹਨ। ਉਹ ਪਲ ਦੋਵਾਂ ਲਈ ਹੀ ਭਾਵੁਕ ਸਨ ਤੇ ਦੋਵੇਂ ਸਟੇਜ ਉਤੇ ਰੋਣ ਲੱਗ ਪਏ। ਸੂਫੀ ਨੂੰ ਦੋਸਤਾਂ ਵਿਚ ਸਿਹਤ ਪ੍ਰਤੀ ਜਾਗਰੂਕ ਤੇ ਹਾਸਰਸ ਦੇ ਸ਼ੁਦਾਈ ਵਜੋਂ ਚੇਤਾ ਕੀਤਾ ਜਾਂਦਾ ਹੈ।



*ਜਵਾਨੀ ਵੇਲੇ ਗੁਰਦਾਸ ਮਾਨ ਤੇ ਹਾਕਮ ਸੂਫ਼ੀ ਸਟੇਜ 'ਤੇ ਇਕੱਠੇ ਗਾਉਂਦੇ ਹੋਏ।*

## ਸਾਦਗੀ ਦੀ ਮੂਰਤ

ਪਿੰਡ ਜੰਗੀਰਾਣਾ ਸਕੂਲ ਦੇ ਉਹ ਪਿੱਪਲ ਤੇ ਬੋਹੜ ਉਦਾਸ ਹਨ ਜਿਨ੍ਹਾਂ ਨੂੰ ਕਦੇ ਹਾਕਮ ਸੂਫ਼ੀ ਨੇ ਆਪਣੇ ਹੱਥੀਂ ਲਾਇਆ ਸੀ। ਡਾਲਡੇ ਘਿਓ ਵਾਲੀ ਖਾਲੀ ਪੀਪੀ ਵੀ ਅੱਜ ਲੋਕਾਂ ਨੂੰ ਚੇਤੇ ਆਉਂਦੀ ਹੈ ਜੋ ਹਾਕਮ ਸੂਫ਼ੀ ਦਾ ਮੁੱਢਲਾ ਸਾਜ ਬਣੀ ਸੀ। ਜਦੋਂ ਸਾਈਕਲ ਨਹੀਂ ਸੀ ਤਾਂ ਉਹ ਗਿੱਦੜਬਾਹੇ ਤੋਂ ਤੁਰ ਕੇ 10 ਕਿਲੋਮੀਟਰ ਦੂਰ ਪਿੰਡ ਵਿਚ ਡਿਊਟੀ ਕਰਨ ਜਾਂਦਾ ਸੀ। ਸਕੂਲ ਵਿਚ ਉਹ ਕਾਫੀ ਸਮਾਂ ਲੰਮੇ ਚੋਲੇ ਵਿਚ ਵੀ ਜਾਂਦਾ ਰਿਹਾ।ਉਹ ਗਿੱਦੜਬਾਹਾ ਵਰਗੇ ਛੋਟੇ ਸ਼ਹਿਰ ਦਾ ਵੱਡਾ ਬੰਦਾ ਸੀ। ਉਹ ਸਾਈਕਲ 'ਤੇ ਹੀ ਘੁੰਮਦਾ ਸੀ। ਜਦੋਂ ਸਿੱਖਿਆ ਵਿਭਾਗ ਦੀ ਕੋਈ ਟੀਮ ਚੈਕਿੰਗ ਵਾਸਤੇ ਆਉਂਦੀ ਤਾਂ ਚੈਕਿੰਗ ਅਧਿਕਾਰੀ ਚੈਕਿੰਗ ਦਾ ਚੇਤਾ ਹੀ ਭੁੱਲ, ਅੱਗਿਓਂ ਹਾਕਮ ਸੂਫ਼ੀ ਦੀ ਸੰਗਤ ਮਾਣ ਕੇ ਮੁੜ ਜਾਂਦੇ। ਸਕੂਲ ਪ੍ਰਿੰਸੀਪਲ ਦੀਪਇੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਇਕ ਵਾਰ ਸਕੂਲੀ ਬੱਚਿਆਂ ਨੂੰ ਰਾਜਸਥਾਨ ਦੇ ਟੂਰ 'ਤੇ ਲੈ ਕੇ ਗਏ। ਜਦੋਂ ਬੀਕਾਨੇਰ ਦੇ ਕਿਲ੍ਹੇ ਵਿਚ ਹਾਕਮ ਸੂਫ਼ੀ ਨੇ ਡਫਲੀ 'ਤੇ ਗਾਇਆ ਤਾਂ ਉੱਥੇ ਪੂਰਾ ਅਖਾੜਾ ਬੱਝ ਗਿਆ। ਏਨਾ ਪੈਸਾ ਇਕੱਠਾ ਹੋਇਆ ਕਿ ਪੂਰੇ ਟੂਰ ਦਾ ਖਰਚਾ ਨਿਕਲ ਗਿਆ। ਅੱਜ ਹਰਾ-ਭਰਾ ਸਕੂਲ ਹਾਕਮ ਸੂਫ਼ੀ ਦੀ ਦੇਣ ਹੈ। ਹਾਕਮ ਸੂਫ਼ੀ ਜਿੰਨੀ ਸੰਗਤ ਸਾਧੂ ਲੋਕਾਂ ਦੀ ਮਾਣਦਾ ਸੀ, ਓਨਾ ਹੀ ਉਹ ਪ੍ਰਕਿਰਤੀ ਦੇ ਨੇੜੇ ਸੀ।

## ਦਿਲ ਦਾ ਬਾਦਸ਼ਾਹ

ਹਾਕਮ ਸੂਫ਼ੀ ਦਿਲ ਦਾ ਬਾਦਸ਼ਾਹ ਸੀ। ਜਦੋਂ ਉਸ ਨੇ ਸੁਰਤ ਸੰਭਲੀ ਤਾਂ ਪਹਿਲਾ ਹੱਲਾ ਗੁਰਬਤ ਦਾ ਸੀ। ਅਨਪੜ੍ਹ ਬਾਪ ਕਰਤਾਰ ਸਿੰਘ ਜੁੱਤੀਆਂ ਗੰਢਣ ਦਾ ਕੰਮ ਕਰਦਾ ਸੀ। ਘਰ ਵਿਚ ਸਭ ਤੋਂ ਵੱਡਾ ਹਾਕਮ ਹੀ ਸੀ। ਥੋੜ੍ਹੀ-ਬਹੁਤ ਜ਼ਮੀਨ ਸੀ। ਜਦੋਂ ਉਹ ਨਾਭੇ ਵਿਖੇ ਆਰਟ ਐਂਡ ਕਰਾਫਟ ਦਾ ਕੋਰਸ ਕਰਨ ਲੱਗਾ ਤਾਂ ਪੜ੍ਹਾਈ ਖ਼ਾਤਰ ਜ਼ਮੀਨ ਵੇਚਣੀ ਪਈ। ਉਸ ਨੇ 22 ਜਨਵਰੀ, 1976 ਨੂੰ ਬਠਿੰਡਾ ਦੇ ਪਿੰਡ ਜੰਗੀਰਾਣਾ ਵਿਚ ਡਰਾਇੰਗ ਅਧਿਆਪਕ ਵਜੋਂ ਜੁਆਇਨ ਕੀਤਾ। ਇਕੋ ਸਕੂਲ ਵਿਚ 34 ਸਾਲ ਸਰਵਿਸ ਕਰਨ ਮਗਰੋਂ ਉਹ 31 ਮਾਰਚ, 2010 ਨੂੰ ਸੇਵਾ-ਮੁਕਤ ਹੋਇਆ। ਉਸ ਨੇ ਖ਼ੁਦ ਵਿਆਹ ਨਹੀਂ ਕਰਵਾਇਆ ਪਰ ਉਸ ਨੇ ਆਪਣੀਆਂ ਭੈਣਾਂ ਨੂੰ ਧੀਆਂ ਵਾਂਗ ਪਾਲਿਆ ਤੇ ਉਨ੍ਹਾਂ ਦੇ ਵਿਆਹ ਕੀਤੇ। ਅੱਜ ਉਸ ਦੇ ਪ੍ਰਸ਼ੰਸਕ ਦਿਲ ਹੌਲਾ ਕਰੀ ਬੈਠੇ ਹਨ। ਉਸ ਦੀ ਭੈਣ ਜੱਗੂ ਤੇ ਵੀਨਾ ਕੋਲ ਹੁਣ ਉਸ ਦੀਆਂ ਯਾਦਾਂ ਬਚੀਆਂ ਹਨ। ਇਨ੍ਹਾਂ ਭੈਣਾਂ ਨੂੰ ਹੀ ਉਹ ਨਿੱਕੇ ਹੁੰਦੇ ਹੱਥੀਂ ਰੋਟੀ ਖੁਆਉਂਦਾ ਸੀ। ਘਰ ਦੇ ਵਿਹੜੇ ਵਿਚ ਖੜ੍ਹਾ ਸਾਈਕਲ ਉਸ ਦੀ ਨਿਸ਼ਾਨੀ ਹੈ। ਤੁਰ ਜਾਣ ਤੋਂ ਪਹਿਲਾਂ ਉਹ ਪਰਿਵਾਰ ਨੂੰ ਇਹੋ ਨਿਸ਼ਾਨੀ ਸੰਭਾਲਣ ਵਾਸਤੇ ਆਖ ਕੇ ਵਿਦਾ ਹੋਇਆ। ਲੋਈ ਤੇ ਡਫਲੀ ਨੇ ਵੀ ਹਾਕਮ ਸੂਫ਼ੀ ਦਾ ਜ਼ਿੰਦਗੀ ਭਰ ਸਾਥ ਦਿੱਤਾ। ਇਹ ਉਹੀ ਡਫਲੀ ਹੈ ਜੋ ਕਦੇ ਹਾਕਮ ਸੂਫ਼ੀ ਨੇ ਗੁਰਦਾਸ ਮਾਨ ਦੇ ਹੱਥ ਫੜਾਈ ਸੀ। ਉਸ ਦੀ ਗਾਇਕੀ ਨੂੰ ਵੱਡੀ ਦੇਣ ਸੀ।



## ਸਿਵਿਆਂ ਵਿਚ ਸਵਰਗ

ਉਹ ਕਰੀਬ ਇਕ ਦਹਾਕੇ ਤੋਂ ਵੱਧ ਸਮਾਂ ਗਿੱਦੜਬਾਹਾ ਦੇ ਸਿਵਿਆਂ ਵਿਚ ਰਹਿੰਦਾ ਰਿਹਾ। ਉਸ ਨੇ ਸ਼ਮਸ਼ਾਨਘਾਟ ਵਿਚੋਂ ਪਹਿਲਾਂ ਲੋਕਾਂ ਨੂੰ ਰਜ਼ਾਮੰਦ ਕਰਕੇ ਮਟੀਆਂ ਹਟਵਾ ਦਿੱਤੀਆਂ ਤੇ ਫਿਰ ਉਸ ਨੂੰ ਹਰਾ-ਭਰਾ ਬਣਾ ਦਿੱਤਾ। ਹਾਕਮ ਸੂਫ਼ੀ ਦੀ ਕਲਾਕ੍ਰਿਤ ਅੱਜ ਚੰਡੀਗੜ੍ਹ ਦੀ ਆਰਟ ਗੈਲਰੀ ਵਿਚ ਵੀ ਹੈ ਤੇ ਗਿੱਦੜਬਾਹਾ ਦੇ ਸਿਵਿਆਂ ਵਿਚ ਵੀ। ਲੋਕ ਗਾਇਕੀ ਦਾ ਸੋਨਾ ਆਖ਼ਰ ਇਨ੍ਹਾਂ ਸਿਵਿਆਂ ਵਿਚ ਹੀ ਮਿੱਟੀ ਹੋ ਗਿਆ। ਇਨ੍ਹਾਂ ਸਿਵਿਆਂ ਦੀ ਚਾਰਦੀਵਾਰੀ ਖ਼ਾਤਰ ਗੁਰਦਾਸ ਮਾਨ ਨੇ ਪੈਸੇ ਭੇਜੇ ਸਨ। ਅੱਜ ਇਹ ਸਿਵੇ ਪਾਰਕ ਵਾਂਗ ਹਨ ਜਿੱਥੇ ਲੋਕ ਬੈਠ ਕੇ ਸਕੂਨ ਮਹਿਸੂਸ ਕਰਦੇ ਹਨ। ਜਦੋਂ ਕਿਸੇ ਨੇ ਸਕੂਲ ਵਿਚ ਸਿੱਖਿਆ ਵਿਭਾਗ ਦੇ ਪੈਂਦੇ ਛਾਪਿਆਂ ਬਾਰੇ ਹਾਕਮ ਕੋਲ ਗੱਲ ਕਰਨੀ ਤਾਂ ਉਸ ਨੇ ਕਹਿਣਾ, 'ਬਾਬਿਓ, ਅਸੀਂ ਤਾਂ ਪਹਿਲਾਂ ਹੀ ਉਸ ਥਾਂ 'ਤੇ ਬੈਠੇ ਹਾਂ, ਜਿੱਥੇ ਗੱਲ ਮੁੱਕਣੀ ਹੈ।' ਕਈ-ਕਈ ਦਿਨ ਹਾਕਮ ਸਿਵਿਆਂ ਵਿਚ ਗੁਜ਼ਾਰ ਦਿੰਦਾ ਸੀ।

## ਦਲੇਰ ਤੇ ਬੇਬਾਕ

ਕਾਲੇ ਦੌਰ ਦੇ ਦਿਨਾਂ ਦੀ ਗੱਲ ਹੈ। ਪਿੰਡ ਬੋਦੀਵਾਲਾ ਖੜਕ ਸਿੰਘ ਵਿਚ ਹਾਕਮ ਸੂਫ਼ੀ ਤੇ ਬਲਕਾਰ ਹਾਜੀ ਦਾ ਅਖਾੜਾ ਲੱਗਾ ਹੋਇਆ ਸੀ। ਤਿੰਨ ਖਾੜਕੂ ਸਟੇਜ ਕੋਲ ਆਏ ਜਿਨ੍ਹਾਂ ਨੂੰ ਦੇਖ ਕੇ ਲੋਕ ਖਿਸਕਣ ਲੱਗ ਪਏ। ਸਟੇਜ ਤੋਂ ਹਾਕਮ ਨੇ ਆਖਿਆ ਕਿ ਉਹ ਤਾਂ ਸੂਫ਼ੀਆਨਾ ਗਾਉਂਦਾ ਹੈ, ਕੁਝ ਅਜਿਹਾ ਨਹੀਂ ਗਾਉਂਦਾ ਜੋ ਧੀਆਂ-ਭੈਣਾਂ ਵਿਚ ਬੈਠ ਕੇ ਨਾ ਸੁਣਿਆ ਜਾ ਸਕਦਾ ਹੋਵੇ। ਹਾਕਮ ਸੂਫ਼ੀ ਨੇ ਖਾੜਕੂਆਂ ਨੂੰ ਸੰਬੋਧਨ ਹੁੰਦਿਆਂ ਕਿਹਾ, 'ਮਿੱਤਰੋ, ਪਹਿਲਾਂ ਇਕ ਗਾਣਾ ਸੁਣ ਲੋ, ਫਿਰ ਜੋ ਮਰਜ਼ੀ ਫ਼ੈਸਲਾ ਕਰ ਲੈਣਾ।' ਹਾਕਮ ਸੂਫ਼ੀ ਨੇ 'ਮੇਲਾ ਯਾਰਾਂ ਦਾ' ਗਾਇਆ। ਖਾੜਕੂ ਸੌ ਰੁਪਏ ਦਾ ਨੋਟ ਇਨਾਮ ਦੇ ਕੇ ਚੁੱਪ-ਚਾਪ ਚਲੇ ਗਏ। ਲੋਕ ਮਗਰੋਂ ਕਈ ਘੰਟੇ ਉਸ ਦੀ ਗਾਇਕੀ ਦਾ ਆਨੰਦ ਲੈਂਦੇ ਰਹੇ।ਉਸ ਦੀ ਮਹਿਫਲ ਵਿਦੇਸ਼ਾਂ ਵਿਚ ਵੀ ਸਜਦੀ ਰਹੀ ਹੈ ਤੇ ਰਾਜਧਾਨੀ ਵਿਚ ਵੀ। ਉਹ ਸਾਫ਼-ਸੁਥਰੀ ਗਾਇਕੀ ਦਾ ਮਾਲਕ ਸੀ। ਉਸ ਦਾ ਸਾਥੀ ਦਰਸ਼ਨ ਮਾਨ ਦੱਸਦਾ ਹੈ ਕਿ ਜਦੋਂ ਉਹ ਪ੍ਰੋਗਰਾਮ ਖ਼ਤਮ ਕਰਕੇ ਵਾਪਸ ਜਾਂਦਾ ਤਾਂ ਉਸ ਨੂੰ ਲੋਕਾਂ ਵਿਚੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਸੀ।


ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ
3rd World
ਕਬੱਡੀ ਕੱਪ
• Kabaddi
• Basketball
• Volleyball
September 30, 2012
All Basketball Games on September 29th
ਗੁਰਦੁਆਰਾ ਬਰਾਡਸ਼ਾਅ ਖੇਡ ਕੰਪਲੈਕਸ
7676 Bradshaw Road • Sacramento, CA 95829
Kings Sports Club
Sacramento, CA
Kabaddi
Top Row:
Jassi Dhillon, Inderjit Mahal, Gurnek Dosanjh, Sukhi Sekhon, Gurmukh S. Sandhu, Santokh S. Dosanjh, Sodhi Dhindsa
Bottom Row:
Gurdial Mall, Gurnek S. Dhillon, Kulwinder S. Bal, Major S. Randhawa, Sukhwinder S. Toor, Sital S. Nijjar
Not in Picture:
Peter Dosanjh, Pala Toor, Bhupinder Dosanjh, Mandeep Sahota
ਸਾਡੇ ਮਹਿਮਾਨ
ਸੱਜਣ ਸਿੰਘ ਚੀਮਾ (ਵਿਜੀਲੈਂਸ ਇੰਡੀਆ)
ਗਰੇਟ ਖਲੀ (ਦਲੀਪ ਸਿੰਘ)
ਜਰਨੈਲ ਸਿੰਘ ਸੇਖੋਂ ਇੰਗਲੈਂਡ
ਸਤਵੰਤ ਸਿੰਘ ਨਿੱਝਰ ਇੰਡਿਆਨਾ
Pawittar Sandhu (Seattle) • Sukhwinder Dulai (Canada)
Jaskiran Mahal (Canada) • Deepa Badesha (Chicago)
Star Players from India, England and Canada coming! Keepa Surkhpuria, Aman Kundi, Pappi Khira, Keepa Bhadni, Jeete Kooner, Deepa khurli, Happy Rurka, Jassa Sidwa.
ਸਪਾਂਸਰ
ਪਹਿਲਾ ਇਨਾਮ (ਓਪਨ ਕਬੱਡੀ)
ਹਰਨੇਕ ਸਿੰਘ ਅਟਵਾਲ
ਗੁਲਬਿੰਦਰ ਸਿੰਘ ਭਿੰਦਾ
ਕੁਲਜੀਤ ਸਿੰਘ ਨਿੱਝਰ
ਡਾਇਮੰਡ ਟਰਾਂਸਪੋਰਟ
ਪਿੰਕੀ ਅਟਵਾਲ • ਹਰਜਿੰਦਰ ਸਿੰਘ ਸੰਨੀ • ਭੁਪਿੰਦਰ ਸਿੰਘ ਕੰਗ
ਸਪਾਂਸਰ
ਦੂਜਾ ਇਨਾਮ (ਓਪਨ ਕਬੱਡੀ)
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
ਸਪਾਂਸਰ
ਪਹਿਲਾ ਇਨਾਮ (ਅੰਡਰ 21)
ਬਲਿਹਾਰ ਸਿੰਘ ਸਰਪੰਚ
ਕਸ਼ਮੀਰ ਸਿੰਘ ਬਾਂਦੀ
ਮਲਵਿੰਦਰ ਸਿੰਘ ਸੰਧੂ
ਜੋਨੀ ਕਾਹਲੋਂ
ਸਪਾਂਸਰ
ਦੂਜਾ ਇਨਾਮ (ਅੰਡਰ 21)
ਅਮਰਜੀਤ ਸਿੰਘ ਬਾਸੀ
ਤੀਰਥ ਸਿੰਘ ਸਹੋਤਾ
ਬਲਜੀਤ ਸਿੰਘ ਬਾਸੀ
ਕੁਲਵੰਤ ਸਿੰਘ ਬੋਪਾਰਾਏ
ਸਪਾਂਸਰ
ਸਰਬਜੀਤ ਸਿੰਘ ਬਿਆੜਾ
ਸਪਾਂਸਰ
ਸਾਬੀ ਯੂਬਾ ਸਿਟੀ
ਬਾਸਕਿਟਬਾਲ ਸਪਾਂਸਰ:
ਫੈਟ ਡਕ ਪੀਜ਼ਾ ਅਤੇ
ਜੀ ਐਂਡ ਐਸ ਟਰੱਕ ਵਾਸ਼ ਸੈਕਰਾਮੈਂਟੋ
ਸਪਾਂਸਰ
ਕੈਨੇਡਾ ਕਬੱਡੀ ਟੀਮ
ਬੂਟਾ ਲੋਧੀ, ਬੂਟਾ ਢਿੱਲੋਂ, ਬਲਜੀਤ ਸੇਖੋਂ, ਵਰਿੰਦਰ ਕੁਲਾਰ, ਰਾਣਾ ਦੁਸਾਂਝ, ਅਮਰਜੀਤ ਕੰਗ, ਕਮਲ ਚਾਹਲ, ਗੁਰਪਾਲ ਸਿੱਧੂ, ਸਰਬਣ ਢਿੱਲੋਂ, ਗੁਰਜੀਤ ਸਿੰਘ, ਜੋਧਾ ਸੰਧੂ
DIAMOND SPONSORS: Avtar S. Atwal, Baljit Singh, Kulwant Singh, Bitu Samra, Lucky Khaira, Ravinder Johal (Johal Patrolum Inc.), Major S. Bains (Smog Wizards), Jasvir S. Dhami (Curry Leaf Restuarnt), Bobby Gosal, Peter Dosanjh (US Truck Driving School), Sai Sohal (Baba Exp), Mohabatpal Kala & Sukhraj Kang, Sukhjiwan Singh (Pal's liquor), Chinna Jewellers Inc., Tarlochan S. Atwal, Baljit Dhoot (Joe's Travel Plaza), Raja & Harry (LTA Bos.), Sukhwinder Mann & Jarnail Dhaliwal (Jimco Truck Plaza), Sabbi (KTS Exp.), Gurnek Dhillon (Fat Ducks Pizza) Tirath Sahota, Folsom Trucking, Davinder Singh (U.S. Truck & Trailer Repair), Charan Budwal, Lakhvir Aujla (Aujla Trucking), Iqbal Dhanoa, Harnek Sandhu (SSS Trucking), Jassi Sahota (STP Truck Plaza),Dalip Gupta (Golden One Realty), Joga Singh (ShopLess Market), H.S.D Transports, Taran (Kings Exp.), Resham Singh (Power Truck Line), Ajaib Singh (Commander Transport), Sam Gill (Sunrise Trucking), Jaswant & Bawa Singh (Golden State Truck Parking), Salim (Expo Furniture Gallery), Sarbjit S. Bajwa (Bajwa Trucking), Ranbir Nijjar, Harry Pooni, Legend Transport, Malkit S. Boparai (Vanco Truck Stop), Harjider S. Gill, Harry Galt, Jasvir Thandi (Certified Financial Educator), Gursevak Brar Tracy, Harry Sangha (A1 Liquor), Sakinder Grewal (Punjabi Dhaba), Baljinder Purewal (B.J Gear), Manjit Sandar, Kuldeep Johal, Kala Tracy, Mangal Johal Fresno, Balvir S. Dhillon Fresno, DK Transport Corp. (Fresno), Shri Guru Ravidass Temple (Rio Linda, Sacramento),Narinderpal S. Hundal (Indo American Punjabi Times), Sital Nijjar & Manjit Singh (Punjab Insurance Agency), G&S Truck Wash Sacramento
GOLD SPONSORS: Jatinder Bassi, Cheema (Natomas Golf Center), Rio Food&Liquor, Gurmail S. Bassi (Bullet Exp. Inc.), Top Carrier, Davinder Nijjar, Surjit Nijjar, Mangal S. Sanghera, TR Transportation, Johni (Bagga Palace), Nirmal S. Dhillon, Super Quick Food Store, A&J Friends Inc., Malkit S. Mann, Harpinder Thandi, Deepa Lalli, Varinder S. Sahota, Rajvir S. Nahal, Shangara S. Aujla, Gurpal S. Aujla, Ali Truck & Trailer Repair, Bhinda (HMB Trucking), Raj (MGM Whole Sale), HB Transportation, Jatinder Singh Sonu, Lal S. Atwal, Gurjit Singh Doctor, Gary & Gary, Arcade Market, Paramjit & Chuhar S. Sanghera, Iqbal Singh, Sandeep Singh, Amritpal & Ranjit Singh, A Pauun Transport Modesto, Sukhi Sanghera (TRY US Trucking), Maghar S. Basra Modesto, Karnail Singh (World Wine& Liquor), Bombay Bar & Grill, Iqbal Aujla, Daljit Singh Dhanda, Manjit S. Grewal (ZebraTown Market), Bhai Ghanaya International Mission, Balwant S. Virk, Jason Dhami, Grewal Trucking, Daljit Brar, Raj Trucking, Paramjit S. Johal, Kesar Singh, Makhan S. Mehat, Jaskaran S. Atwal, Jassi Banga
SILVER SPONSORS: Jaswant Singh, Samosa Garden, Discount Liquor& Food, Pooja Indian Grill, SMT Repair Services, Capital Truck Tires, Dharminder Singh, Raju Aulakh, Rajvir Singh, Jagjit Singh, Gurvinder S. Bains, Rajvirpal S. Bains, Jaggi Tut, Mandeep Sahota, Pindee Sandhu, Rajvir Dhami, AB Indian Sweet Restaurant, Amarjit Dhillon, Santokh Mann (Auto Exp.), Manpreet Brar, Baljinder Johal, Randhawa Transport, Balbir Singh, Surjit S. Atwal, Gurwinder Kang, Narinder Sanghera, Mandar Singh, Baljit Singh Dhindsa, Mandhir Singh, Harnek Sanghera, Amarjit S. Kang, Mangat Singh, Paramjit Singh, Jagraj Singh, Kirandeep S. Kailay, Balwinder S. Virk, Surinder S. Dhadda, Onkar Dhillon, Mandeep Singh
ਸਪਾਂਸਰ
ਗਰੇਟ ਖਲੀ ਅਤੇ ਸੱਜਣ ਸਿੰਘ ਚੀਮਾ ਦਾ ਗੋਲਡ ਮੈਡਲ ਨਾਲ ਸਨਮਾਨ
ਜਸਵਿੰਦਰ ਸਿੰਘ
ਪਰਮਜੀਤ ਸਿੰਘ ਖੈਰਾ
ਮਿਲਾਘਰ ਸਿੰਘ ਖੈਰਾ
ਕੁਲਦੀਪ ਸਿੰਘ ਚੀਮਾ
ਜਸਵਿੰਦਰ ਸਿੰਘ ਰਾਏ
ਗੁਰਦੇਵ ਸਿੰਘ ਸੋਹਲ
ਹਰਜਿਦਰ ਸਿੰਘ
ਕੁਲਦੀਪ ਸਿੰਘ ਸਿੱਧੂ
ਸੇਵਾ ਸਿੰਘ ਸਿੱਧੂ
ਵੈਸਟ ਸੈਕਰਾਮੈਂਟੋ ਟਰੱਕ ਸਟਾਪ (ਬਲੈਰੋ ਬਰੈਂਡ)
ਵਿਸ਼ੇਸ਼ ਸਨਮਾਨ:
ਪ੍ਰੀਤਮ ਸਿੰਘ ਪ੍ਰੀਤਾ
(ਆਇਆ ਪ੍ਰੀਤਾ ਗਿਆ ਪ੍ਰੀਤਾ)
ਤੀਰਥ ਗਾਖਲ
ਕੁਮੈਂਟਰੀ: ਰਾਜਵਿੰਦਰ ਰੰਡਿਆਲਾ
ਇਕਬਾਲ ਗਾਲਿਬ ਅਤੇ ਸੁਖਵਿੰਦਰ ਸੰਘੇੜਾ
PLAYERS
Meek
Moula
Sandeep Nagal
Shipu
Sukhi Sarawan
Dulla
Manga Mithapuria
Arshi
Chetan Mahal
Dounte
Hardip Tauo
Johnny
Kinda Beharipuria
Labhi
ਚਾਹ ਪਾਣੀ: ਡਾਇਮੰਡ ਕਲੱਬ ਆਫ਼ ਕੈਲੀਫੋਰਨੀਆ, ਸੈਕਰਾਮੈਂਟੋ
Video: Moon Light Studio 916.267.8784 ♦ Sound: Unlimted DJ
ਜ਼ਰੂਰੀ ਹਦਾਇਤਾਂ: ਇਹ ਟੂਰਨਾਮੈਂਟ ਗੁਰਦੁਆਰਾ ਬਰਾਡਸ਼ਾਅ ਰੋਡ ਦੇ ਹਦੂਦ ਅੰਦਰ ਹੋਰ ਰਿਹਾ ਹੈ। ਸੋ ਬੇਨਤੀ ਹੈ ਕਿ ਕੋਈ ਵੀ ਸੱਜਣ ਕਿਸੇ ਵੀ ਨਸ਼ੇ ਦਾ ਸੇਵਨ ਕਰਕੇ ਨਾ ਆਵੇ ਅਤੇ ਨਾ ਹੀ ਗੈਰ ਕਾਨੂੰਨੀ ਵਸਤੂ ਲੈ ਕੇ ਅੰਦਰ ਆਵੇ। ਪ੍ਰਬੰਧਕਾਂ ਵਲੋਂ ਪੁਲਿਸ ਦਾ ਸਖਤ ਪ੍ਰਬੰਧ ਹੋਵੇਗਾ। ਔਰਤਾਂ ਤੇ ਬੱਚਿਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।
ਟੂਰਨਾਮੈਂਟ ਨੂੰ ਲਾਈਵ ਦੇਖਣ ਲਈ www.bc.kabaddilive.com
General Info: Major Randhawa (916) 747-0952 • Gurnek Dhillon (916) 201-1863 | Kabaddi: Kindu Ramidi (916) 870-3303 • Sukhi Sekhon (209) 589-5664
Basketball: Gurpreet Toor (916) 617-6836 • Sukhdeep Singh (916) 627-9689 | Vollyball: Narinder Singh (916) 257-8658 • Santokh Dusanjh (916) 439-0081
design: Print13.com | 510.657.8110

# ਬਟਾਲੇ ਦੀ ਸੰਗਤ ਨੇ ਬਾਬੇ ਨਾਨਕ ਦਾ ਵਿਆਹ ਪੁਰਬ ਮਨਾਇਆ

**ਸੈਨ ਹੋਜ਼ੇ (ਬਿਊਰੋ):** ਬਟਾਲੇ ਦੀਆਂ ਸਮੂਹ ਸੰਗਤਾਂ ਵਲੋਂ ਰਲ-ਮਿਲ ਕੇ ਇਥੇ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਪਿਛਲੇ ਐਤਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਐਤਵਾਰ ਨੂੰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਿਆ। ਪੰਥ ਪ੍ਰਸਿਧ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਭਾਈ ਗੁਰਚਰਨ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਦਾ ਪ੍ਰਵਾਹ ਚਲਾਇਆ। ਵਿਆਖਿਆਕਾਰਾਂ ਨੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀ ਗਾਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਕੰਵਲਜੀਤ ਸਿੰਘ ਬਿਲਗੇ ਵਾਲਿਆਂ ਦੇ ਢਾਡੀ ਜਥੇ ਨੇ ਵਾਰਾਂ ਗਾ ਕੇ ਗੁਰੂ ਨਾਨਕ ਮਹਿਮਾ ਕੀਤੀ।

ਇੰਡੀਆ ਤੋਂ ਇਨ੍ਹੀਂ ਦਿਨੀਂ ਅਮਰੀਕਾ ਆਏ ਹੋਏ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਨੇ ਵੀ ਹਾਜ਼ਰੀ ਭਰੀ। ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕਰ ਕੇ ਉਨ੍ਹਾਂ ਦਾ ਮਾਣ-ਸਤਿਕਾਰ ਕੀਤਾ ਗਿਆ। ਭਾਈ ਨੀਤੂ ਸਿੰਘ ਕਾਹਲੋਂ ਨੇ ਆਈਆਂ ਸਮੂਹ ਸੰਗਤਾਂ ਅਤੇ ਵਿਸ਼ੇਸ਼ ਤੌਰ 'ਤੇ ਬਟਾਲਾ ਏਰੀਏ ਦੀ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਗੁਰ ਮਰਿਯਾਦਾ ਅਤੇ ਭਰਪੂਰ ਖੁਸ਼ੀਆਂ ਨਾਲ ਮਨਾਇਆ ਗਿਆ। ਸਮੂਹ ਸੰਗਤ ਨੂੰ ਉਨ੍ਹਾਂ ਇਸ ਸ਼ੁਭ ਦਿਹਾੜੇ ਦੀ ਵਧਾਈ ਦਿਤੀ। ਦੂਰੋਂ-ਨੇੜਿਓਂ ਪਹੁੰਚੀਆਂ ਸੰਗਤਾਂ ਨੇ ਗੁਰੂ ਚਰਨਾਂ ਵਿਚ ਹਾਜਰੀ ਲਵਾਈ।



ਬਾਬਾ ਜਗਤਾਰ ਸਿੰਘ ਦਾ ਮਾਣ-ਸਤਿਕਾਰ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ



ਲੰਗਰ ਵਿਚ ਤਰ੍ਹਾਂ ਤਰ੍ਹਾਂ ਦੇ ਪਕਵਾਨ ਸੱਚਮੁੱਚ ਹੀ ਵਿਆਹ ਵਾਲੇ ਘਰ ਦੀ ਸ਼ਾਹਦੀ ਭਰ ਰਹੇ ਸਨ। ਬਟਾਲਾ ਇਲਾਕੇ ਦੀਆਂ ਸੰਗਤਾਂ ਨੇ ਲੰਗਰ ਹਾਲ ਵਿਚ ਪੂਰੀ ਸ਼ਰਧਾ ਨਾਲ ਸੇਵਾ ਕੀਤੀ। ਸੰਗਤਾਂ ਨੇ ਮਠਿਆਈ, ਜੂਸ, ਜਲੇਬ, ਚਾਹ-ਪਕੌੜਿਆਂ ਦੇ ਅਲੱਗ ਅੱਲਗ ਕਾਊਂਟਰ ਲਾਏ ਹੋਏ ਸਨ। ਸੰਗਤ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਗੁਰੂ ਘਰ ਵਿਚ ਥੋੜ੍ਹੀ ਪਾਰਕਿੰਗ ਦੀ ਸਮੱਸਿਆ ਵੀ ਆਈ। ਸਾਰੇ ਸ਼ਰਧਾਲੂ ਵਿਆਹ ਪੁਰਬ ਦੀਆਂ ਇਕ ਦੂਸਰੇ ਨੂੰ ਵਧਾਈਆ ਦਿੰਦੇ ਕਾਮਨਾ ਕਰ ਰਹੇ ਸਨ ਕਿ ਹੇ ਬਾਬਾ ਨਾਨਕ ਇਸ ਖੇਤਰ ਵਿਚ ਵੀ ਸੰਗਤਾਂ ਵਿਚੋਂ ਕੁੜਿਤਣ ਤੇ ਪਾੜੇ ਮਿਟਾ ਕੇ ਆਪਸੀ ਇਤਫਾਕ ਬਖਸ਼ੀਂ। ਕਿਤਾਬਾਂ, ਗੁਟਕੇ, ਕੜੇ ਆਦਿ ਦੀਆਂ ਸਟਾਲਾਂ ਸਜੀਆਂ ਹੋਈਆਂ ਸਨ ਜਿੱਥੋਂ ਸ਼ਰਧਾਲੂ ਧਾਰਮਿਕ ਲਿਟਰੇਚਰ ਖਰੀਦ ਰਹੇ ਸਨ।

ਕੁਝ ਸੰਗਤਾਂ ਦੰਦਾਂ ਦੇ ਡਾਕਟਰ ਦਾ ਕੈਂਪ ਲੱਭ ਰਹੀਆਂ ਸਨ ਕਿਉਂਕਿ ਪਹਿਲਾਂ ਇਹ ਐਲਾਨ ਕੀਤਾ ਗਿਆ ਸੀ ਕਿ ਡਾ. ਦਲਵੀਰ ਸਿੰਘ ਪੰਨੂ ਦੰਦਾਂ ਦਾ ਕੈਂਪ ਲਾਉਣਗੇ ਪਰ ਕਿਸੇ ਕਾਰਨ ਇਹ ਕੈਂਪ ਨਾ ਲੱਗ ਸਕਿਆ।

ਇਸ ਸਮਾਗਮ ਲਈ ਜਿਹੜੇ ਸੱਜਣਾਂ ਨੇ ਸਹਿਯੋਗ ਦਿੱਤਾ ਉਨ੍ਹਾਂ ਵਿਚ ਭਾਈ ਗੁਰਮੇਲ ਸਿੰਘ ਬਾਠ, ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਭੁਪਿੰਦਰ ਸਿੰਘ ਚੀਮਾ, ਭਾਈ ਕੁਲਵਿੰਦਰ ਸਿੰਘ ਰੂਪੋਵਾਲੀ, ਬੌਬੀ ਬਾਜਵਾ ਬਟਾਲਾ, ਸੁਰਿੰਦਰ ਸਿੰਘ ਖਤੀਬਾ, ਅਜੀਤ ਸਿੰਘ ਸੰਕਰਪੁਰਾ, ਸਵਿੰਦਰ ਸਿੰਘ, ਪਰਮਿੰਦਰ ਸਿੰਘ, ਹਰਪਾਲ ਸਿੰਘ ਚਾਹਲ, ਕਸ਼ਮੀਰ ਸਿੰਘ ਚਾਹਲ ਨੰਬਰਦਾਰ, ਭੁਪਿੰਦਰ ਸਿੰਘ ਬੋਪਾਰਾਏ, ਬੱਬੂ ਬੋਪਾਰਾਏ, ਸੁਖਵਿੰਦਰ ਸਿੰਘ ਬੋਪਾਰਾਏ, ਜਸਕਰਨ ਸਿੰਘ ਬੋਪਾਰਾਏ, ਜਸਵਿੰਦਰ ਸਿੰਘ ਬੋਪਾਰਾਏ (ਸਾਰੇ ਵਾਸੀ ਕਾਲਾ ਅਫਗਾਨਾ), ਕੰਵਲ ਦਲੇਰ ਸਿੰਘ ਗੋਲਡੀ, ਬਲਵੰਤ ਸਿੰਘ ਕਾਹਲਵਾਂ, ਕਿਰਨਪਾਲ ਸਿੰਘ, ਜਤਿੰਦਰ ਸਿੰਘ ਸ਼ਾਹਬਾਦ, ਰਾਜਵੰਤ ਸਿੰਘ ਸਰਕੋਟ, ਅਵਤਾਰ ਸਿੰਘ ਸਰਪੰਚ, ਮੇਜਰ ਸਿੰਘ, ਬੀਬੀ ਦਿਲਰਾਜ ਕੌਰ, ਬੀਬੀ ਸੰਤੋਸ਼ ਕੌਰ, ਡਾ. ਸਰੂਪ ਸਿੰਘ ਮਾਂਗਟ, ਮਨਜੀਤ ਸਿੰਘ ਬਟਾਲਾ, ਮਹਿੰਦਰ ਸਿੰਘ ਬਾਜਵਾ, ਨੀਤੂ ਸਿੰਘ ਕਾਹਲੋਂ, ਲਖਬੀਰ ਸਿੰਘ ਦਕੋਹਾ, ਬੱਬੀ ਹਸਨਪੁਰਾ, ਰਵੀ ਸਿੰਘ ਕਾਲਾ ਅਫਗਾਨਾ, ਸਤਬੀਰ ਸਿੰਘ, ਗੁਰਦੇਵ ਸਿੰਘ ਕਾਹਲੋਂ, ਸਰਬਜੀਤ ਸਿੰਘ ਨਾਥਪੁਰ, ਬਲਜੀਤ ਸਿੰਘ ਚਾਹਲਕਲਾਂ, ਅੰਮ੍ਰਿਤ ਸਿੰਘ ਬਟਾਲਾ ਅਤੇ ਬਿਕਰਮਜੀਤ ਸਿੰਘ ਦਾਦੂਬੋਧ ਦੇ ਨਾਂ ਸ਼ਾਮਲ ਹਨ।



ਗੁਰੂ ਕੇ ਲੰਗਰ

# ਆਖ ਤਸਵੀਰਾਂ ਬੋਲਦੀਆਂ


'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 22 ਸਤੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-30



*ਪੈਰੀਂ ਪਾਈ ਸੁਨਹਿਰੀ ਜੁੱਤੀ, ਸਾਡੇ ਸ਼ੌਕ ਅਵੱਲੇ!*
*ਤੁਰੀ ਮੜ੍ਹਕ ਨਾਲ ਉਦੋਂ ਦੇਖਿਉ, ਹੋਣੀ ਬੱਲੇ ਬੱਲੇ!*

## ਕੈਪਸ਼ਨ ਮੁਕਾਬਲਾ-28



ਤਸਵੀਰ: ਸ਼ਿਆਰਾ ਢੀਂਡਸਾ

ਕਿੰਨੇ ਫੱਬਦੇ, ਸੋਹਣੇ ਲੱਗਦੇ,
ਖਾਲਸ ਰੂਪ ਤੇ ਖਾਲਸ ਬਾਣਾ।
ਗੁਰਸਿੱਖ ਪਿਓ ਦੇ ਮੋਢੇ ਚੜ੍ਹਿਆ,
ਗੁਰਸਿੱਖ ਬਾਲ ਨਿਆਣਾ।
*-ਬਲਜਿੰਦਰ ਸਿੰਘ ਸੈਣੀ*
*ਫਰੀਮਾਂਟ, ਕੈਲੀਫੋਰਨੀਆ।*
---

ਆਪਣਾ ਮਾਡਲ
ਆਪਣੇ ਬਾਣੇ ਵਿਚ ਸਜਾਇਆ।
ਸੰਸਕਾਰਾਂ ਨੂੰ ਨੂੜ ਜਕੜ ਕੇ
ਮੋਢੇ ਉਤੇ ਬਿਠਾਇਆ।
ਕੇਸਰ ਰੇਖਾ ਦੇ ਦਾਇਰੇ ਵਿਚ
ਮੰਤਰ ਦਿੱਤਾ ਕੀਲ।
ਲੰਘ ਨਾ ਸਕਦੇ ਇਸ ਰੇਖਾ ਨੂੰ
ਤਰਕ, ਵਿਵੇਕ, ਦਲੀਲ।
*-ਮਹਾਂ ਸਿੰਘ ਹਾਂਸ*
*ਫੋਨ:408-956-1696*
---

ਪਿਓ-ਪੁੱਤ ਪਾ ਲਿਆ
ਖਾਲਸਾਈ ਬਾਣਾ।
ਮੋਢੇ ਉਤੇ ਚੜ੍ਹ ਕੇ ਬਾਪ ਦੇ
ਭੁਜੰਗੀ ਲੱਗੇ ਬੀਬਾ ਰਾਣਾ।
ਸਿੱਖੀ ਸਦਾ ਰਹੇ ਚੜ੍ਹਦੀ ਕਲਾ ਵਿਚ,
ਮੈਂ ਇਵੇਂ ਹੀ ਮੌਜਾਂ ਮਾਣਾਂ।
ਸਦਾ ਚੜ੍ਹਦੀ ਕਲਾ ਵਿਚ ਰਹੀਏ,
ਉਸ ਰੱਬ ਦਾ ਮੰਨ ਕੇ ਭਾਣਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 646-721-1964**
---

ਦੇਖੋ, ਸਾਬਤ ਸੂਰਤ ਖਾਲਸਾ
ਤੇ ਗਜ਼ ਲੰਮਾ ਦਾਹੜਾ।
ਭੁਜੰਗੀ ਵੀ ਸਿੰਘ ਸਜਿਆ,
ਕਿੰਨਾ ਲੱਗਦਾ ਏ ਪਿਆਰਾ।
*-ਪਰਸ਼ੋਤਮ ਸਿੰਘ, ਯੂਬਾ ਸਿਟੀ।*

# ਅਮਰੀਕਾ ਵੱਲੋਂ ਅਸਾਂਜ ਖ਼ਿਲਾਫ਼ ਸ਼ਿਕੰਜਾ ਕਸਣ ਦੀ ਤਿਆਰੀ

**ਮੈਡਰਿਡ:** ਸਫ਼ਾਰਤਖ਼ਾਨੇ ਦੇ ਗੁਪਤ ਸੁਨੇਹੇ ਲੀਕ ਕਰਨ ਦੇ ਮਾਮਲੇ 'ਚ ਅਮਰੀਕਾ ਵੱਲੋਂ ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜ ਖ਼ਿਲਾਫ਼ ਚੁੱਪ-ਚਪੀਤੇ ਕੇਸ ਤਿਆਰ ਕੀਤਾ ਜਾ ਰਿਹਾ ਹੈ। ਇਹ ਖੁਲਾਸਾ ਅਸਾਂਜ ਦੇ ਵਕੀਲ ਬਲਤੇਜ਼ਾਰ ਗਾਰਜ਼ੋਨ ਨੇ ਕੀਤਾ ਹੈ। 41 ਸਾਲਾ ਅਸਾਂਜ ਨੇ ਇਕੁਆਡੋਰ ਦੇ ਲੰਡਨ ਸਥਿਤ ਸਫ਼ਾਰਤਖ਼ਾਨੇ 'ਚ ਸ਼ਰਨ ਲਈ ਹੋਈ ਹੈ।

ਜੂਨ ਵਿਚ ਸਵੀਡਨ ਨਾਲ ਕਾਨੂੰਨੀ ਲੜਾਈ ਹਾਰ ਜਾਣ ਪਿੱਛੋਂ ਉਹ ਇਸ ਸਫ਼ਾਰਤਖ਼ਾਨੇ ਦੀ ਸ਼ਰਨ ਵਿਚ ਆ ਗਿਆ ਸੀ। ਉਸ ਦਾ ਕਹਿਣਾ ਹੈ ਕਿ ਜੇਕਰ ਉਸ ਨੂੰ ਸਵੀਡਨ ਹਵਾਲੇ ਕੀਤਾ ਗਿਆ ਤਾਂ ਉਹ ਉਸ ਨੂੰ ਅਮਰੀਕਾ ਦੇ ਹੱਥ ਸੌਂਪ ਦੇਵੇਗਾ ਜੋ ਉਸ ਨੂੰ ਜਾਸੂਸੀ ਦੇ ਮੁਕੱਦਮੇ 'ਚ ਫਸਾ ਸਕਦਾ ਹੈ। ਸਵੀਡਨ ਤੇ ਵਾਸ਼ਿੰਗਟਨ ਨੇ ਉਸ ਦੇ ਇਨ੍ਹਾਂ ਦਾਅਵਿਆਂ ਨੂੰ ਝੂਠੇ ਦੱਸਿਆ ਹੈ।

ਅਸਾਂਜ ਦੇ ਵਕੀਲ ਸਪੇਨ ਵਾਸੀ ਗਾਰਜ਼ੋਨ ਅਨੁਸਾਰ ਅਮਰੀਕਾ ਨੇ ਅਸਾਂਜ ਤੇ ਵਿਕੀਲੀਕਸ ਖ਼ਿਲਾਫ਼ ਜਾਂਚ ਲਈ ਗੁਪਤ ਟੀਮ ਬਣਾਈ ਹੈ। ਉਹ ਅਮਰੀਕਾ ਤੋਂ ਇਸ ਗੁਪਤ ਜਾਂਚ ਮੁਹਿੰਮ ਬਾਰੇ ਪੁੱਛਣਗੇ ਤਾਂ ਉਹ ਕਦੇ ਸੱਚ ਨਹੀਂ ਦੱਸੇਗਾ ਪਰ ਇਹ ਸੱਚ ਹੈ ਕਿ ਅਸਾਂਜ ਖ਼ਿਲਾਫ਼ ਦੋਸ਼ ਆਇਦ ਕਰਨ ਦੀ ਤਿਆਰੀ ਹੋ ਰਹੀ ਹੈ। ਉਸ ਨੇ ਦਾਅਵਾ ਕੀਤਾ ਕਿ ਅਸਾਂਜ ਖ਼ਿਲਾਫ਼ ਫਿਲਹਾਲ ਦੋਸ਼ ਆਇਦ ਕਰਨ ਦਾ ਅਮਰੀਕਾ ਕੋਲ ਕੋਈ ਅਧਿਕਾਰ ਨਹੀਂ ਬਣ ਰਿਹਾ ਪਰ ਉਹ ਇਹ ਆਧਾਰ 24 ਘੰਟਿਆਂ ਅੰਦਰ ਤਿਆਰ ਕਰ ਸਕਦਾ ਹੈ।

# ਜਪਾਨ ਦਾ ਪਰਮਾਣੂ ਊਰਜਾ ਤੋਂ ਮੋਹ ਭੰਗ

**ਟੋਕੀਓ:** ਜਪਾਨ 2030 ਤੱਕ ਆਪਣੀ ਪਰਮਾਣੂ ਊਰਜਾ 'ਤੇ 15 ਫ਼ੀਸਦੀ ਨਿਰਭਰਤਾ ਘਟਾਵੇਗਾ। ਨਵੀਂ ਊਰਜਾ ਨੀਤੀ ਦੇ ਖਰੜੇ ਮੁਤਾਬਕ ਜਪਾਨ ਆਪਣੇ 40 ਸਾਲ ਪੁਰਾਣੇ ਤੇ ਨਵੇਂ ਬਣਾਏ ਪਰਮਾਣੂ ਪਲਾਂਟਾਂ 'ਤੇ ਨਿਰਭਰਤਾ ਘੱਟ ਕਰੇਗਾ। ਸਾਲ 2030 ਪਿੱਛੋਂ ਹੋਰ ਕਿੰਨੇ ਸਾਲਾਂ 'ਚ ਦੇਸ਼ ਆਪਣੀ ਪਰਮਾਣੂ ਊਰਜਾ 'ਤੇ ਨਿਰਭਰਤਾ ਬਿਲਕੁਲ ਖਤਮ ਕਰ ਦੇਵੇਗਾ, ਇਸ ਬਾਰੇ ਇਹ ਖਰੜਾ ਚੁੱਪ ਹੈ। ਇਸ ਵਿਚ ਪਰਮਾਣੂ ਨਿਰਭਰਤਾ ਮੁੱਦੇ 'ਤੇ ਹੋਰ ਵਿਚਾਰ-ਵਟਾਂਦਰੇ 'ਤੇ ਜ਼ੋਰ ਦਿੱਤਾ ਗਿਆ ਹੈ।

ਖਰੜੇ ਮੁਤਾਬਕ ਸਰਕਾਰ ਫੂਕੂਈ ਵਿਚਲੇ ਮੌਜੂ ਪ੍ਰੋਟੋਟਾਈਪ ਨਿਊਕਲੀਅਰ ਰਿਐਕਟਰ ਪਲਾਂਟ ਬੰਦ ਕਰਨਾ ਚਾਹੁੰਦਾ ਹੈ ਤੇ ਜਪਾਨ ਪਰਮਾਣੂ ਊਰਜਾ ਕਮਿਸ਼ਨ ਨੂੰ ਰੱਦ ਕਰਨ ਬਾਰੇ ਵਿਚਾਰ ਕਰਨ ਲਈ ਕਿਹਾ ਗਿਆ ਹੈ। ਇਹ ਸਰਕਾਰੀ ਕਮਿਸ਼ਨ ਦਹਾਕਿਆਂ ਤੋਂ ਪਰਮਾਣੂ ਸ਼ਕਤੀ ਦੀ ਵਰਤੋਂ ਬਾਰੇ ਯੋਜਨਾ ਬਣਾਉਣ 'ਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਪਿਛਲੇ ਸਾਲ ਫੁਕੁਸ਼ਿਮਾ ਪਰਮਾਣੂ ਪਲਾਂਟ ਹਾਦਸੇ ਕਾਰਨ ਹੋਈ ਤਬਾਹੀ ਪਿੱਛੋਂ ਸਰਕਾਰ ਨਵੀਂ ਊਰਜਾ ਨੀਤੀ ਬਣਾ ਰਹੀ ਹੈ।

ਕੈਬਨਿਟ ਦੀ ਮੀਟਿੰਗ 'ਚ ਪਰਮਾਣੂ ਊਰਜਾ 'ਤੇ ਨਿਰਭਰਤਾ ਨੂੰ ਬਿਲਕੁਲ ਖਤਮ ਕਰਨ ਲਈ ਤੇ ਇਸ ਨੂੰ ਕੌਮੀ ਨੀਤੀ 'ਚ ਸ਼ਾਮਲ ਕੀਤਾ ਜਾ ਸਕਦਾ ਹੈ।

# ਚਿੱਟੀ ਕ੍ਰਾਂਤੀ ਦੇ ਪਿਤਾਮਾ ਡਾ. ਕੁਰੀਅਨ ਦਾ ਦੇਹਾਂਤ

**ਆਨੰਦ (ਗੁਜਰਾਤ):** ਚਿੱਟੀ ਕ੍ਰਾਂਤੀ ਦੇ ਪਿਤਾਮਾ ਤੇ ਭਾਰਤ ਨੂੰ ਵਿਸ਼ਵ ਦੇ ਦੁੱਧ ਪੈਦਾਵਾਰ ਵਾਲੇ ਮੋਹਰੀ ਮੁਲਕਾਂ ਵਿਚ ਸ਼ਾਮਲ ਕਰਨ ਵਾਲੇ ਡਾ. ਵਰਗੀਜ਼ ਕੁਰੀਅਨ ਦਾ ਨਡਿਆਡ ਵਿਖੇ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ 90 ਸਾਲਾਂ ਦੇ ਸਨ। ਉਨ੍ਹਾਂ ਦੀ ਪਤਨੀ ਮੌਲੀ ਕੁਰੀਅਨ ਤੇ ਧੀ ਨਿਰਮਲਾ ਹੈ। ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ ਦੇ ਬਾਨੀ ਚੇਅਰਮੈਨ ਡਾ. ਕੁਰੀਅਨ ਨੇ 'ਅਪਰੇਸ਼ਨ ਫਲੱਡ' ਰਾਹੀਂ ਭਾਰਤ ਨੂੰ ਵਿਸ਼ਵ ਵਿਚ ਦੁੱਧ ਉਤਪਾਦਕ ਦੇਸ਼ ਵਜੋਂ ਸਥਾਪਤ ਕੀਤਾ ਤੇ ਅਮੂਲ ਡੇਅਰੀ ਦੀ ਸਥਾਪਨਾ ਕੀਤੀ।

ਉਨ੍ਹਾਂ ਨੇ ਆਪਣਾ ਕਾਰੋਬਾਰੀ ਜੀਵਨ ਸਹਿਕਾਰਤਾ ਰਾਹੀਂ ਕਿਸਾਨਾਂ ਨੂੰ ਮਜ਼ਬੂਤ ਕਰਨ ਵਿਚ ਲਗਾਇਆ। ਡਾ. ਕੁਰੀਅਨ ਦਾ ਜਨਮ 26 ਨਵੰਬਰ, 1921 ਨੂੰ ਕੋਜ਼ੀਕੋਡ (ਕੇਰਲ) ਵਿਖੇ ਹੋਇਆ ਸੀ। ਉਨ੍ਹਾਂ ਨੇ 1940 ਵਿਚ ਚੇਨਈ ਦੇ ਕਾਲਜ ਤੋਂ ਸਾਇੰਸ ਵਿਚ ਗਰੈਜੂਏਸ਼ਨ ਕੀਤੀ ਤੇ ਬਾਅਦ ਵਿਚ ਚੇਨਈ ਦੇ ਗਿੰਡੀ ਕਾਲਜ ਤੋਂ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ।

# ਦਾਸਤਾਨ ਜਬ ਹਮਨੇ ਅਪਨੀ ਸੁਨਾਈ...

## ਦਿੱਲੀ ਤੋਂ ਦੱਖਣ

**ਫੋਟੋਗ੍ਰਾਫਰ ਰਣਦੀਪ ਮੱਦੋਕੇ ਨੇ ਐਤਕੀਂ ਦਲਿਤਾਂ ਅੰਦਰ ਘਰ ਕਰ ਬੈਠੇ ਡਰ ਦੀ ਗੱਲ ਤੋਰੀ ਹੈ। ਇਹ ਲੋਕ ਆਪਣੀ ਦਾਸਤਾਨ ਸੁਣਾਉਂਦੇ ਵੀ ਡਰਦੇ ਹਨ। ਇਸ ਡਰ ਕਾਰਨ ਹੀ ਇਹ ਲੋਕ ਸਦੀਆਂ ਤੋਂ ਚੁੱਪ ਹਨ। ਰਣਦੀਪ ਇਨ੍ਹਾਂ ਨਾਲ ਗੱਲਾਂ ਕਰ ਕੇ ਇਹ ਚੁੱਪ ਤੋੜਦਾ ਹੈ। ਉਹ ਆਪਣੀ ਡਾਇਰੀ ਵਿਚ ਦਲਿਤਾਂ ਦੀ ਜਿਹੜੀ ਦਾਸਤਾਨ ਛੋਂਹਦਾ ਹੈ, ਉਹ ਪੀੜ ਨਾਲ ਉੱਛਲੀ ਪਈ ਹੈ। ਮੌਕੇ ਦੇ ਹਾਲਾਤ ਨੂੰ ਉਹ ਆਪਣੇ ਕੈਮਰੇ ਅਤੇ ਸ਼ਬਦਾਂ ਨਾਲ ਫੜਦਾ ਹੈ। ਤਾਮਿਲਨਾਡੂ ਉਹ ਘੁੰਮਣ-ਫਿਰਨ ਨਹੀਂ ਸੀ ਗਿਆ, ਸਗੋਂ ਉਥੇ ਵਸਦੇ ਲੋਕਾਂ ਦੇ ਦੁੱਖ-ਦਰਦ ਸਮਝਣ ਗਿਆ ਸੀ। ਉਹ ਚਾਹੁੰਦਾ ਹੈ ਕਿ ਲੋਕਾਂ ਦੇ ਮਨਾਂ ਵਿਚ ਹੌਲੀ-ਹੌਲੀ ਪਿਘਲ ਰਿਹਾ ਲਾਵਾ ਕੋਈ ਰਾਹ ਫੜੇ ਅਤੇ ਆਪਣੀ ਅੰਤਾਂ ਦੀ ਤਪਸ਼ ਵਾਲੀ ਦਾਸਤਾਨ ਬਿਆਨ ਕਰੇ। -ਸੰਪਾਦਕ**



ਫੋਟੋਗ੍ਰਾਫਰ ਰਣਦੀਪ ਮੱਦਕੋ ਦੀ ਡਾਇਰੀ
ਫੋਨ: +91-98146-93368




ਪਿੰਡ ਥਾਲੈਯੁਥੁ ਦੀ ਗਲੀ ਦਾ ਦ੍ਰਿਸ਼।

ਮੈਂ, ਰੋਸ਼ਨ, ਰਵੀ, ਮਲਾਰ ਤੇ ਤਿੰਨ-ਚਾਰ ਹੋਰ ਲੋਕ, ਆਟੋ 'ਤੇ ਬੈਠ ਦਲਿਤਾਂ ਦੇ ਮੰਦਿਰ ਕੋਲ ਪਹੁੰਚ ਗਏ। ਸਾਹਮਣੇ ਬੀਬੀਆਂ, ਬੱਚੇ ਤੇ ਮਰਦ ਮੰਦਿਰ ਦੇ ਥੜ੍ਹੇ 'ਤੇ ਬੈਠੇ ਸਾਡਾ ਇੰਤਜ਼ਾਰ ਕਰ ਰਹੇ ਸਾਂ। ਪੀਲੇ ਰੰਗ ਦੀ ਟਿਊਬ ਲਾਇਟ ਵਿਚ ਸਾਰਾ ਦ੍ਰਿਸ਼ ਕਿਸੇ ਕਲਾਸਕੀ ਪੇਂਟਿੰਗ ਵਾਂਗ ਦਿਖ ਰਿਹਾ ਸੀ। ਕਾਫੀ ਤੇਜ ਠੰਢੀ ਹਵਾ ਚਲ ਰਹੀ ਸੀ ਜਿਸ ਨਾਲ ਮੰਦਿਰ ਦਾ ਝੰਡਾ ਫੜਫੜਾ ਰਿਹਾ ਹੈ ਤੇ ਮਾਹੌਲ ਵਿਚਲੀ ਸ਼ਾਂਤੀ ਭੰਗ ਕਰ ਰਿਹਾ ਹੈ। ਖੁੱਲ੍ਹੇ ਥੜ੍ਹੇ 'ਤੇ ਬਣਿਆ ਮੰਦਿਰ ਆਮ ਦੱਖਣ ਭਾਰਤੀ ਮੰਦਿਰਾਂ ਵਾਂਗ ਹੀ ਸੀ ਤੇ ਇਸ ਦੇ ਸਿਖਰ ਤੋਂ ਗੁਬੰਦ ਦੀ ਸ਼ੁਰੂਆਤ ਤੱਕ ਅਜੀਬ ਸ਼ਕਲਾਂ ਵਾਲੇ ਦੇਵੀ ਦੇਵਤੇ ਉਪਰੋਥਲੀ ਲਟਕ ਰਹੇ ਸਨ। ਮੈਂ ਉਤਸੁਕਤਾ ਵਸ ਰਵੀ ਚੰਦਰਨ ਤੋਂ ਪੁੱਛਿਆ- 'ਇਹ ਮੰਦਿਰ ਤਾਂ ਦਲਿਤਾਂ ਦਾ ਹੈ, ਫਿਰ ਇਹ ਦੇਵਤੇ ਵੀ ਦਲਿਤਾਂ ਦੇ ਹੀ ਨੇ?' ਉਹਨੇ ਦੱਸਿਆ, 'ਨਹੀਂ ਦੇਵਤੇ ਤਾਂ ਸਾਂਝੇ ਨੇ। ਉਚ ਜਾਤੀ ਤੇ ਦਲਿਤਾਂ ਦੇ ਦੇਵਤੇ ਇਕੋ ਹੀ ਹਨ, ਸਿਰਫ ਮੰਦਿਰ ਹੀ ਅਲੱਗ-ਅਲੱਗ ਹੁੰਦੇ ਹਨ। ਉਂਜ, ਦਲਿਤ ਉਚ ਜਾਤੀ ਦੇ ਮੰਦਿਰਾਂ ਵਿਚ ਨਹੀਂ ਜਾ ਸਕਦੇ ਤੇ ਉਚ ਜਾਤੀ ਵਾਲੇ ਕਿਸੇ ਵੀ ਸੂਰਤ ਵਿਚ ਦਲਿਤਾਂ ਦੇ ਮੰਦਿਰ ਨਹੀਂ ਆਉਂਦੇ।' ਮੈਂ ਕਿਹਾ, 'ਜੇ ਮੰਦਿਰ ਸਾਂਝਾ ਨਹੀਂ ਤਾਂ ਦੇਵਤੇ ਸਾਂਝੇ ਕਿਵੇਂ? ਦਲਿਤਾਂ ਦੇ ਦੇਵਤੇ ਜ਼ਰੂਰ ਅਲੱਗ ਹੋਣੇ ਚਾਹੀਦੇ ਨੇ, ਜਾਂ ਫਿਰ ਹੋਣੇ ਹੀ ਨਹੀਂ ਚਾਹੀਦੇ...!' ਰਾਵੀ ਨੇ ਕਿਹਾ, 'ਸ਼ਾਇਦ ਇੰਜ ਹੀ ਹੋਣਾ ਚਾਹੀਦਾ ਹੈ, ਪਰ ਅਜੇ ਅਜਿਹਾ ਨਹੀਂ ਹੈ। ਬਹੁਤ ਟਾਈਮ ਲੱਗੇਗਾ ਸ਼ਾਇਦ!'

ਉਧਰ, ਤੇਜ ਹਵਾ ਵਿਚ ਉਸਲਵੱਟੇ ਲੈਂਦਾ ਮੰਦਿਰ ਦਾ ਝੰਡਾ ਗੱਲਬਾਤ ਵਿਚ ਵਿਘਨ ਪਾ ਰਿਹਾ ਸੀ। ਹੁਣ ਉਹ ਸਾਰੇ ਜੋ ਸਾਡੀ ਉਡੀਕ ਕਰ ਰਿਹੇ ਸਨ, ਥੜ੍ਹੇ ਤੋਂ ਉਠ ਕੇ ਸਾਡੇ ਕੋਲ ਆ ਗਏ ਤੇ ਸਾਨੂੰ ਨਿੱਘੀ 'ਜੀ ਆਈਆਂ' ਕਹੀ। ਅਸੀਂ ਉਨ੍ਹਾਂ ਨਾਲ ਗੱਲਾਂ ਕਰਨ ਲੱਗੇ। ਅਸੀਂ ਉਨ੍ਹਾਂ ਨੂੰ ਕ੍ਰਿਸ਼ਨਾਵੇਣੀ ਵਾਲੇ ਮਾਮਲੇ ਬਾਰੇ ਪੁੱਛਿਆ। ਸਵਾਲ ਸੁਣਦੇ ਸਾਰ ਸਭ ਦਾ ਅੰਦਰ ਪਿਘਲ ਪਿਆ। ਸਾਰਿਆਂ ਕੋਲ ਸੁਣਾਉਣ ਲਈ ਆਪਣਾ-ਆਪਣਾ ਦਰਦ ਸੀ। ਉਹ ਸਾਰੇ ਆਪਣੀ ਵਿਥਿਆ ਸੁਣਾਉਣੀ ਚਾਹੁੰਦੇ ਸਨ, ਇਕ-ਦੂਜੇ ਤੋਂ ਅਗਾਂਹ ਹੋ ਕੇ। ਕਾਹਲ ਸਾਫ ਝਲਕ ਰਹੀ ਸੀ। ਔਰਤਾਂ ਥੋੜ੍ਹਾ ਝਿਜਕ ਰਹੀਆਂ ਸਨ ਤੇ ਉਹ ਥੋੜ੍ਹੀ ਦੂਰੀ ਬਣਾ ਕੇ ਖਾਂਦੀਆਂ ਰਹੀਆਂ। ਅਸੀਂ ਉਨ੍ਹਾਂ ਕੋਲ ਗਏ ਤਾਂ ਉਹ ਥੋੜ੍ਹਾ ਹੋਰ ਪਿੱਛੇ ਹੋ ਗਈਆਂ। ਤੇਜ ਹਵਾ ਉਨ੍ਹਾਂ ਦੀਆਂ ਸਾੜੀਆਂ ਦੇ ਪੱਲੇ ਉਨ੍ਹਾਂ ਦੇ ਮੂੰਹਾਂ 'ਤੇ ਪਟਕ ਰਹੀਆਂ ਸਨ। ਫਿਰ ਉਹ ਸਾੜੀਆਂ ਸਾਂਭਦੀਆਂ, ਡਰਦੀਆਂ-ਡਰਦੀਆਂ ਸਾਡੇ ਨਾਲ ਦਰਦ ਵੰਡਾਉਣ ਲੱਗ ਪਈਆਂ। ਉਨ੍ਹਾਂ ਨੂੰ ਡਰ ਸੀ ਕਿ ਜੇ ਕਿਤੇ ਉਚ ਜਾਤੀ ਦੇ ਚੌਧਰੀਆਂ ਨੂੰ ਪਤਾ ਲੱਗ ਗਿਆ ਕਿ ਉਨ੍ਹਾਂ ਨੇ ਉਨ੍ਹਾਂ (ਚੌਧਰੀਆਂ) ਬਾਰੇ ਬਾਹਰੋਂ ਆਏ ਲੋਕਾਂ ਨੂੰ ਦੱਸਿਆ ਹੈ ਤਾਂ ਖੈਰ ਨਹੀਂ...! ਪਰ ਫਿਰ ਉਹ ਹੌਲੀ-ਹੌਲੀ ਕ੍ਰਿਸ਼ਨਾਵੇਣੀ ਬਾਰੇ ਵੀ ਦੱਸਣ ਲੱਗੀਆਂ...ਕਿ ਉਹ ਬਹੁਤ ਬਹਾਦਰ ਤੇ ਇਮਾਨਦਾਰ ਬੀਬੀ ਹੈ, ਕਿ ਉਹਨੇ ਪਹਿਲੀ ਵਾਰ ਚੌਧਰੀਆਂ ਨਾਲ ਲੋਹਾ ਲਿਆ ਹੈ, ਕਿ ਪਹਿਲਾਂ ਤਾਂ ਕੋਈ ਬੋਲਦਾ ਵੀ ਨਹੀਂ ਸੀ, ਕਿ ਉਹਨੇ ਪਿੰਡ ਦੇ ਕਿੰਨੇ ਕੰਮ ਕੀਤੇ...ਸਭ ਨੂੰ ਨਾਲ ਲੈ ਕੇ...!

ਨਿੱਕੇ ਜੁਆਕ ਸ਼ੱਕਰ ਰੰਗੀ ਉਡਦੀ ਰੇਤ ਵਿਚ ਲੀਰਾਂ ਦੀ ਖਿੱਦੋ ਨਾਲ ਖੇਡਣ ਵਿਚ ਮਗਨ ਸਨ। ਉਨ੍ਹਾਂ ਨੂੰ ਅਜੇ ਕਿਸੇ ਦੀਨ-ਦੁਨੀਆਂ ਦੀ ਪ੍ਰਵਾਹ ਨਹੀਂ ਸੀ ਜੋ ਉਨ੍ਹਾਂ ਦੇ ਗਲ ਕੱਲ੍ਹ ਨੂੰ ਪੈਣੀ ਹੈ, ਉਸ ਤੋਂ ਉਹ ਅਜੇ ਅਵੇਸਲੇ ਸਨ। ਇਕ ਬੀਬੀ ਆਪਣੀ ਕਹਾਣੀ ਦੱਸਣ ਲੱਗੀ...ਤੇਜ ਹਵਾ ਜਿਵੇਂ ਉਹਦੇ ਮੂੰਹ ਉਤੇ ਚਪੇੜਾਂ ਮਾਰ ਰਹੀ ਹੋਵੇ। ਉਹਦਾ ਸਿਰ 'ਤੇ ਲਿਆ ਸਾੜੀ ਦਾ ਪੱਲਾ ਵਾਰ-ਵਾਰ ਉਹਦੇ ਮੂੰਹ 'ਤੇ ਵੱਜ ਰਿਹਾ ਸੀ। ਉਹ ਸ਼ਹਿਰ ਵਿਚ ਮੈਲਾ ਢੋਣ ਦਾ ਕੰਮ ਕਰਦੀ ਹੈ। ਕਈ ਘੰਟੇ ਕੰਮ ਕਰ ਕੇ ਵੀ ਉਸ ਦੇ ਪੱਲੇ ਕੁਝ ਨਹੀਂ ਪੈਂਦਾ, ਉਪਰੋਂ ਮਾਲਕਾਂ ਦੇ ਤਾਹਨੇ-ਮਿਹਣੇ ਵੱਖਰੇ। ਉਹ ਆਪਣੇ ਨਾਲ ਹੁੰਦੇ ਅਣਮਨੁੱਖੀ ਵਿਹਾਰ ਦੀ ਦਾਸਤਾਨ ਦੱਸਦੀ-ਦੱਸਦੀ ਰੋ ਪਈ। ਮੰਦਿਰ ਦਾ ਝੰਡਾ ਜਿਉਂ ਦਾ ਤਿਉਂ ਹਵਾ ਨਾਲ ਫੜਫੜਾ ਰਿਹਾ ਸੀ ਜਿਵੇਂ ਕੱਟਿਆ ਜਾ ਰਿਹਾ ਮੁਰਗਾ ਫੜਫੜਾਉਂਦਾ ਹੈ। ਭੀੜ ਦੇ ਚਿਹਰਿਆਂ 'ਤੇ ਡਰ ਹੈ।



ਆਪਣੀ ਦਾਸਤਾਨ ਸੁਣਾ ਰਹੀਆਂ ਥਾਲੈਯੁਥੁ ਪਿੰਡ ਦੀਆਂ ਬੀਬੀਆਂ।

ਅਸੀਂ ਅੱਧਾ ਕੁ ਘੰਟਾ ਉਨ੍ਹਾਂ ਨਾਲ ਬਿਤਾ ਕੇ ਦੂਜੇ ਮੁਹੱਲੇ ਚਲੇ ਗਏ। ਉਥੇ ਵੀ ਦੋ ਕੁ ਦਰਜਨ ਮਰਦ-ਔਰਤਾਂ ਤੇ ਬਚੇ ਸਾਡੀ ਉਡੀਕ ਕਰ ਰਹੇ ਸਨ। ਗਲੀ ਵਿਚ ਪੈਂਦੇ ਚੁਰਾਹੇ 'ਤੇ ਟਿਊਬ ਲਾਈਟ ਵਿਚ ਉਨ੍ਹਾਂ ਦੇ ਚਿਹਰੇ ਚਮਕ ਰਹੇ ਸਨ। ਕੋਲ ਹੀ ਦੋ ਬਲਦਾਂ ਵਾਲਾ ਵੱਡਾ ਸਾਰਾ ਗੱਡਾ ਖੜ੍ਹਾ ਸੀ ਜਿਸ ਦੇ ਲਕੜੀ ਦੇ ਪਹੀਏ ਉਸ ਨੂੰ ਬਾਬੇ ਆਦਮ ਦੇ ਜ਼ਮਾਨੇ ਦੀ ਦਿੱਖ ਦੇ ਰਹੇ ਸਨ। ਅਸੀਂ ਗੱਲੀਂ ਜੁਟ ਗਏ। ਚਾਂਦੀ ਰੰਗੇ ਘਸਮੈਲੇ ਜਿਹੇ ਵਾਲਾਂ ਵਾਲੀ ਇਕ ਬੀਬੀ ਸਾਡੇ ਕਮਰੇ ਦੇ ਸਾਹਮਣੇ ਆ ਖੜ੍ਹੀ ਹੋਈ ਤੇ ਕ੍ਰਿਸ਼ਨਾਵੇਣੀ ਬਾਰੇ ਦੱਸਣ ਲੱਗੀ। ਉਹਦੇ ਚੱਪਾ ਸਾਰੇ ਵੱਡੇ ਦੰਦ ਬੁੱਲ੍ਹਾਂ ਤੋਂ ਬਾਹਰ ਲਟਕ ਰਹੇ ਸਨ ਤੇ ਮੋਟੀਆਂ ਅੱਖਾਂ ਉਹਦੇ ਚਿਹਰੇ ਨੂੰ ਹੋਰ ਵੀ ਰੋਹ ਭਰਪੂਰ ਤੇ ਨਾਬਰ ਦਿੱਖ ਦੇ ਰਹੀਆਂ ਸਨ। ਉਸ ਕਿਹਾ- 'ਉਨ੍ਹਾਂ ਕ੍ਰਿਸ਼ਨਾਵੇਣੀ ਨਾਲ ਜੋ ਕੀਤੀ ਹੈ, ਉਹ ਬਹੁਤ ਬੁਰੀ ਹੈ। ਉਹ ਤਾਂ ਹਮੇਸ਼ਾ ਤੋਂ ਹੀ ਇਹ ਕਰ ਰਹੇ ਨੇ...।' ਇਕ ਪਾਸੇ ਵੱਲ ਹੱਥ ਕਰ ਕੇ ਉਹਨੇ ਕਿਹਾ- 'ਸਾਨੂੰ ਉਸ ਜਗ੍ਹਾ ਤੋਂ ਅੱਗੇ ਉਚ ਜਾਤੀ ਦੇ ਘਰਾਂ ਵੱਲ ਨਹੀਂ ਜਾਣ ਦਿੱਤਾ ਜਾਂਦਾ। ਜੇ ਕੋਈ ਜਾਵੇ ਤਾਂ ਉਹ ਉਸ ਦਾ ਜਲੂਸ ਕੱਢਦੇ ਨੇ। ਜਦ ਸਾਡੇ ਲੋਕਾਂ ਤਕ ਕੋਈ ਕੰਮ ਹੋਵੇ ਤਾਂ ਉਹ ਬੱਸ, ਉਸ ਥੜ੍ਹੇ ਤੋਂ ਹੀ ਆਵਾਜ਼ ਦਿੰਦੇ ਨੇ ਜਾਂ ਸੁਨੇਹਾ ਭੇਜਦੇ ਨੇ। ਉਹ ਉਸ ਲੀਹ ਤੋਂ ਪਾਰ ਨਹੀਂ ਆਉਂਦੇ।' ਬੀਬੀ ਦੇ ਨਾਲ ਖੜ੍ਹੇ ਨਿੱਕੇ ਬੱਚੇ ਅੱਖਾਂ ਅੱਡ ਕੇ ਕਮਰੇ ਵਿਚ ਤਕ ਰਹੇ ਸਨ। ਪਰ੍ਹਾਂ ਖੜ੍ਹੀ ਬਹੁਤ ਹੀ ਬਿਰਧ ਮਾਤਾ ਸਾਡੇ ਵੱਲ ਇਕ ਟੱਕ ਦੇਖ ਰਹੀ ਸੀ। ਉਹਦੇ ਤਾਂਬੇ ਰੰਗੇ ਝੁਰੜੀਆਂ ਵਾਲੇ ਚਿਹਰੇ 'ਤੇ ਸੁਆਹ ਵਰਗੇ ਵਾਲ ਜਟੂਰੀਆਂ ਬਣ ਲਟਕ ਰਹੇ ਸਨ। ਉਹਦੀ ਸਾੜੀ-ਨੁਮਾ ਮੈਲੀ-ਕੁਚੈਲੀ ਚਾਦਰ ਜੋ ਉਹਨੇ ਸਾਰੇ ਤਨ 'ਤੇ ਲਪੇਟੀ ਹੋਈ ਸੀ, ਇੰਜ ਲੱਗ ਰਹੀ ਸੀ ਜਿਵੇਂ ਪੂਰੀ ਦੀ ਪੂਰੀ ਸਦੀ ਕੁੱਜੇ ਵਿਚ ਤੁੰਨ੍ਹ ਕੇ ਰੱਖੀ ਹੋਵੇ। ਇਹ ਸਭ ਉਹਦੇ ਚਿਹਰੇ ਅਤੇ ਸਾੜੀ ਨੂੰ ਇਕੋ ਬਣਤਰ ਪ੍ਰਦਾਨ ਕਰ ਰਿਹਾ ਸੀ-ਢੇਰ ਸਾਰੀਆਂ ਝੁਰੜੀਆਂ ਤੇ ਬੇਤਰਤੀਬੇ ਮੈਲੇ ਵੱਟ!!!

ਹੁਣ ਸਾਨੂੰ ਲੋਕਾਂ ਨੇ ਉਥੋਂ ਜਲਦੀ ਚਲੇ ਜਾਣ ਲਈ ਕਿਹਾ...ਜੇ ਉਨ੍ਹਾਂ ਨੂੰ ਪਤਾ ਲੱਗ ਗਿਆ, ਤਾਂ ਉਹ ਤੁਹਾਨੂੰ ਵੀ ਨਹੀਂ ਬਖਸ਼ਣਗੇ ਕਿ ਤੁਸੀਂ ਉਨ੍ਹਾਂ ਖਿਲਾਫ਼ ਬਾਹਰ ਜਾ ਕੇ ਪ੍ਰਚਾਰ ਕਰੋਗੇ...! ਤੇ ਅਸੀਂ ਜਲਦੀ ਹੀ ਕ੍ਰਿਸ਼ਨਾਵੇਣੀ ਦੇ ਪਤੀ ਨੂੰ ਮਿਲਣ ਤੋਂ ਬਾਅਦ ਵਾਪਿਸ ਸ਼ਹਿਰ ਵੱਲ ਨਿਕਲ ਪਏ। ਆਟੋ ਵਿਚ ਬੈਠ ਅਸੀਂ ਅਗਲੇ ਦਿਨ ਦੇ ਪ੍ਰੋਗਰਾਮ ਬਾਰੇ ਵਿਚਾਰਾਂ ਕਰਨ ਲੱਗੇ। ਕੱਲ੍ਹ ਅਸੀਂ ਆਲੇ-ਦੁਆਲੇ ਦੇ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਮਿਲਣਾ ਹੈ...।

(ਚੱਲਦਾ)

# ਅਜੈਬ ਸਿੰਘ ਕੌਮੀ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਬਣੇ

**ਚੰਡੀਗੜ੍ਹ (ਬਿਊਰੋ):** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਇਕ ਅਧਿਆਪਕ ਸ. ਅਜੈਬ ਸਿੰਘ ਨੂੰ ਕੌਮੀ ਘੱਟਗਿਣਤੀ ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਹ ਸੀਟ ਰਾਜ ਸਭਾ ਮੈਂਬਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਐਚ ਐਸ ਹੰਸਪਾਲ ਦੇ ਰਿਟਾਇਰ ਹੋਣ ਕਾਰਨ ਖਾਲੀ ਹੋਈ ਹੈ।



ਇਕ ਪੁਰਾਣੀ ਤਸਵੀਰ ਵਿਚ ਅਜੈਬ ਸਿੰਘ ਆਪਣੇ ਖਾਸ ਦੋਸਤਾਂ ਹਰਦੀਪ ਗਰੇਵਾਲ (ਵਿਚਕਾਰ) ਅਤੇ ਮਨਜੀਤ ਸਿੰਘ (ਸੱਜੇ) ਨਾਲ

ਯੂਨੀਵਰਸਿਟੀ ਵਿਚ ਲਾਈਫ ਲੌਂਗ ਲਰਨਿੰਗ ਐਂਡ ਐਜੂਕੇਸ਼ਨ ਵਿਭਾਗ ਦੇ ਮੁਖੀ ਸ. ਅਜੈਬ ਸਿੰਘ ਨੇ ਇਸ ਨਿਯੁਕਤੀ ਤੋਂ ਬਾਅਦ ਯੂਨੀਵਰਸਿਟੀ ਵਿਚ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਹ ਇਸ ਤੋਂ ਪਹਿਲਾਂ 2006 ਤੋਂ 2009 ਤੱਕ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਵੀ ਰਹਿ ਚੁਕੇ ਹਨ। ਪੰਜਾਬ ਯੂਨੀਵਰਸਿਟੀ ਵਿਚ ਵਿਦਿਆਰਥੀ ਹੁੰਦਿਆਂ ਉਹ ਕਾਂਗਰਸ ਦੀ ਵਿਦਿਆਰਥੀ ਇਕਾਈ ਐਨ ਐਸ ਯੂ ਆਈ ਦੇ ਉਘੇ ਆਗੂ ਰਹੇ ਹਨ। ਯੂਨੀਵਰਸਿਟੀ ਤੋਂ ਬਾਇਓ ਫਿਜ਼ੀਕਸ ਵਿਚ ਐਮ ਐਸ ਸੀ ਕਰਨ ਉਪਰੰਤ ਉਨ੍ਹਾਂ ਪੀ ਐਚ ਡੀ ਕੀਤੀ ਅਤੇ ਫਿਰ ਲਾਅ ਵਿਭਾਗ ਤੋਂ ਵਕਾਲਤ ਵੀ। ਸ. ਅਜੈਬ ਸਿੰਘ ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਦੇ ਵੀ ਲੰਮਾ ਸਮਾਂ ਮੈਂਬਰ ਰਹੇ ਹਨ। ਸ. ਅਜੈਬ ਸਿੰਘ ਦੀ ਧਰਮ ਪਤਨੀ ਜਿੰਦ ਕੌਰ ਇਸ ਵੇਲੇ ਗੌਰਮਿੰਟ ਕਾਲਜ ਫਾਰ ਵੂਮਨ ਵਿਚ ਪੜ੍ਹਾਉਂਦੇ ਹਨ। ਤਰਨ ਤੇ ਕਰਨ ਉਨ੍ਹਾਂ ਦੇ ਦੋ ਬੇਟੇ ਹਨ।

ਸ. ਅਜੈਬ ਸਿੰਘ ਨੂੰ ਇਸ ਨਵੀਂ ਨਿਯੁਕਤੀ 'ਤੇ ਵਧਾਈ ਦਿੰਦਿਆਂ ਉਨ੍ਹਾਂ ਦੇ ਇਕ ਪੁਰਾਣੇ ਮਿੱਤਰ ਤੇ ਅੱਜ ਕੱਲ੍ਹ ਸੈਕਰਾਮੈਂਟੋ ਰਹਿੰਦੇ ਸ. ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ) ਨੇ ਪੰਜਾਬ ਯੂਨੀਵਰਸਿਟੀ ਵਿਚ ਉਨ੍ਹਾਂ ਨਾਲ ਬਿਤਾਏ ਦਿਨ ਯਾਦ ਕਰਦਿਆਂ ਆਖਿਆ ਕਿ ਸਿਆਸੀ ਖੇਤਰ ਵਿਚ ਸਰਗਰਮ ਰਹਿਣ ਕਰਕੇ ਅਕਸਰ ਉਨ੍ਹਾਂ ਦੇ ਮਿੱਤਰ ਸ. ਅਜੈਬ ਸਿੰਘ ਨੂੰ ਪ੍ਰਧਾਨ ਵਜੋਂ ਸੰਬੋਧਨ ਕਰਿਆ ਕਰਦੇ ਸਨ। ਉਹ ਬੋਲਦੇ ਕਾਹਲਾ ਹਨ ਅਤੇ ਕਈ ਵਾਰ ਗੱਲ ਵੀ ਸਮਝ ਨਹੀਂ ਆਉਂਦੀ ਪਰ ਉਨ੍ਹਾਂ ਦੇ ਮਨ ਵਿਚ ਹਮੇਸ਼ਾ ਠਰੰਮਾ ਰਹਿੰਦਾ ਹੈ। ਸ. ਅਜੈਬ ਸਿੰਘ ਨੂੰ ਉਨ੍ਹਾਂ ਦੇ ਪੁਰਾਣੇ ਸਾਥੀਆਂ ਭਾਗ ਸਿੰਘ, ਰਣਦੀਪ ਸਿੰਘ, ਜਗਦੇਵ, ਜਗਦੀਪ ਗੁੱਡੂ, ਰੋਮੀ, ਹਰਦੀਪ ਗਰੇਵਾਲ, ਮਨਜੀਤ ਸਿੰਘ ਚਾਚਾ, ਰਘਬੀਰ ਸਿੰਘ ਘੁੰਨ, ਦਿਲਾਵਰ ਚਾਹਲ, ਅਨੰਦਪਾਲ ਸਾਰਾ, ਅਨਮੋਲ ਰਤਨ ਸਿੱਧੂ ਤੇ ਮਿਸ਼ਰਾ ਸਿੰਘ ਨੇ ਵਧਾਈ ਦਿੱਤੀ ਹੈ। ਹਰਦੀਪ ਗਰੇਵਾਲ ਪੰਜਾਬ ਸਰਵਿਸ ਕਮਿਸ਼ਨ ਦੇ ਮੈਂਬਰ ਹਨ, ਅਨਮੋਲ ਰਤਨ ਸਿੱਧੂ ਪੰਜਾਬ ਦੇ ਅਸਿਸਟੈਂਟ ਸਾਲਿਸਟਰ ਜਨਰਲ ਹਨ, ਦਿਲਾਵਰ ਚਾਹਲ ਕੈਲੀਫੋਰਨੀਆ ਤੇ ਰਘਬੀਰ ਸਿੰਘ ਘੁੰਨ ਅੱਜ ਕੱਲ ਹਿਊਸਟਨ, ਟੈਕਸਸ ਰਹਿੰਦੇ ਹਨ।


PANNU'S
Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200
email: pannugurwant@yahoo.com • Fax: (510) 279-7624

# ਭਾਰਤੀਆਂ ਨੇ ਬਦਲਿਆ ਅੰਗਰੇਜ਼ਾਂ ਦਾ ਨਜ਼ਰੀਆ

**ਲੰਡਨ:** ਇੰਗਲੈਂਡ ਦੀ ਇਕ ਕੌਂਸਲ ਜੋ ਕਿਸੇ ਵੇਲੇ ਭਾਰਤੀਆਂ ਦੇ ਆਪਣੇ ਸ਼ਹਿਰ 'ਚ ਦਾਖਲੇ ਦੀ ਸਖ਼ਤ ਵਿਰੋਧੀ ਸੀ, ਹੁਣ ਭਾਰਤੀਆਂ ਦਾ ਇਸ ਸ਼ਹਿਰ ਦੀ ਕਾਇਆਕਲਪ ਕਰਨ ਲਈ ਜਨਤਕ ਤੌਰ 'ਤੇ ਧੰਨਵਾਦ ਕਰਨਾ ਚਾਹੁੰਦੀ ਹੈ। ਭਾਰਤੀਆਂ ਨੇ ਨਸਲੀ ਪੱਖਪਾਤ ਜਿਹੀਆਂ ਦੁਸ਼ਵਾਰੀਆਂ ਝੱਲਦਿਆਂ ਪਿਛਲੇ 40 ਸਾਲਾਂ ਦੌਰਾਨ ਆਪ ਵੀ ਪੱਕੇ ਪੈਰੀਂ ਹੋਏ ਤੇ ਸ਼ਹਿਰ ਤੇ ਇਲਾਕੇ ਨੂੰ ਵੀ ਪੈਰਾਂ ਸਿਰ ਕੀਤਾ।



ਭਾਰਤੀਆਂ ਦੇ ਵਸੇਬੇ ਦੀਆਂ ਵਿਲੱਖਣ ਕਹਾਣੀਆਂ ਵਿਚੋਂ ਪੂਰਬੀ ਮਿਡਲੈਂਡ ਦੇ ਸ਼ਹਿਰ ਲੈਸਟਰ ਦੇ ਭਾਰਤੀਆਂ ਦੀ ਹੈ ਜੋ ਇਸ ਵੇਲੇ ਭਾਰਤੀਆਂ ਤੇ ਏਸ਼ਿਆਈਆਂ ਨੂੰ ਈਦੀ ਆਮੀਨ ਵੱਲੋਂ ਯੂਗਾਂਡਾ ਵਿਚੋਂ ਕੱਢੇ ਜਾਣ ਦੀ 40ਵੀਂ ਵਰ੍ਹੇਗੰਢ ਮਨਾ ਰਹੇ ਹਨ। ਉਹ ਉਥੋਂ ਨਿਕਲ ਕੇ ਇਸ ਸ਼ਹਿਰ ਆਏ ਸਨ ਜੋ ਪਹਿਲਾਂ ਹੀ ਆਰਥਿਕ ਸੰਕਟਾਂ ਨਾਲ ਜੂਝ ਰਿਹਾ ਸੀ। ਅਗਸਤ 1972 ਵਿਚ ਯੂਗਾਂਡਾ ਤੋਂ ਨਿਕਲੇ ਭਾਰਤੀਆਂ ਨੂੰ ਦੇਖ ਕੇ ਇਸ ਸ਼ਹਿਰ ਦੀ ਤਿਊੜੀ ਚੜ੍ਹ ਗਈ ਸੀ।

ਸ਼ਹਿਰ ਦੀ ਕੌਂਸਲ ਨੇ ਯੂਗਾਂਡਾ ਦੀ ਪ੍ਰੈੱਸ ਵਿਚ ਪੱਲਿਓਂ ਖਰਚਾ ਕਰਕੇ ਇਸ਼ਤਿਹਾਰ ਰਾਹੀਂ ਭਾਰਤੀਆਂ ਨੂੰ ਇਥੇ ਨਾ ਆਉਣ ਲਈ ਕਿਹਾ ਸੀ। ਹੁਣ 40 ਸਾਲ ਮਗਰੋਂ ਸੰਦੀਪ ਮੇਘਾਨੀ ਜੋ ਯੂਗਾਂਡਾ ਵਿਚੋਂ ਕੱਢੇ ਗਏ ਇਕ ਭਾਰਤੀ ਦਾ ਪੁੱਤਰ ਹੈ, ਨੇ ਇਸੇ ਸ਼ਹਿਰ ਦੀ ਕੌਂਸਲ ਵਿਚ ਇਕ ਮਤਾ ਪੇਸ਼ ਕਰਕੇ ਕਿਹਾ ਹੈ ਕਿ ਯੂਗਾਂਡਾ ਤੋਂ ਆਏ ਏਸ਼ਿਆਈ ਤੇ ਭਾਰਤੀਆਂ ਵੱਲੋਂ ਇਸ ਸ਼ਹਿਰ ਦੇ ਵਿਕਾਸ ਵਿਚ ਪਾਏ ਗਏ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਜਾਵੇ।

ਮੇਘਾਨੀ ਦੇ ਪਿਤਾ ਸ਼ਾਂਤੀ ਲਾਲ ਤੇ ਉਨ੍ਹਾਂ ਦਾ ਪਰਿਵਾਰ ਯੂਗਾਂਡਾ ਵਿਚੋਂ ਕੱਢੇ ਜਾਣ ਮਗਰੋਂ ਲੈਸਟਰ ਆ ਕੇ ਟਿਕਿਆ ਸੀ। ਪਰਿਵਾਰ ਕੋਲ ਉਦੋਂ ਸਿਰਫ 50 ਪੌਂਡ ਸਨ। ਸੰਦੀਪ ਮੇਘਾਨੀ ਨੇ ਅਖ਼ਬਾਰ ਲੈਸਟਰ ਮਰਕਰੀ ਨੂੰ ਦੱਸਿਆ ਕਿ ਇਹ ਇਕ ਉਸ ਮੁੱਦੇ 'ਤੇ ਚਿੰਨਾਤਮਕ ਅਮਲ ਹੈ ਜੋ ਸ਼ਹਿਰ ਲਈ ਬਹੁਤ ਅਹਿਮ ਹੈ। ਉਸ ਵੇਲੇ 10,000 ਤੋਂ ਵੱਧ ਏਸ਼ਿਆਈ ਯੂਗਾਂਡਾ ਤੋਂ ਇੱਥੇ ਆਏ ਸਨ।

ਉਹ ਸਾਰੇ ਪੜ੍ਹੇ-ਲਿਖੇ, ਬੇਹੱਦ ਹਿੰਮਤੀ, ਮਿਹਨਤੀ ਤੇ ਉੱਦਮੀ ਸਨ। ਉਨ੍ਹਾਂ ਨੇ ਸ਼ਹਿਰ ਦੀ ਉਸ ਵੇਲੇ ਢਹਿ-ਢੇਰੀ ਹੋਈ ਆਰਥਿਕਤਾ ਖਾਸ ਕਰ ਹੌਜ਼ਰੀ ਸਨਅਤ ਨੂੰ ਠੁੰਮਣੇ ਦੇ ਕੇ ਕਾਇਮ ਕੀਤਾ। ਅੱਜ ਉਹ ਲੋਕ ਤੇ ਉਨ੍ਹਾਂ ਦੇ ਰਿਸ਼ਤੇਦਾਰ ਸ਼ਹਿਰ ਦੇ ਕਾਰੋਬਾਰ ਵਿਚ ਵੱਡੇ ਨਾਂ ਹਨ। ਅਗਸਤ 1972 ਦੀ ਇਕ ਠੰਢੀ ਤੇ ਕੋਰ੍ਹੇ ਮਾਰੀ ਸਵੇਰ ਉਹ ਮਜਬੂਰੀ ਵਿਚ ਇਸ ਸ਼ਹਿਰ ਆਏ ਸਨ। ਹੁਣ ਇਹ ਸ਼ਹਿਰ ਇਕ ਧੜਕਦਾ ਹੋਇਆ ਬਹੁ-ਨਸਲੀ ਸੰਸਾਰ ਹੈ ਜੋ ਕਈ ਯੂਰਪੀ ਸ਼ਹਿਰਾਂ ਲਈ ਅਧਿਐਨ ਦਾ ਵਿਸ਼ਾ ਹੈ।

# ਓਕ ਕਰੀਕ ਗੋਲੀ ਕਾਂਡ ਦੀ ਰਿਪੋਰਟ ਮੁਕੰਮਲ

**ਅੰਮ੍ਰਿਤਸਰ:** ਅਮਰੀਕਾ ਵਿਚ ਵਿਸਕਨਸਿਨ ਸਟੇਟ ਦੇ ਗੁਰਦੁਆਰਾ ਓਕ ਕਰੀਕ ਅੰਦਰ ਵਾਪਰੇ ਗੋਲੀ ਕਾਂਡ ਬਾਰੇ ਤਿੰਨ ਮੈਂਬਰੀ ਕਮੇਟੀ ਨੇ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸੌਂਪ ਦਿੱਤੀ ਹੈ। ਘਟਨਾ ਦੀ ਰਿਪੋਰਟ ਪੇਸ਼ ਕਰਦਿਆਂ ਸਿੱਖਾਂ ਦੀ ਵੱਖਰੀ ਪਛਾਣ ਬਾਰੇ ਵੱਖ-ਵੱਖ ਸੁਝਾਅ ਦਿੱਤੇ ਗਏ ਹਨ। ਜਥੇਦਾਰ ਮੱਕੜ ਨੇ ਰਿਪੋਰਟ 'ਚ ਕਮੇਟੀ ਵੱਲੋਂ ਦਿੱਤੇ ਸੁਝਾਅ 'ਤੇ ਵਿਚਾਰ ਕਰਕੇ ਅਗਲੀ ਕਾਰਵਾਈ ਕਰਨ ਦੀ ਗੱਲ ਆਖੀ ਹੈ।

## ਸਿੱਖਾਂ ਦੀ ਪਛਾਣ ਉਭਾਰਨ ਦੀ ਸਿਫਾਰਸ਼



ਕਮੇਟੀ ਦੇ ਤਿੰਨ ਮੈਂਬਰਾਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਤੇ ਮਨਜੀਤ ਸਿੰਘ ਦਸੂਹਾ ਨੇ ਰਿਪੋਰਟ 'ਚ ਇਹ ਜ਼ਿਕਰ ਕੀਤਾ ਹੈ ਕਿ ਇਹ ਘਟਨਾ ਇਕ ਵੱਡਾ ਕੌਮੀ ਦੁਖਾਂਤ ਹੈ ਪਰ ਇਸ ਕਾਂਡ ਨੇ ਇਕ ਵੱਡੀ ਕ੍ਰਾਂਤੀ ਵਾਲਾ ਕਾਰਜ ਕੀਤਾ ਹੈ। ਛੇ ਸਿੰਘਾਂ ਦੀ ਕੁਰਬਾਨੀ ਨੇ ਅਮਰੀਕਾ ਦੇ ਹਰ ਵਰਗ, ਰਾਸ਼ਟਰਪਤੀ, ਸਰਕਾਰੀ ਅਮਲੇ, ਪੁਲਿਸ ਫੋਰਸ ਤੇ ਇਥੋਂ ਤੱਕ ਕਿ ਹਰ ਆਮ ਅਮਰੀਕੀ ਨਾਗਰਿਕ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਅਮਰੀਕਾ 'ਚ ਸਿੱਖਾਂ ਅੰਦਰਲੀ ਧੜੇਬੰਦੀ ਕਾਰਨ ਹੀ ਉਹ ਸਿੱਖਾਂ ਦੇ ਮਸਲਿਆਂ ਬਾਰੇ ਠੋਸ ਯਤਨ ਨਹੀਂ ਕਰ ਸਕੇ। ਕਮੇਟੀ ਨੇ ਇਹ ਵੀ ਨੋਟ ਕੀਤਾ ਹੈ ਕਿ ਅਮਰੀਕਾ ਵੱਸਦੇ ਸਿੱਖ ਗੁਰਦੁਆਰਾ ਸਿਆਸਤ ਤੋਂ ਅੱਗੇ ਅਮਰੀਕਾ ਦੇ ਸਮਾਜਕ ਕੰਮਾਂ ਵਿਚ ਕੋਈ ਰੁਚੀ ਨਹੀਂ ਲੈਂਦੇ, ਇਸ ਕਾਰਨ ਅਮਰੀਕੀ ਲੋਕਾਂ ਦਾ ਸਿੱਖਾਂ ਨਾਲ ਸਹੀ ਸੰਪਰਕ ਨਹੀਂ ਬਣ ਸਕਿਆ। ਸਿੱਖ ਧਰਮ ਨਾਲ ਸਬੰਧਤ ਲੋਕ ਗੁਰਦੁਆਰਾ ਸਿਆਸਤ ਨੂੰ ਲੈ ਕੇ ਅਮਰੀਕਾ ਆਦਿ ਦੇਸ਼ਾਂ ਵਿਚ ਬੁਰੀ ਤਰ੍ਹਾਂ ਉਲਝੇ ਹੋਏ ਹਨ ਅਤੇ ਉਨ੍ਹਾਂ ਨੂੰ ਆਪਣੀ ਝਗੜਿਆਂ ਤੋਂ ਹੀ ਵਿਹਲ ਨਹੀਂ ਮਿਲਦੀ। ਅਮਰੀਕੀ ਮੁੱਖ ਧਾਰਾ ਵਿਚ ਉਹ ਕੋਈ ਖਾਸ ਸਰਗਰਮੀ ਨਹੀਂ ਦਿਖਾਉਂਦੇ। ਕਮੇਟੀ ਨੇ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਕਿ ਉਹ ਅਮਰੀਕਾ ਵੱਸਦੇ ਸਿੱਖਾਂ ਨੂੰ ਪ੍ਰੇਰੇ ਕਿ ਉਹ ਉਥੋਂ ਦੇ ਲੋਕਾਂ ਦੇ ਸਮਾਜਿਕ ਕਾਰਜਾਂ ਵਿਚ ਪੂਰੀ ਸਰਗਰਮੀ ਨਾਲ ਦਖਲ ਦੇਣ।

# ਆਸਟਰੇਲੀਆ 'ਚ ਇਕ ਹੋਰ ਪੰਜਾਬੀ ਬਣਿਆ ਪੁਲਿਸ ਅਫਸਰ

**ਚੰਡੀਗੜ੍ਹ:** ਆਸਟਰੇਲੀਆ 'ਚ ਇਕ ਹੋਰ ਪੰਜਾਬੀ ਪੁਲਿਸ ਅਫਸਰ ਬਣ ਗਿਆ ਹੈ। ਵਿਦੇਸ਼ ਵਿਚ ਪੜ੍ਹਾਈ ਕਰਨ ਗਿਆ ਅੰਮ੍ਰਿਤਸਰ ਦਾ ਨੌਜਵਾਨ ਹਰਪ੍ਰੀਤ ਸਿੰਘ ਮਰਵਾਹਾ ਵਿਕਟੋਰੀਆ ਪੁਲਿਸ ਵਿਚ ਪ੍ਰੋਟੈਕਟਿਵ ਸਰਵਿਸ ਆਫੀਸਰ (ਪੀ.ਐਸ.ਓ.) ਬਣ ਗਿਆ ਹੈ। ਇਹ ਨੌਜਵਾਨ ਸੱਤ ਸਾਲ ਪਹਿਲਾਂ ਹੋਟਲ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਉੱਥੇ ਗਿਆ ਸੀ। ਉਸ ਦੀ ਪੁਲਿਸ ਵਿਚ ਚੋਣ ਸੈਂਕੜੇ ਭਾਰਤੀ ਵਿਦਿਆਰਥੀਆਂ ਵਿਚੋਂ ਹੋਈ ਹੈ। ਉਸ ਨੇ 31 ਅਗਸਤ ਨੂੰ ਪੀ.ਐਸ.ਓ. ਵਜੋਂ ਸਹੁੰ ਚੁੱਕੀ ਤੇ ਵਿਕਟੋਰੀਆ ਪੁਲਿਸ ਦਾ ਹਿੱਸਾ ਬਣ ਗਿਆ।



ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਪੁਲਿਸ ਵਰਦੀ ਪਾਉਣ ਲਈ ਵਿਕਟੋਰੀਆ ਪੁਲਿਸ ਅਕੈਡਮੀ ਵਿਚ ਜ਼ਬਰਦਸਤ ਟਰੇਨਿੰਗ ਵਿਚੋਂ ਲੰਘਣਾ ਪਿਆ। ਵਿਕਟੋਰੀਆ ਪੁਲਿਸ ਕਮਿਸ਼ਨਰ ਨੇ ਉਸ ਨੂੰ ਸਮੁਦਾਇਕ ਸੇਵਾਵਾਂ ਤਨਦੇਹੀ ਨਾਲ ਨਿਭਾਉਣ ਲਈ ਪ੍ਰਸੰਸਾ ਪੱਤਰ ਵੀ ਦਿੱਤਾ। ਉਹ 2005 ਵਿਚ ਪੜ੍ਹਨ ਲਈ ਆਸਟਰੇਲੀਆ ਗਿਆ ਸੀ। ਉਸ ਦੇ ਪਿਤਾ ਰਜਿੰਦਰ ਸਿੰਘ ਮਰਵਾਹਾ ਪੰਜਾਬ ਟਰੇਡ ਇੰਡਸਟਰੀਜ਼ ਬੋਰਡ ਦੇ ਡਾਇਰੈਕਟਰ ਹਨ। ਹਰਪ੍ਰੀਤ ਦਾ ਕਹਿਣਾ ਹੈ ਕਿ ਉਹ ਆਪਣੇ ਭਾਈਚਾਰੇ ਲਈ ਅਜਿਹਾ ਕੁਝ ਕਰਨਾ ਚਾਹੁੰਦਾ ਹੈ ਜਿਸ ਨਾਲ ਉਹ ਇੱਥੇ ਸੁਰੱਖਿਅਤ ਮਾਹੌਲ ਵਿਚ ਕੰਮ ਕਰ ਸਕੇ। ਉਹ ਸ਼੍ਰੋਮਣੀ ਅਕਾਲੀ ਦਲ ਦੇ ਐਨ.ਆਰ.ਆਈ. ਵਿੰਗ ਆਸਟਰੇਲੀਆ ਦਾ ਜਨਰਲ ਸਕੱਤਰ ਵੀ ਹੈ। ਉਹ ਵਿਕਟੋਰੀਆ ਪੁਲਿਸ ਵਿਚ ਆਪਣੀ ਪਛਾਣ ਬਣਾਉਣਾ ਚਾਹੁੰਦਾ ਹੈ ਜਿਸ ਨਾਲ ਭਾਈਚਾਰੇ ਤੇ ਦੇਸ਼ ਦਾ ਨਾਂ ਉੱਚਾ ਹੋਵੇ।

# ਪੰਜਾਬੀ ਨੌਜਵਾਨ ਦਾ ਮਨੀਲਾ 'ਚ ਕਤਲ

**ਚੰਡੀਗੜ੍ਹ:** ਮਨੀਲਾ ਦੇ ਸ਼ਹਿਰ ਸੀਬੂ 'ਚ ਇਕ ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਗਰਾਉਂ ਨੇੜਲੇ ਪਿੰਡ ਸਿੱਧਵਾਂ ਕਲਾਂ ਦਾ ਭੁਪਿੰਦਰ ਸਿੰਘ ਭਿੰਦੀ (35) ਪਿਛਲੇ ਤਕਰੀਬਨ 15 ਸਾਲਾਂ ਤੋਂ ਮਨੀਲਾ 'ਚ ਫਾਈਨਾਂਸ ਦਾ ਕੰਮ ਕਰਦਾ ਸੀ। ਉਸ ਦੀ ਪਤਨੀ ਜੋ ਮੂਲ ਰੂਪ 'ਚ ਮਨੀਲਾ ਵਾਸੀ ਹੈ, ਤੇ ਦੋ ਪੁੱਤਰ ਉਸ ਦੇ ਨਾਲ ਹੀ ਰਹਿੰਦੇ ਸਨ।

ਮਿਲੀ ਜਾਣਕਾਰੀ ਮੁਤਾਬਕ ਭਿੰਦੀ ਦੇ ਕੁਝ ਸਾਥੀ ਉਸ ਨੂੰ ਵਿਹਲੇ ਸਮੇਂ ਦੌਰਾਨ ਖਾਣ-ਪੀਣ ਲਈ ਸ਼ਹਿਰ 'ਚ ਕਿਤੇ ਲੈ ਗਏ ਤੇ ਉੱਥੇ ਬੈਠੇ ਕਿਸੇ ਵਿਅਕਤੀ ਨੇ ਉਸ ਨੂੰ ਗੋਲੀ ਮਾਰੀ। ਮੌਕੇ 'ਤੇ ਹੀ ਭੁਪਿੰਦਰ ਸਿੰਘ ਦੀ ਮੌਤ ਹੋ ਗਈ। ਭਿੰਦੀ ਦੀ ਫਾਈਨਾਂਸ ਦਾ ਕੰਮ ਕਰਦੇ ਕੁਝ ਪੰਜਾਬੀ ਲੋਕਾਂ ਨਾਲ ਦੁਸ਼ਮਣੀ ਚੱਲੀ ਆ ਰਹੀ ਸੀ ਜਿਸ ਕਾਰਨ ਉਸ ਨੂੰ ਗੋਲੀ ਦਾ ਸ਼ਿਕਾਰ ਬਣਾਇਆ ਗਿਆ।

ਜ਼ਿਕਰਯੋਗ ਹੈ ਕਿ ਤਕਰੀਬਨ ਢਾਈ ਵਰ੍ਹੇ ਪਹਿਲਾਂ ਪਿੰਡ ਸਿੱਧਵਾਂ ਕਲਾਂ ਦੇ ਹੀ ਨਛੱਤਰ ਸਿੰਘ ਦਾ ਵੀ ਮਨੀਲਾ 'ਚ ਹੀ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਤੇ ਉਹ ਵੀ ਉੱਥੇ ਫਾਈਨਾਂਸ ਦੇ ਧੰਦੇ ਨਾਲ ਹੀ ਜੁੜਿਆ ਹੋਇਆ ਸੀ।

# ਜਾਅਲੀ ਪਾਸਪੋਰਟ ਮਾਮਲੇ 'ਚ ਪੰਜਾਬੀ ਨੂੰ ਕੈਦ

**ਲੰਡਨ:** ਪਛਾਣ ਵਜੋਂ ਬਰਤਾਨੀਆ ਤੇ ਸਪੇਨ ਦੇ ਜਾਅਲੀ ਪਾਸਪੋਰਟ ਵਰਤਣ ਦੇ ਦੋਸ਼ 'ਚ ਸਥਾਨਕ ਅਦਾਲਤ ਨੇ ਪੰਜਾਬੀ ਮੂਲ ਦੇ ਵਿਅਕਤੀ ਨੂੰ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਇਲਾਵਾ ਸਜ਼ਾ ਪੂਰੀ ਹੋਣ ਪਿੱਛੋਂ ਉਸ ਨੂੰ ਭਾਰਤ ਡੀਪੋਰਟ ਕੀਤਾ ਜਾਵੇਗਾ। 31 ਸਾਲਾ ਸਿਕੰਦਰ ਸਿੰਘ ਨੂੰ ਇਸ ਮਾਮਲੇ 'ਚ ਵਾਰਵਿਕ ਕ੍ਰਾਊਨ ਕੋਰਟ ਨੇ ਇਕ ਸਾਲ ਦੀ ਸਜ਼ਾ ਸੁਣਾਈ ਹੈ।



ਵਕੀਲ ਲਾਲ ਅਮਰਸਿੰਘੇ ਨੇ ਅਦਾਲਤ ਨੂੰ ਦੱਸਿਆ ਕਿ ਸਿਕੰਦਰ ਜੋ 2002 'ਚ ਗੈਰ-ਕਾਨੂੰਨੀ ਤਰੀਕੇ ਨਾਲ ਬਰਤਾਨੀਆ 'ਚ ਦਾਖਲ ਹੋਇਆ ਸੀ, ਨੇ ਮਈ 2006 ਵਿਚ ਇਸ ਜਾਅਲੀ ਪਾਸਪੋਰਟ ਦੀ ਪਛਾਣ ਵਜੋਂ ਵਰਤੋਂ ਕਰਕੇ ਡਰਾਈਵਿੰਗ ਲਾਇਸੈਂਸ ਲੈਣ ਲਈ ਅਰਜ਼ੀ ਦਾਇਰ ਕੀਤੀ ਸੀ। ਚਾਰ ਦਿਨਾਂ ਬਾਅਦ ਉਸ ਨੂੰ ਲਾਇਸੈਂਸ ਜਾਰੀ ਕਰ ਦਿੱਤਾ ਗਿਆ ਸੀ। ਸਿਕੰਦਰ ਨੇ ਚਾਰ ਵਾਰ ਲਾਇਸੈਂਸ ਨੂੰ ਮੁੜ ਤੋਂ ਬਣਾਇਆ ਪਰ ਪਾਸਪੋਰਟ ਵਿਭਾਗ 'ਚ ਨਵੀਂ ਤਕਨੀਕ ਆਉਣ ਤੋਂ ਬਾਅਦ ਇਸ ਗੱਲ ਦਾ ਪਤਾ ਲੱਗਾ ਕਿ ਅਜਿਹਾ ਕੋਈ ਵੀ ਪਾਸਪੋਰਟ ਸਿਕੰਦਰ ਨੂੰ ਜਾਰੀ ਹੀ ਨਹੀਂ ਕੀਤਾ ਗਿਆ ਸੀ। ਜਦੋਂ ਬਾਅਦ 'ਚ ਪੁਲਿਸ ਸਿਕੰਦਰ ਦੇ ਦੱਸੇ ਪਤੇ 'ਤੇ ਗਈ ਤਾਂ ਦੱਸਿਆ ਗਿਆ ਕਿ ਸਿਕੰਦਰ ਭਾਰਤ ਜਾ ਚੁੱਕਾ ਹੈ। ਇਸ ਮਾਮਲੇ 'ਚ ਜਦੋਂ ਪੁਲਿਸ ਨੇ ਮਕਾਨ ਮਾਲਿਕ ਜਿਸ ਤੋਂ ਸਿਕੰਦਰ ਨੇ ਕਿਰਾਏ 'ਤੇ ਮਕਾਨ ਲਿਆ ਸੀ, ਤੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਸਿਕੰਦਰ ਨੇ ਇਥੇ ਸਪੇਨਿਸ਼ ਪਾਸਪੋਰਟ ਨੂੰ ਪਛਾਣ ਵਜੋਂ ਵਰਤਿਆ ਸੀ। ਜਾਂਚ ਤੋਂ ਬਾਅਦ ਇਹ ਸਾਹਮਣੇ ਆਇਆ ਕਿ ਸਪੇਨਿਸ਼ ਪਾਸਪੋਰਟ ਵੀ ਜਾਅਲੀ ਸੀ।

# ਕੈਂਬਰਿਜ 'ਵਰਸਿਟੀ 'ਚ ਸਿੱਖ ਚੇਅਰ ਕਾਇਮ ਕਰਨ ਦਾ ਭਰੋਸਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂਨੀਵਰਸਿਟੀ ਆਫ਼ ਕੈਂਬਰਿਜ (ਯੂ.ਕੇ.) 'ਚ ਸਿੱਖ ਚੇਅਰ ਸਥਾਪਤ ਕਰਨ ਦੀ ਮੰਗ ਉਠਾਈ ਹੈ। ਕੈਂਬਰਿਜ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਰ ਲੈਜ਼ੇਕ ਬੋਰਿਸਵਿਕ ਨੇ ਭਰੋਸਾ ਦਿੱਤਾ ਹੈ ਕਿ ਉਹ ਇਸ ਮੰਗ ਬਾਰੇ 'ਵਰਸਿਟੀ ਦੇ ਪ੍ਰਬੰਧਕਾਂ ਨਾਲ ਵਿਚਾਰ ਕਰਨਗੇ। ਇਹ ਮੰਗ ਪੰਜਾਬ ਅੰਦਰ ਪਹਿਲੀ ਵਾਰ ਆਏ ਡਾ. ਬੋਰਿਸਵਿਕ ਅੱਗੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵਿਸ਼ੇਸ਼ ਮੀਟਿੰਗ 'ਚ ਰੱਖੀ। ਡਾ. ਬੋਰਿਸਵਿਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਦੌਰਾ ਕੀਤਾ ਤੇ ਇਥੇ ਸੈਮੀਨਾਰ ਨੂੰ ਵੀ ਸੰਬੋਧਨ ਕੀਤਾ। ਉਨ੍ਹਾਂ ਨੇ ਮਾਤਾ ਗੁਜਰੀ ਕਾਲਜ 'ਚ ਮੁੱਖ ਮਹਿਮਾਨ ਦੇ ਤੌਰ 'ਤੇ ਵਿਦਿਆਰਥੀਆਂ ਨੂੰ ਡਿਗਰੀਆਂ ਵੀ ਵੰਡੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਇਕ ਵਿਦਿਅਕ ਅਦਾਰੇ ਦਾ ਮਿਆਰ ਉਸ ਦੀਆਂ ਉੱਚੀਆਂ ਇਮਾਰਤਾਂ ਦੀ ਬਜਾਏ ਉਸ ਵਿਚ ਦਿੱਤੀ ਜਾ ਰਹੀ ਸਿੱਖਿਆ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਆਸ ਕੀਤੀ ਕਿ ਆਉਣ ਵਾਲੇ ਸਮੇਂ 'ਚ ਦੋਹਾਂ ਯੂਨੀਵਰਸਿਟੀਆਂ ਵਿਚਾਲੇ ਸਹਿਯੋਗ ਤੇ ਨਿੱਘੇ ਰਿਸ਼ਤੇ ਸਥਾਪਤ ਹੋਣਗੇ ਜਿਸ ਨਾਲ ਇਨ੍ਹਾਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਆਦਾਨ ਪ੍ਰਦਾਨ ਤੇ ਦੋਹਰੀ ਡਿਗਰੀਆਂ ਵਰਗੇ ਸਮਝੌਤੇ ਹੋ ਸਕਣਗੇ।

## ਸਿੱਖ ਵਿਦਿਆਰਥੀ ਕੈਂਬਰਿਜ 'ਚ ਕਰਨਗੇ ਖੋਜ



ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਸਿੱਖ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਆਫ਼ ਕੈਂਬਰਿਜ 'ਚ ਪੀਐਚ ਡੀ ਤੇ ਐਮ ਫਿਲ ਕਰਨ ਲਈ ਸਕਾਲਰਸ਼ਿਪ ਭੇਜਣ ਦਾ ਫ਼ੈਸਲਾ ਕੀਤਾ ਹੈ। ਜਥੇਦਾਰ ਅਵਤਾਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਇਹ ਫੈਸਲਾ ਸਿੱਖ ਕੌਮ ਦੇ ਭਵਿੱਖ ਦੀ ਦਸ਼ਾ ਤੇ ਦਿਸ਼ਾ ਨੂੰ ਬਦਲਣ 'ਚ ਬਹੁਤ ਕਾਰਗਰ ਕਦਮ ਸਿੱਧ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੀ ਸਥਾਪਨਾ ਕਰਕੇ ਯੂਨੀਵਰਸਿਟੀ ਆਫ਼ ਕੈਂਬਰਿਜ ਨਾਲ ਇਕ ਇਤਿਹਾਸਕ ਸਮਝੌਤਾ ਕੀਤਾ ਗਿਆ ਹੈ ਜਿਸ ਅਧੀਨ ਪੰਜ ਸਿੱਖ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਆਫ਼ ਕੈਂਬਰਿਜ ਵਿਖੇ ਐਮ.ਫਿਲ ਤੇ ਪੀਐਚ.ਡੀ. ਦੀ ਪੜ੍ਹਾਈ ਲਈ ਭੇਜਿਆ ਜਾਵੇਗਾ।

ਇਹ ਸਕਾਲਰਸ਼ਿਪ ਤਕਰੀਬਨ 25 ਲੱਖ ਰੁਪਏ ਪ੍ਰਤੀ ਵਿਦਿਆਰਥੀ ਹੈ ਤੇ ਇਸ ਦਾ ਅੱਧ ਸ਼੍ਰੋਮਣੀ ਕਮੇਟੀ ਵੱਲੋਂ ਤੇ ਅੱਧਾ ਕਾਮਨਵੈਲਥ ਟਰੱਸਟ, ਯੂਨੀਵਰਸਿਟੀ ਆਫ਼ ਕੈਂਬਰਿਜ ਵਲੋਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਸਿੱਖ ਕੌਮ ਲਈ ਬਹੁਤ ਹੀ ਫ਼ਖ਼ਰ ਅਤੇ ਮਾਣ ਵਾਲੀ ਗੱਲ ਹੈ ਕਿ ਇਸ ਤਹਿਤ ਸਤੰਬਰ 2011 'ਚ ਪਹਿਲੀ ਵਿਦਿਆਰਥਣ ਬੀਬੀ ਅਮਨਦੀਪ ਕੌਰ ਮੈਥ 'ਚ ਪੀਐਚ ਡੀ ਕਰਨ ਲਈ ਇਸ ਯੂਨੀਵਰਸਿਟੀ 'ਚ ਦਾਖਲਾ ਲੈ ਚੁੱਕੀ ਹੈ ਤੇ ਸਾਲ 2012 ਦੇ ਅਕਾਦਮਿਕ ਸੈਸ਼ਨ ਵਿਚ ਦੋ ਸਿੱਖ ਸਕਾਲਰਜ਼ ਸ. ਰਵਪ੍ਰਤਾਪ ਸਿੰਘ, ਚੰਡੀਗੜ੍ਹ ਤੋਂ (ਲੀਗਲ ਸਟੱਡੀਜ਼ 'ਚ) ਤੇ ਸ਼ਿੰਜਨੀ ਸਿੰਘ, ਲਖਨਊ ਤੋਂ (ਏਸ਼ੀਅਨ ਡਿਵੈਲਪਮੈਂਟ ਸਟੱਡੀਜ਼ 'ਚ), ਯੂਨੀਵਰਸਿਟੀ ਆਫ਼ ਕੈਂਬਰਿਜ ਵਿਖੇ ਪੀਐਚ ਡੀ ਪ੍ਰੋਗਰਾਮ ਵਾਸਤੇ ਚੁਣੇ ਗਏ ਹਨ।

ਇਨ੍ਹਾਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਆਫ਼ ਕੈਂਬਰਿਜ ਦੀਆਂ ਹਦਾਇਤਾਂ ਅਨੁਸਾਰ ਦਾਖਲਾ ਮਿਲਿਆ ਹੈ। ਇਸ ਸਾਲ 14 ਤੋਂ ਜ਼ਿਆਦਾ ਉਮੀਦਵਾਰਾਂ ਨੇ ਇਸ ਸਕਾਲਰਸ਼ਿਪ ਲਈ ਬਿਨੈ ਪੱਤਰ ਭੇਜੇ ਸਨ। ਚੁਣੇ ਗਏ ਉਮੀਦਵਾਰ ਸਤੰਬਰ 2012 'ਚ ਪੀਐਚ.ਡੀ. ਪ੍ਰੋਗਰਾਮ ਅਧੀਨ ਯੂਨੀਵਰਸਿਟੀ ਆਫ਼ ਕੈਂਬਰਿਜ ਵਿਖੇ ਜੁਆਇਨ ਕਰਨਗੇ।

# ਇੰਮੀਗਰੇਸ਼ਨ ਫਰਾਡਾਂ ਵਿਰੁਧ ਕੈਨੇਡਾ ਸਰਕਾਰ ਵੱਲੋਂ ਸਖ਼ਤੀ ਸ਼ੁਰੂ

**ਕੈਲਗਰੀ (ਸੁਖਵੀਰ ਗਰੇਵਾਲ):** ਇੰਮੀਗਰੇਸ਼ਨ ਨਿਯਮਾਂ ’ਚ ਵੱਡੀ ਪੱਧਰ ‘ਤੇ ਫੇਰਬਦਲ ਪਿਛੋਂ ਹੁਣ ਕੈਨੇਡਾ ਸਰਕਾਰ ਨੇ ਇੰਮੀਗਰੇਸ਼ਨ ਫਰਾਡਾਂ ਵਿਰੁੱਧ ਸਖ਼ਤੀ ਦੀ ਤਿਆਰੀ ਕਰ ਲਈ ਹੈ। ਕੈਨੇਡਾ ਸਰਕਾਰ ਦਾ ਮੰਨਣਾ ਹੈ ਕਿ ਕੋਈ 11000 ਲੋਕਾਂ ਨੇ ਝੂਠ ਬੋਲ ਕੇ ਜਾਂ ਗਲਤ ਦਸਤਾਵੇਜ਼ ਦੇ ਆਧਾਰ ‘ਤੇ ਕੈਨੇਡਾ ਦੀ ਨਾਗਰਿਕਤਾ ਹਾਸਲ ਕੀਤੀ ਹੈ ਅਤੇ ਇਨ੍ਹਾਂ ’ਚੋਂ ਬਹੁਤੇ ਅਜੇ ਵੀ ਬਤੌਰ ਪੀ.ਆਰ., ਕੈਨੇਡਾ ਰਹਿ ਰਹੇ ਹਨ।

ਕੈਨੇਡਾ ਦੇ ਇੰਮੀਗਰੇਸ਼ਨ ਮੰਤਰੀ ਜੈਸਨ ਕੈਨੀ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਦੀ ਨਾਗਰਿਕਤਾ ਕਿਸੇ ਵੀ ਹਾਲਤ ਵਿਚ ਵਿਕਾਊ ਨਹੀਂ ਹੈ। ਜਿਨ੍ਹਾਂ ਨੇ ਗਲਤ ਤਰੀਕੇ ਨਾਲ ਕੈਨੇਡੀਅਨ ਨਾਗਰਿਕਤਾ ਜਾਂ ਪੀ.ਆਰ. ਹਾਸਲ ਕੀਤੀ ਹੈ, ਉਨ੍ਹਾਂ ਵਿਰੁੱਧ ਕੈਨੇਡਾ ਦੇ ਕਾਨੂੰਨ ਮੁਤਾਬਕ ਕਾਰਵਾਈ ਹੋਵੇਗੀ। ਕੈਨੇਡਾ ਦੇ ਇੰਮੀਗਰੇਸ਼ਨ ਵਿਭਾਗ ਨੇ ਪਿਛਲੇ ਸਾਲ ਇਸ ਘਪਲੇ ਦੀ ਜਾਂਚ ਸ਼ੁਰੂ ਕੀਤੀ ਸੀ। ਪਹਿਲੇ ਗੇੜ ਦੀ ਜਾਂਚ ਦੌਰਾਨ 3100 ਲੋਕਾਂ ਦੇ ਨਾਂ ਸਾਹਮਣੇ ਆਏ ਸਨ। ਕੈਨੇਡੀਅਨ ਬਾਰਡਰ ਸਰਵਿਸਜ਼ ਏਜੰਸੀ ਅਤੇ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ (ਆਰ.ਸੀ.ਐਮ.ਪੀ.) ਵੱਲੋਂ ਇੰਮੀਗਰੇਸ਼ਨ ਮੰਤਰਾਲੇ ਨਾਲ ਮਿਲ ਕੇ ਕੀਤੀ ਜਾ ਰਹੀ ਇਸ ਜਾਂਚ ਦੇ ਘੇਰੇ ਵਿਚ ਹੁਣ ਤੱਕ 11 ਹਜ਼ਾਰ ਲੋਕਾਂ ਦੇ ਨਾਂ ਸਾਹਮਣੇ ਆਏ ਹਨ ਅਤੇ ਇਹ ਗਿਣਤੀ ਹੋਰ ਵਧਣ ਦੀ ਸੰਭਾਵਨਾ ਹੈ।



ਜੈਸਨ ਕੈਨੀ

ਕੈਨੇਡਾ ਸਰਕਾਰ ਵੱਲੋਂ ਪਹਿਲਾਂ ਉਨ੍ਹਾਂ ਪੰਜ ਹਜ਼ਾਰ ਲੋਕਾਂ ਵਿਰੁੱਧ ਕਾਰਵਾਈ ਦੀ ਸੰਭਾਵਨਾ ਹੈ, ਜਿਹੜੇ ਅਜੇ ਕੈਨੇਡੀਅਨ ਨਾਗਰਿਕ ਨਹੀਂ ਹਨ ਪਰ ਬਤੌਰ ਪੀ.ਆਰ. ਕੈਨੇਡਾ ਵਿਚ ਰਹਿ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਜ਼ਿਆਦਾ ਦੇਰ ਤੋਂ ਕੈਨੇਡਾ ਵਿਚ ਨਹੀਂ ਰਹਿ ਰਹੇ ਹਨ। ਨਿਯਮਾਂ ਮੁਤਾਬਕ ਬਾਹਰਲੇ ਮੁਲਕਾਂ ਤੋਂ ਕੈਨੇਡਾ ਆ ਕੇ ਵਸੇ ਨਵੇਂ ਲੋਕਾਂ ਲਈ ਪਹਿਲੇ ਪੰਜਾਂ ਸਾਲਾਂ ਵਿਚੋਂ ਕੁਝ ਸਾਲ ਕੈਨੇਡਾ ਠਹਿਰਨ ਦੀ ਸ਼ਰਤ ਹੈ ਪਰ ਕੁਝ ਲੋਕ ਇੰਮੀਗਰੇਸ਼ਨ ਵਿਭਾਗ ਦੇ ਅੱਖੀਂ ਘੱਟਾ ਪਾ ਕੇ ਇਹ ਠਹਿਰ ਪੂਰੀ ਨਹੀਂ ਕਰਦੇ ਪਰ ਕੈਨੇਡੀਅਨ ਨਾਗਰਿਕਤਾ ਹਾਸਲ ਕਰ ਲੈਂਦੇ ਹਨ।

ਇੰਮੀਗਰੇਸ਼ਨ ਮੰਤਰਾਲੇ ਦਾ ਮੰਨਣਾ ਹੈ ਕਿ ਜ਼ਿਆਦਾਤਰ ਕੇਸਾਂ ਵਿਚ ਲੋਕ ਏਜੰਟਾਂ ਰਾਹੀਂ ਗਲਤ ਤਰੀਕੇ ਨਾਲ ਕਾਗ਼ਜ਼ ਬਣਾ ਕੇ ਕੈਨੇਡਾ ਤੋਂ ਬਾਹਰ ਵੀ ਰਹੀ ਜਾਂਦੇ ਹਨ ਅਤੇ ਅੰਤ ਵਿਚ ਨਾਗਰਿਕਤਾ ਵੀ ਹਾਸਲ ਕਰ ਲੈਂਦੇ ਹਨ। ਇੰਮੀਗਰੇਸ਼ਨ ਮੰਤਰਾਲੇ ਨੇ ਹੁਣ ਤੱਕ ਛੇ ਸੌ ਲੋਕਾਂ ਦੀ ਪੀ.ਆਰ. ਖ਼ਤਮ ਕੀਤੀ ਹੈ ਅਤੇ ਪੰਜ ਸੌ ਬਿਨੈਕਾਰਾਂ ਨੂੰ ਕੈਨੇਡੀਅਨ ਨਾਗਰਿਕਤਾ ਤੋਂ ਨਾਂਹ ਕੀਤੀ ਗਈ ਹੈ। ਇੰਮੀਗਰੇਸ਼ਨ ਵਿਭਾਗ 1800 ਲੋਕਾਂ ਦੁਆਰਾ ਕੀਤੇ ਘਪਲਿਆਂ ਦਾ ਫੈਸਲਾ ਕਰੀ ਬੈਠਾ ਹੈ। ਇੰਮੀਗਰੇਸ਼ਨ ਮੰਤਰੀ ਅਨੁਸਾਰ ਪਿਛਲੇ ਛੇ ਸਾਲਾਂ ਦੌਰਾਨ ਬਾਹਰਲੇ ਮੁਲਕਾਂ ਦੇ ਲੋਕਾਂ ਲਈ ਕੈਨੇਡਾ ਆ ਕੇ ਵਸਣਾ ਸਭ ਤੋਂ ਵੱਡੀ ਪਹਿਲ ਰਹੀ ਹੈ ਪਰ ਗਲਤ ਤਰੀਕੇ ਨਾਲ ਇਸ ਮੁਲਕ ਵਿਚ ਆ ਕੇ ਵਸਣ ਦੀ ਆਗਿਆ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ।

## ਤਾਲਿਬਾਨ ਵੱਲੋਂ ਰਾਜਕੁਮਾਰ ਹੈਰੀ ਨੂੰ ਮਾਰਨ ਦੀ ਧਮਕੀ

**ਕੰਧਾਰ (ਬਿਊਰੋ):** ਤਾਲਿਬਾਨ ਨੇ ਅਫਗਾਨਿਸਤਾਨ ਵਿਚ ਲੜਾਕੂ ਹੈਲੀਕਾਪਟਰ ਅਪਾਚੇ ਦੇ ਪਾਇਲਟ ਵਜੋਂ ਸੇਵਾ ਨਿਭਾਅ ਰਹੇ ਬਰਤਾਨੀਆ ਦੇ ਰਾਜਕੁਮਾਰ ਹੈਰੀ ਨੂੰ ਮਾਰਨ ਦੀ ਧਮਕੀ ਦਿੱਤੀ। ਅਜਿਹੀਆਂ ਧਮਕੀਆਂ ਕਾਰਨ ਚਾਰ ਸਾਲ ਪਹਿਲਾਂ ਉਹ ਅਫਗਾਨਿਸਤਾਨ ‘ਚੋਂ ਵਾਪਸ ਚਲੇ ਗਏ ਸਨ।

ਸਕਾਈ ਨਿਊਜ਼ ਦੀ ਰਿਪੋਰਟ ਮੁਤਾਬਕ ਤਾਲਿਬਾਨ ਦੇ ਬੁਲਾਰੇ ਨੇ 27 ਸਾਲਾ ਰਾਜਕੁਮਾਰ ਹੈਰੀ ਨੂੰ ‘ਅਹਿਮ ਨਿਸ਼ਾਨਾ‘ ਦੱਸਦਿਆਂ ਕਿਹਾ ਕਿ ਉਹ ਰਾਜਕੁਮਾਰ ਨੂੰ ਫੜਨ ਜਾਂ ਕਤਲ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰਨਗੇ।


HK Transport Company

Wanted Owner Operator & Drivers

Indianapolis based trucking company needs experienced CDL class A company drivers and owner operators to haul dry freights all over 48 states.

For company driver- We provide Good and clean trucks, Pay every 15 days, direct deposit and weekend home. For Owner operators with nice and good condition trucks who want to make more money with flexible dispatch options, we are the right choice.

Contact us Phone: 317-837-8577

Fax: 317-837-1004 email: ginny@hktransportinc.com

Punjab Times
Ph: 847-359-0746
Visit us on the web:
punjabtimesusa.com

OKKJI Transfer LLC.

15238 Radiance Dr., Noblesville, IN, 46060

ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:

Toll Free: 1-855-966-5554

Manny Sandhu: 317-603-1000, Sam Bhullar: 732-486-9045
Fax: 317-774-9665

Global Multi Services

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖ਼ਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997


DMV Lic No. 62822

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay



Gurbans Singh Gill
Realtor

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖ਼ਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

15 Years Experiance
in Real Estate
e-mail: gurbans@gotracy.com


Fax: 209-836-0706
www.gotracy.com

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869

# ਅਮਰੀਕੀ ਮੀਡੀਆ ਦੀ ਆਲੋਚਨਾ ਤੋਂ ਡਾ. ਮਨਮੋਹਨ ਸਿੰਘ ਖਫ਼ਾ



**ਵਾਸ਼ਿੰਗਟਨ:** ਭਾਰਤ ਸਰਕਾਰ ਨੇ ਅਮਰੀਕੀ ਅਖ਼ਬਾਰ 'ਦਿ ਵਾਸ਼ਿੰਗਟਨ ਪੋਸਟ' ਵੱਲੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ 'ਮੋਨਧਾਰੀ' ਤੇ 'ਤਰਸ ਦੇ ਪਾਤਰ' ਕਰਾਰ ਦੇਣ 'ਤੇ ਸਖ਼ਤ ਨਰਾਜ਼ਗੀ ਜਤਾਈ ਹੈ ਤੇ ਇਸ 'ਤੇ ਅਖ਼ਬਾਰ ਨੂੰ ਤੁਰੰਤ ਮੁਆਫ਼ੀ ਮੰਗਣ ਲਈ ਕਿਹਾ ਹੈ ਜਦੋਂਕਿ ਭਾਜਪਾ ਨੇ ਕਿਹਾ ਹੈ ਕਿ ਜੋ ਪ੍ਰਧਾਨ ਮੰਤਰੀ ਬਾਰੇ ਆਖਿਆ ਜਾ ਰਿਹਾ ਹੈ, ਉਸ ਦੀ ਅਖ਼ਬਾਰ ਨੇ ਪੁਸ਼ਟੀ ਕੀਤੀ ਹੈ ਤੇ ਹੁਣ ਡਾ. ਮਨਮੋਹਨ ਸਿੰਘ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਅਖ਼ਬਾਰ ਨੇ ਲਿਖਿਆ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਅੱਖਾਂ ਬੰਦ ਕਰੀ ਬੈਠੇ ਹਨ ਤੇ ਉਨ੍ਹਾਂ ਨੇ ਮੋਨ ਧਾਰਿਆ ਹੋਇਆ ਹੈ।ਇਸ ਦਾ ਫਾਇਦਾ ਮੰਤਰੀ ਮੰਡਲ ਵਿਚਲੇ ਉਨ੍ਹਾਂ ਦੇ ਸਹਿਯੋਗੀ ਉਠਾਅ ਰਹੇ ਹਨ ਤੇ ਆਪਣੀਆਂ ਜੇਬਾਂ ਭਰਨ ਵਿਚ ਲੱਗੇ ਹੋਏ ਹਨ। ਇਸ ਨਾਲ ਪ੍ਰਧਾਨ ਮੰਤਰੀ ਦੀ ਹਾਲਤ ਤਰਸਯੋਗ ਬਣ ਗਈ ਹੈ ਜਿਹੜਾ ਕਦੇ ਆਧੁਨਿਕ ਭਾਰਤ ਦੀਆਂ ਆਰਥਿਕ ਨੀਤੀਆਂ ਦਾ ਮਾਰਗ ਦਰਸ਼ਕ ਮੰਨਿਆ ਜਾਂਦਾ ਸੀ। ਉਨ੍ਹਾਂ ਭਾਰਤ ਵਿਚ ਆਰਥਿਕ ਸੁਧਾਰ ਕਰਕੇ ਦੇਸ਼ ਨੂੰ ਉਭਰਦੀ ਮਹਾਸ਼ਕਤੀ ਬਣਾਇਆ ਪਰ ਹੁਣ ਉਹ ਖੁਦ ਸ਼ਕਤੀਹੀਣ ਨਜ਼ਰ ਆ ਰਹੇ ਹਨ। ਚੁੱਪ ਤੇ ਹਰ ਮੁੱਦੇ 'ਤੇ ਅੱਖਾਂ ਬੰਦ ਕਰਨ ਕਰਕੇ ਉਨ੍ਹਾਂ ਦੀ ਸਾਖ ਕਾਫੀ ਡਿੱਗ ਰਹੀ ਹੈ।

ਦੂਜੇ ਪਾਸੇ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅੰਬਿਕਾ ਸੋਨੀ ਨੇ ਅਖ਼ਬਾਰ ਦੀ ਆਲੋਚਨਾ ਕਰਦਿਆਂ ਉਸ ਨੂੰ ਮੁਆਫ਼ੀ ਮੰਗਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ 'ਵਾਸ਼ਿੰਗਟਨ ਪੋਸਟ' ਨੇ ਅਜਿਹੀ ਕੋਈ ਰਿਪੋਰਟ ਪ੍ਰਧਾਨ ਮੰਤਰੀ ਬਾਰੇ ਛਾਪੀ ਹੈ ਤਾਂ ਇਸ ਦਾ ਜ਼ੋਰਦਾਰ ਢੰਗ ਨਾਲ ਰੋਸ ਪ੍ਰਗਟ ਕਰਾਂਗੇ। ਭਾਜਪਾ ਦੇ ਬੁਲਾਰੇ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ 'ਵਾਸ਼ਿੰਗਟਨ ਪੋਸਟ' ਨੇ ਇਹ ਗੱਲ ਕਹਿਣ ਵਿਚ ਕਾਫੀ ਦੇਰ ਲਾ ਦਿੱਤੀ। ਭਾਜਪਾ ਜੋ ਕਾਫੀ ਸਮੇਂ ਤੋਂ ਕਹਿੰਦੀ ਆ ਰਹੀ ਹੈ, ਉਹ ਹੁਣ ਦੁਨੀਆਂ ਵੀ ਆਖਣ ਲੱਗੀ ਹੈ।


# ਵਿਦੇਸ਼ਾਂ 'ਚ ਭਾਰਤੀ ਕਾਮਿਆਂ ਨੂੰ ਮਿਲੇਗੀ ਸੋਸ਼ਲ ਸਕਿਓਰਟੀ ਤੋਂ ਛੋਟ

**ਨਵੀਂ ਦਿੱਲੀ:** ਕੈਨੇਡਾ, ਸਵੀਡਨ, ਆਸਟਰੇਲੀਆ ਤੇ ਪੁਰਤਗਾਲ 'ਚ ਕੰਮ ਕਰਦੇ ਭਾਰਤੀ ਪ੍ਰੋਫੈਸ਼ਨਲਾਂ ਨੂੰ ਜਲਦੀ ਹੀ ਇਨ੍ਹਾਂ ਮੁਲਕਾਂ ਵਿਚ ਸੋਸ਼ਲ ਸਕਿਓਰਟੀ ਦੀ ਰਾਸ਼ੀ ਜਮ੍ਹਾਂ ਕਰਾਉਣ ਤੋਂ ਛੋਟ ਮਿਲ ਜਾਏਗੀ, ਜੇਕਰ ਉਹ ਭਾਰਤ ਵਿਚ ਇਸ ਦਾ ਭੁਗਤਾਨ ਕਰ ਰਹੇ ਹੋਣਗੇ। ਭਾਰਤੀ ਮਾਮਲਿਆਂ ਬਾਰੇ ਓਵਰਸੀਜ਼ ਮੰਤਰਾਲੇ ਵੱਲੋਂ ਇਨ੍ਹਾਂ ਮੁਲਕਾਂ ਨਾਲ ਇਸ ਬਾਬਤ ਸਮਝੌਤੇ ਕੀਤੇ ਜਾ ਰਹੇ ਹਨ ਜਿਸ ਤਹਿਤ ਕਿਰਤ ਮੰਡੀ ਦੇ ਵਿਸਥਾਰ ਵਿਚ ਤਾਲਮੇਲ ਲਈ ਕਾਮਿਆਂ ਦਾ ਇਕ ਦੇਸ਼ ਤੋਂ ਦੂਜੇ ਦੇਸ਼ ਜਾਣਾ ਵੀ ਨਿਯਮਿਤ ਕੀਤਾ ਜਾਏਗਾ।

ਸਰਕਾਰ ਦੇ ਅੰਕੜਿਆਂ ਅਨੁਸਾਰ ਤਕਰੀਬਨ 10 ਲੱਖ ਭਾਰਤੀ ਇਸ ਵੇਲੇ ਕੈਨੇਡਾ ਵਿਚ ਰਹਿ ਰਹੇ ਹਨ ਤੇ ਸਵੀਡਨ, ਆਸਟਰੇਲੀਆ ਤੇ ਪੁਰਤਗਾਲ ਵਿਚ ਦੋ ਲੱਖ ਦੇ ਕਰੀਬ ਕੁੱਲ ਭਾਰਤੀ ਹਨ। ਸੋਸ਼ਲ ਸਕਿਓਰਟੀ ਸਮਝੌਤੇ ਨਾਲ ਇੰਡੀਆ ਇੰਕ ਨੂੰ ਲਾਭ ਹੋਏਗਾ ਕਿਉਂਕਿ ਉਹ ਇਨ੍ਹਾਂ ਦੇਸ਼ਾਂ ਵਿਚਲੇ ਵੱਖ-ਵੱਖ ਪ੍ਰਾਜੈਕਟਾਂ 'ਤੇ ਲਾਗਤ ਘੱਟ ਰੱਖਣ ਵਿਚ ਸਮਰੱਥ ਹੋ ਸਕਣਗੇ। ਇਨ੍ਹਾਂ ਸਮਝੌਤਿਆਂ ਅਨੁਸਾਰ ਪੰਜ ਸਾਲ ਤੱਕ ਦੇ ਥੋੜ੍ਹ ਚਿਰੇ ਕੰਟਰੈਕਟਾਂ ਤੇ ਇਨ੍ਹਾਂ ਦੇਸ਼ਾਂ ਵਿਚ ਕੰਮ ਕਰਨ ਜਾਂਦੇ ਭਾਰਤੀ ਕਾਮਿਆਂ ਨੂੰ ਉਸ ਹਾਲਤ ਵਿਚ ਇਨ੍ਹਾਂ ਦੇਸ਼ਾਂ ਵਿਚ ਸੋਸ਼ਲ ਸਕਿਓਰਟੀ ਦੀ ਰਾਸ਼ੀ ਦੇਣ ਦੀ ਲੋੜ ਨਹੀਂ ਹੋਏਗੀ, ਜੇਕਰ ਉਹ ਆਪਣੇ ਦੇਸ਼ ਵਿਚ ਇਹ ਅਦਾ ਕਰ ਰਹੇ ਹੋਣਗੇ।

ਓਵਰਸੀਜ਼ ਮੰਤਰਾਲੇ ਦੇ ਅਧਿਕਾਰੀਆਂ ਅਨੁਸਾਰ ਸਰਕਾਰ, ਬਰਤਾਨੀਆ ਤੇ ਜਪਾਨ ਨਾਲ ਵੀ ਅਜਿਹੇ ਸਮਝੌਤੇ ਕਰਨ ਲਈ ਗੱਲਬਾਤ ਚਲਾ ਰਹੀ ਹੈ। ਭਾਰਤੀ ਕਾਮਿਆਂ ਨੂੰ ਵੀ ਇਨ੍ਹਾਂ ਸਮਝੌਤਿਆਂ ਨਾਲ ਮਦਦ ਮਿਲੇਗੀ ਕਿਉਂਕਿ ਦੇਸ਼ ਵਾਪਸੀ ਸਮੇਂ ਉਨ੍ਹਾਂ ਨੂੰ ਇਨ੍ਹਾਂ ਮੁਲਕਾਂ ਵਿਚ ਜਮ੍ਹਾਂ ਕਰਾਈ ਜਾਂਦੀ ਰਹੀ ਸੋਸ਼ਲ ਸਕਿਓਰਟੀ ਦੀ ਰਾਸ਼ੀ ਦਾ ਕੋਈ ਲਾਭ ਨਹੀਂ ਮਿਲਦਾ। ਇਹ ਦੇਸ਼ ਸੋਸ਼ਲ ਸਕਿਓਰਟੀ ਦੇ ਲਾਭ ਤਬਦੀਲ ਕੀਤੇ ਜਾਣ ਦੀ ਆਗਿਆ ਨਹੀਂ ਦਿੰਦੇ। ਭਾਰਤੀ ਕਿਰਤ ਕਾਨੂੰਨਾਂ ਅਨੁਸਾਰ ਇੰਪਲਾਈਜ਼ ਪ੍ਰਾਵੀਡੈਂਟ ਫੰਡ ਐਕਟ 1952 ਤਹਿਤ ਆਉਂਦੇ ਸਾਰੇ ਮੁਲਾਜ਼ਮਾਂ ਤੇ ਰੁਜ਼ਗਾਰ ਦਾਤਿਆਂ ਲਈ ਪੀ.ਐਫ. ਜਮ੍ਹਾਂ ਕਰਾਉਣਾ ਲਾਜ਼ਮੀ ਹੈ। ਇਸ ਪੀ.ਐਫ. ਨੂੰ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਨਾਂ ਦਿੱਤੇ ਜਾਂਦੇ ਹਨ ਜਿਵੇਂ ਅਮਰੀਕਾ ਵਿਚ ਇਸ ਨੂੰ ਸੋਸ਼ਲ ਸਕਿਓਰਟੀ ਦਾ ਨਾਂ ਦਿੱਤਾ ਗਿਆ ਹੈ।

**ਕੈਨੇਡਾ, ਸਵੀਡਨ, ਆਸਟਰੇਲੀਆ ਤੇ ਪੁਰਤਗਾਲ ਨਾਲ ਹੋਵੇਗਾ ਸਮਝੌਤਾ**



ਭਾਵੇਂ ਵਿਦੇਸ਼ਾਂ ਵਿਚ ਤਾਇਨਾਤ ਪ੍ਰੋਫੈਸ਼ਨਲ ਇੱਥੇ ਭਾਰਤ ਵਿਚ ਵੀ ਪੀ.ਐਫ. ਦੀ ਰਾਸ਼ੀ ਭਰਦੇ ਹਨ ਪਰ ਉਨ੍ਹਾਂ ਨੂੰ ਮੇਜ਼ਬਾਨ ਮੁਲਕਾਂ ਵਿਚ ਵੀ ਸੋਸ਼ਲ ਸਕਿਓਰਟੀ ਟੈਕਸ ਅਦਾ ਕਰਨਾ ਪੈਂਦਾ ਹੈ ਜਿਸ ਦਾ ਮਗਰੋਂ ਉਨ੍ਹਾਂ ਨੂੰ ਲਾਭ ਕੋਈ ਨਹੀਂ ਮਿਲਦਾ। ਭਾਰਤ ਦੇ ਫਿਨਲੈਂਡ, ਸਵਿਟਜ਼ਰਲੈਂਡ, ਲਗਜ਼ਮਬਰਗ, ਨੀਦਰਲੈਂਡ, ਡੈਨਮਾਰਕ, ਬੈਲਜੀਅਮ ਤੇ ਫਰਾਂਸ ਨਾਲ ਅਜਿਹੇ ਸਮਝੌਤੇ ਸਹੀਬੰਦ ਹੋ ਚੁੱਕੇ ਹਨ।

## ਡੈਮੋਕਰੇਟਿਕ ਕਨਵੈਨਸ਼ਨ 'ਚ ਤੁਲਸੀ ਚਮਕੀ

**ਸ਼ਾਰਲੈਟ:** ਭਾਰਤੀ ਮੂਲ ਦੀ ਪਹਿਲੀ ਅਮਰੀਕੀ ਔਰਤ ਤੁਲਸੀ ਹਾਬਰਡ ਜਿਨ੍ਹਾਂ ਦਾ ਅਮਰੀਕੀ ਸੰਸਦ ਦੇ ਪ੍ਰਤੀਨਿਧੀ ਸਦਨ ਲਈ ਚੁਣੇ ਜਾਣਾ ਤਕਰੀਬਨ ਤੈਅ ਹੈ, ਨੇ ਇਥੇ ਡੈਮੋਕਰੇਟਿਕ ਬਰਾਕ ਓਬਾਮਾ ਦੇ ਹੱਕ ਵਿਚ ਜ਼ੋਰਦਾਰ ਭਾਸ਼ਣ ਦੇ ਕੇ ਵਾਹ-ਵਾਹ ਲੁੱਟੀ। ਸੰਮੇਲਨ ਦੌਰਾਨ ਉਨ੍ਹਾਂ ਮੰਚ 'ਤੇ ਆਉਣ ਉਪਰ ਜਿਵੇਂ 'ਅਲੋਹਾ' ਬੋਲਿਆ ਤਾਂ ਤਾੜੀਆਂ ਨਾਲ ਪੰਡਾਲ ਗੂੰਜ ਉਠਿਆ। ਹਵਾਈ ਸੂਬੇ ਵਿਚ 'ਹੈਲੋ' ਦਾ ਸਥਾਨਕ ਅਰਥ 'ਅਲੋਹਾ' ਹੈ। ਮੰਚ 'ਤੇ ਆਉਂਦਿਆਂ ਹੀ ਤੁਲਸੀ ਨੇ ਕਿਹਾ ਕਿ ਉਹ ਕਾਂਗਰਸ ਲਈ ਹਵਾਈ ਦੀ ਉਮੀਦਵਾਰ ਤੇ ਆਰਮੀ ਨੈਸ਼ਨਲ ਗਾਰਡ ਵਿਚ ਕੈਪਟਨ ਹੈ। ਉਨ੍ਹਾਂ ਲਈ ਤਾੜੀਆਂ ਵਜਾਉਣ ਵਾਲਿਆਂ ਵਿਚ ਪ੍ਰਤੀਨਿਧੀ ਸਭਾ ਵਿਚ ਪਾਰਟੀ ਦੀ ਉੱਘੀ ਆਗੂ ਨੈਨਸੀ ਪਲੋਸੀ ਵੀ ਮੌਜੂਦ ਸੀ। ਤੁਲਸੀ ਇਕ ਕੈਥੋਲਿਕ ਪਿਤਾ ਤੇ ਹਿੰਦੂ ਮਾਂ ਦੀ ਧੀ ਹੈ। ਸਿਰਫ਼ 21 ਸਾਲਾਂ ਦੀ ਉਮਰ ਵਿਚ ਉਹ ਹਵਾਈ ਵਿਧਾਨ ਸਭਾ ਲਈ ਚੁਣੀ ਗਈ ਸਭ ਤੋਂ ਘੱਟ ਉਮਰ ਦੀ ਪ੍ਰਤੀਨਿਧੀ ਸੀ। 31 ਸਾਲਾ ਤੁਲਸੀ ਨੇ ਪਿਛਲੇ ਮਹੀਨੇ ਹਵਾਈ ਤੋਂ ਡੈਮੋਕਰੇਟਿਕ ਪ੍ਰਾਇਮਰੀ ਚੋਣ ਵਿਚ ਜਿੱਤ ਦਰਜ ਕੀਤੀ ਸੀ।

# ਸ਼ਹੀਦਾਂ ਦੀ ਕਰਮਭੂਮੀ ਇਕ ਸਿੱਕੇ ਵਿਚ ਨਿਲਾਮ

**ਪੋਰਟ ਬਲੇਅਰ:** ਸਰਕਾਰ ਨੇ ਦੇਸ਼ ਦੇ ਪਹਿਲੇ ਸੁਤੰਤਰਤਾ ਸੰਗਰਾਮ ਦੇ ਸ਼ਹੀਦਾਂ ਦੀ ਕਰਮਭੂਮੀ ਰਹੇ ਅੰਡੇਮਾਨ ਤੇ ਨਿਕੋਬਾਰ ਦੇ ਵਾਈਪਰ ਦੀਪ ਦੇ ਲੋਕਾਂ ਦੀਆਂ ਭਾਵਨਾਵਾਂ, ਸੁਰੱਖਿਆ ਤੇ ਰਣਨੀਤਕ ਮਹੱਤਵ ਦੇ ਮੁੱਦਿਆਂ ਨੂੰ ਅੱਖੋਂ ਉਹਲੇ ਕਰਕੇ ਇਕ ਵਿਦੇਸ਼ੀ ਕੰਪਨੀ ਨੂੰ ਮਰੀਨਾ ਤੇ ਹੋਟਲ ਬਣਾਉਣ ਲਈ ਸਿਰਫ਼ ਇਕ ਰੁਪਏ ਦੇ ਪਟੇ 'ਤੇ ਨੀਲਾਮ ਕਰ ਦਿੱਤੀ।

ਵਾਈਪਰ ਜੇਲ੍ਹ ਦਾ ਇਤਿਹਾਸ ਕਾਲੇ ਪਾਣੀ ਦੇ ਨਾਂ ਨਾਲ ਜਾਣੀ ਜਾਂਦੀ ਸੈਲੂਲਰ ਜੇਲ੍ਹ ਤੋਂ ਵੀ 50 ਸਾਲ ਪੁਰਾਣਾ ਤੇ ਕੀਤੇ ਜ਼ਿਆਦਾ ਖੌਫਨਾਕ ਹੈ। ਬ੍ਰਿਟਿਸ਼ ਹਕੂਮਤ ਦੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ 1857 ਕ੍ਰਾਂਤੀ ਦੇ 200 ਆਜ਼ਾਦੀ ਘੁਲਾਟੀਆਂ ਨੂੰ ਹੱਥਕੜੀਆਂ 'ਚ ਜਕੜ ਕੇ 1858 'ਚ ਇਸੇ ਦੀਪ 'ਤੇ ਖੁੱਲ੍ਹੀ ਜੇਲ੍ਹ 'ਚ ਜਾਨਵਰਾਂ ਵਾਂਗ ਇਕ-ਦੂਸਰੇ ਨਾਲ ਬੰਨ ਕੇ ਰੱਖਿਆ ਗਿਆ ਸੀ।

ਇਨ੍ਹਾਂ ਦੇਸ਼ ਭਗਤਾਂ ਨੂੰ ਬ੍ਰਿਟਿਸ਼ ਜੇਲਰ 7-7 ਦੀ ਗਿਣਤੀ ਵਿਚ ਇਕ-ਦੂਸਰੇ ਨਾਲ ਹੱਥਕੜੀਆਂ 'ਚ ਬੰਨ ਕੇ ਰੱਖਦੇ ਸਨ ਤੇ ਇਸ ਨੂੰ 'ਚੇਨ ਗੈਂਗ' ਦਾ ਨਾਂ ਦਿੱਤਾ ਗਿਆ ਸੀ। ਅੰਡੇਮਾਨ ਤੇ ਨਿਕੋਬਾਰ ਪ੍ਰਸ਼ਾਸਨ ਨੇ ਸ਼ਹੀਦਾਂ ਦੀ ਇਸ ਬਲਿਦਾਨ ਤੇ ਕਰਮਭੂਮੀ ਨੂੰ ਵਿਰਾਸਤ ਵਾਂਗ ਸੰਭਾਲਣ ਦੀ ਬਜਾਏ ਮਲੇਸ਼ੀਆ ਦੀ ਕੰਪਨੀ ਰੀਕਾਨ ਪੀ.ਐਮ.ਐਮ. ਪ੍ਰਾਈਵੇਟ ਲਿਮਿਟਡ ਨੂੰ ਵਿਦੇਸ਼ੀ ਲਗਜ਼ਰੀ ਯਾਚੋ ਲਈ 50 ਬਰਥ ਦਾ ਮਰੀਨਾ ਤੇ ਹੋਟਲ ਬਣਾਉਣ ਲਈ ਇਕ ਰੁਪਏ ਪ੍ਰਤੀ ਸਾਲ ਦੇ ਪਟੇ 'ਤੇ ਦੇ ਦਿੱਤਾ ਹੈ।

ਇਸ ਲਈ ਸਰਕਾਰ ਕੰਪਨੀ ਨੂੰ ਸਬਸਿਡੀ ਵੀ ਦੇਵੇਗੀ ਤੇ ਬਿਜਲੀ ਤੇ ਪਾਣੀ ਦੀ ਸੁਵਿਧਾ ਵੀ ਮੁਹੱਈਆ ਕਰਵਾਏਗੀ। ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦੇ ਸੰਸਦ ਮੈਂਬਰ ਵਿਸ਼ਣੂ ਪਦਰੇ ਨੇ ਦੱਸਿਆ ਕਿ ਅੰਡੇਮਾਨ ਪ੍ਰਸ਼ਾਸਨ ਨੇ ਇਸ ਲਈ ਨਾ ਤਾਂ ਉਨ੍ਹਾਂ ਦੀ ਤੇ ਨਾ ਹੀ ਕਿਸੇ ਹੋਰ ਸਿਆਸੀ ਪਾਰਟੀ ਨਾਲ ਕੋਈ ਸਲਾਹ ਕੀਤੀ ਹੈ। ਉਨ੍ਹਾਂ ਦਾਅਵਾ ਕਰਦਿਆਂ ਕਿਹਾ ਕਿ ਸੁਰੱਖਿਆ ਤੇ ਰਣਨੀਤਕ ਦ੍ਰਿਸ਼ਟੀ ਤੋਂ ਅਹਿਮ ਇਸ ਦੀਪ 'ਤੇ ਇਹ ਪ੍ਰੋਜੈਕਟ ਬਣਾਉਣ ਤੋਂ ਪਹਿਲਾਂ ਸਬੰਧਤ ਏਜੰਸੀਆਂ ਤੋਂ ਇਤਰਾਜ਼ ਹੀਣਤਾ ਦਾ ਸਰਟੀਫਿਕੇਟ ਵੀ ਨਹੀਂ ਲਿਆ ਗਿਆ।



ਉਨ੍ਹਾਂ ਕਿਹਾ ਕਿ ਮਹੱਤਵਪੂਰਨ ਰੱਖਿਆ ਟਿਕਾਣਿਆਂ ਦਾ ਵਾਈਪਰ ਦੇ ਨਜ਼ਦੀਕ ਹੋਣ ਕਰਕੇ ਅੰਡੇਮਾਨ ਸਮੂਹ ਤੇ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਹੋਵੇਗਾ। ਵਾਈਪਰ ਦੀਪ ਨੂੰ ਸੁਰੱਖਿਆ ਪੱਖੋਂ ਅਹਿਮ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇਸ ਤੋਂ ਇਕ ਮੀਲ ਦੀ ਦੂਰੀ 'ਤੇ ਅੰਡੇਮਾਨ ਤੇ ਨਿਕੋਬਾਰ ਤਟ ਰੱਖਿਅਕ ਸੈਂਟਰ ਹੈ।

ਇਸ ਤੋਂ ਇਲਾਵਾ ਕੋਕੋ ਦੀਪ ਵੀ ਇਥੋ ਕੇਵਲ 90 ਮੀਲ ਦੀ ਦੂਰੀ 'ਤੇ ਹੀ ਹੈ। ਇਸ ਦੀਪ ਨੂੰ ਆਜ਼ਾਦੀ ਤੋਂ ਬਾਅਦ ਭਾਰਤ ਨੇ ਮਿਆਂਮਾਰ ਨੂੰ ਦਿੱਤਾ ਸੀ, ਜਿਸ ਨੇ ਇਸ ਦੀਪ ਨੂੰ ਚੀਨ ਨੂੰ ਦੇ ਦਿੱਤਾ ਅਤੇ ਚੀਨ ਨੇ ਇਸ 'ਤੇ ਹਵਾਈ ਪੱਟੀ ਬਣਾਈ ਹੋਈ ਹੈ।

# ਪਾਕਿਸਤਾਨ ਤੋਂ ਹਿੰਦੂਆਂ ਦੀ ਹਿਜ਼ਰਤ ਜਾਰੀ

**ਜੋਧਪੁਰ:** ਤਿੰਨ ਮਹੀਨਿਆਂ ਦੀ ਲੰਮੀ ਤੇ ਥਕਾ ਦੇਣ ਵਾਲੀ ਔਖਾਂ ਭਰੀ ਯਾਤਰਾ ਮਗਰੋਂ 171 ਹਿੰਦੂਆਂ ਦਾ ਜਥਾ ਪਾਕਿਸਤਾਨ ਤੋਂ ਇੱਥੇ ਪੁੱਜਿਆ ਹੈ। ਇਨ੍ਹਾਂ ਦੇ ਆਗੂ ਦਾ ਕਹਿਣਾ ਹੈ ਕਿ 'ਸਵੈ ਮਾਣ' ਧਾਰਮਿਕ ਆਜ਼ਾਦੀ ਤੇ ਬੱਚਿਆਂ ਦੇ ਭਵਿੱਖ ਖ਼ਾਤਰ ਉਹ ਭਾਰਤ ਵਿਚ ਸ਼ਰਨਾਰਥੀ ਰੁਤਬਾ ਦਿੱਤੇ ਜਾਣ ਦੀ ਬੇਨਤੀ ਕਰਨਗੇ। ਹਾਲ ਦੀ ਘੜੀ ਉਨ੍ਹਾਂ ਨੂੰ ਇਕ ਮੰਦਰ 'ਚ ਜਗ੍ਹਾ ਦੇ ਦਿੱਤੀ ਗਈ ਹੈ।

ਹਿੰਦੂ ਆਵਾਸੀਆਂ ਦੇ ਮੁੜ ਵਸੇਬੇ ਲਈ ਸੰਘਰਸ਼ ਕਰ ਰਹੀ ਜਥੇਬੰਦੀ ਸੀਮਾਂਤ ਲੋਕ ਸੰਗਠਨ ਦੇ ਪ੍ਰਧਾਨ ਸਿੰਘ ਸੋਢਾ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਬਾਰੇ ਮੁੱਖ ਮੰਤਰੀ ਨੂੰ ਸੂਚਿਤ ਕਰ ਦਿੱਤਾ ਹੈ ਤੇ ਆਸ ਹੈ ਕਿ ਉਹ ਪ੍ਰਸ਼ਾਸਨ ਨੂੰ ਇਨ੍ਹਾਂ ਲੋਕਾਂ ਲਈ ਪ੍ਰਬੰਧ ਕਰਨ ਦੇ ਨਿਰਦੇਸ਼ ਦੇਣਗੇ। ਧਾਰਮਿਕ, ਵਿੱਤੀ ਤੇ ਸਮਾਜਕ ਅੱਤਿਆਚਾਰਾਂ ਕਾਰਨ ਪਾਕਿਸਤਾਨ ਤੋਂ ਹੀ ਹਿੰਦੂਆਂ ਦੀ ਹਿਜਰਤ ਕੋਈ ਨਵਾਂ ਵਰਤਾਰਾ ਨਹੀਂ ਪਰ ਭਾਰਤ-ਪਾਕਿ ਸੀਮਾ 'ਤੇ ਕੰਡਿਆਲੀ ਤਾਰ ਲੱਗਣ ਮਗਰੋਂ ਇੰਨੇ ਵੱਡੇ ਪੱਧਰ 'ਤੇ ਉਜਾੜਾ ਇਸੇ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਪਾਕਿਸਤਾਨ 'ਚ ਹਿੰਦੂਆਂ ਲਈ ਹਾਲਾਤ ਅਸਹਿਣਯੋਗ ਤੇ ਤੌਹੀਨ ਭਰੇ ਹਨ।

ਜਥੇ ਦੇ ਆਗੂ ਸਰਪੰਚ ਚੇਤਨ ਰਾਮ ਨੇ ਕਿਹਾ ਕਿ ਉਹ ਸਾਰੇ ਚੁੱਪ-ਚੁਪੀਤੇ ਆਏ ਹਨ। ਇਨ੍ਹਾਂ ਨੇ ਆਪਣੇ ਉੱਠਣ ਦੀ ਭਿਣਕ ਰਿਸ਼ਤੇਦਾਰਾਂ ਨੂੰ ਵੀ ਨਹੀਂ ਪੈਣ ਦਿੱਤੀ। ਜੇਕਰ ਉਨ੍ਹਾਂ ਦੇ ਭਾਰਤ ਜਾਣ ਦੀ ਖ਼ਬਰ ਮਾਲਕਾਂ ਨੂੰ ਮਿਲ ਜਾਂਦੀ ਤਾਂ ਉਨ੍ਹਾਂ ਨੇ ਉਨ੍ਹਾਂ ਦਾ ਹਿੱਲਣਾ ਮੁਹਾਲ ਕਰ ਦੇਣਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਪੈ ਜਾਣਾ ਸੀ ਕਿ ਉਹ ਹੋਰ ਕਾਮੇ ਕਿੱਥੋਂ ਲੱਭਣਗੇ। ਉਹ ਉਥੇ ਦਿਹਾੜੀਆਂ ਕਰਦੇ ਸਨ।



ਰਣਨੀਤੀ ਤਹਿਤ ਇਨ੍ਹਾਂ ਸਾਰੇ ਪਰਿਵਾਰਾਂ ਨੇ ਤਿੰਨ ਮਹੀਨੇ ਪਹਿਲਾਂ ਘਰ ਛੱਡੇ ਤੇ ਲਗਾਤਾਰ ਟਿਕਾਣੇ ਬਦਲਦੇ ਰਹੇ ਤਾਂ ਕਿ ਮਾਲਕਾਂ ਤੇ ਜ਼ਿਮੀਦਾਰਾਂ ਨੂੰ ਖ਼ਬਰ ਨਾ ਹੋ ਜਾਵੇ।

## ਵਾਪਸ ਨਹੀਂ ਪਰਤਣਾ ਚਾਹੁੰਦੇ ਪਾਕਿ ਹਿੰਦੂ

ਇਸਲਾਮਾਬਾਦ: ਪਾਕਿਸਤਾਨ ਤੋਂ ਭਾਰਤ ਗਏ ਸੈਂਕੜੇ ਹਿੰਦੂ ਸ਼ਰਧਾਲੂ ਵਾਪਸ ਵਤਨ ਨਹੀਂ ਪਰਤਣਾ ਚਾਹੁੰਦੇ। ਬੀ.ਬੀ.ਸੀ. ਉਰਦੂ ਦੀ ਰਿਪੋਰਟ ਅਨੁਸਾਰ ਬੀਤੇ ਦਿਨ ਥਾਰ ਐਕਸਪ੍ਰੈਸ ਗੱਡੀ ਰਾਹੀਂ 171 ਪਾਕਿਸਤਾਨੀ ਹਿੰਦੂ ਸ਼ਰਧਾਲੂਆਂ ਦਾ ਜਥਾ ਜੋਧਪੁਰ (ਰਾਜਸਥਾਨ) ਲਈ ਰਵਾਨਾ ਹੋਇਆ ਸੀ। ਭਾਵੇਂ ਇਹ ਹਿੰਦੂ ਸ਼ਰਧਾਲੂ ਤੀਰਥ ਯਾਤਰਾ ਲਈ ਨਿਕਲੇ ਹਨ ਪਰ ਇਨ੍ਹਾਂ ਦੇ ਆਗੂ ਦਾ ਕਹਿਣਾ ਹੈ ਕਿ ਉਹ ਵਾਪਸ ਪਾਕਿਸਤਾਨ ਨਹੀਂ ਪਰਤਣਾ ਚਾਹੁੰਦੇ।

ਇਨ੍ਹਾਂ 171 ਪਾਕਿਸਤਾਨੀ ਹਿੰਦੂਆਂ ਵਿਚ 32 ਔਰਤਾਂ ਅਤੇ ਬੱਚੇ ਸ਼ਾਮਲ ਹਨ ਤੇ ਇਹ ਸਾਰੇ ਸਿੰਧ ਪ੍ਰਾਂਤ ਦੇ ਸ਼ਹਿਰਾਂ ਸਿੰਘਾਰ ਤੇ ਹੈਦਰਾਬਾਦ ਦੇ ਵਾਸੀ ਹਨ। ਇਹ ਭੀਲ ਕਬੀਲੇ ਨਾਲ ਸਬੰਧਤ ਹਨ। ਸਿੰਧ ਵਿਚ ਹਿੰਦੂਆਂ ਦੀ 'ਤਰਸਯੋਗ ਹਾਲਤ' ਬਾਰੇ ਸ਼ਿਕਾਇਤ ਕਰਦਿਆਂ ਇਕ ਪਾਕਿਸਤਾਨੀ ਸ਼ਰਧਾਲੂ ਨੇ ਦੱਸਿਆ ਕਿ ਉਸ ਦੇ ਪਿਤਾ ਦੀ ਕੁਝ ਸਮਾਂ ਪਹਿਲਾਂ ਮੌਤ ਹੋਈ ਤਾਂ ਸਥਾਨਕ ਮੁਸਲਮਾਨਾਂ ਨੇ ਅੰਤਿਮ ਰਸਮਾਂ ਵੀ ਅਦਾ ਨਹੀਂ ਕਰਨ ਦਿੱਤੀਆਂ।

## ਮੁਸ਼ੱਰਫ਼ ਵੱਲੋਂ ਵਤਨ ਵਾਪਸੀ ਲਈ ਇਕ ਹੋਰ ਹੱਲਾ

**ਲਾਹੌਰ:** ਬੇਨਜ਼ੀਰ ਭੁੱਟੋ ਦੀ ਹੱਤਿਆ ਦੇ ਦੋਸ਼ 'ਚ ਗੈਰ ਜ਼ਮਾਨਤੀ ਵਰੰਟ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਅਗਲੇ ਸਾਲ ਆਮ ਚੋਣਾਂ ਤੋਂ ਪਹਿਲਾਂ ਵਤਨ ਪਰਤਣ ਦੇ ਇੱਛੁਕ ਹਨ। ਉਨ੍ਹਾਂ ਦੀ ਪਾਰਟੀ ਆਲ ਪਾਕਿਸਤਾਨ ਮੁਸਲਿਮ ਲੀਗ ਮੁਤਾਬਕ ਜਨਾਬ ਮੁਸ਼ੱਰਫ਼ ਨੇ ਵਤਨ ਵਾਪਸੀ ਲਈ ਆਪਣੇ ਫ਼ੌਜੀ ਤੇ ਰਾਜਸੀ ਦੋਸਤਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸਾਲ 2009 ਤੋਂ ਜਨਾਬ ਮੁਸ਼ੱਰਫ਼ ਲੰਡਨ ਤੇ ਦੁਬਈ 'ਚ ਰਹਿ ਰਹੇ ਹਨ। ਪਾਕਿਸਤਾਨ ਪੀਪਲਜ਼ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਦਿੱਤੀ ਚਿਤਾਵਨੀ ਪਿੱਛੋਂ ਉਨ੍ਹਾਂ ਨੇ ਵਤਨ ਵਾਪਸੀ ਦਾ ਵਿਚਾਰ ਛੱਡ ਦਿੱਤਾ ਸੀ। ਆਲ ਪਾਕਿਸਤਾਨ ਮੁਸਲਿਮ ਲੀਗ ਦੇ ਆਗੂ ਨੇ ਦੱਸਿਆ ਕਿ ਜੇਕਰ ਚੋਣਾਂ ਤੋਂ ਪਹਿਲਾਂ ਨਿਰਪੱਖ ਨਿਗਰਾਨ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਜਨਾਬ ਮੁਸ਼ੱਰਫ ਲਈ ਵਤਨ ਵਾਪਸੀ ਆਸਾਨ ਹੋ ਸਕਦਾ ਹੈ। ਪਾਕਿਸਤਾਨੀ ਅਦਾਲਤਾਂ ਨੇ ਬੇਨਜ਼ੀਰ ਭੁੱਟੋ ਅਤੇ ਬਲੋਚ ਨੇਤਾ ਅਕਬਰ ਬੁਗਤੀ ਦੀ ਹੱਤਿਆ ਦੇ ਦੋਸ਼ 'ਚ ਜਨਾਬ ਮੁਸ਼ੱਰਫ ਖ਼ਿਲਾਫ਼ ਵਰੰਟ ਜਾਰੀ ਕੀਤੇ ਹੋਏ ਹਨ। ਪੀ.ਪੀ.ਪੀ ਦੀ ਅਗਵਾਈ ਵਾਲੀ ਸਰਕਾਰ ਨੇ ਸੰਕੇਤ ਦਿੱਤਾ ਕਿ ਨਿਗਰਾਨ ਪ੍ਰਧਾਨ ਮੰਤਰੀ ਨਵੰਬਰ-ਦਸੰਬਰ 'ਚ ਬਣਾਇਆ ਜਾ ਸਕਦਾ ਹੈ।

# ਸਾਕਾ ਨੀਲਾ ਤਾਰਾ ਯਾਦਗਾਰ ਬਾਰੇ ਬਾਦਲਾਂ ਤੋਂ ਜਵਾਬਤਲਬੀ





**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਦਾਲਤ ਨੇ ਸਾਕਾ ਨੀਲਾ ਤਾਰਾ ਯਾਦਗਾਰ ਬਾਰੇ ਬਾਦਲਾਂ ਤੋਂ ਜਵਾਬਤਲਬੀ ਕੀਤੀ ਹੈ। ਯਾਦਗਾਰ ਮਾਮਲੇ ਨੂੰ ਲੈ ਕੇ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮੁੱਖ ਸਕੱਤਰ ਰਾਕੇਸ਼ ਸਿੰਘ ਨੂੰ ਦਸਤੀ ਨੋਟਿਸ ਭੇਜ ਕੇ ਜਵਾਬ ਮੰਗਿਆ ਹੈ। ਇਹ ਨੋਟਿਸ ਮਨੁੱਖੀ ਅਧਿਕਾਰ ਸੰਸਥਾ ਦੇ ਪ੍ਰਧਾਨ ਐਡਵੋਕੇਟ ਅਰਵਿੰਦ ਠਾਕੁਰ ਵੱਲੋਂ ਅਦਾਲਤ ਵਿਚ ਦਾਇਰ ਪਟੀਸ਼ਨ ਦੇ ਆਧਾਰ 'ਤੇ ਜਾਰੀ ਕੀਤਾ ਗਿਆ ਹੈ। ਪਟੀਸ਼ਨ ਵਿਚ ਐਡਵੋਕੇਟ ਠਾਕੁਰ ਨੇ ਇਸ ਯਾਦਗਾਰ ਨੂੰ ਲੈ ਕੇ ਪੰਜਾਬ ਸਰਕਾਰ ਅੱਗੇ ਕਈ ਸਵਾਲ ਖੜ੍ਹੇ ਕੀਤੇ ਹਨ ਤੇ ਇਸ ਯਾਦਗਾਰ ਦੀ ਉਸਾਰੀ ਰੋਕਣ ਦੀ ਮੰਗ ਕੀਤੀ ਹੈ।

ਇਸ ਤੋਂ ਇਲਾਵਾ ਇਹ ਮੰਗ ਵੀ ਕੀਤੀ ਗਈ ਹੈ ਕਿ ਯਾਦਗਾਰ ਦੀ ਉਸਾਰੀ ਸੂਬੇ ਦੇ ਸਰਕਾਰੀ ਖਜ਼ਾਨੇ ਵਿਚੋਂ ਨਾ ਕੀਤੀ ਜਾਵੇ। ਪਟੀਸ਼ਨ ਵਿਚ ਐਡਵੋਕੇਟ ਠਾਕੁਰ ਨੇ ਸਵਾਲ ਕੀਤੇ ਹਨ ਕਿ ਕੀ ਇਹ ਯਾਦਗਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੀਤੇ ਵਿਦਰੋਹ ਨੂੰ ਜਿਉਂਦਾ ਨਹੀਂ ਰੱਖੇਗੀ? ਕੀ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਵਿਚ ਵਾਧੂ ਫੰਡ ਹੈ ਜੋ ਇਸ ਕਰੋੜਾਂ ਦੀ ਯਾਦਗਾਰ 'ਤੇ ਲਾਇਆ ਜਾ ਰਿਹਾ ਹੈ? ਕੀ ਇਸ ਯਾਦਗਾਰ ਦੀ ਉਸਾਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ਼ ਅਪਰਾਧਕ ਮਾਮਲਾ ਦਰਜ ਕਰਨ ਦੀ ਸ਼੍ਰੇਣੀ ਵਿਚ ਨਹੀਂ ਆਉਂਦੀ? ਕੀ ਮੁੱਖ ਮੰਤਰੀ ਇਸ ਗੱਲ ਨਾਲ ਇਤਫ਼ਾਕ ਰੱਖਦੇ ਹਨ ਕਿ ਇਹ ਯਾਦਗਾਰ ਹੋਰਾਂ ਧਰਮਾਂ ਦੇ ਲੋਕਾਂ ਦੀਆਂ ਭਾਵਨਾਵਾਂ 'ਤੇ ਹਮਲਾ ਨਹੀਂ ਹੋਵੇਗੀ?

ਇਸ ਤੋਂ ਇਲਾਵਾ ਐਡਵੋਕੇਟ ਠਾਕੁਰ ਵੱਲੋਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਸਾਕਾ ਨੀਲਾ ਤਾਰਾ ਪੰਜਾਬ ਦੀ ਉਸ ਸਿਆਸਤ ਦਾ ਨਤੀਜਾ ਸੀ ਜੋ ਕਿ ਧਰਮ ਦੇ ਨਾਂ ਹੇਠ ਇਕ ਖੇਡ ਵਜੋਂ ਖੇਡੀ ਗਈ ਸੀ ਤੇ ਜਿਸ ਵਿਚ ਸੂਬੇ ਦੇ ਮੌਜੂਦਾ ਸੱਤਾਧਾਰੀ ਰਾਜਨੇਤਾ ਤੇ ਸੰਤ ਭਿੰਡਰਾਂਵਾਲਾ ਸ਼ਾਮਲ ਸਨ। ਪਟੀਸ਼ਨ ਵਿਚ ਯਾਦਗਾਰ ਦੇ ਨਿਰਮਾਣ ਨੂੰ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਸਮਾਨ ਦੱਸਿਆ ਗਿਆ ਹੈ। ਅਦਾਲਤ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ ਲਈ 15 ਅਕਤੂਬਰ ਦੀ ਤਾਰੀਖ ਤੈਅ ਕੀਤੀ ਗਈ ਹੈ।

# ਰਿਪਬਲਿਕਨ ਆਗੂ ਵੱਲੋਂ ਸਿੱਖਾਂ ਦੀ ਪਛਾਣ ਨੂੰ ਉਭਾਰਨ ਦਾ ਭਰੋਸਾ



**ਚੰਡੀਗੜ੍ਹ:** ਅਮਰੀਕੀ ਰਿਪਬਲੀਕਨ ਪਾਰਟੀ ਦੇ ਸੀਨੀਅਰ ਆਗੂ ਕਰਟ ਵੈਲਡਨ ਨੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਵਿਭਾਗ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ। ਉਨ੍ਹਾਂ ਅਮਰੀਕਾ ਵਿਚ ਵਸਦੇ ਪੰਜਾਬੀਆਂ ਦੇ ਮਸਲਿਆਂ ਦੇ ਹੱਲ ਲਈ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਕਰਟ ਵੈਲਡਨ ਨੇ ਅਮਰੀਕਾ ਦੀ ਤਰੱਕੀ ਵਿਚ ਪੰਜਾਬੀਆਂ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਮਰੀਕਾ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵਸਦੇ ਹਨ ਜੋ ਅਮਰੀਕਾ ਤੇ ਭਾਰਤ ਵਿਚਕਾਰ ਇਕ ਕੜੀ ਦਾ ਕੰਮ ਕਰ ਰਹੇ ਹਨ।

ਸ. ਮਜੀਠੀਆ ਨੇ ਪਿਛਲੇ ਦਿਨੀਂ ਓਕ ਕਰੀਕ ਵਿਖੇ ਛੇ ਨਿਰਦੋਸ਼ ਸਿੱਖਾਂ ਦੇ ਕਤਲ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਮਰੀਕਾ ਵਿਚ ਗਲਤ ਪਛਾਣ ਕਾਰਨ ਸਿੱਖ ਲਗਾਤਾਰ ਹਮਲਿਆਂ ਦੇ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਰਟ ਵੈਲਡਨ ਨੂੰ ਅਪੀਲ ਕੀਤੀ ਕਿ ਉਹ ਆਪਣਾ ਰਸੂਖ ਵਰਤ ਕੇ ਅਮਰੀਕਾ ਵਿਚ ਸਿੱਖਾਂ ਦੀ ਵੱਖਰੀ ਪਛਾਣ ਬਾਰੇ ਆਮ ਅਮਰੀਕੀਆਂ ਨੂੰ ਜਾਣੂ ਕਰਵਾਉਣ। ਕਰਟ ਵੈਲਡਨ ਨੇ ਓਕ ਕਰੀਕ ਦੀ ਘਟਨਾ ਨੂੰ ਅਫਸੋਸਨਾਕ ਦੱਸਦਿਆਂ ਕਿਹਾ ਕਿ ਉਹ ਅਮਰੀਕਾ ਵਿਚ ਜਿੱਥੇ ਸਿਆਸੀ ਤੇ ਪ੍ਰਸ਼ਾਸਕੀ ਤੌਰ 'ਤੇ ਆਪਣੇ ਸੈਨੇਟਰ ਸਾਥੀਆਂ ਦੀ ਮਦਦ ਨਾਲ ਸਿੱਖਾਂ ਦੀ ਨਿਵੇਕਲੀ ਪਛਾਣ ਬਾਰੇ ਅਮਰੀਕੀਆਂ ਨੂੰ ਦੱਸਣ ਲਈ ਯਤਨ ਕਰਨਗੇ, ਉੱਥੇ ਅਮਰੀਕੀ ਸਿੱਖ ਸੰਸਥਾਵਾਂ ਨਾਲ ਮਿਲ ਕੇ ਵਿਸ਼ੇਸ਼ ਮੁਹਿੰਮ ਵੀ ਵਿੱਢਣਗੇ।

# ਸ਼੍ਰੋਮਣੀ ਕਮੇਟੀ ਤੇ ਬਾਦਲ ਸਰਕਾਰ ਨੇ ਭਾਈ ਘਨੱਈਆ ਨੂੰ ਵਿਸਾਰਿਆ

**ਚੰਡੀਗੜ੍ਹ (ਬਿਊਰੋ):** ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰੈੱਡ ਕਰਾਸ ਦੇ ਬਾਨੀ ਭਾਈ ਘਨੱਈਆ ਦੀ ਕੋਈ ਢੁਕਵੀਂ ਯਾਦਗਾਰ ਨਹੀਂ ਬਣਾਈ। ਪੰਜਾਬ ਰੈੱਡ ਕਰਾਸ ਸੁਸਾਇਟੀ ਭਾਵੇਂ 20 ਸਤੰਬਰ ਨੂੰ ਭਾਈ ਘਨੱਈਆ ਦਿਹਾੜੇ ਵਜੋਂ ਮਨਾਉਂਦੀ ਹੈ ਪਰ ਦੁੱਖ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਇਸ ਪਾਸੇ ਧਿਆਨ ਨਹੀਂ ਦਿੱਤਾ। ਪੰਜਵੀਂ ਵਾਰ ਮੁੱਖ ਮੰਤਰੀ ਬਣੇ ਸ. ਪ੍ਰਕਾਸ਼ ਸਿੰਘ ਬਾਦਲ ਦਾ ਵੀ ਧਿਆਨ ਅਜੇ ਤੱਕ ਭਾਈ ਘਨੱਈਆ ਵੱਲ ਨਹੀਂ ਗਿਆ।

ਬੇਸ਼ੱਕ ਵਿਸ਼ਵ ਰੈੱਡ ਕਰਾਸ ਦੇ ਇਤਿਹਾਸ ਅਨੁਸਾਰ ਰੈੱਡ ਕਰਾਸ ਦੀ ਸ਼ੁਰੂਆਤ 1863 ਵਿਚ ਸਰ ਹੈਨਰੀ ਡੂਨਾਂਟ ਵੱਲੋਂ ਕੀਤੀ ਗਈ ਸੀ ਪਰ ਭਾਈ ਘਨੱਈਆ ਨੇ ਮਾਨਵਤਾ ਦੇ ਭਲੇ ਦੇ ਇਸ ਕਾਰਜ ਦੀ ਸ਼ੁਰੂਆਤ 1705 ਵਿਚ ਖਾਲਸਾ ਪੰਥ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਤੋਂ ਉਸ ਵੇਲੇ ਕੀਤੀ ਸੀ ਜਦੋਂ ਮੁਗਲ ਫੌਜਾਂ ਨਾਲ ਗੁਰੂ ਗੋਬਿੰਦ ਸਿੰਘ ਦੀਆਂ ਫੌਜਾਂ ਨੇ ਯੁੱਧ ਕੀਤਾ ਸੀ। ਇਸ ਮੌਕੇ ਉਹ ਆਨੰਦਪੁਰ ਸਾਹਿਬ ਦੇ ਇਰਦ-ਗਿਰਦ ਸ਼ਿਵਾਲਕ ਦੀਆਂ ਪਹਾੜੀਆਂ ਵਿਚੋਂ-ਵਿਚ ਬਣੀਆਂ ਪਵਿੱਤਰ ਬਾਉਲੀਆਂ ਤੋਂ ਪਾਣੀ ਭਰ ਕੇ ਆਪਣੀ ਪੁਰਾਤਨ ਮਸ਼ਕ ਦੇ ਨਾਲ ਯੁੱਧ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਪਿਲਾਉਂਦੇ ਸਨ ਤੇ ਉਨ੍ਹਾਂ ਦੀ ਮੱਲ੍ਹਮ ਪੱਟੀ ਵੀ ਕਰਦੇ ਸਨ। ਉਨ੍ਹਾਂ ਨੇ ਰੈੱਡ ਕਰਾਸ ਦੀ ਸਥਾਪਨਾ ਤਕਰੀਬਨ 158 ਸਾਲ ਪਹਿਲਾਂ ਹੀ ਕਰ ਦਿੱਤੀ ਸੀ ਪਰ ਦੁੱਖ ਇਸ ਗੱਲ ਦਾ ਹੈ ਕਿ ਵਿਸ਼ਵ ਇਤਿਹਾਸ ਵਿਚ ਅੱਜ ਤੱਕ ਭਾਈ ਘਨੱਈਆ ਦਾ ਨਾਂ ਦਰਜ ਨਹੀਂ ਹੋ ਸਕਿਆ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਉਹ ਭਾਈ ਘਨੱਈਆ ਦੀ ਯਾਦ ਵਿਚ ਜਲਦੀ ਹੀ ਕੋਈ ਵਿਲੱਖਣ ਯਾਦਗਾਰ ਬਣਾਉਣ ਦਾ ਐਲਾਨ ਕਰਨਗੇ।


ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਰੈੱਡ ਕਰਾਸ ਸੁਸਾਇਟੀ ਵੱਲੋਂ ਰਾਜ ਪੱਧਰ 'ਤੇ ਮਨਾਏ ਜਾ ਰਹੇ 20 ਸਤੰਬਰ ਦੇ ਸਮਾਗਮ ਲਈ ਉਹ ਉਨ੍ਹਾਂ ਨੂੰ ਪੂਰਾ ਸਹਿਯੋਗ ਦੇ ਰਹੇ ਹਨ।

# ਗੁਰਦੁਆਰਾ ਐਕਟ 'ਚੋਂ ਸਹਿਜਧਾਰੀ ਸ਼ਬਦ ਹਟਾਉਣ 'ਤੇ ਜ਼ੋਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਗੁਰਦੁਆਰਾ ਐਕਟ ਵਿਚ ਸੋਧ ਕਰਕੇ ਐਕਟ ਵਿਚੋਂ ਸਹਿਜਧਾਰੀ ਸ਼ਬਦ ਨੂੰ ਹਟਾਇਆ ਜਾਵੇ ਕਿਉਂਕਿ ਸਿੱਖ ਧਰਮ ਵਿਚ ਸਿੱਖ ਤੇ ਪਤਿਤ ਦੋ ਹੀ ਸ਼ਬਦ ਹਨ ਪਰ ਸਹਿਜਧਾਰੀ ਲਈ ਕੋਈ ਥਾਂ ਨਹੀਂ ਹੈ। ਜਥੇਦਾਰ ਅਵਤਾਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਡਾ. ਰਤਨ ਸਿੰਘ ਅਜਨਾਲਾ ਵੱਲੋਂ ਸੰਵਿਧਾਨ ਦੀ ਧਾਰਾ 25 ਬੀ ਸੋਧ ਬਿੱਲ ਨੂੰ ਸੰਸਦ 'ਚ ਲੈ ਕੇ ਜਾਣ ਦੀ ਸ਼ਲਾਘਾ ਕੀਤੀ। ਇਸ ਧਾਰਾ ਵਿਚ ਸੋਧ ਨਾਲ ਸਿੱਖਾਂ ਦੀ ਵੱਖਰੀ ਪਛਾਣ ਦਾ ਮਾਮਲਾ ਸਥਾਈ ਤੌਰ 'ਤੇ ਹੱਲ ਹੋ ਜਾਵੇਗਾ।

ਉਂਜ ਲੋਕ ਸਭਾ ਵਿਚ ਰੌਲੇ-ਰੱਪੇ ਕਾਰਨ ਇਹ ਸੋਧ ਬਿੱਲ ਪੇਸ਼ ਨਾ ਕੀਤਾ ਜਾ ਸਕਿਆ। ਇਸ ਰੌਲੇ-ਰੱਪੇ ਕਾਰਨ ਲੋਕ ਸਭਾ ਵਿਚ ਚਾਰ ਤੇ ਰਾਜ ਸਭਾ ਵਿਚ ਦੋ ਬਿੱਲ ਹੀ ਪੇਸ਼ ਕੀਤੇ ਜਾ ਸਕੇ। ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਮੈਂਬਰ ਡਾ. ਰਤਨ ਸਿੰਘ ਅਜਨਾਲਾ ਨੇ ਸੰਵਿਧਾਨ ਦੀ ਧਾਰਾ 25 ਵਿਚ ਸੋਧ ਲਈ ਬਿੱਲ ਪੇਸ਼ ਕਰਨਾ ਸੀ ਤੇ ਲੋਕ ਸਭਾ ਦੀ ਸਪੀਕਰ ਨੇ ਉਨਾਂ ਦਾ ਬਿੱਲ ਦੋ ਵਾਰ ਕਾਰਵਾਈ ਸੂਚੀ ਵਿਚ ਸ਼ਾਮਲ ਵੀ ਕੀਤਾ ਪਰ ਦੋਵੇਂ ਵਾਰ ਸਦਨ ਵਿਚ ਰੌਲਾ-ਰੱਪਾ ਪੈਣ ਕਰਕੇ ਸਦਨ ਦੀ ਕਾਰਵਾਈ ਮੁਲਤਵੀ ਹੋ ਗਈ। ਇਸ ਤਰ੍ਹਾਂ ਇਹ ਬਿੱਲ ਵੀ ਦੋ ਢਾਈ ਮਹੀਨਿਆਂ ਲਈ ਅੱਗੇ ਪੈ ਗਿਆ। ਹੁਣ ਉਨ੍ਹਾਂ ਨੇ ਇਸ ਸੋਧ ਲਈ ਕੇਂਦਰੀ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੂੰ ਚਿੱਠੀ ਲਿਖੀ ਹੈ ਜਿਸ ਵਿਚ ਇਸ ਨੂੰ ਪਾਸ ਕਰਵਾਉਣ 'ਤੇ ਜ਼ੋਰ ਦਿੱਤਾ ਗਿਆ ਹੈ।

## ਸਿੱਖਾਂ ਦੀ ਵੱਖਰੀ ਪਛਾਣ ਬਾਰੇ ਬਿੱਲ ਲਟਕਿਆ



ਫਿਲਮ 'ਸਨ ਆਫ ਸਰਦਾਰ' ਬਾਰੇ ਵਿਵਾਦ ਤੋਂ ਬਾਅਦ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਫਿਲਮ ਸੈਂਸਰ ਬੋਰਡ ਇਕ ਸਿੱਖ ਮੈਂਬਰ ਨਾਮਜ਼ਦ ਕਰੇ। ਇੰਡੀਅਨ ਆਈਡਲ ਵਿਚ ਦੂਸਰੇ ਸਥਾਨ 'ਤੇ ਰਹੇ ਦਵਿੰਦਰਪਾਲ ਸਿੰਘ ਬਾਰੇ ਉਨ੍ਹਾਂ ਕਿਹਾ ਕਿ ਉਸ ਦੀ ਸਿੱਖ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਦੀ ਖਾਸ ਜ਼ਿੰਮੇਵਾਰੀ ਸੌਂਪੀ ਹੈ ਤੇ ਉਸ ਨੂੰ ਸ਼੍ਰੋਮਣੀ ਕਮੇਟੀ ਸਿੱਖ ਨੌਜਵਾਨਾਂ ਵਿਚ ਸਿੱਖ ਸੱਭਿਆਚਾਰ ਦੇ ਪ੍ਰਚਾਰ ਲਈ ਰੋਲ ਮਾਡਲ ਵਜੋਂ ਪੇਸ਼ ਕਰੇਗੀ। ਉਨ੍ਹਾਂ ਕਿਹਾ ਕਿ ਜਿਹੜੇ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਦੇ ਬੱਚੇ ਪਤਿਤ ਹਨ ਉਨ੍ਹਾਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਸ਼ਿਕਲੀਗਰ ਤੇ ਵਣਜਾਰੇ ਸਿੱਖਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਵਿਸ਼ੇਸ਼ ਕਦਮ ਚੁੱਕੇ ਜਾ ਰਹੇ ਹਨ।

# ਪਾਕਿ 'ਚ ਦੋ ਦਰਜਨ ਹਿੰਦੂ-ਸਿੱਖ ਸਮਾਰਕਾਂ ਨੂੰ ਮਿਲਿਆ ਵਿਰਾਸਤੀ ਦਰਜਾ

**ਚੰਡੀਗੜ੍ਹ:** ਪਾਕਿਸਤਾਨ ਵਿਚ ਪਿਛਲੇ ਕਈ ਵਰ੍ਹਿਆਂ ਤੋਂ ਹਿੰਦੂ-ਸਿੱਖਾਂ ਦੇ ਧਾਰਮਿਕ ਤੇ ਵਿਰਾਸਤੀ ਸਮਾਰਕਾਂ ਨੂੰ ਜ਼ਮੀਨਦੋਜ਼ ਕਰਨ ਦੀਆਂ ਕਾਰਵਾਈਆਂ ਜਾਰੀ ਹਨ ਪਰ ਇਸ ਦੇ ਬਾਵਜੂਦ ਪਾਕਿਸਤਾਨ ਦੀ ਕੇਂਦਰ ਸਰਕਾਰ ਨੇ ਪੰਜਾਬ ਸੂਬੇ ਦੀ ਸਿਫ਼ਾਰਸ਼ 'ਤੇ ਜਿਨ੍ਹਾਂ 147 ਸਮਾਰਕਾਂ ਨੂੰ ਪਾਕਿਸਤਾਨ ਦੀਆਂ ਵਿਰਾਸਤੀ ਇਮਾਰਤਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ, ਉਨ੍ਹਾਂ ਵਿਚ ਦੋ ਦਰਜਨ ਦੇ ਕਰੀਬ ਹਿੰਦੂਆਂ-ਸਿੱਖਾਂ ਨਾਲ ਸਬੰਧਤ ਸਮਾਰਕ ਵੀ ਮੌਜੂਦ ਹਨ।

ਇਨ੍ਹਾਂ ਸਮਾਰਕਾਂ 'ਤੇ ਕਰੋੜਾਂ ਰੁਪਏ ਖਰਚ ਕਰਦਿਆਂ ਇਨ੍ਹਾਂ ਦੇ ਨਵ-ਨਿਰਮਾਣ ਦਾ ਕੰਮ ਵੀ ਸ਼ੁਰੂ ਕਰਵਾ ਦਿੱਤਾ ਗਿਆ ਹੈ। ਇਨ੍ਹਾਂ ਸਮਾਰਕਾਂ ਵਿਚ ਅਟਕ ਜ਼ਿਲ੍ਹੇ ਦਾ ਸੱਸੀ ਦਾ ਕਾਲਰਾ (ਸੱਸੀ-ਪੁਨੂੰ ਨਾਲ ਸਬੰਧਤ), ਇੰਦਰਕੋਟ ਦੇ ਮੰਦਰ, ਬੁੱਧਾ ਸਤੂਪ, ਗੁਜਰਾਂਵਾਲਾ ਜ਼ਿਲ੍ਹੇ ਦੀ ਮਹਾਰਾਜਾ ਰਣਜੀਤ ਸਿੰਘ ਦਾ ਜੱਦੀ ਹਵੇਲੀ ਤੇ ਸ. ਮਹਾਂ ਸਿੰਘ ਸ਼ੁਕਰਚੱਕੀਆਂ ਦੀ ਬਾਰਾਂਦਰੀ, ਜੇਹਲਮ ਜ਼ਿਲ੍ਹੇ ਦਾ ਕਟਾਸਰਾਜ ਮੰਦਰ, ਸੱਤ-ਘਰਾਂ ਮੰਦਰ, ਹਰੀ ਸਿੰਘ ਨਲਵਾ ਦੀ ਹਵੇਲੀ, ਬੁੱਧਾ ਸਤੂਪ, ਰਾਜਾ ਮਾਨ ਸਿੰਘ ਦੀ ਹਵੇਲੀ ਸਮੇਤ ਲਾਹੌਰ ਵਿਚਲੀ ਸ਼ੇਰ-ਏ-ਪੰਜਾਬ ਵੱਲੋਂ ਬਣਵਾਈ ਹਜ਼ੂਰੀ ਬਾਗ ਦੀ ਬਾਰਾਂਦਰੀ ਤੇ ਬਾਗ, ਮਹਾਰਾਜਾ ਰਣਜੀਤ ਸਿੰਘ, ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਦੀਆਂ ਸਮਾਧਾਂ, ਸ਼ੇਰ ਸਿੰਘ ਦੀ ਸਮਾਧ ਤੇ ਬਾਰਾਂਦਰੀ, ਰਾਜਾ ਦੀਨਾਨਾਥ ਦਾ ਖੂਹ, ਭਾਈ ਬਸਤੀ ਰਾਮ ਦੀ ਸਮਾਧ, ਭਾਟੀ ਦਰਵਾਜੇ ਵਿਚਲੀ ਕੰਵਰ ਨੌਨਿਹਾਲ ਸਿੰਘ ਦੀ ਹਵੇਲੀ ਤੇ ਸ਼ਾਹੀ ਕਿਲ੍ਹੇ ਵਿਚ ਮੌਜੂਦ ਲਵ (ਸ੍ਰੀ ਰਾਮ ਚੰਦਰ ਦੇ ਸਪੁੱਤਰ ਤੇ ਲਾਹੌਰ ਸ਼ਹਿਰ ਦੇ ਜਨਕ) ਦੀ ਸਮਾਧ ਸ਼ਾਮਲ ਹਨ।

## ਮੰਦਰਾਂ 'ਤੇ ਨਾਜਾਇਜ਼ ਕਬਜ਼ਿਆਂ ਨੂੰ ਹਾਈ ਕੋਰਟ 'ਚ ਚੁਣੌਤੀ



*ਮਹਾਰਾਜਾ ਰਣਜੀਤ ਸਿੰਘ ਦੀ ਸਮਾਧ।*

ਇਸੇ ਦੌਰਾਨ ਲਾਹੌਰ ਸਥਿਤ ਹਿੰਦੂ ਮੰਦਰਾਂ ਨੂੰ ਜ਼ਮੀਨਦੋਜ਼ ਕੀਤੇ ਜਾਣ ਤੇ ਉਨ੍ਹਾਂ 'ਤੇ ਪਾਕਿਸਤਾਨੀ ਭੂ-ਮਾਫ਼ੀਆ ਵੱਲੋਂ ਕੀਤੇ ਜਾ ਰਹੇ ਨਾਜਾਇਜ਼ ਕਬਜ਼ਿਆਂ ਦਾ ਮਾਮਲਾ ਲਾਹੌਰ ਹਾਈ ਕੋਰਟ ਵਿਚ ਪਹੁੰਚ ਗਿਆ ਹੈ। ਲਾਹੌਰ ਦੇ ਵਕੀਲ ਜਾਵੇਦ ਇਕਬਾਲ ਜਾਫ਼ਰੀ ਨੇ ਪਿਛਲੇ ਹਫ਼ਤੇ 30 ਅਗਸਤ ਨੂੰ ਲਾਹੌਰ ਹਾਈ ਕੋਰਟ ਵਿਚ ਪਟਿਸ਼ਨ ਦਾਇਰ ਕਰਦਿਆਂ ਅਦਾਲਤ ਤੋਂ ਪੰਜਾਬ ਸਰਕਾਰ (ਪਾਕਿਸਤਾਨ) ਨੂੰ ਲਾਹੌਰ ਦੇ ਹਿੰਦੂ ਮੰਦਰਾਂ ਤੋਂ ਕਬਜ਼ੇ ਹਟਵਾ ਕੇ ਉਨ੍ਹਾਂ ਦਾ ਨਵ-ਨਿਰਮਾਣ ਕਰਵਾਉਣ ਲਈ ਹੁਕਮ ਜਾਰੀ ਕਰਨ ਦੀ ਅਪੀਲ ਕੀਤੀ ਹੈ।

ਜਨਾਬ ਜਾਫ਼ਰੀ ਨੇ ਅਪਣੀ ਪਟੀਸ਼ਨ ਵਿਚ ਇਹ ਵੀ ਲਿਖਿਆ ਹੈ ਕਿ ਪਾਕਿਸਤਾਨੀ ਪੰਜਾਬ ਵਿਚ ਰਹਿ ਰਹੇ ਘੱਟ ਗਿਣਤੀ ਹਿੰਦੂਆਂ ਦੇ ਧਾਰਮਿਕ ਹੱਕਾਂ ਤੇ ਉਨ੍ਹਾਂ ਦੇ ਮੰਦਰਾਂ ਦੀ ਹਿਫ਼ਾਜ਼ਤ ਕਰਨਾ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ। ਜਾਫ਼ਰੀ ਨੇ ਦੋਸ਼ ਲਾਇਆ ਹੈ ਕਿ ਭਾਰਤ ਵਿਚ ਸੰਨ 1992 ਵਿਚ ਉਠੇ ਬਾਬਰੀ ਮਸਜਿਦ ਵਿਵਾਦ ਦੌਰਾਨ ਲਾਹੌਰ ਦੇ ਦੰਗਾਕਾਰੀਆਂ ਵੱਲੋਂ ਗਿਰਾਏ ਗਏ ਜੈਨ ਮੰਦਰ 'ਤੇ ਅੱਜ ਵੀ ਭੂ-ਮਾਫ਼ੀਆਂ ਦਾ ਕਬਜ਼ਾ ਕਾਇਮ ਹੈ। ਸੰਨ 1992 ਵਿਚ ਲਾਹੌਰ ਦੇ ਜਿਨ੍ਹਾਂ ਤਿੰਨ ਦਰਜਨ ਤੋਂ ਵਧੇਰੇ ਮੰਦਰਾਂ ਨੂੰ ਦੰਗਾਕਾਰੀਆਂ ਵੱਲੋਂ ਗਿਰਾਇਆ ਗਿਆ ਸੀ, ਉਨ੍ਹਾਂ 'ਤੇ ਭੂ-ਮਾਫ਼ੀਆਂ ਦੇ ਲੋਕਾਂ ਨੇ ਕਬਜ਼ਾ ਬਰਕਰਾਰ ਰੱਖਿਆ ਹੋਇਆ ਹੈ।

## ਮਹਾਰਾਜਾ ਦਲੀਪ ਸਿੰਘ ਦੇ ਪੁੱਤਰ ਦੀ ਕਬਰ ਦੀ ਮੁਰੰਮਤ ਕਰਵਾਈ

**ਲੰਡਨ:** ਪਰਥਸ਼ਾਇਰ (ਸਕਾਟਲੈਂਡ) ਸਥਿਤ ਗਿਰਜਾਘਰ ਵਿਚ ਮਹਾਰਾਜਾ ਦਲੀਪ ਸਿੰਘ ਦੇ 1865 ਵਿਚ ਫੌਤ ਹੋਏ ਸਭ ਤੋਂ ਵੱਡੇ ਪੁੱਤਰ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ। ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਕੀਤੇ ਜਾਣ ਮਗਰੋਂ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ 13 ਸਾਲ ਦੀ ਉਮਰ ਵਿਚ 1854 ਵਿਚ ਦੇਸ਼ ਨਿਕਾਲਾ ਦੇ ਕੇ ਬਰਤਾਨੀਆ ਭੇਜ ਦਿੱਤਾ ਗਿਆ ਸੀ। ਉਹ ਸਕਾਟਲੈਂਡ ਚਲਾ ਗਿਆ ਸੀ ਤੇ ਉਥੇ 'ਪਰਥਸ਼ਾਇਰ ਦੇ ਬਲੈਕ ਪ੍ਰਿੰਸ' ਵਜੋਂ ਜਾਣਿਆ ਜਾਣ ਲੱਗਾ ਸੀ। ਪਰਥਸ਼ਾਇਰ ਵਿਚ ਦਲੀਪ ਸਿੰਘ ਦੀ ਪਹਿਲੀ ਸੰਤਾਨ (ਪੁੱਤਰ) 4 ਅਗਸਤ, 1865 ਵਿਚ ਪੈਦਾ ਹੋਈ ਪਰ ਕੁਝ ਹੀ ਘੰਟਿਆਂ ਮਗਰੋਂ ਬੱਚਾ ਮਰ ਗਿਆ ਸੀ। ਬੱਚੇ ਨੂੰ ਪਰਥਸ਼ਾਇਰ ਵਿਚ ਹੀ ਦਫਨਾਇਆ ਗਿਆ ਸੀ। ਕੈਨਮੋਰ ਕਿਰਕ ਦੇ ਐਂਗਲੋ-ਸਿੱਖ ਹੈਰੀਟੇਜ ਟਰੇਲ (ਏ.ਐਸ.ਐਚ.ਟੀ.) ਵੱਲੋਂ ਬੀਤੇ ਦਿਨ ਕਰਵਾਏ ਸਮਾਗਮ ਦੌਰਾਨ ਬੱਚੇ ਦੀ ਕਬਰ 'ਤੇ ਲਾਏ ਪੱਥਰ ਨੂੰ ਸਾਫ ਕਰਕੇ ਉਸ 'ਤੇ ਲਿਖੀ ਸ਼ਬਦਾਵਲੀ ਨੂੰ ਹੋਰ ਸਪਸ਼ਟ ਕੀਤਾ ਗਿਆ। ਏ.ਐਸ.ਐਚ.ਟੀ. ਦੇ ਨਿਰਦੇਸ਼ਕ ਹਰਬਿੰਦਰ ਸਿੰਘ ਨੇ ਦੱਸਿਆ ਕਿ ਬੱਚੇ ਦੀ ਇਸ ਕਬਰ ਨਾਲ ਇਹ ਤੱਥ ਜੁੜਿਆ ਹੋਇਆ ਹੈ ਕਿ ਇਸ ਨੇ ਸਿੱਖ ਰਾਜ ਦੇ ਵਾਰਿਸ ਵਜੋਂ ਜਨਮ ਲਿਆ ਸੀ।

# ਸਾਜਨ ਸੰਤ ਕਰਹੁ ਇਹੁ ਕਾਮੁ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਮੈਂ ਹਰ ਸਾਲ ਚਾਰ-ਪੰਜ ਹਫ਼ਤੇ ਲਈ ਅਮਰੀਕਾ ਤੋਂ ਪੰਜਾਬ ਜਾਂਦਾ ਹਾਂ ਤੇ ਸਭ ਦੋਸਤਾਂ-ਮਿੱਤਰਾਂ ਨੂੰ ਮਿਲ ਕੇ ਆਉਂਦਾ ਹਾਂ। ਜਿਨ੍ਹਾਂ ਨੂੰ ਨਾ ਮਿਲ ਸਕਾਂ ਉਨ੍ਹਾਂ ਦੀ ਰਾਜੀ ਖੁਸ਼ੀ ਇੱਧਰੋਂ-ਉਧਰੋਂ ਪਤਾ ਕਰਦਾ ਹਾਂ। ਪਿਛਲੇ ਸਾਲ ਜੁਲਾਈ ਵਿਚ ਜਦੋਂ ਗਿਆ ਤਾਂ ਜਾਂਦੇ ਹੀ ਪੰਜਾਬੀ ਯੂਨੀਵਰਸਿਟੀ ਦੇ ਇਕ ਕੰਮ ਵਿਚ ਅਜਿਹਾ ਉਲਝਿਆ ਕਿ ਡੇਢ ਹਫਤਾ ਕਿਤੇ ਨਾ ਜਾ ਸਕਿਆ। ਇਕ ਦਿਨ ਮੀਟਿੰਗ ਸੈਕਸ਼ਨ ਦੇ ਸੁਪਰਡੈਂਟ ਪਿੰਕੇ ਕੋਲ ਇਕ ਪੁਰਾਣੇ ਸਿਲੇਬਸ ਦੀ ਫਾਈਲ ਪਤਾ ਕਰਨ ਗਿਆ। ਪਿੰਕਾ ਮੇਰੇ ਪਿੰਡ ਦਾ ਮੁੰਡਾ ਹੈ ਤੇ ਮੇਰਾ ਅਜੀਜ਼। ਪਿੰਡ ਵਿਚ ਉਸ ਦੀ ਜ਼ਮੀਨ ਮੇਰੀ ਜ਼ਮੀਨ ਦੇ ਨੇੜੇ ਹੀ ਪੈਂਦੀ ਸੀ ਇਸ ਲਈ ਮੈਂ ਹਰ ਸਾਲ ਆਪਣੀ ਜ਼ਮੀਨ ਠੇਕੇ ਤੇ ਦੇਣ ਤੋਂ ਪਹਿਲਾ ਪਿੰਡ ਵਿਚ ਚਲਦੇ ਠੇਕੇ ਦਾ ਰੇਟ ਵੀ ਉਸੇ ਤੋਂ ਦਰਿਆਫ਼ਤ ਕਰਦਾ ਸਾਂ। ਫਾਈਲ ਤੇ ਠੇਕੇ ਦੀਆਂ ਗੱਲਾਂ ਕਰਨ ਤੋਂ ਬਾਦ ਮੈਂ ਉਸ ਨੂੰ ਨਾਲ ਦੇ ਪਿੰਡ ਦੇ ਸੰਤ ਗੁਰਪਾਲ ਸਿੰਘ ਦਾ ਹਾਲ ਪੁੱਛਿਆ।

ਗੁਰਪਾਲ ਸਿੰਘ ਇਲਾਕੇ ਦੀ ਪ੍ਰਮੰਨੀ ਹਸਤੀ ਸੀ ਤੇ ਸਭ ਨੂੰ ਪਤਾ ਸੀ ਕਿ ਉਹ ਮੇਰਾ ਬਹੁਤ ਕਰੀਬੀ ਮਿੱਤਰ ਸੀ। ਉਸ ਦਾ ਨਾਂ ਸੁਣ ਕੇ ਪਿੰਕੇ ਦਾ ਮੂੰਹ ਕਸਿਆ ਗਿਆ। ਥੋੜਾ ਸੋਚ ਕੇ ਕਹਿਣ ਲਗਿਆ, "ਪ੍ਰੋਫੈਸਰ ਸਾਹਿਬ, ਮਾੜੇ ਦਾ ਮਾੜਾ ਹਾਲ, ਤੁਹਾਨੂੰ ਪਤਾ ਈ ਐ।" ਉਸ ਦੀ ਗੱਲ ਸੁਣ ਕੇ ਮੈਂ ਠਠੰਬਰ ਗਿਆ। ਮੈਨੂੰ ਲਗਿਆ ਜਿਵੇਂ ਉਹ ਕੁਝ ਹੋਰ ਵੀ ਕਹਿਣਾ ਚਾਹੁੰਦਾ ਹੋਵੇ ਪਰ ਮੇਰਾ ਲਿਹਾਜ ਕਰ ਕੇ ਝਿਜਕ ਗਿਆ ਹੋਵੇ। ਮੈਂ ਸੋਚਿਆ ਅਜੇ ਹੁਣੇ ਤਾਂ ਨਵੇਂ ਸਾਲ ਦੀ ਵਧਾਈ ਦੇਣ ਵੇਲੇ ਗੁਰਪਾਲ ਨਾਲ ਮੇਰੀ ਲੰਮੀ ਗੱਲ ਬਾਤ ਹੋਈ ਸੀ। ਉਦੋਂ ਤਾਂ ਉਹ ਚੜਦੀਆਂ ਕਲਾਂ ਵਿਚ ਸੀ। ਫਿਰ ਕੁਝ ਮਹੀਨਿਆਂ ਵਿਚ ਹੀ ਉਸ ਨੂੰ ਕੀ ਹੋ ਗਿਆ? ਇਹ ਸੋਚ ਕੇ ਕਿ ਕਿਸੇ ਭਾਈਚਾਰਕ ਰੰਜਸ਼ ਕਾਰਣ ਪਿੰਕਾ ਉਸ ਦੀ ਬਦਖੋਈ ਕਰ ਰਿਹਾ ਹੈ, ਮੈਂ ਕਿਸੇ ਦਾਅ ਉਸ ਦੇ ਦਿਲ ਦੀ ਗੱਲ ਕਢਵਾਉਣੀ ਚਾਹੀ।

"ਕੀ ਗੱਲ, ਕੋਈ ਢਿੱਲਾ ਮੱਠਾ ਹੋ ਗਿਆ ਐ ਸੰਤ?" ਮੈਂ ਟੇਢੇ ਢੰਗ ਨਾਲ ਪੁਛਿਆ।

"ਨਹੀਂ ਜੀ, ਢਿੱਲੇ ਮੱਠੇ ਕਾਹਨੂੰ ਹੁੰਦੇ ਐ ਇਹੋ ਜਿਹੇ ਲੋਕ। ਥੋਡਾ ਤਾਂ ਦੋਸਤ ਐ, ਥੋਨੂੰ ਤਾਂ ਪਤਾ ਈ ਐ ਉਸ ਦੀਆਂ ਹਰਕਤਾਂ ਦਾ।" ਉਹ ਬੋਲਿਆ।

ਇਸ ਤੋਂ ਪਹਿਲਾਂ ਕਿ ਉਹ ਉਸ ਦੀਆਂ ਚੰਗੀਆਂ ਮਾੜੀਆਂ 'ਹਰਕਤਾਂ' ਨਾਲ ਮੈਨੂੰ ਵੀ ਵਲੇਟ ਲਵੇ, ਮੈਂ ਕਿਹਾ, "ਬਈ ਮੇਰੀ ਤਾਂ ਉਸ ਨਾਲ ਸਾਲ ਬਾਦ ਘੰਟੇ ਦੋ ਘੰਟੇ ਦੀ ਮੁਲਾਕਾਤ ਹੁੰਦੀ ਐ। ਨਾਲੇ ਦੂਜੇ ਪਿੰਡ ਦਾ ਕੰਮ ਐ। ਕਿੱਥੇ ਪਤਾ ਚਲਦਾ ਐ ਬੰਦੇ ਬਾਰੇ ਸਭ ਕੁਝ ਦਾ। ਐਸ ਵਾਰ ਤਾਂ ਯੂਨੀਵਰਸਿਟੀ ਦੇ ਚੱਕਰਾਂ ਵਿਚ ਹਾਲੇ ਪਿੰਡ ਵੀ ਨਹੀਂ ਜਾ ਸਕਿਆ। ਜਾਵਾਂਗਾ ਤਾਂ ਮਿਲਾਂਗਾ ਸਭ ਨੂੰ। ਪਰ ਜੇ ਕੋਈ ਖਾਸ ਹੀ ਭਾਣਾ ਵਰਤ ਗਿਆ ਐ ਤਾਂ ਦੱਸ, ਅੱਜ ਸ਼ਾਮ ਨੂੰ ਈ ਟਾਈਮ ਕੱਢ ਲੈਨਾਂ।"

"ਭਾਣਾ ਤਾਂ ਖਾਸ ਈ ਐ ਪ੍ਰੋਫੈਸਰ ਸਾਹਿਬ, ਪਰ ਅਸੀਂ ਤੁਹਾਡੇ ਬਚਿੱਆਂ ਵਰਗੇ ਹਾਂ, ਤੁਹਾਡੇ ਸਾਹਮਣੇ ਮੂੰਹ ਨਹੀਂ ਖੋਲ੍ਹ ਸਕਦੇ। ਪਿੰਡ ਵਿਚ ਸਭ ਨੂੰ ਪਤਾ ਐ। ਤੁਸੀਂ ਆਪਣੇ ਭਰਾ ਨੂੰ ਪੁੱਛ ਲਿਓ।"

ਮੈਨੂੰ ਲਗਿਆ ਪਿੰਕਾ ਝੂਠ ਨਹੀਂ ਬੋਲਦਾ। ਪਿਓ ਦੇ ਹਾਣ ਦਾ ਸਮਝ ਕੇ ਸੱਚੀਂ ਹੀ ਉਹ ਮੇਰੀ ਸ਼ਰਮ ਕਰ ਰਿਹਾ ਹੈ। ਬਹੁਤ ਸਾਲ ਪਹਿਲਾਂ ਜਦੋਂ ਮੈਂ ਵਾਹੀ ਕਰਦਾ ਸਾਂ, ਇਹ ਮੇਰੇ ਵੱਡੇ ਲੜਕੇ ਦਾ ਜੋੜੀਦਾਰ ਹੋਇਆ ਕਰਦਾ ਸੀ। ਨਾਲ ਦੇ ਖੇਤਾਂ ਵਿਚ ਦੋਵੇਂ ਇਕਠੇ ਟਰੈਕਟਰ ਚਲਾਉਂਦੇ ਸਨ। ਉਹ ਮੈਨੂੰ ਚਾਚਾ ਸੱਦਦਾ ਸੀ।

ਉਸ ਦੇ ਤਿਲਾਂ ਵਿਚੋਂ ਤੇਲ ਨਾ ਨਿਕਲਦੇ ਵੇਖ ਮੈਂ ਘਰੇ ਆ ਗਿਆ। ਬੇਚੈਨੀ ਕਾਰਨ ਗੁਰਪਾਲ ਦਾ ਗੁਰਮੁਖ ਚਿਹਰਾ ਤੇ ਉਸ ਨਾਲ ਬਿਤਾਏ ਬਚਪਨ ਦੇ ਦਿਨ ਮੈਨੂੰ ਘੜੀ ਮੁੜੀ ਯਾਦ ਆਈ ਜਾਣ। ਉਹ ਭਾਵੇਂ ਉਮਰ ਵਿਚ ਮੇਰੇ ਨਾਲੋਂ ਥੋੜਾ ਵਡਾ ਸੀ ਪਰ ਅਸੀਂ ਇਕੋ ਕਲਾਸ ਵਿਚ ਪੜ੍ਹਦੇ ਸਾਂ ਤੇ ਇਕੋ ਬੈਂਚ ਤੇ ਬੈਠਦੇ ਸਾਂ। ਸਵੇਰੇ ਇੱਕਠੇ ਸਕੂਲ ਜਾਣ ਲਈ ਉਹ ਆਪਣੇ ਪਿੰਡ ਦੇ ਬਾਹਰ ਨਹਿਰ ਦੇ ਪੁਲ 'ਤੇ ਮੇਰੀ ਉਡੀਕ ਕਰਦਾ। ਉਹ ਸ਼ਰੀਫ ਲੜਕਾ ਸੀ, ਮੇਰਾ ਆਦਰ ਵੀ ਬੜਾ ਕਰਦਾ ਸੀ ਤੇ ਸਹਾਇਤਾ ਵੀ। ਦਸਵੀਂ ਤੋਂ ਬਾਦ ਸਾਡੇ ਰਸਤੇ ਅਲੱਗ ਹੋ ਗਏ। ਮੈਂ ਕਾਲਜ ਪੜ੍ਹਨ ਚਲਾ ਗਿਆ ਤੇ ਉਹ ਕੋਈ ਛੋਟਾ ਕੋਰਸ ਕਰ ਕੇ ਆਪਣੇ ਪਿੰਡ ਵਿਚ ਹੀ ਅਧਿਆਪਕ ਲਗ ਗਿਆ। ਫਿਰ ਵੀ ਸਾਡੇ ਦੋਸਤਾਨਾ ਤਾਲੁਕਾਤ ਬਰਕਰਾਰ ਰਹੇ। ਅਸੀਂ ਅਕਸਰ ਮਿਲਦੇ ਰਹਿੰਦੇ ਤੇ ਦੁਖ-ਸੁਖ ਸਾਂਝੇ ਕਰਦੇ ਰਹਿੰਦੇ।

1980 ਵਿਆਂ ਦੇ ਸ਼ੁਰੂ ਵਿਚ ਜਦੋਂ ਪੰਜਾਬ ਦੇ ਹਾਲਾਤ ਗੇੜਾ ਖਾਣ ਲਗੇ, ਉਹ ਗਰਮ ਖਿਆਲੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਆ ਗਿਆ। ਪਹਿਲਾਂ ਧਰਮ-ਕਰਮ ਤੋਂ ਕੋਰਾ ਗੁਰਪਾਲ ਹੁਣ ਸਾਰਾ ਦਿਨ ਬਾਣੀ ਦੇ ਗੁਟਕੇ ਪੜ੍ਹਨ ਲਗਿਆ ਤੇ ਸਿੱਖੀ ਪ੍ਰਚਾਰ ਕਰਨ ਲੱਗਿਆ। ਉਸ ਨੇ ਕੇਸਰੀ ਦਸਤਾਰ ਸਜਾ ਲਈ ਤੇ ਅੰਮ੍ਰਿਤਪਾਨ ਕਰ ਲਿਆ। ਜਦੋਂ ਜਾਓ ਉਹ ਗਰਮ ਦਲੀਲਾਂ ਨਾਲ ਸਰਕਾਰ ਦੇ ਸਿੱਖਾਂ ਨਾਲ ਵਿਤਕਰੇ ਦੀਆਂ ਗੱਲਾਂ ਕਰਦਾ। 1984 ਦੀਆਂ ਘਟਨਾਵਾਂ ਨਾਲ ਉਸ ਨੂੰ ਕਾਫੀ ਦੁੱਖ ਪਹੁੰਚਿਆ ਤੇ ਉਹ ਸਕੂਲੀ ਕੰਮ ਕਾਜ ਤੋਂ ਉਪਰਾਮ ਰਹਿਣ ਲਗਿਆ। ਇਸੇ ਸਮੇਂ ਵਿਚ ਉਸ ਨੇ ਦਾਹੜਾ ਖੁੱਲਾ ਛੱਡ ਕੇ ਸਿੱਧੀ ਪੱਗ ਬੰਨਣੀ ਸ਼ੁਰੂ ਕਰ ਦਿਤੀ ਤੇ ਸੰਤੀ ਬਾਣਾ ਧਾਰਨ ਕਰ ਲਿਆ। ਹੌਲੀ ਹੌਲੀ ਉਸ ਦਾ ਧਿਆਨ ਆਪਣੇ ਪਿੰਡ ਦੇ ਨਿੱਕੇ ਜਿਹੇ ਗੁਰਦੁਆਰੇ ਵਲ ਮੁੜਿਆ ਤੇ ਉਹ ਇਸ ਨੂੰ ਇਕ ਮਹਾਨ ਗੁਰਧਾਮ ਬਣਾਉਣ ਦੇ ਮਨਸੂਬੇ ਵਿਚ ਰੁਝ ਗਿਆ।

ਇਹ ਗੁਰਦੁਆਰਾ ਉਸ ਦੇ ਪਿੰਡ ਦੇ ਲਹਿੰਦੇ ਪਾਸੇ ਕੰਮੀਆਂ ਦੇ ਘਰਾਂ ਵਲ ਪਈ ਖੁਲ੍ਹੀ ਸ਼ਾਮਲਾਤ ਜਮੀਨ ਵਿਚ ਸੀ। ਪਿੰਡ ਵਾਲਿਆਂ ਨੇ ਉਸ ਨੂੰ ਗੁਰਦੁਆਰੇ ਦਾ ਪ੍ਰਧਾਨ ਨਿਯੁਕਤ ਕਰ ਦਿਤਾ। ਉਸ ਨੇ ਲੋਕਾਂ ਨੂੰ ਅਖੰਡ ਪਾਠ ਕਰਵਾਉਣ ਲਈ ਉਤਸ਼ਾਹਤ ਕੀਤਾ ਤੇ ਉਸ ਨੇ ਨਿਸ਼ਕਾਮ ਪਾਠ ਕਰਨ ਲਈ ਪਿੰਡ ਵਿਚੋਂ ਹੀ ਪਾਠੀਆਂ ਦੀ ਇਕ ਟੀਮ ਖੜ੍ਹੀ ਕਰ ਲਈ। ਲਗਾਤਾਰ ਚੜ੍ਹਾਵਿਆਂ ਤੇ ਉਗਰਾਹੀਆਂ ਕਾਰਨ ਦੇਖਦੇ ਹੀ ਦੇਖਦੇ ਸੰਗਮਰਮਰ ਦਾ ਇਕ ਆਲੀਸ਼ਾਨ ਗੁਰਧਾਮ ਹੋਂਦ ਵਿਚ ਆ ਗਿਆ। ਪਿੰਡ ਵਾਲਿਆਂ ਨੇ ਸਨਮਾਨ ਵਜੋਂ ਉਸ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਬਣਾਉਣ ਦੀ ਪੇਸ਼ਕਸ਼ ਕੀਤੀ ਜੋ ਉਸ ਨੇ ਠੁਕਰਾ ਦਿਤੀ। ਇਸ ਨਾਲ ਉਸ ਦੀ ਮਾਨਤਾ ਦੂਣੀ-ਚੌਣੀ ਹੋ ਗਈ। ਸਕੂਲੀ ਨੌਕਰੀ ਤੋਂ ਅਗੇਤਰੀ ਰਿਟਾਇਰਮੈਂਟ ਲੈ ਕੇ ਉਸ ਨੇ ਘਰ-ਬਾਰ ਨੂੰਹ-ਪੁੱਤਾਂ ਹਵਾਲੇ ਕਰ ਦਿਤਾ ਤੇ ਆਪਣਾ ਸਮੁਚਾ ਜੀਵਨ ਗੁਰਦੁਆਰੇ ਦੀ ਸੇਵਾ ਦੇ ਲੇਖੇ ਲਾਉਣ ਦਾ ਪ੍ਰਣ ਕਰ ਲਿਆ। ਹੁਣ ਉਹ ਨਪਿਆ-ਤੁਲਿਆ ਬੋਲਦਾ। ਲੋਕ ਸੁਭਾਵਿਕ ਹੀ ਉਸ ਨੂੰ ਪਹਿਲਾਂ ਗਿਆਨੀ ਜੀ ਤੇ ਫਿਰ ਸੰਤ ਜੀ ਕਹਿਣ ਲਗ ਪਏ।

ਪਿਛਲੀ ਵਾਰ ਮੈਂ ਉਸ ਨੂੰ ਉਸ ਦੇ ਗੁਰਦੁਆਰੇ ਹੀ ਮਿਲਿਆ ਸੀ। ਉਸ ਨੇ ਮੈਨੂੰ ਹੱਥੀਂ ਲੰਗਰ ਛਕਾਇਆ ਤੇ ਗੁਰਦੁਆਰੇ ਦੀ ਨਵੀਂ ਬਣੀ ਬਹੁਮੰਜ਼ਲੀ ਇਮਾਰਤ ਦਿਖਾਈ। ਲੰਗਰ ਹਾਲ, ਦੀਵਾਨ ਹਾਲ, ਦੋ ਯਾਤਰੀ ਕਮਰੇ, ਗ੍ਰੰਥੀ ਨਿਵਾਸ ਤੇ ਦਫ਼ਤਰ ਆਦਿ ਢੁਕਵੇਂ ਫ਼ਰਨੀਚਰ ਨਾਲ ਫੱਬ ਰਹੇ ਹਨ। ਵਿਸਵਾਸ਼ ਨਹੀਂ ਸੀ ਆ ਰਿਹਾ ਕਿ ਕੈਲੀਫੋਰਨੀਆ ਵਿਚ ਹਾਂ ਕਿ ਉਸ ਦੇ ਪਿੰਡ ਵਿਚ। ਉਸ ਨੇ ਦਸਿਆ ਕਿ ਗੁਰਦੁਆਰੇ ਲਈ ਕਦੇ ਕੋਈ ਗ੍ਰੰਥੀ ਨਹੀਂ ਰਖਿਆ। ਇਸ ਲਈ ਉਹ ਆਪ ਹੀ ਵੱਡੇ ਸਵਖਤੇ ਉਠ ਕੇ ਵਾਕ ਲੈਂਦਾ ਹੈ ਤੇ ਪਾਠ ਕਰਦਾ ਹੈ। ਕਿਉਂਕਿ ਮੀਂਹ ਕਣੀ ਤੇ ਹਨੇਰੇ ਵਿਚ ਹਰ ਰੋਜ਼ ਸਵੇਰੇ ਘਰੋਂ ਆਉਣਾ ਔਖਾ ਹੁੰਦਾ ਹੈ ਇਸ ਲਈ ਉਹ ਰਾਤ ਨੂੰ ਗ੍ਰੰਥੀ ਨਿਵਾਸ ਵਿਚ ਹੀ ਟਿਕ ਜਾਂਦਾ ਹੈ। ਮੈਂ ਉਸ ਦੀ ਨਿਸ਼ਕਾਮ ਮਿਹਨਤ ਵੇਖ ਕੇ ਗਦ ਗਦ ਹੋ ਗਿਆ। ਪਤਾ ਨਹੀਂ ਕਿਉਂ ਉਸ ਸਾਹਮਣੇ ਮੈਨੂੰ ਆਪਣਾ ਆਪ ਛੋਟਾ ਲੱਗਣ ਲਗਿਆ। ਮੈਂ ਉਸ ਨੂੰ ਕਿਹਾ, "ਮੈਂ ਤੇਰੇ ਉਦਮ ਵਿਚ ਯੋਗਦਾਨ ਪਾਉਣਾ ਚਾਹੁੰਦਾ ਹਾਂ। ਮੇਰੀ ਇਕ ਛੋਟੀ ਜਿਹੀ ਪਰਚੀ ਕੱਟ ਦੇ।" ਮੈਂ ਇਕ ਹਜ਼ਾਰ ਦਾ ਨੋਟ ਜੇਬ 'ਚੋਂ ਕੱਢਿਆ ਤੇ ਮੇਜ਼ 'ਤੇ ਰੱਖ ਦਿਤਾ। ਉਸ ਨੇ ਬਿਨਾ ਕੁਝ ਕਹੇ ਮੈਨੂੰ ਰਸੀਦ ਦੇ ਦਿਤੀ।

ਅੱਜ ਮੈਂ ਇਸ ਨਿਸ਼ਕਾਮ ਪੁਰਖ ਬਾਰੇ ਤਾਜਾ ਤੱਥ ਜਾਨਣ ਲਈ ਬੇਤਾਬ ਸਾਂ। ਮੈਂ ਸੋਚਿਆ ਜੇ ਉਸ ਨਾਲ ਕੋਈ ਐਸੀ ਵੈਸੀ ਗੱਲ ਹੋਈ ਹੋਈ ਤਾਂ ਮੇਰੇ ਭਰਾ ਨੇ ਵੀ ਮੈਨੂੰ ਕੁਝ ਨਹੀਂ ਦਸਣਾ। ਇਸ ਲਈ ਭਰਾ ਨੂੰ ਫੋਨ ਕਰਨ ਦੀ ਗੱਲ ਛੱਡ ਮੈਂ ਸਾਢੇ ਪੰਜ ਵਜੇ ਦੀ ਉਡੀਕ ਕਰਨ ਲਗਿਆ। ਸ਼ਾਮ ਨੂੰ ਸਾਢੇ ਪੰਜ ਵਜੇ ਅਰਬਨ ਐਸਟੇਟ ਦੇ ਕਈ ਬਜ਼ੁਰਗ ਮੇਰੇ ਘਰ ਲਾਗਲੇ ਪਾਰਕ ਵਿਚ ਇੱਕਠੇ ਹੁੰਦੇ ਸਨ ਤੇ ਉਨ੍ਹਾਂ ਵਿਚ ਇਕ ਮੇਰਾ ਗਰਾਈਂ ਤੇ ਸੀਨੀਅਰ ਸਕੂਲੀ ਜਮਾਤੀ ਪੰਡਤ ਦੇਵ ਦੱਤ ਵੀ ਸੀ। ਉਹ ਮੇਰੇ ਗਵਾਂਢ ਵਿਚ ਹੀ ਰਹਿੰਦਾ ਸੀ ਤੇ ਪਿੰਡ ਦੀਆਂ ਨਿੱਕੀਆਂ ਮੋਟੀਆਂ ਖ਼ਬਰਾਂ ਦਾ ਮੇਰਾ ਮੁਖ ਸ੍ਰੋਤ ਸੀ। ਸਮਾਂ ਹੁੰਦੇ ਹੀ ਮੈਂ ਬਾਹਰ ਗੇਟ ਕੋਲ ਖੜਾ ਹੋ ਗਿਆ ਤੇ ਲੰਘਦੇ ਪੰਡਤ ਨੂੰ ਸ਼ਰਬਤ ਪਿਆਉਣ ਬਹਾਨੇ ਅੰਦਰ ਲੈ ਆਇਆ। ਸ਼ਰਬਤ ਨਾਲ ਠੰਡਾ ਕਰਨ ਤੋਂ ਬਾਦ ਮੈਂ ਉਸ ਨੂੰ ਕਿਹਾ, "ਪੰਡਤ ਜੀ! ਹੋਰ, ਪਿੰਡਾਂ ਵੱਲ ਦਾ ਕੀ ਹਾਲ ਐ?

ਕਹਿਣ ਲਗਿਆ, "ਪਿੰਡ ਸਾਲੇ ਨੇ ਕਿੱਥੇ ਜਾਣਾ ਐ? ਜਿਥੇ ਸੀ ਉਥੇ ਈ ਐ।"

"ਸਾਲ ਭਰ ਵਿਚ ਕੋਈ ਨਵੀਂ ਗੱਲ ਹੋਈ ਹੋਵੇ? " ਮੈਂ ਦੁਹਰਾ ਕੇ ਪੁੱਛਿਆ।

ਕਹਿਣ ਲਗਿਆ, "ਹਾਂ ਗੁਲਾਮ ਘਮਾਰ ਦੀ ਮਾਂ ਰਹਿਮੀ ਮਰ ਗਈ।"

"ਚਲੋ, ਉਮਰ ਹੰਢਾ ਕੇ ਤਾਂ ਜਾਣਾ ਈ ਹੋਇਆ ਸਭ ਨੇ। ਇਲਾਕੇ ਦੀ ਹੋਰ ਕੋਈ ਚਰਚਾ?" ਮੈਂ ਫਿਰ ਘੁਮਾ ਕੇ ਪੁਛਿਆ।

ਬੋਲਿਆ, "ਚਰਚਾ ਦੀ ਬੜੀ ਗੱਲ ਇਹ ਹੋਈ ਕਿ ਦੇਬ ਤਖਾਣ ਦੀ ਨੂੰਹ ਨੂੰ ਮਿੱਠੂ ਝਿਊਰ ਦਾ ਮੁੰਡਾ ਕੱਢ ਕੇ ਲੈ ਗਿਆ। ਪੁਲਸ ਨੇ ਅਗਲੇ ਦਿਨ ਦੋਵੇਂ ਕੁਲਛੇਤਰ ਦੇ ਟੇਸ਼ਣ ਤੋਂ ਫੜ ਲਏ।"

ਮੁਢੋਂ ਘੁੱਥੇ ਪੰਡਤ ਨੂੰ ਮੈਂ ਸਿੱਧੀ ਤਰ੍ਹਾਂ ਪੁੱਛਿਆ, "ਉਹ ਆਪਣਾ ਬੇਲੀ ਹਸਨਪੁਰ ਦਾ ਗੁਰਪਾਲ ਸਿੰਘ ਹੋਇਆ ਕਰਦਾ ਸੀ, ਉਹਦਾ ਕੀ ਹਾਲ ਐ?"

"ਉਹ ਮਾਸਟਰ ਗੁਰਪਾਲ ਸਿੰਘ, ਜੋ ਸੰਤ ਬਣ ਗਿਆ ਸੀ, ਉਹਨੂੰ ਤਾਂ ਬਈ ਊਜ ਲਗ'ਗੀ।"

ਮੇਰੇ ਕੰਨ ਖੜ੍ਹੇ ਹੋ ਗਏ ਤੇ ਕਲੇਜਾ ਧੜਕਣ ਲਗ ਪਿਆ। "ਕੀ ਊਜ?" ਮੈਂ ਪੁੱਛਿਆ।

ਮੇਰੀ ਗੱਲ ਸੁਣਦਿਆ ਹੀ ਖੁਲ੍ਹ ਕੇ ਕਹਿਣ ਲੱਗਾ, "ਉਸ ਨੇ ਕਈ ਸਾਲ ਪਹਿਲਾਂ ਨੌਕਰੀ ਛੱਡ ਕੇ ਆਪਣੇ ਘਰ ਨੇੜੇ ਕਿਸੇ ਦੇ ਦੋ ਕਮਰਿਆਂ ਵਿਚ ਅੰਗਰੇਜੀ ਸਕੂਲ ਖੋਲ੍ਹਿਆ ਸੀ। ਸਕੂਲ ਦੀ ਸਫਾਈ ਕਰਨ ਲਈ ਉਸ ਨੇ ਬੇਗੂ ਚੌਕੀਦਾਰ ਦੀ ਨੂੰਹ ਕਰਮੋਂ ਲਾ ਲਈ। ਕਰਮੋਂ ਦਾ ਘਰ ਵਾਲਾ ਰੰਡਾ ਤਾਂ ਗੁਜ਼ਰ ਗਿਆ ਸੀ, ਪਰ ਉਹ ਹੈ ਬੜੀ ਜਵਾਨ ਤੇ ਸੋਹਣੀ ਸੁਨਖੀ ਸੀ। ਇਹ ਗੁਰਪਾਲ ਉਸ ਨੂੰ ਸਫਾਈ ਕਰਨ ਆਈ ਨੂੰ ਇਕ ਕਮਰੇ 'ਚ ਵਾੜ ਲਿਆ ਕਰੇ ਤੇ ਦੂਜੇ ਵਿਚੋਂ ਦੀ ਬਾਹਰ ਕੱਢ ਦਿਆ ਕਰੇ। ਕੁਝ ਸਾਲ ਇੱਦਾਂ ਈ ਚਲਦਾ ਰਿਹਾ। ਫਿਰ ਪਿੰਡ ਵਿਚ ਕਈ ਹੋਰ ਇੰਗਲਿਸ਼ ਸਕੂਲ ਖੁਲ੍ਹਣ ਕਰਕੇ ਉਸ ਦਾ ਸਕੂਲ ਬੰਦ ਹੋ ਗਿਆ। ਮਾਸਟਰ ਗੁਰਦੁਆਰੇ ਦਾ ਪ੍ਰਧਾਨ ਸੀ ਤੇ ਪਾਠ ਵੀ ਆਪ ਹੀ ਕਰਦਾ ਸੀ। ਉਹ ਉਸ ਨੂੰ ਉਥੇ ਸੱਦਣ ਲੱਗ ਪਿਆ। ਤਿੰਨ ਵਜੇ ਜਦੋਂ ਉਹ ਪਾਠ ਸ਼ੁਰੂ ਕਰਦਾ, ਏਕਮਕਾਰ ਸੁਣਦਿਆਂ ਹੀ ਕਰਮੋਂ ਮੱਥਾ ਟੇਕਣ ਦੇ ਬਹਾਨੇ ਉਥੇ ਪਹੁੰਚ ਜਾਂਦੀ। ਸਾਰਾ ਪਿੰਡ ਘੂਕ ਸੁੱਤਾ ਪਿਆ ਹੁੰਦਾ, ਉਹ ਦੋਵੇਂ ਉਥੇ ਮਿਲਾਪ ਕਰਦੇ। ਗਿਆਨੀ ਪਾਠ ਕਰਨਾ ਛੱਡ ਕੇ ਪਹਿਲਾਂ ਉਸ ਨੂੰ ਅੰਦਰਲੇ ਬਾਰ ਪਿੱਛੇ ਲੈ ਜਾਂਦਾ ਤੇ ਫੇਰ ਬਾਹਰ ਲਿਆ ਕੇ ਪ੍ਰਸਾਦ ਦੇ ਕੇ ਤੋਰ ਦੇਂਦਾ। ਕਾਫੀ ਦੇਰ ਕਿਸੇ ਨੂੰ ਪਤਾ ਨਾ ਲੱਗਾ।"

"ਫੇਰ?" ਮੈਂ ਸਾਹ ਰੋਕ ਕੇ ਪੁਛਿਆ।

ਪੰਡਿਤ ਬੋਲਿਆ, "ਫੇਰ ਇਕ ਦਿਨ ਲਾਊਡ ਸਪੀਕਰ ਦੀ ਆਵਾਜ਼ ਸੁਣ ਕੇ ਮਾਧੋ ਦੇ ਮੁੰਡੇ ਬਿੱਲੂ ਦੀ ਅੱਖ ਖੁਲ੍ਹ ਗਈ। ਕੁਝ ਦੇਰ ਬਾਦ ਲਾਊਡ ਸਪੀਕਰ ਬੰਦ ਹੋ ਜਾਣ ਤੇ ਉਸ ਨੇ ਲਾਈਟ ਚੈਕ ਕੀਤੀ। ਲਾਈਟ ਤਾਂ ਆਈ ਹੋਈ ਸੀ। ਉਸ ਨੇ ਸੋਚਿਆ ਗਿਆਨੀ ਦੀ ਪੜ੍ਹਦੇ ਪੜ੍ਹਦੇ ਅੱਖ ਲੱਗ ਗਈ ਹੋਣੀ ਐ। ਦੂਜੇ ਦਿਨ ਫਿਰ ਇਵੇਂ ਹੋਇਆ। ਉਸ ਨੇ ਆਪਣੇ ਭਰਾ ਸੁੱਖੀ ਨਾਲ ਪਾਠ ਟੁੱਟਣ ਦੀ ਗੱਲ ਕੀਤੀ। ਸੁੱਖੀ ਆਪ ਪ੍ਰਧਾਨ ਬਣਨ ਦੀ ਤਾਕ ਵਿਚ ਸੀ। ਬਲਵੰਤ ਤੇ ਸੁਖਵੰਤ ਦੋਹਾਂ ਨੇ ਉਸ ਨੂੰ ਗ੍ਰੰਥ ਸਾਹਿਬ ਦੇ ਤਾਬੇ ਸੌਦਾ ਫੜਨ ਦੀ ਸਕੀਮ ਘੜੀ। ਅਗਲੇ ਦਿਨ ਉਹ ਤਿੰਨ ਵਜੇ ਹੀ ਗੁਰਦੁਆਰੇ ਤੋਂ ਬਾਹਰ ਓਹਲੇ ਵਿਚ ਖੜੇ ਹੋ ਗਏ। ਲਾਊਡ ਸਪੀਕਰ ਬੋਲਿਆ ਤਾਂ ਥੋੜੀ ਦੇਰ ਬਾਦ ਕਰਮੋ ਆਈ ਤੇ ਅੰਦਰ ਮੱਥਾ ਟੇਕਣ ਲੰਘ ਗਈ। ਪਲਾਂ ਵਿਚ ਹੀ ਲਾਊਡ ਸਪੀਕਰ ਬੰਦ ਹੋ ਗਿਆ। ਉਨ੍ਹਾਂ ਨੇ ਅੰਦਰ ਜਾ ਕੇ ਦੇਖਿਆ, ਦੀਵਾਨ ਹਾਲ ਖਾਲੀ ਸੀ। ਥੋੜ੍ਹੀ ਦੇਰ ਪਿਛੋਂ ਦੋਵੇਂ ਅੰਦਰਲੇ ਪਾਸਿਉਂ ਹਾਲ ਵਿਚ ਆਏ ਤਾਂ ਕਰਮੋ ਨੂੰ ਪ੍ਰਸਾਦ ਵਰਤਾ ਕੇ ਗਿਆਨੀ ਫਿਰ ਪੜ੍ਹਨ ਬੈਠ ਗਿਆ।

ਦੋਹਾਂ ਭਰਾਵਾਂ ਨੇ ਅੱਗੇ ਵਧ ਕੇ ਉਸ ਨੂੰ ਫੜ ਕੇ ਖੜ੍ਹਾ ਕਰ ਲਿਆ। ਕੜਕ ਕੇ ਬੋਲੇ, "ਮਾਸਟਰ! ਤੂੰ ਗੁਰਦੁਆਰੇ 'ਚ ਉਸ ਕਮੀਣ ਨਾਲ ਖੇਹ ਖਾ ਕੇ ਬਿਨਾ ਨਹਾਏ-ਧੋਏ ਪਾਠ ਕਰਨ ਲੱਗ ਪਿਆ ਐਂ, ਤੈਨੂੰ ਸ਼ਰਮ ਨਹੀਂ ਆਉਂਦੀ ਗ੍ਰੰਥ ਸਾਹਿਬ ਦੀ ਬੇਅਦਬੀ ਕਰਦੇ ਨੂੰ?" ਗਿਆਨੀ ਨੇ ਰੌਲੇ ਦੇ ਡਰ ਤੋਂ ਝੱਟ ਪੈਰ ਨਾਲ ਸਪੀਕਰ ਦਾ ਬਟਨ ਬੰਦ ਕਰ ਦਿਤਾ ਤੇ ਕੇ ਕਿਹਾ, "ਬੇਅਦਬੀ ਤੁਸੀਂ ਨ੍ਹੀਂ ਕਰ ਰਹੇ ਪਾਠ ਭੰਗ ਕਰਾ ਕੇ? ਛੱਡੋ, ਫੇਰ ਗੱਲ ਕਰਿਓ ਮੇਰੇ ਨਾਲ। ਬਹੁਤਾ ਕਹਿਨੇ ਓਂ ਪ੍ਰਧਾਨਗੀ ਛੱਡ ਦੇਨਾਂ।"

"ਪ੍ਰਧਾਨਗੀ ਤੂੰ ਕੀ ਛਡੇਂਗਾ ਪਖੰਡੀ, ਪ੍ਰਧਾਨਗੀ ਤਾਂ ਹੁਣ ਪਿੰਡ ਛਡਾਊ ਤੇਰੀ ਕਰਤੂਤ ਸੁਣ ਕੇ।" ਫੜਨ ਆਲ਼ਿਆਂ ਨੇ ਲਲਕਾਰਿਆ।

ਦਬਕਾ ਸੁਣ ਕੇ ਸੰਤ ਦੀਆਂ ਹਵਾਈਆਂ ਉਡ ਗਈਆਂ। ਉਹ ਗਿੜਗਿੜਾ ਕੇ ਕਹਿਣ ਲੱਗਾ, "ਦੇਖੋ! ਗੱਲ ਬਾਹਰ ਨਾ ਜਾਵੇ। ਬੇਇਜ਼ਤੀ ਮੇਰੇ ਕੱਲੇ ਦੀ ਨ੍ਹੀਂ, ਨਾਲ ਗੁਰਦੁਆਰੇ ਤੇ ਪਿੰਡ ਦੀ ਵੀ ਹੋਊ।" ਦੋਵੇਂ ਭਰਾਵਾਂ ਨੇ ਸਮਝਦਾਰੀ ਨਾਲ ਕੰਮ ਲੈਂਦਿਆਂ ਉਸ ਨੂੰ ਉਸੇ ਵੇਲੇ ਘਰ ਤੋਰ ਦਿਤਾ ਤੇ ਗੱਲ ਬੋਚਣ ਲਈ ਨਿੱਤਨੇਮ ਦੇ ਪਾਠ ਦੀ ਟੇਪ ਲਾ ਦਿਤੀ। ਗੱਲ ਉਡੀ ਨ੍ਹੀਂ ਪ੍ਰੋਫੈਸਰ ਸਾਹਿਬ, ਪਰ ਅੰਦਰਖਾਤੇ ਇਸ ਦਾ ਪਤਾ ਸਭ ਨੂੰ ਐ।" ਪੰਡਿਤ ਨੇ ਆਪਣਾ ਵਿਖਿਆਨ ਸਮੇਟਦਿਆਂ ਕਿਹਾ।

ਗੱਲ ਪੂਰੀ ਕਰ ਕੇ ਪੰਡਤ ਚਲਾ ਗਿਆ। ਉਸ ਦੀ ਗੱਲ ਸੁਣ ਕੇ ਸੰਤ ਗੁਰਪਾਲ ਤੇ ਉਸ ਦੇ ਗੁਰਦੁਆਰੇ ਦੋਹਾਂ ਤੋਂ ਮੇਰਾ ਭਰੋਸਾ ਉਠਣ ਲੱਗਿਆ। ਮੇਰੇ ਅੰਦਰ ਗੁਬਾਰ ਜਿਹਾ ਚੜ੍ਹ ਗਿਆ ਤੇ ਮੇਰਾ ਦਮ ਘੁਟਣ ਲੱਗਾ। ਮੈਂ ਸੋਚਿਆ ਇਸ ਤੋਂ ਪਹਿਲਾਂ ਕਿ ਮੇਰਾ ਧਰਮ ਤੋਂ ਮੁਕੰਮਲ ਵਿਸ਼ਵਾਸ ਉਠ ਜਾਵੇ, ਮੈਨੂੰ ਇਸ ਘਟਨਾ ਦੀ ਕਿਸੇ ਪੰਥ-ਦਰਦੀ ਨਾਲ ਨਿੰਦਾ ਚਰਚਾ ਕਰ ਕੇ ਧਰਵਾਸ ਪ੍ਰਾਪਤ ਕਰਨਾ ਚਾਹੀਦਾ ਹੈ। ਲਿਹਾਜ਼ਾ ਮੈਂ ਉਸੇ ਵੇਲੇ ਆਪਣੇ ਮਿੱਤਰ ਡਾ. ਸਾਧੂ ਦੇ ਘਰ ਗਿਆ। ਉਹ ਘਰੇ ਨਾ ਮਿਲਿਆ ਤਾਂ ਮੈਂ ਸਾਡੀ ਸਾਂਝੀ ਪਹਿਚਾਣ ਵਾਲੇ ਪ੍ਰਿੰਸੀਪਲ ਜਗੀਰ ਸਿੰਘ ਵਲ ਨਿਕਲ ਗਿਆ। ਜਗੀਰ ਸਿੰਘ ਪਾਠ ਪੂਜਾ ਵਿਚ ਲੀਨ ਰਹਿਣ ਵਾਲਾ, ਖ਼ੁਸ਼ਤਬੀਅਤ ਤੇ ਮਿਠਬੋਲੜਾ ਅੰਮ੍ਰਿਤਧਾਰੀ ਸਿੱਖ ਸੀ। ਉਸ ਨੂੰ ਮੈਂ ਉਦੋਂ ਤੋਂ ਜਾਣਦਾ ਸਾਂ ਜਦੋਂ ਕੋਈ ਤੀਹ ਸਾਲ ਪਹਿਲਾਂ ਉਹ ਤੇ ਹੁਣ ਦਾ ਗਾਇਕ ਗੁਰਦਾਸ ਮਾਨ ਸਾਡੇ ਕਾਲਜ ਮੁਕਤਸਰ ਵਿਚ ਕੱਚੇ ਲੈਕਚਰਾਰ ਲੱਗ ਕੇ ਆਏ ਸਨ। ਉਦੋਂ ਉਹ ਪੰਜਾਬੀ ਪੜ੍ਹਾਉਂਦਾ ਸੀ ਪਰ ਬਾਦ ਵਿਚ ਧਰਮ ਅਧਿਐਨ ਦੀ ਐਮ ਏ ਕਰ ਕੇ ਕਿਸੇ ਧਾਰਮਿਕ ਕਾਲਜ ਵਿਚ ਗੁਰਮਤਿ ਪੜ੍ਹਾਉਣ ਲਗ ਪਿਆ। ਰਿਟਾਇਰ ਹੋਣ ਉਪਰੰਤ ਦੱਖਣੀ ਪੰਜਾਬ ਵਿਚ ਲੜਕੀਆਂ ਦੇ ਇਕ ਪ੍ਰਾਈਵੇਟ ਕਾਲਜ 'ਚ ਪ੍ਰਿੰਸੀਪਲ ਰਹਿਣ ਮਗਰੋਂ ਪਰਿਵਾਰ ਸਮੇਤ ਅਰਬਨ ਅਸਟੇਟ 'ਚ ਆ ਕੇ ਵੱਸ ਗਿਆ ਸੀ।

ਆਪਣੇ ਸੁਭਾਅ ਅਨੁਸਾਰ ਪ੍ਰਿੰਸੀਪਲ ਜਗੀਰ ਸਿੰਘ ਗੁਰਦਵਾਰਿਆਂ ਦੇ ਦਰਸ਼ਨ ਸੇਵਾ ਕਰ ਕੇ ਬਹੁਤ ਖੁਸ਼ ਹੁੰਦਾ ਸੀ। ਉਸ ਨੇ ਭਾਰਤ ਦੇ ਸਭ ਪ੍ਰਸਿੱਧ ਗੁਰਦੁਅਰਿਆਂ ਦੀ ਕਈ ਵਾਰ ਯਾਤਰਾ ਕੀਤੀ ਹੋਈ ਸੀ ਤੇ ਇਕ ਦੋ ਵਾਰ ਪਾਕਿਸਤਾਨ ਵੀ ਜਾ ਆਇਆ ਸੀ। ਧਾਰਮਿਕ ਵਿਦਵਾਨ ਹੋਣ ਕਾਰਨ ਕਈ ਵਾਰ ਤਾਂ ਸਿੱਖ ਸੰਸਥਾਵਾਂ ਉਸ ਨੂੰ ਵਿਸ਼ੇਸ਼ ਸਮਾਗਮਾਂ ਤੇ ਆਉਣ ਲਈ ਆਪ ਵੀ ਸੱਦ ਲੈਂਦੀਆਂ ਸਨ। ਸੰਤ ਗੁਰਪਾਲ ਸਿੰਘ ਦੇ ਗੁਰਦੁਆਰੇ ਦੀ ਅਨੋਖੀ ਕਾਰਜਸ਼ੀਲਤਾ ਬਾਰੇ ਸੁਣ ਕੇ ਉਹ ਇਕ ਵਾਰ ਮੇਰੇ ਨਾਲ ਪਿੰਡ ਵੀ ਗਿਆ ਸੀ ਤੇ ਇਸ ਗੁਰਧਾਮ ਦੀ ਤੱਰਕੀ ਤੇ ਪ੍ਰਬੰਧ ਅਖੀਂ ਵੇਖ ਕੇ ਕੀਲਿਆ ਗਿਆ ਸੀ। ਮਗਰੋਂ ਉਸ ਦਾ ਸੰਤ ਗੁਰਪਾਲ ਨਾਲ ਸਿੱਧਾ ਰਾਬਤਾ ਕਾਇਮ ਹੋ ਗਿਆ ਸੀ ਤੇ ਉਹ ਇੱਕਲਾ ਵੀ ਕਈ ਵਾਰ ਉਥੇ ਜਾਣ ਲਗਿਆ ਸੀ। ਹਮ-ਉਮਰ ਤੇ ਹਮ-ਖਿਆਲ ਹੋਣ ਕਰਕੇ ਦੋਹਾਂ ਸਿੰਘਾਂ ਦੀ ਚੰਗੀ ਬਣਨ ਲਗੀ ਸੀ। ਕਦੇ ਕਦੇ ਸੰਤ ਉਸ ਦੀ ਚਲਦੇ ਅਖੰਡ ਪਾਠਾਂ ਵਿਚ ਪਾਠੀ ਦੀ ਸੇਵਾ ਵੀ ਲਾ ਦਿੰਦਾ ਸੀ। ਉਸ ਦੀ ਸੰਤ ਨਾਲ ਵਧੇਰੇ ਨੇੜਤਾ ਹੋਣ ਕਰਕੇ ਮੈਨੂੰ ਉਸ ਨਾਲ ਹੀ ਦਿਲ ਦੀ ਗੱਲ ਕਰਨਾ ਵਧੇਰੇ ਸਾਰਥਕ ਲੱਗਾ।

ਜਦੋਂ ਮੈਂ ਉਸ ਦੇ ਘਰ ਪੁੱਜਾ, ਉਹ ਦੋ ਪਤਵੰਤਿਆਂ ਨਾਲ ਘਰ ਦੇ ਬਾਹਰ ਲਾਅਨ ਵਿਚ ਬੈਠਾ ਗੱਲਾਂ ਕਰ ਰਿਹਾ ਸੀ। ਮੈਨੂੰ ਆਇਆ ਦੇਖ ਉਸ ਦੇ ਮਹਿਮਾਨ ਉਠ ਖੜ੍ਹੇ ਹੋਏ ਤੇ ਉਹ ਮੈਨੂੰ ਜੀ ਆਇਆਂ ਕਰਦਾ ਅੰਦਰ ਲੈ ਗਿਆ। ਖ਼ਬਰਸਾਰਾਂ ਤੋਂ ਵਿਹਲੇ ਹੋ ਜਦੋਂ ਚਾਹ ਪੀਣ ਲੱਗੇ ਤਾਂ ਮੈਂ ਗੱਲ ਅਰੰਭ ਕਰਨ ਦੇ ਪੱਜ ਕਿਹਾ, "ਯਾਰ ਸੱਚ, ਤੂੰ ਗੁਰਪਾਲ ਬਾਰੇ ਸੁਣਿਐਂ?"

ਮੇਰੀ ਗੱਲ ਵਿਚੋਂ ਟੋਕ ਕੇ ਕਹਿਣ ਲਗਿਆ। "ਆਹੋ! ਪਤਾ ਐ ਸਾਰਾ ਮੈਨੂੰ। ਦਰ ਅਸਲ ਇਹ ਹਸਨਪੁਰੀਆ ਵੀ ਨਿਰਾ ਕਮਲਾ ਈ ਨਿਕਲਿਆ। ਅਜਿਹਾ ਕੰਮ ਉਸ ਨੂੰ ਗੁਰਦੁਆਰੇ 'ਚ ਨਹੀਂ ਸੀ ਕਰਨਾ ਚਾਹੀਦਾ?" ਫਿਰ ਚਿਹਰੇ ਤੇ ਹਲਕੀ ਜਿਹੀ ਮੁਸਕਾਨ ਲਿਆ ਕੇ ਸ਼ਰਾਰਤੀ ਲਹਿਜ਼ੇ ਵਿਚ ਕਹਿਣ ਲੱਗਾ, "ਜੇ ਕਰਨਾ ਈ ਸੀ, ਮੈਨੂੰ ਸੱਦ ਲੈਂਦਾ। ਮੈਂ ਬੈਠ ਜਾਂਦਾ ਉਹਦੀ ਥਾਂ ਪਾਠ 'ਤੇ।" ਇੰਨਾ ਕਹਿ ਕੇ ਉਸ ਦੀਆਂ ਬੁੱਢਾਪੀਆਂ ਅੱਖਾਂ ਵਿਚ ਚਮਕ ਆ ਗਈ ਤੇ ਉਹ ਫਿਰ ਬੋਲਿਆ, "ਜਦੋਂ ਉਹ ਆ ਜਾਂਦਾ ਮੈਂ ਜਾ ਆਉਂਦਾ।" ਇਹ ਕਹਿ ਕੇ ਉਹ ਖਿੜ ਖਿੜ ਹੱਸਿਆ।

ਮੈਂ ਉਸ ਦੇ ਹਾਸੇ ਦਾ ਕੋਈ ਜਵਾਬ ਨਾ ਦੇ ਸਕਿਆ। ਉਸ ਦੀ ਗੱਲ ਸੁਣ ਕੇ ਮੈਂ ਇਕ ਅਜੀਬ ਸੁੰਨ ਵਿਚ ਚਲਾ ਗਿਆ ਸਾਂ ਜਿਥੋਂ ਮੈਨੂੰ ਮਨੁਖੀ ਹਵਸ ਤੇ ਲਾਲਸਾ ਅੱਗੇ ਧਰਮ ਹਾਰਦਾ ਨਜ਼ਰ ਆਇਆ। ਕੋਈ ਹੋਰ ਸਿੰਘ ਹੁੰਦਾ ਤਾਂ ਸੁਣ ਕੇ ਸ਼ਾਇਦ ਇਹੀ ਕਹਿੰਦਾ ਕਿ ਇਨ੍ਹਾਂ ਕੁਰਾਹੀਆ ਨੂੰ ਹਿੰਦੂਵਾਦ ਨਿਗਲ ਗਿਆ ਹੈ, ਇਸ ਲਈ ਸਿੱਖਾਂ ਨੂੰ ਬਚਾਉਣ ਲਈ ਵੱਖਰਾ ਹੋਮਲੈਂਡ ਚਾਹੀਦਾ ਹੈ। ਪਰ ਮੇਰੇ ਮਨ ਵਿਚ ਬਾਬਾ ਫਰੀਦ ਦੀਆਂ ਇਹ ਤੁਕਾਂ ਮੰਡਰਾਉਣ ਲਗੀਆਂ,

ਫਰੀਦਾ ਕਾਲੇ ਮੈਡੇ ਕਪੜੇ
ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ
ਲੋਕੁ ਕਹੈ ਦਰਵੇਸੁ॥



ਗੁਰਮਤਿ ਗਿਆਨ

# ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰ ਸੁਣਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਅਸੀਂ ਵਿਚਾਰਿਆ ਸੀ ਕਿ ਜਦੋਂ ਸਿੱਖ ਏਨਾ ਪੜ੍ਹਿਆ-ਲਿਖਿਆ ਨਹੀਂ ਸੀ ਭਾਵ ਆਧੁਨਿਕ ਵਿਦਿਆ ਨਾਂ-ਮਾਤਰ ਸੀ, ਉਦੋਂ ਸਿੱਖ ਦਾ ਮੂੰਹ ਗੁਰੂ ਵੱਲ ਸੀ ਅਤੇ ਉਹ ਗੁਰੂ ਦਾ ਸਿੱਖ ਸੀ, ਉਸ ਨੂੰ ਗੁਰੂ ਵਿਚ ਅਥਾਹ ਸ਼ਰਧਾ ਸੀ। ਹੁਣ ਜਦੋਂ ਆਧੁਨਿਕ ਵਿੱਦਿਆ ਦਾ ਪਾਸਾਰ ਹੋ ਗਿਆ ਹੈ, ਸਿੱਖ ਬਹੁ-ਗਿਣਤੀ ਵਿਚ ਪੜ੍ਹ ਲਿਖ ਗਿਆ ਹੈ ਤਾਂ ਉਸ ਦਾ ਮੂੰਹ ਸੰਤਾਂ ਦੇ ਡੇਰਿਆਂ ਵੱਲ ਹੋ ਗਿਆ ਹੈ। ਸਿੱਖਾਂ ਦੀ ਬਹੁ-ਗਿਣਤੀ ਗੁਰੂ ਨਾਲ ਜੁੜਨ ਦੀ ਥਾਂ, ਕਿਸੇ ਨਾ ਕਿਸੇ ਡੇਰੇ ਨਾਲ ਜੁੜੀ ਹੋਈ ਹੈ। ਸਿੱਖ ਅਤੇ ਗੁਰੂ ਦੇ ਵਿਚਕਾਰ ਕੋਈ ਵਿਚੋਲਾ ਪਰਵਾਨ ਨਹੀਂ ਕੀਤਾ ਗਿਆ ਪਰ ਸੰਤ ਤਾਂ ਗੁਰੂ ਅਤੇ ਸਿੱਖ ਦੇ ਵਿਚਾਲੇ ਵਿਚੋਲਾ ਵੀ ਨਾ ਹੋ ਕੇ ਆਪ ਗੁਰੂ ਬਣ ਗਏ ਹਨ ਅਤੇ ਦੇਹਧਾਰੀ ਗੁਰੁਡੰਮ ਸ਼ੁਰੂ ਕੀਤਾ ਹੋਇਆ ਹੈ। ਇਸ 'ਤੇ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ 'ਸੰਤ' ਗੁਰੂ ਕਿਵੇਂ ਹੋ ਗਿਆ ਹੈ? ਇਸ ਦਾ ਉਤਰ ਇਹ ਹੈ ਕਿ ਬਹੁਤੇ ਡੇਰਿਆਂ 'ਤੇ 'ਨਾਮ' ਦਿੱਤੇ ਜਾਣ ਦਾ ਪਖੰਡ ਕੀਤਾ ਜਾਂਦਾ ਹੈ ਜਿਸ ਦਾ ਅਰਥ ਹੈ ਕੋਈ ਗੁਪਤ 'ਮੰਤਰ' ਪੜ੍ਹਨ ਲਈ ਦੱਸਣਾ ਭਾਵੇਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੀ ਕੋਈ ਸ਼ਬਦ ਕਿਉਂ ਨਾ ਹੋਵੇ। ਇਸ ਤਰ੍ਹਾਂ 'ਨਾਮ' ਦੇਣਾ ਜਾਂ 'ਮੰਤਰ' ਦੱਸਣਾ ਗੁਰਮਤਿ ਦੇ ਉਲਟ ਹੈ, ਮਨਮਤਿ ਹੈ। ਇਹੀ ਨਹੀਂ ਕਿ ਇਹ ਸੰਤ ਮੰਤਰ ਰਾਹੀਂ ਜਾਂ ਨਾਮ ਦੇ ਕੇ ਨਾ ਸਿਰਫ ਆਪ ਗੁਰੂ ਹੋਣ ਦਾ ਸਵਾਂਗ ਰਚਦੇ ਹਨ ਸਗੋਂ ਸਾਧ-ਸੰਗਤ ਤੋਂ ਆਪਣੇ ਪੈਰਾਂ ਵਿਚ ਮੱਥਾ ਵੀ ਟਿਕਵਾਉਂਦੇ ਹਨ। ਸਿੱਖ ਦਾ ਸਿਰ ਤਾਂ ਸਿਰਫ ਗੁਰੂ ਦੇ ਚਰਨਾਂ ਵਿਚ ਝੁਕਣਾ ਚਾਹੀਦਾ ਹੈ ਪਰ ਇਹ ਸੰਤ ਆਪ ਤੋਂ ਵੱਡੀ ਉਮਰ ਦੇ ਬਜ਼ੁਰਗ ਪੁਰਸ਼ਾਂ ਅਤੇ ਇਸਤ੍ਰੀਆਂ ਤੋਂ ਮੱਥਾ ਟਿਕਵਾਉਂਦੇ ਹਨ।

ਸਵਾਲ ਹੈ ਕਿ ਜੇ ਇਹ ਸੰਤ ਸਿੱਖ ਧਰਮ ਦੇ ਪ੍ਰਚਾਰਕ ਹਨ ਫਿਰ ਗੁਰਮਤਿ ਤੋਂ ਉਲਟ ਕੰਮ ਕਿਉਂ ਕਰਦੇ ਹਨ? ਉਪਰ ਦਿੱਤੀ ਪੰਕਤੀ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਤੇਈਵੀਂ ਪਉੜੀ ਵਿਚੋਂ ਹੈ। 'ਸਤਿ ਨਾਮੁ ਪੜ੍ਹਿ ਮੰਤ੍ਰ ਸੁਣਾਇਆ' ਦਾ ਅਰਥ ਤਾਂ ਇਹੀ ਬਣਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਤਿ ਨਾਮੁ ਦਾ ਜਿਹੜਾ ਮੰਤਰ ਪੜ੍ਹ ਕੇ ਦੱਸਿਆ ਉਹ ਉਨ੍ਹਾਂ ਨੇ ਸੁਣੇ ਜਾ ਸਕਨ ਜਿੰਨੀ ਉਚੀ ਆਵਾਜ਼ ਵਿਚ ਬੋਲਿਆ, ਉਹ ਕੋਈ ਗੁਪਤ ਮੰਤਰ ਨਹੀਂ ਹੈ। ਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਹੈ ਜਿਸ ਨੂੰ ਪੜ੍ਹ ਕੇ, ਗਾ ਕੇ ਜਗਿਆਸੂ ਆਪਣੇ ਅੰਦਰ ਗੁਣ ਪੈਦਾ ਕਰ ਸਕੇ। ਇਸੇ ਲਈ ਉਸ ਅਕਾਲ ਪੁਰਖ ਦੇ ਗੁਣਾਂ ਨੂੰ, ਬਾਣੀ ਨੂੰ ਸੁਣਨ ਤੇ ਗਾਉਣ ਦਾ ਅਦੇਸ਼ ਕੀਤਾ ਹੈ ਜਿਵੇਂ ਜਪੁਜੀ ਵਿਚ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ, "ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥"

ਡੇਰੇਦਾਰਾਂ ਨੇ ਇਸ ਨੂੰ ਇਸ ਤਰ੍ਹਾਂ ਬਣਾ ਲਿਆ ਹੈ ਕਿ ਜਿਹੜਾ ਉਨ੍ਹਾਂ ਤੋਂ ਨਾਮ ਜਾਂ ਮੰਤਰ ਲਵੇਗਾ ਉਸ ਦੇ ਦੁੱਖ ਦਰਦ ਕੱਟੇ ਜਾਣਗੇ। ਕਈ ਡੇਰੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੀ ਇਸ ਤਰ੍ਹਾਂ ਸ਼ਬਦ ਚੁਣ ਕੇ ਦੇ ਦਿੰਦੇ ਹਨ ਕਿ ਫਲਾਂ ਸ਼ਬਦ ਦਾ ਪਾਠ ਏਨੀ ਵਾਰੀ ਕਰਨ ਨਾਲ ਫਲਾਂ ਦੁੱਖ ਦੂਰ ਹੋ ਜਾਵੇਗਾ। ਇਹ ਸਭ ਮਨਮਤਿ ਹੈ, ਦੁਖੀ ਇਨਸਾਨ ਦਾ ਸ਼ੋਸ਼ਣ ਹੈ। ਸਾਧਾਂ/ਸੰਤਾਂ ਵੱਲੋਂ ਗੁਪਤ ਰੂਪ ਵਿਚ ਮੰਤਰ ਲੈਣ ਵਾਲੇ ਦੇ ਕੰਨ ਵਿਚ ਮੰਤਰ ਬੋਲਿਆ ਜਾਂਦਾ ਹੈ ਤਾਂ ਕਿ ਉਸ ਨੂੰ ਕੋਈ ਹੋਰ ਨਾ ਸੁਣ ਸਕੇ ਅਤੇ ਬਹੁਤੀ ਵਾਰ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਮੰਤਰ ਕਿਸੇ ਨੂੰ ਦੱਸਣਾ ਨਹੀਂ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਇਸ ਦਾ ਫਲ ਨਹੀਂ ਮਿਲੇਗਾ। ਸਿੱਖ ਨੂੰ ਤਾਂ ਗੁਰੂ ਨੇ ਸਤਿ ਸੰਗਤ ਵਿਚ ਜਾ ਕੇ ਬਾਣੀ ਪੜ੍ਹਨ, ਸੁਣਨ ਅਤੇ ਗਾਉਣ ਅਰਥਾਤ ਕੀਰਤਨ ਕਰਨ ਦਾ ਉਪਦੇਸ਼ ਕੀਤਾ ਹੈ। ਹੋਰ ਕਿਸੇ ਕਰਾਮਾਤ ਜਾਂ ਮੰਤਰ ਵਿਚ ਵਿਸ਼ਵਾਸ ਕਰਨ ਲਈ ਨਹੀਂ ਕਿਹਾ।

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਬਾਬਾ ਨਾਨਕ ਦੀ ਬਟਾਲੇ ਸ਼ਿਵਰਾਤਰੀ ਦੇ ਮੇਲੇ ਤੇ ਸਿੱਧਾਂ ਨਾਲ ਗੋਸ਼ਟਿ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਸਿੱਧ ਗੁਰੂ ਨਾਨਕ ਸਾਹਿਬ ਨੂੰ 'ਉਦਾਸੀ ਪਰੰਪਰਾ' ਦਾ ਭੇਖ ਉਤਾਰ ਦੇਣ 'ਤੇ ਕਿੰਤੂ ਕਰਦੇ ਹਨ ਕਿ ਉਨ੍ਹਾਂ ਨੇ ਉਦਾਸੀ ਸਾਧੂਆਂ ਵਾਲਾ ਭੇਖ ਉਤਾਰ ਕੇ ਸੰਸਾਰੀਆਂ ਵਾਲਾ ਪਹਿਰਾਵਾ ਕਿਉਂ ਧਾਰਨ ਕਰ ਲਿਆ ਹੈ? (ਉਦਾਸੀ ਸਾਧੂ ਆਮ ਤੌਰ 'ਤੇ ਗੇਰੂਏ ਰੰਗ ਦੇ ਕਪੜੇ ਪਹਿਨਦੇ ਹਨ)। ਸਾਖੀਕਾਰਾਂ ਅਨੁਸਾਰ ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਸਮੇਂ ਵੱਖ ਵੱਖ ਧਾਰਮਿਕ ਸਥਾਨਾਂ 'ਤੇ ਸਮੇਂ ਅਤੇ ਸਥਾਨ ਅਨੁਸਾਰ ਖਾਸ ਖਾਸ ਪਹਿਰਾਵੇ ਵਿਚ ਗਏ। ਇਸ ਤੱਥ ਦੀ ਪ੍ਰੋੜਤਾ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮੱਕੇ ਦੀ ਯਾਤਰਾ ਤੋਂ ਵੀ ਹੁੰਦੀ ਹੈ,

ਬਾਬਾ ਫਿਰ ਮੱਕੇ ਗਇਆ  
ਨੀਲ ਬਸਤ੍ਰ ਧਾਰੇ ਬਨਵਾਰੀ।  
ਆਸਾ ਹਥਿ ਕਿਤਾਬ ਕਛਿ  
ਕੂਜਾ ਬਾਂਗ ਮੁਸੱਲਾ ਧਾਰੀ।

ਇਸ ਤੋਂ ਸਪਸ਼ਟ ਹੈ ਕਿ ਇਸੇ ਤਰ੍ਹਾਂ ਗੁਰੂ ਨਾਨਕ ਜਦੋਂ ਸੁਮੇਰ ਪਰਬਤ ਤੇ ਸਿੱਧਾਂ ਨੂੰ ਮਿਲਣ ਗਏ ਤਾਂ ਉਨ੍ਹਾਂ ਨੇ 'ਉਦਾਸੀ ਭੇਖ' ਧਾਰਨ ਕੀਤਾ ਹੋਇਆ ਸੀ, ਅਰਥਾਤ ਤਿਆਗੀਆਂ ਵਾਲਾ ਪਹਿਰਾਵਾ ਪਹਿਨਿਆ ਹੋਇਆ ਸੀ। ਜਦੋਂ ਉਹ ਬਟਾਲੇ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧਾਂ ਨਾਲ ਗੋਸ਼ਟਿ ਕਰਨ ਗਏ, ਉਦੋਂ ਤੱਕ ਉਹ ਆਪਣੀਆਂ ਯਾਤਰਾਵਾਂ ਤੋਂ ਬਾਅਦ ਕਰਤਾਰਪੁਰ ਆ ਕੇ ਵੱਸ ਗਏ ਸਨ ਅਤੇ ਕਰਤਾਰਪੁਰ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਸਥਾਪਤ ਕਰਕੇ ਆਪ ਖੇਤੀ-ਬਾੜੀ ਦਾ ਕੰਮ ਸ਼ੁਰੂ ਕਰਕੇ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਦੇ ਸਿਧਾਂਤ ਦਾ ਅਮਲੀ ਪ੍ਰਕਾਸ਼ਨ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਉਦਾਸੀਆਂ ਵਾਲਾ ਭੇਖ ਉਤਾਰ ਕੇ ਆਮ ਸੰਸਾਰੀਆਂ ਦੇ ਬਸਤਰ ਪਹਿਨ ਲਏ ਸਨ, ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਵੀ ਕੀਤਾ ਹੈ,

ਫਿਰਿ ਬਾਬਾ ਆਇਆ ਕਰਤਾਰਪੁਰਿ  
ਭੇਖੁ ਉਦਾਸੀ ਸਗਲ ਉਤਾਰਾ।  
ਪਹਿਰਿ ਸੰਸਾਰੀ ਕਪੜੇ  
ਮੰਜੀ ਬੈਠਿ ਕੀਆ ਅਵਤਾਰਾ।

ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਦੀ ਸਥਾਪਨਾ ਆਮ ਲੋਕਾਈ ਵਾਸਤੇ ਕੀਤੀ। ਆਮ ਲੋਕਾਂ ਨੂੰ ਇੱਕ ਅਜਿਹਾ ਜੀਵਨ ਮਾਰਗ ਦੱਸਿਆ ਜਿਸ ਵਿਚ ਸੰਸਾਰੀ ਜੀਵਨ ਦੇ ਤਿਆਗ ਤੋਂ ਬਿਨਾ ਹੀ ਭਾਵ ਗ੍ਰਹਿਸਥੀ ਜੀਵਨ ਜਿਉਂਦਿਆਂ ਹੋਇਆਂ ਹੀ ਅਧਿਆਤਮਕ ਅਨੁਭਵ ਕੀਤਾ ਜਾ ਸਕਦਾ ਹੈ। ਗ੍ਰਹਿਸਥ ਦੇ ਫਰਜ਼ ਨਿਭਾਉਂਦਿਆਂ ਹੀ ਪਰਮਾਤਮਾ ਦੀ ਨੇੜਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਅਸਲੀਅਤ ਵਿਚ ਸਿੱਖ ਧਰਮ ਅਨੁਸਾਰ ਮਨੁੱਖ ਪਰਿਵਾਰਕ ਜੀਵਨ ਰਾਹੀਂ ਹੀ ਮਾਨਸਿਕ ਸੰਤੁਲਨ ਪ੍ਰਾਪਤ ਕਰ ਸਕਦਾ ਹੈ ਜੋ ਕਿ ਅਧਿਆਤਮਕ ਅਨੁਭਵ ਲਈ ਬਹੁਤ ਜ਼ਰੂਰੀ ਹੈ। ਗ੍ਰਹਿਸਥੀ-ਜੀਵਨ ਤੋਂ ਪਰੇ ਤਾਂ ਫਿਰ ਪਰਾਏ ਘਰ ਵੱਲ ਚਿੱਤ ਡੋਲਦਾ ਹੈ। ਉਨ੍ਹਾਂ ਦੇ ਦਿੱਤੇ ਸਿਧਾਂਤ ਅਨੁਸਾਰ ਸੰਸਾਰਕ ਜੀਵਨ ਦੇ ਫਰਜ਼ ਨਿਭਾਉਂਦਿਆਂ ਹੋਇਆਂ ਹੀ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰ ਸਕਣੀ ਸੰਭਵ ਹੈ। ਇਸੇ ਲਈ ਉਨ੍ਹਾਂ ਨੇ ਨਾਮ ਜਪਣ ਦੇ ਨਾਲ ਕਿਰਤ ਕਰਨ ਅਤੇ ਲੋੜਵੰਦਾਂ ਨਾਲ ਉਸ ਕਿਰਤ ਨੂੰ ਵੰਡ ਕੇ ਛਕਣ ਦਾ ਆਦੇਸ਼ ਕੀਤਾ ਹੈ। ਜਦੋਂ ਜੋਗੀ ਗੁਰੂ ਸਾਹਿਬ ਨੂੰ ਪੁੱਛਦੇ ਹਨ ਕਿ ਉਦਾਸੀ ਭੇਖ ਉਤਾਰ ਕੇ ਸੰਸਾਰੀਆਂ ਵਾਲੇ ਕਪੜੇ ਕਿਉਂ ਪਹਿਨ ਲਏ ਹਨ? ਤਾਂ ਗੁਰੂ ਨਾਨਕ ਨੇ ਸਿੱਧਾਂ ਨਾਲ ਇਸ ਤੱਥ 'ਤੇ ਚਰਚਾ ਕੀਤੀ ਕਿ ਇੱਕ ਪਾਸੇ ਉਹ ਦੁਨੀਆਂਦਾਰੀ ਛੱਡ ਕੇ ਭਾਵ ਗ੍ਰਹਿਸਥ ਤਿਆਗ ਕੇ ਸੰਸਾਰ ਤੋਂ ਅਲੱਗ ਥਲੱਗ ਹੋ ਕੇ ਜੀਵਨ ਬਸਰ ਕਰਦੇ ਹਨ ਅਤੇ ਦੂਸਰੇ ਪਾਸੇ ਉਨ੍ਹਾਂ ਹੀ ਗ੍ਰਹਿਸਥੀਆਂ ਦੇ ਘਰਾਂ ਤੋਂ ਮੰਗ ਕੇ ਖਾਂਦੇ ਹਨ, ਅਜਿਹਾ ਵਿਰੋਧਾ-ਭਾਸ ਕਿਉਂ,

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ  
ਉਨਹੁ ਕੇ ਘਰਿ ਮੰਗਣਿ ਜਾਈ।  
ਬਿਨੁ ਦਿਤੇ ਕਛੁ ਹਥਿ ਨ ਆਈ।

ਸਿੱਖੀ ਦਾ ਮਾਰਗ ਸਹਿਜ ਮਾਰਗ ਹੈ। ਰਾਗੁ ਰਾਮਕਲੀ ਵਿਚ 'ਸਿਧ ਗੋਸਟਿ' ਵਿਚ ਜਦੋਂ ਜੋਗੀ ਗੁਰੂ ਨਾਨਕ ਨੂੰ ਜੋਗ ਦਾ ਗਿਆਨ ਮਾਰਗ ਦੱਸਦਾ ਹੈ ਕਿ ਅਸੀਂ ਸੰਸਾਰਕ ਝਮੇਲਿਆਂ ਤੋਂ ਵੱਖਰੇ ਜੰਗਲ ਵਿਚ ਕਿਸੇ ਰੁੱਖ-ਬਿਰਖ ਹੇਠ ਰਹਿੰਦੇ ਹਾਂ ਅਤੇ ਗਾਜਰ-ਮੂਲੀ ਖਾ ਕੇ ਗੁਜ਼ਾਰਾ ਕਰਦੇ ਹਾਂ। ਤੀਰਥਾਂ 'ਤੇ ਇਸ਼ਨਾਨ ਕਰਦੇ ਹਾਂ ਜਿਸ ਦਾ ਫਲ ਮਿਲਦਾ ਹੈ 'ਸੁਖ' ਅਤੇ ਮਨ ਨੂੰ ਕੋਈ ਮੈਲ ਨਹੀਂ ਲਗਦੀ। ਇਹ ਜੋਗੀ ਦੀ ਜੁਗਤਿ ਹੈ, ਜੋਗ ਦੀ ਵਿਧੀ ਹੈ। ਗੁਰੂ ਨਾਨਕ ਇਸ ਦੇ ਉਤਰ ਵਿਚ ਕਹਿੰਦੇ ਹਨ ਕਿ ਅਸਲ ਗਿਆਨ ਦੀ ਵਿਚਾਰ ਇਹ ਹੈ ਕਿ ਸੰਸਾਰ ਵਿਚ ਰਹਿੰਦਿਆਂ ਮਨੁੱਖ ਸੰਸਾਰਕ ਧੰਦਿਆਂ ਵਿਚ ਗਰਕ ਨਾ ਹੋ ਜਾਵੇ, ਪਰਾਏ ਘਰ ਵਿਚ ਮਨ ਨੂੰ ਡੋਲਣ ਨਾ ਦੇਵੇ। ਪਰਮਾਤਮਾ ਦੇ ਨਾਮ ਤੋਂ ਬਿਨਾ ਇਹ ਮਨ ਟਿਕ ਕੇ ਨਹੀਂ ਰਹਿ ਸਕਦਾ ਅਤੇ ਮਾਇਆ ਦੀ ਤ੍ਰਿਸ਼ਨਾ ਨਹੀਂ ਹਟਦੀ। ਗੁਰੂ ਨਾਨਕ ਅੱਗੇ ਫੁਰਮਾਉਂਦੇ ਹਨ ਕਿ ਸਤਿਗੁਰੂ ਨੇ ਨਾਮ ਵਿਹਾਜਣ ਦਾ ਅਸਲ ਟਿਕਾਣਾ, ਸ਼ਹਿਰ ਤੇ ਘਰ ਦਿਖਾ ਦਿੱਤਾ ਹੈ, ਉਹ ਹੈ ਦੁਨੀਆਂ ਦੇ ਧੰਦਿਆਂ ਵਿਚ ਭੀ ਅਡੋਲ ਰਹਿ ਕੇ 'ਨਾਮ' ਵਿਹਾਜਣਾ ਅਤੇ ਜਿਹੜਾ ਮਨੁੱਖ ਇਸ ਤਰ੍ਹਾਂ ਸਤਿਗੁਰੂ ਦੇ ਮਾਰਗ ਤੇ ਚੱਲ ਕੇ ਨਾਮ ਵਿਹਾਜਦਾ ਹੈ, ਉਸ ਦੀ ਨੀਂਦ ਅਤੇ ਭੁੱਖ ਦੋਵੇਂ ਘਟ ਜਾਂਦੀਆਂ ਹਨ। ਇਸ ਦਾ ਅਰਥ ਹੈ ਕਿ ਉਸ ਮਨੁੱਖ ਦੀਆਂ ਲਾਲਸਾਵਾਂ ਘਟ ਜਾਂਦੀਆਂ ਹਨ,

ਹਾਟੀ ਬਾਟੀ ਨੀਦ ਨ ਆਵੈ  
ਪਰ ਘਰਿ ਚਿਤੁ ਨ ਡੋਲਾਈ॥  
ਬਿਨੁ ਨਾਵੈ ਮਨੁ ਟੇਕ ਨ ਟਿਕਈ  
ਨਾਨਕ ਭੂਖ ਨ ਜਾਈ॥  
ਹਾਟੁ ਪਟਣੁ ਘਰੁ ਗੁਰੂ ਦਿਖਾਇਆ  
ਸਹਜੇ ਸਚੁ ਵਾਪਾਰੋ॥  
ਖੰਡਿਤ ਨਿਦ੍ਰਾ ਅਲਪ ਅਹਾਰੰ  
ਨਾਨਕ ਤਤੁ ਬੀਚਾਰੋ॥੮॥ (ਪੰਨਾ 938)

ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਸਿੱਧ ਤੈਸ਼ ਵਿਚ ਆ ਗਏ ਅਤੇ ਭਾਂਤ ਭਾਂਤ ਦੀਆਂ ਕਰਾਮਾਤਾਂ ਦਿਖਾਉਣ ਲੱਗੇ। ਆਪਣੀਆਂ ਕਰਾਮਾਤਾਂ ਦਿਖਾਉਣ ਤੋਂ ਬਾਅਦ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਗੁਰੂ ਨਾਨਕ ਨੇ ਉਤਰ ਦਿੱਤਾ ਕਿ ਉਨ੍ਹਾਂ ਨੂੰ ਗੁਰੂ ਦੀ ਸੰਗਤਿ ਅਤੇ ਬਾਣੀ ਤੋਂ ਬਿਨਾ ਹੋਰ ਕਿਸੇ ਦਾ ਓਟ ਆਸਰਾ ਨਹੀਂ ਚਾਹੀਦਾ,

ਸਿਧਿ ਬੋਲਨਿ ਸੁਣਿ ਨਾਨਕਾ!  
ਤੁਹਿ ਜਗ ਨੋ ਕਰਾਮਾਤਿ ਦਿਖਾਈ।  
ਕੁਝੁ ਵਿਖਾਲੇਂ ਅਸਾਂ ਨੋ ਤੁਹਿ  
ਕਿਉਂ ਢਿਲ ਅਵੇਹੀ ਲਾਈ?  
ਬਾਬਾ ਬੋਲੇ ਨਾਥ ਜੀ!  
ਅਸਿ ਵੇਖਣਿ ਜੋਗੀ ਵਸਤੁ ਨ ਕਾਈ।  
ਗੁਰੁ ਸੰਗਤਿ ਬਾਣੀ ਬਿਨਾ  
ਦੂਜੀ ਓਟ ਨਹੀ ਹੈ ਰਾਈ।

ਇਸ ਸੰਖੇਪ ਵਿਚਾਰ-ਚਰਚਾ ਦਾ ਮਕਸਦ ਇਹ ਦੇਖਣਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਿੱਖੀ ਦਾ ਜੋ ਮਾਰਗ ਦਿੱਤਾ ਹੈ ਉਹ ਗ੍ਰਹਿਸਥ ਵਿਚ ਰਹਿੰਦਿਆਂ ਹੋਇਆਂ ਭਾਵ ਸੰਸਾਰਕ ਜਿੰਮੇਵਾਰੀਆਂ ਪੂਰੀਆਂ ਕਰਦਿਆਂ ਹੋਇਆਂ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ, ਸੰਸਾਰ ਵਿਚ ਰਹਿੰਦੇ ਹੋਏ ਵੀ ਨਾਮ ਸਿਮਰਨ ਰਾਹੀਂ ਆਪਣੇ ਮਨ ਨੂੰ ਨਿਰਮਲ ਰੱਖਣਾ ਹੈ, ਲਾਲਸਾਵਾਂ ਦੀ ਲੱਗ-ਲਬੇੜ ਤੋਂ ਪਾਕ ਰੱਖਣਾ ਹੈ। ਗੁਰਮਤਿ ਮਾਰਗ ਵਿਚ ਗ੍ਰਹਿਸਥ ਦੇ ਤਿਆਗ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ। ਇਸ ਦੇ ਨਾਲ ਹੀ ਮਨੁੱਖ ਨੇ ਸੁੱਚੀ ਕਿਰਤ ਕਮਾਈ ਕਰਕੇ ਆਪਣਾ ਜੀਵਨ ਨਿਰਬਾਹ ਕਰਨਾ ਹੈ, ਕਿਸੇ ਹੋਰ ਦੀ ਕਮਾਈ 'ਤੇ ਨਹੀਂ ਪਲਣਾ। ਬਚਪਨ ਤੋਂ ਇਹ ਸਾਖੀ ਸੁਣਦੇ ਆਏ ਹਾਂ ਕਿ ਗੁਰੂ ਗੋਬਿੰਦ ਸਿੰਘ ਨੇ ਉਸ ਵਿਅਕਤੀ ਦੇ ਹੱਥੋਂ ਜਲ ਨਹੀਂ ਸੀ ਛਕਿਆ ਜਿਸ ਦੇ ਹੱਥ ਕੰਮ ਨਾ ਕਰਨ ਕਰਕੇ ਬੇਹੱਦ ਨਰਮ ਅਤੇ ਕੂਲੇ ਸਨ।

ਗੁਰੂ ਨਾਨਕ ਸਾਹਿਬ ਦੀ ਇਹ ਸਾਖੀ ਸਭ ਨੇ ਸੁਣੀ ਹੋਈ ਹੈ ਕਿ ਗੁਰੂ ਨਾਨਕ ਨੇ ਮਲਿਕ ਭਾਗੋ ਦੀ ਲੁੱਟ-ਖਸੁੱਟ ਦੀ ਕਮਾਈ ਦਾ ਅਮੀਰੀ ਭੋਜਨ ਛਕਣ ਨਾਲੋਂ ਭਾਈ ਲਾਲੋ ਦੀ ਸੁੱਚੀ ਕਿਰਤ-ਕਮਾਈ ਦੀ ਕੋਧਰੇ ਦੀ ਸਾਦੀ ਰੋਟੀ ਨੂੰ ਤਰਜੀਹ ਦਿੱਤੀ। ਗੁਰਸਿੱਖ ਨੇ ਨਾ ਸਿਰਫ ਹੱਥੀਂ ਸੁੱਚੀ ਕਮਾਈ ਕਰਨੀ ਹੈ ਸਗੋਂ ਇਸ ਨੂੰ ਲੋੜਵੰਦਾਂ ਨਾਲ ਵੰਡਣਾ ਵੀ ਹੈ। ਗੁਰੂ ਨਾਨਕ ਸਾਹਿਬ ਨੇ ਅਜਿਹੇ ਬਚਨ ਸਿਰਫ ਜੋਗ ਧਾਰਨ ਕਰਨ ਵਾਲਿਆਂ ਦੇ ਸਬੰਧ ਵਿਚ ਹੀ ਨਹੀਂ ਕੀਤੇ ਸਗੋਂ ਉਨ੍ਹਾਂ ਸਾਰੇ ਧਾਰਮਿਕ ਕਹਾਉਣ ਵਾਲੇ ਬੰਦਿਆਂ ਦੇ ਸਬੰਧ ਵਿਚ ਕੀਤੇ ਹਨ ਜੋ ਹੱਥੀਂ ਕੰਮ ਨਹੀਂ ਕਰਦੇ ਸਗੋਂ ਦੂਜਿਆਂ ਦੀ ਕਮਾਈ 'ਤੇ ਪਲਦੇ ਹਨ। ਗੁਰੂ ਨਾਨਕ ਸਾਹਿਬ ਪੰਡਿਤ ਬਾਰੇ ਕਹਿੰਦੇ ਹਨ ਕਿ ਉਹ ਪਰਮਾਤਮਾ ਦੇ ਭਜਨ ਤਾਂ ਗਾਉਂਦਾ ਹੈ ਪਰ ਆਪ ਸਮਝ ਤੋਂ ਸੱਖਣਾ ਹੈ, ਭਜਨ ਗਾਉਣ ਨੂੰ ਉਸ ਨੇ ਆਪਣੀ ਰੋਜ਼ੀ ਦਾ ਵਸੀਲਾ ਬਣਾਇਆ ਹੋਇਆ ਹੈ। ਭੁੱਖ ਦੇ ਮਾਰੇ ਹੋਏ ਮੁੱਲਾਂ ਨੇ ਵੀ ਮਸੀਤ ਨੂੰ ਆਪਣੀ ਰੋਜ਼ੀ ਦਾ ਸਾਧਨ ਬਣਾਇਆ ਹੋਇਆ ਹੈ। ਤੀਸਰੀ ਕਿਸਮ ਵਿਚ ਜੋਗੀ ਹੈ ਜੋ ਹੱਡ-ਹਰਾਮ ਹੋਣ ਕਰਕੇ ਕੰਨ ਪੜਵਾ ਲੈਂਦਾ ਹੈ, ਫਕੀਰ ਬਣ ਜਾਂਦਾ ਹੈ ਅਤੇ ਕੁਲ ਦੀ ਅਣਖ ਗਵਾ ਲੈਂਦਾ ਹੈ। ਆਪਣੇ ਆਪ ਨੂੰ ਗੁਰੂ ਪੀਰ ਅਖਵਾਉਂਦਾ ਹੈ ਪਰ ਰੋਟੀ ਦੂਜਿਆਂ ਦੇ ਘਰੋਂ ਮੰਗਦਾ ਫਿਰਦਾ ਹੈ, ਅਜਿਹੇ ਬੰਦੇ ਦੇ ਪੈਰੀਂ ਕਦੇ ਵੀ ਨਹੀਂ ਲੱਗਣਾ ਚਾਹੀਦਾ। ਗੁਰੂ ਨਾਨਕ ਸਾਹਿਬ ਅਨੁਸਾਰ ਜਿਹੜਾ ਮਨੁੱਖ ਮਿਹਨਤ ਨਾਲ ਕਮਾ ਕੇ ਖਾਂਦਾ ਹੈ ਅਤੇ ਆਪਣੀ ਮਿਹਨਤ ਦੀ ਕਮਾਈ ਵਿਚੋਂ ਹੋਰਨਾਂ ਨੂੰ ਵੀ ਕੁੱਝ ਦਿੰਦਾ ਹੈ, ਉਹ ਮਨੁੱਖ ਹੀ ਜ਼ਿੰਦਗੀ ਦਾ ਸਹੀ ਰਸਤਾ ਪਛਾਣਦਾ ਹੈ,

ਗਿਆਨ ਵਿਹੂਣਾ ਗਾਵੈ ਗੀਤ॥  
ਭੁਖੇ ਮੁਲਾਂ ਘਰੇ ਮਸੀਤਿ॥  
ਮਖਟੂ ਹੋਇ ਕੈ ਕੰਨ ਪੜਾਏ॥  
ਫਕਰੁ ਕਰੇ ਹੋਰੁ ਜਾਤਿ ਗਵਾਏ॥  
ਗੁਰੁ ਪੀਰੁ ਸਦਾਏ ਮੰਗਣ ਜਾਇ॥  
ਤਾ ਕੈ ਮੂਲਿ ਨ ਲਗੀਐ ਪਾਇ॥  
ਘਾਲਿ ਖਾਇ ਕਿਛੁ ਹਥਹੁ ਦੇਇ॥  
ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ 1245)

ਗੁਰਮਤਿ ਮਾਰਗ ਗ੍ਰਹਿਸਥ ਦਾ ਮਾਰਗ ਹੈ, ਸੰਸਾਰਕ ਜੀਵਨ ਤਿਆਗਣ ਦੀ ਸਿਫਾਰਸ਼ ਨਹੀਂ ਕੀਤੀ ਗਈ। ਬਹੁਤੇ ਡੇਰੇਦਾਰ ਸ਼ਾਦੀ ਨਹੀਂ ਕਰਾਉਂਦੇ, ਬ੍ਰਿਹੰਗਮ ਹੁੰਦੇ ਹਨ, ਗ੍ਰਹਿਸਥ ਦਾ ਤਿਆਗ ਕਰਦੇ ਹਨ ਜੋ ਕਿ ਸਿੱਖ ਸਿਧਾਂਤਾਂ ਦੇ ਖਿਲਾਫ ਹੈ। ਗ੍ਰਹਿਸਥੀ ਜੀਵਨ ਮਨੁੱਖ ਨੂੰ ਮਾਨਸਿਕ ਤਸੱਲੀ ਦਿੰਦਾ ਹੈ, ਉਸ ਦੇ ਜੀਵਨ ਨੂੰ ਸੰਤੁਲਤ ਰੱਖਦਾ ਹੈ। ਡੇਰੇਦਾਰ ਸ਼ਾਦੀ ਨਹੀਂ ਕਰਵਾਉਂਦੇ ਇਸੇ ਲਈ ਅਖ਼ਬਾਰਾਂ ਵਿਚ ਉਨ੍ਹਾਂ ਰਾਹੀਂ ਕੀਤੇ ਬੀਬੀਆਂ ਦੇ ਸਰੀਰਕ ਸ਼ੋਸ਼ਣ ਅਤੇ ਜੁਆਨ ਕੁੜੀਆਂ ਦੇ ਡੇਰਿਆਂ ਵਿਚ ਆਤਮ-ਹਤਿਆ ਕਰਨ ਦੇ ਕਿੱਸੇ-ਕਹਾਣੀਆਂ ਛਪਦੇ ਹਨ। ਇਨ੍ਹਾਂ ਵੱਲੋਂ ਗੁਰਮਤਿ ਮਰਿਆਦਾ ਦੇ ਉਲਟ ਕੱਚੀ ਬਾਣੀ ਪੜ੍ਹਨ ਦੀ ਗੱਲ ਪਿਛਲੇ ਲੇਖ ਵਿਚ ਹੋਈ ਸੀ।

ਗੁਰਮਤਿ ਵਿਚ 'ਮੰਤਰ' ਦੇਣ ਜਾਂ ਗੁਪਤ ਨਾਮ ਦੇਣ ਦਾ ਕੋਈ ਵਿਧੀ ਵਿਧਾਨ ਨਹੀਂ ਹੈ। ਡੇਰਿਆਂ ਵਿਚ ਨਾਮ ਆਮ ਹੀ ਦਿੱਤਾ ਜਾਂਦਾ ਹੈ ਜੋ ਕਿ ਗੁਰਮਤਿ ਦੇ ਉਲਟ ਹੈ। ਸਿੱਖ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਚੱਲਣ ਦੀ ਆਗਿਆ ਹੈ। ਕੁੜੀ ਮਾਰ ਨਾਲ ਸਿੱਖ ਨੂੰ ਸਮਾਜਿਕ ਮੇਲ-ਜੋਲ ਰੱਖਣ ਦੀ ਮਨਾਹੀ ਹੈ। ਪਰ ਪਿੱਛੇ ਜਿਹੇ ਮੀਡੀਏ ਵਿਚ ਇੱਕ ਖ਼ਬਰ ਨਸ਼ਰ ਹੋਈ ਕਿ ਇੱਕ ਡੇਰੇਦਾਰ ਸੰਤ ਦੇ ਚੇਲਿਆਂ ਨੇ ਇੱਕ ਡਾਕਟਰ ਦੀਆਂ ਅੱਖਾਂ ਤੇਜ਼ਾਬ ਪਾ ਕੇ ਸਾੜ ਦਿੱਤੀਆਂ ਕਿਉਂਕਿ ਉਸ ਡਾਕਟਰ ਨੇ ਸੰਤ ਦੇ ਕਹੇ 'ਤੇ ਚੈਕ-ਅਪ ਦੇ ਬਹਾਨੇ ਉਨ੍ਹਾਂ ਬੀਬੀਆਂ ਦੇ ਗਰਭਪਾਤ ਕਰਨ ਦੇ ਧੰਦੇ ਤੋਂ ਨਾਂਹ ਕਰ ਦਿੱਤੀ ਜਿਨ੍ਹਾਂ ਦੇ ਗਰਭ ਵਿਚ ਬੱਚੀ ਪਲ ਰਹੀ ਹੋਵੇ। ਸੰਤ ਤਾਂ ਆਪਣਾ ਵਪਾਰ ਇਸ ਤੱਥ 'ਤੇ ਚਮਕਾਉਣਾ ਚਾਹੁੰਦਾ ਸੀ ਕਿ ਉਸ ਦੇ ਡੇਰੇ ਤੋਂ ਅਸ਼ੀਰਵਾਦ ਲੈਣ ਵਾਲਿਆਂ ਦੇ ਸਿਰਫ ਲੜਕੇ ਹੁੰਦੇ ਹਨ। ਸਿੱਖ ਅਸੂਲਾਂ ਅਨੁਸਾਰ ਹੱਥੀਂ ਕਿਰਤ ਕਰਕੇ ਖਾਣ ਦੀ ਥਾਂ ਇਹ ਡੇਰੇਦਾਰ ਲੋਕਾਂ ਦੀ ਕਮਾਈ 'ਤੇ ਪਲਦੇ ਹਨ। ਪਲਦੇ ਹੀ ਨਹੀਂ ਸਗੋਂ ਐਸ਼ ਕਰਦੇ ਹਨ। ਉਨ੍ਹਾਂ ਨੇ ਜ਼ਿੰਦਗੀ ਦੀ ਹਰ ਆਧੁਨਿਕ ਸਹੂਲਤ ਕਾਇਮ ਕੀਤੀ ਹੋਈ ਹੈ। ਬਾਬੇ ਨਾਨਕ ਨੇ ਤਾਂ ਇੱਕ ਮਰਦਾਨੇ ਨੂੰ ਰਬਾਬੀ ਸਾਥੀ ਬਣਾ ਕੇ ਕਰੀਬ ਸਾਰੀ ਦੁਨੀਆਂ ਦੀ ਪੈਦਲ ਯਾਤਰਾ ਕੀਤੀ। ਇਹ ਸੰਤ ਨਾ ਸਿਰਫ ਮਹਿੰਗੀਆਂ ਗੱਡੀਆਂ 'ਤੇ ਚੜ੍ਹਦੇ ਹਨ ਬਲਕਿ ਅੱਗੇ ਪਿੱਛੇ ਸਕਿਉਰਿਟੀ ਲਈ ਬੰਦੇ ਰੱਖੇ ਹੁੰਦੇ ਹਨ। ਜੇ ਇਹ 'ਹਰਿ ਕੇ ਭਗਤਿ' ਹਨ ਫਿਰ ਇਨ੍ਹਾਂ ਨੂੰ ਕਿਸ ਦਾ ਡਰ ਹੈ? ਬਾਣੀ ਅਨੁਸਾਰ 'ਅੰਨੀ ਪਰਜਾ ਗਿਆਨ ਵਿਹੂਣੀ' ਜਦੋਂ ਹੁੰਦੀ ਹੈ, ਉਦੋਂ ਹੀ ਅਜਿਹਾ ਵਰਤਾਰਾ ਵਰਤਦਾ ਹੈ। ਸੋ, ਡੇਰੇਦਾਰਾਂ ਨਾਲ ਹੀ ਡੇਰਿਆਂ ਨੂੰ ਉਤਸ਼ਾਹ ਦੇਣ ਵਾਲੇ ਸਿੱਖ ਵੀ ਗੁਰੂ ਦੀ ਮਤਿ ਨੂੰ ਛੱਡ ਕੇ 'ਮਨਿ ਕੀ ਮਤਿ' ਉਤੇ ਚੱਲ ਰਹੇ ਹਨ।

*(ਚਲਦਾ)*

ਗੁਰਬਾਣੀ ਗਿਆਨ

# ਸਭ ਕਿਛੁ ਘਰ ਮਹਿ ਬਾਹਰਿ ਨਾਹੀ

ਮਾਝ ਮਹਲਾ ੫  
ਸਭ ਕਿਛੁ ਘਰ ਮਹਿ ਬਾਹਰਿ ਨਾਹੀ॥  
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥  
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ  
ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥  
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥  
ਮਨੁ ਪੀਵੈ ਸੁਨਿ ਸਬਦੁ ਬੀਚਾਰਾ॥  
ਅਨਦ ਬਿਨੋਦ ਕਰੇ ਦਿਨ ਰਾਤੀ  
ਸਦਾ ਸਦਾ ਹਰਿ ਕੇਲਾ ਜੀਉ॥੨॥  
ਜਨਮ ਜਨਮ ਕਾ ਵਿਛੁੜਿਆ ਮਿਲਿਆ॥  
ਸਾਧ ਕ੍ਰਿਪਾ ਤੇ ਸੂਕਾ ਹਰਿਆ॥  
ਸੁਮਤਿ ਪਾਏ ਨਾਮੁ ਧਿਆਏ  
ਗੁਰਮੁਖਿ ਹੋਏ ਮੇਲਾ ਜੀਉ॥੩॥  
ਜਲ ਤਰੰਗੁ ਜਿਉ ਜਲਹਿ ਸਮਾਇਆ॥  
ਤਿਉ ਜੋਤੀ ਸੰਗਿ ਜੋਤਿ ਮਿਲਾਇਆ॥  
ਕਹੁ ਨਾਨਕ ਭ੍ਰਮ ਕਟੇ ਕਿਵਾੜਾ  
ਬਹੁੜਿ ਨ ਹੋਈਐ ਜਉਲਾ ਜੀਉ॥੪॥

ਜਗਤ ਗੁਰੂ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਖ਼ਸ਼ਿਸ਼ ਕਰਦੇ ਹਨ ਕਿ ਗੁਰੂ ਦੀ ਕ੍ਰਿਪਾ ਸਦਕਾ ਜਿਨ੍ਹਾਂ ਜੀਵਾਂ ਨੇ ਆਪਣੇ ਅੰਦਰੋਂ ਹੀ ਪਰਮੇਸ਼ਵਰ ਨੂੰ ਲੱਭ ਲਿਆ ਹੈ, ਉਹ ਨਾਮ ਸਿਮਰਨ ਕਰਦੇ ਹੋਏ ਵੀ ਅਤੇ ਸੰਸਾਰ ਵਿਚ ਵਿਚਰਦੇ ਹੋਏ ਵੀ ਹਰ ਸਮੇਂ ਸੁਹੇਲੇ, ਭਾਵ ਸੁਖੀ ਰਹਿੰਦੇ ਹਨ। ਗੁਰਦੇਵ ਆਖਦੇ ਹਨ ਕਿ ਅੰਦਰਲੇ ਟਿਕਾਉ ਵਿਚ ਟਿਕੇ ਰਹਿਣ ਨਾਲ ਹੀ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ, ਕਿਉਂਕਿ ਬਾਹਰ ਦੀ ਭਟਕਣਾ ਵਿਚ ਤਾਂ ਕੁਝ ਵੀ ਨਹੀਂ; ਜੋ ਜੀਵ ਬਾਹਰੋਂ ਭਾਵ ਸੰਸਾਰ ਵਿਚੋਂ ਸੁੱਖ ਲਭਦੇ ਹਨ, ਉਹ ਤਾਂ ਭਰਮ-ਭੁਲੇਖੇ ਵਿਚ ਹੀ ਪਏ ਰਹਿੰਦੇ ਹਨ।

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥  
ਮਨੁ ਪੀਵੈ ਸੁਨਿ ਸਬਦੁ ਬੀਚਾਰਾ॥  
ਅਨਦ ਬਿਨੋਦ ਕਰੇ ਦਿਨ ਰਾਤੀ  
ਸਦਾ ਸਦਾ ਹਰਿ ਕੇਲਾ ਜੀਉ॥੨॥

ਗੁਰਦੇਵ ਫਰਮਾਉਂਦੇ ਹਨ ਝਿਮ-ਝਿਮ, ਜਦੋਂ ਮੱਠੀ-ਮੱਠੀ ਬਾਰਸ਼ ਪੈਂਦੀ ਹੈ ਤਾਂ ਉਹ ਪਾਣੀ ਧਰਤੀ ਵਿਚ ਹੀ ਸਮਾਈ ਜਾਂਦਾ ਹੈ, ਰੁੜ੍ਹਦਾ ਨਹੀਂ। ਇਵੇਂ ਹੀ ਜਦ ਆਤਮਾ ਅਡੋਲ ਹੋ ਜਾਂਦੀ ਹੈ ਤਾਂ ਨਾਮ ਰੂਪੀ ਅੰਮ੍ਰਿਤ ਦੀ ਸਹਿਜੇ-ਸਹਿਜੇ ਬਾਰਸ਼ ਹੁੰਦੀ ਹੈ ਤਾਂ ਫਿਰ ਇਸ ਜੀਵ ਦਾ ਮਨ ਗੁਰੂ ਦੇ ਸ਼ਬਦ ਦੇ ਵਿਚਾਰ ਰਾਹੀਂ ਪ੍ਰਭੂ ਦੇ ਗੁਣਾਂ ਨੂੰ ਸਰਵਣ ਕਰਦਾ ਹੈ ਤਾਂ ਪ੍ਰਭੂ ਦੇ ਨਾਮ ਸਿਮਰਨ ਰਾਹੀਂ ਅੰਮ੍ਰਿਤ ਦੀ ਧਾਰ ਨੂੰ ਪੀਂਦਾ ਰਹਿੰਦਾ ਹੈ ਅਤੇ ਇਸ ਅਵਸਥਾ ਵਿਚ ਹਰ ਵਕਤ ਹੀ ਆਨੰਦ ਮਾਣਦਾ ਹੈ ਤੇ ਦਿਨ-ਰਾਤ ਉਸ ਪ੍ਰਭੂ ਦੇ ਮਿਲਾਪ ਦਾ ਸੁੱਖ ਭੀ ਲੈਂਦਾ ਹੈ।

ਜਨਮ ਜਨਮ ਕਾ ਵਿਛੁੜਿਆ ਮਿਲਿਆ॥  
ਸਾਧ ਕ੍ਰਿਪਾ ਤੇ ਸੂਕਾ ਹਰਿਆ॥  
ਸੁਮਤਿ ਪਾਏ ਨਾਮੁ ਧਿਆਏ  
ਗੁਰਮੁਖਿ ਹੋਏ ਮੇਲਾ ਜੀਉ॥੩॥

ਪ੍ਰਭੂ ਦਾ ਸਿਮਰਨ ਕਰਦੇ-ਕਰਦੇ ਕਈ ਜਨਮਾਂ ਤੋਂ ਵਿਛੜਿਆ ਇਹ ਜੀਵ ਪ੍ਰਭੂ ਦੇ ਨਾਲ ਫਿਰ ਮਿਲਾਪ ਪ੍ਰਾਪਤ ਕਰ ਲੈਂਦਾ ਹੈ ਅਤੇ ਇਸ ਦਾ ਸੁੱਕਾ ਹੋਇਆ ਮਨ ਸਾਧ ਕ੍ਰਿਪਾ, ਭਾਵ ਗੁਰੂ ਦੀ ਮਿਹਰ ਦੇ ਪਾਣੀ ਨਾਲ ਫਿਰ ਹਰਿਆ-ਭਰਿਆ ਹੋ ਉਠਦਾ ਹੈ ਅਤੇ ਜਦੋਂ ਇਹ ਜੀਵ ਆਪਣੇ ਗੁਰੂ ਕੋਲੋਂ ਸੁਮਤਿ, ਭਾਵ ਸੁਚੱਜੀ ਮਤ ਪ੍ਰਾਪਤ ਕਰ ਲੈਂਦਾ ਹੈ, ਦਿਨ-ਰਾਤ ਹਰ ਵੇਲੇ ਹੀ ਪ੍ਰਭੂ ਦਾ ਸਿਮਰਨ ਕਰਦਾ ਹੈ ਤਾਂ ਫਿਰ ਗੁਰੂ ਦੀ ਸੰਗਤ ਅਤੇ ਗੁਰੂ ਚਰਨਾਂ ਨਾਲ ਜੁੜਨ ਕਰ ਕੇ ਇਸ ਜੀਵ ਨੂੰ ਮਿਹਰਬਾਨ ਪ੍ਰਭੂ ਦਾ ਮਿਲਾਪ ਹਾਸਲ ਹੋ ਜਾਂਦਾ ਹੈ।

ਜਲ ਤਰੰਗੁ ਜਿਉ ਜਲਹਿ ਸਮਾਇਆ॥  
ਤਿਉ ਜੋਤੀ ਸੰਗਿ ਜੋਤਿ ਮਿਲਾਇਆ॥  
ਕਹੁ ਨਾਨਕ ਭ੍ਰਮ ਕਟੇ ਕਿਵਾੜਾ  
ਬਹੁੜਿ ਨ ਹੋਈਐ ਜਉਲਾ ਜੀਉ॥੪॥

ਗੁਰੂ ਸਾਹਿਬ ਆਖਦੇ ਹਨ ਕਿ ਜਲ ਤਰੰਗ, ਭਾਵ ਜਿਵੇਂ ਪਾਣੀ ਵਿਚੋਂ ਉਠੀ ਹੋਈ ਲਹਿਰ ਫਿਰ ਪਾਣੀ ਵਿਚ ਹੀ ਸਮਾ ਜਾਂਦੀ ਹੈ, ਭਾਵ ਇਕ-ਮਿਕ ਹੋ ਜਾਂਦੀ ਹੈ; ਬਿਲਕੁਲ ਉਸੇ ਤਰ੍ਹਾਂ ਹੀ ਗੁਰੂ ਦੀ ਬਖ਼ਸ਼ਿਸ਼ ਸਦਕਾ ਨਾਮ ਸਿਮਰਨ ਨਾਲ ਜੁੜ ਕੇ ਇਸ ਜੀਵ ਦੀ ਸੁਰਤ ਭਾਵ ਜੋਤ ਪ੍ਰਭੂ ਨਾਲ ਇਕ-ਮਿਕ ਹੋ ਜਾਂਦੀ ਹੈ, ਜਿਵੇਂ ਪਾਣੀ ਤੇ ਪਾਣੀ ਵਿਚੋਂ ਉਠੀ ਹੋਈ ਲਹਿਰ। ਹੇ ਪ੍ਰਭੂ ਜੀਉ! ਇਹ ਨਾਨਕ ਆਖਦਾ ਹੈ ਕਿ ਗੁਰੂ ਦੀ ਕ੍ਰਿਪਾ ਸਦਕਾ ਨਾਮ ਸਿਮਰਨ ਕਰ ਕੇ ਭਰਮ ਰੂਪੀ ਕਿਵਾੜ ਖੁੱਲ੍ਹ ਜਾਂਦੇ ਹਨ ਤੇ ਮਾਇਆ ਰੂਪੀ ਵਿਕਾਰਾਂ ਦੀ ਦੌੜ ਮੁੱਕ ਜਾਂਦੀ ਹੈ।

ਗੁਰੂ ਪਿਆਰਿਓ! ਆਉ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

ਵਿਚਾਰ-ਚਰਚਾ

### ਮਸਲੇ ਧਰਮ ਦਰਸ਼ਨ ਤੇ ਰਾਜਨੀਤਕ ਪ੍ਰਵਚਨ ਦੇ

# 'ਸਿੱਖ ਕੌਮ: ਹਸਤੀ ਤੇ ਹੋਣੀ'-ਕੁਝ ਸੰਸੇ, ਕੁਝ ਸਵਾਲ

**ਪਰੇਮ ਸਿੰਘ (ਡਾ.)**

*ਪੰਜਾਬ ਟਾਈਮਜ਼ ਵਿਚ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਸਾਲ 2010-11 ਵਿਚ ਹੋਈ ਵਿਚਾਰ ਚਰਚਾ ਦੇ ਆਧਾਰ 'ਤੇ ਛਪੀ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਬਾਰੇ ਅਦਾਰਾ 'ਪੰਜਾਬ ਟਾਈਮਜ਼' ਵੱਲੋਂ ਬਜ਼ੁਰਗ ਦਾਨਸ਼ਵਰ ਡਾ. ਪਰੇਮ ਸਿੰਘ ਨੂੰ ਆਪਣੀ ਰਾਏ ਲਿਖ ਭੇਜਣ ਲਈ ਬੇਨਤੀ ਕੀਤੀ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪੁਸਤਕ ਵਿਚ ਸ਼ਾਮਲ ਲੇਖਾਂ ਨੂੰ ਉਨ੍ਹਾਂ ਨੇ ਪੂਰੀ ਨੀਝ ਨਾਲ ਪੜ੍ਹਿਆ ਹੈ ਅਤੇ ਉਹ ਇਨ੍ਹਾਂ 'ਚੋਂ ਬਹੁਤੇ ਲੇਖਾਂ ਬਾਰੇ ਵੱਖਰੀ-ਵੱਖਰੀ ਟਿੱਪਣੀ ਲਿਖਣਾ ਵੱਧ ਪਸੰਦ ਕਰਨਗੇ। ਉਨ੍ਹਾਂ ਨੇ ਆਪਣੀ ਵਿਸਤ੍ਰਿਤ ਟਿੱਪਣੀ ਭੇਜੀ ਹੈ ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਪਿਛਲੇ ਕੁਝ ਸਮੇਂ ਤੋਂ ਭਾਰਤ ਅਤੇ ਵਿਦੇਸ਼ਾਂ ਵਿਚ, ਖਾਸ ਤੌਰ ਉਤੇ ਜਿੱਥੇ ਸਿੱਖ ਭਾਈਚਾਰਾ ਚੰਗੀ ਗਿਣਤੀ ਵਿਚ ਵਸਿਆ ਹੋਇਆ ਹੈ, ਵਿਆਪਕ ਚਰਚਾ ਸ਼ੁਰੂ ਹੋ ਚੁੱਕੀ ਹੈ। ਇਸ ਚਰਚਾ ਦਾ ਮੰਤਵ ਸਿੱਖਾਂ ਦੇ ਇਤਿਹਾਸ ਅਤੇ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਦੀ ਰੋਸ਼ਨੀ ਵਿਚ ਉਨ੍ਹਾਂ ਦੇ ਭਵਿੱਖੀ ਵਿਕਾਸ ਦੀ ਸੇਧ ਨਿਰਧਾਰਿਤ ਕਰਨ ਦਾ ਯਤਨ ਕਰਨਾ ਹੈ। 'ਸਿੱਖ ਕੌਮ: ਹਸਤੀ ਤੇ ਹੋਣੀ' ਪੁਸਤਕ ਵੀ ਇਸੇ ਦਿਸ਼ਾ ਵਿਚ ਕੀਤਾ ਯਤਨ ਹੈ। ਪੁਸਤਕ ਦਾ ਸੰਪਾਦਨ ਸ. ਅਮੋਲਕ ਸਿੰਘ ਤੇ ਗੁਰਦਿਆਲ ਸਿੰਘ ਬੱਲ ਨੇ ਕੀਤਾ ਹੈ। ਪੰਜਾਬ ਸੰਕਟ ਬਾਰੇ ਵੱਖ-ਵੱਖ ਵਿਚਾਰਾਂ ਦੀਆਂ ਇਹ ਲਿਖਤਾਂ ਸਮੱਸਿਆ ਦੀ ਜੜ੍ਹ ਤਕ ਪੁੱਜਣ ਦਾ ਯਤਨ ਹਨ।

ਇਸ ਚਰਚਾ ਦਾ ਅਰੰਭ ਸ. ਅਜਮੇਰ ਸਿੰਘ ਵੱਲੋਂ ਲਿਖੀਆਂ 3 ਪੁਸਤਕਾਂ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (2003), 'ਕਿਸ ਬਿਧ ਰੁਲੀ ਪਾਤਸ਼ਾਹੀ' (2007) ਅਤੇ '1984 ਅਣਚਿਤਵਿਆ ਕਹਿਰ' (2009) ਦੇ ਮੁਲੰਕਣ ਤੋਂ ਸ਼ੁਰੂ ਹੋਇਆ ਸੀ। ਇਨ੍ਹਾਂ ਪੁਸਤਕਾਂ ਵਿਚ ਸ. ਅਜਮੇਰ ਸਿੰਘ ਨੇ ਮੂਲ ਧਾਰਨਾ ਇਹ ਪੇਸ਼ ਕੀਤੀ ਸੀ ਕਿ ਪੰਜਾਬ ਦੇ ਦੋ ਭਾਈਚਾਰਿਆਂ-ਹਿੰਦੂਆਂ ਤੇ ਸਿੱਖਾਂ ਵਿਚਕਾਰ, ਆਪਸੀ ਵਿਰੋਧ ਦੀ ਸਥਿਤੀ ਹੈ ਅਤੇ ਇਹ ਵਿਰੋਧ ਸਿੱਖੀ ਦੇ ਜਨਮ ਤੋਂ ਹੀ, ਭਾਵ ਪੰਦਰਵੀਂ ਸਦੀ ਤੋਂ ਹੀ ਸ਼ੁਰੂ ਹੋ ਗਏ ਸਨ। ਇਸ ਵਿਰੋਧ ਦਾ ਰੂਪ ਬਦਲਦਾ ਰਿਹਾ ਹੈ ਪਰ ਇਹ ਹਰ ਤਰ੍ਹਾਂ ਦੇ ਹਾਲਾਤ ਵਿਚ ਬਣਿਆ ਰਿਹਾ ਹੈ ਤੇ ਹੁਣ ਵੀ ਮੌਜੂਦ ਹੈ। ਲੇਖਕ ਨੇ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਅਤੇ ਉਸ ਤੋਂ ਬਾਅਦ ਦੇ ਹਾਲਾਤ ਉਤੇ ਟਿੱਪਣੀ ਕਰਦਿਆਂ ਅੰਗਰੇਜ਼ਾਂ ਵੱਲੋਂ ਸਿੱਖਾਂ ਉਤੇ ਕੀਤੀਆਂ ਗਈਆਂ ਕਥਿਤ ਮਿਹਰਬਾਨੀਆਂ ਦਾ ਜ਼ਿਕਰ ਕੀਤਾ ਹੈ ਤੇ ਸਿੱਖਾਂ ਵੱਲੋਂ 1857 ਦੇ ਗਦਰ ਸਮੇਂ ਕੀਤੀ ਮਦਦ ਦਾ ਸ਼ਲਾਘਾਪੂਰਨ ਨੋਟਿਸ ਲਿਆ ਹੈ ਪਰ ਇਸ ਤੱਥ ਨੂੰ ਅੱਖੋਂ-ਪਰੋਖੇ ਕਰ ਦਿੱਤਾ ਹੈ ਕਿ ਮੇਰਠ ਵਿਚ ਹੋਏ ਗਦਰ ਦੀ ਖ਼ਬਰ ਪੰਜਾਬ ਵਿਚ ਪੁੱਜਦਿਆਂ ਹੀ ਅੰਗਰੇਜ਼ਾਂ ਨੇ ਸਿੱਖ ਪਲਟਣਾਂ ਤੋਂ ਹਥਿਆਰ ਸੁਟਵਾ ਲਏ ਸਨ। ਲਾਹੌਰ, ਪੇਸ਼ਾਵਰ, ਨਵਾਂ ਸ਼ਹਿਰ, ਮੁਲਤਾਨ, ਅੰਬਾਲਾ, ਜਲੰਧਰ, ਰਾਵਲਪਿੰਡੀ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ, ਭਾਵ ਦਸ ਛਾਉਣੀਆਂ ਵਿਚ 13000 ਫੌਜੀਆਂ ਨੂੰ ਬੇਹਥਿਆਰ ਕਰ ਦਿੱਤਾ ਗਿਆ ਸੀ ਤੇ ਪੰਜਾਬ ਵਿਚ ਖੁੱਲ੍ਹੀ ਬਗਾਵਤ ਕੇਵਲ ਅੰਗਰੇਜ਼ਾਂ ਦੀਆਂ ਇਨ੍ਹਾਂ ਪੇਸ਼ਬੰਦੀਆਂ ਕਾਰਨ ਹੀ ਰੁਕੀ ਸੀ। ਫਿਰ ਵੀ, ਅੱਠ ਥਾਂਵਾਂ ਉਤੇ ਫੌਜਾਂ ਨੇ ਬਗਾਵਤ ਕੀਤੀ ਸੀ ਤੇ ਉਨ੍ਹਾਂ ਵਿਚ ਕਈ ਥਾਂਈਂ ਉਨ੍ਹਾਂ ਆਪਣੇ ਅਫ਼ਸਰਾਂ ਨੂੰ ਕਤਲ ਕਰ ਦਿੱਤਾ ਸੀ।

ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਦੀ ਭੂਮਿਕਾ ਵਿਚ ਸ. ਅਮਰਜੀਤ ਸਿੰਘ ਗਰੇਵਾਲ ਨੇ ਇਹ ਮਤ ਪੇਸ਼ ਕੀਤਾ ਹੈ ਕਿ ਅੱਜ ਸਿੱਖ ਭਾਈਚਾਰੇ ਦੀ ਆਰਥਿਕਤਾ ਅਤੇ ਰਾਜਨੀਤੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਉਪਰ ਨਹੀਂ, ਸਗੋਂ ਪੂੰਜੀਵਾਦੀ ਸੋਚ ਦੀ ਗੁਰਮਤਿ ਵਿਰੋਧੀ ਖਪਤਕਾਰੀ ਸੋਚ ਉਪਰ ਟਿੱਕੀ ਹੋਈ ਹੈ। ਉਨ੍ਹਾਂ ਅਨੁਸਾਰ ਸਿੱਖ ਕੌਮ ਨਹੀਂ, ਪੰਥ ਹਨ। ਕੌਮ ਦੀ ਆਮ ਤੌਰ 'ਤੇ ਪ੍ਰਵਾਣਿਤ ਪਰਿਭਾਸ਼ਾ ਉਤੇ ਕਿੰਤੂ ਕਰਦਿਆਂ ਉਨ੍ਹਾਂ ਉਦਾਹਰਣ ਦਿੱਤੀ ਹੈ ਕਿ ਅਸੀਂ ਕਈ ਜ਼ੁਬਾਨਾਂ ਬੋਲਣ ਵਾਲੀਆਂ ਕੌਮਾਂ ਅਤੇ ਇੱਕੋ ਜ਼ੁਬਾਨ ਬੋਲਣ ਵਾਲੀਆਂ ਕਈ ਕੌਮਾਂ ਦੇਖਦੇ ਹਨ ਤਾਂ ਇਸ ਪਰਿਭਾਸ਼ਾ ਨੂੰ ਮੰਨਣ ਵਿਚ ਦਿੱਕਤ ਆਉਂਦੀ ਹੈ। ਭਾਰਤ ਦੇ ਬਹੁ-ਕੌਮੀ ਰਾਸ਼ਟਰ ਬਣਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਇਸ ਅਮਲ ਵਿਚ 1615 ਇਲਾਕਾਈ ਜ਼ੁਬਾਨਾਂ ਨੂੰ 22 ਸੈਡਿਊਲਡ ਜ਼ੁਬਾਨਾਂ ਦੇ ਗਲਬੇ ਅਧੀਨ ਕਰ ਦਿੱਤਾ ਗਿਆ ਹੈ। ਇਹ ਜ਼ੁਬਾਨਾਂ ਬੋਲਣ ਵਾਲੇ ਭਾਈਚਾਰਿਆਂ ਨੂੰ ਮੁੱਖ ਭਾਸ਼ਾਈ ਸੰਸਕ੍ਰਿਤੀ ਦੇ ਗੁਲਾਮ ਬਣਾ ਦਿੱਤਾ ਗਿਆ ਹੈ। ਭਾਰਤ ਦੀ ਭਾਸ਼ਾਈ ਵੰਨ-ਸਵੰਨਤਾ ਖ਼ਤਮ ਕਰ ਦਿੱਤੀ ਗਈ। ਪੰਜਾਬੀ ਸੂਬਾ ਬਣਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਸਿੱਖਾਂ ਨੇ ਵੀ ਹਰਿਆਣਾ ਤੇ ਹਿਮਾਚਲ ਨੂੰ ਬਾਹਰ ਕੱਢ ਕੇ ਪੰਜਾਬੀ ਬੋਲੀ ਦੀ ਆੜ ਵਿਚ ਸਿੱਖ ਬਹੁ-ਗਿਣਤੀ ਵਾਲਾ ਪੰਜਾਬੀ ਸੂਬਾ ਬਣਵਾ ਲਿਆ। ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਅਕਾਲੀ ਦਲ ਦੀ ਜਦੋਂ ਸਰਕਾਰ ਬਣਦੀ ਹੈ ਤਾਂ ਉਹ ਚੁੱਪ ਕਰ ਕੇ ਰਾਜ ਕਰਦੇ ਹਨ, ਪਰ ਜਦੋਂ ਸਰਕਾਰੋਂ ਬਾਹਰ ਹੋ ਜਾਂਦੇ ਹਨ ਤਾਂ ਰਾਜਾਂ ਲਈ ਕਦੀ ਖੁਦਮੁਖਤਾਰੀ ਤੇ ਕਦੀ ਵਧੇਰੇ ਅਧਿਕਾਰਾਂ ਦਾ ਮੁੱਦਾ ਉਠਾ ਲੈਂਦੇ ਹਨ। ਪੰਜਾਬ ਵਿਚ ਅਕਾਲੀ ਸਿਆਸਤ ਦਾ ਭੰਬਲਭੂਸਾ ਅਤੇ ਇਸ ਦੀਆਂ ਕਮਜ਼ੋਰੀਆਂ ਵੀ ਸਿੱਖ ਖਾੜਕੂਵਾਦ ਦੇ ਉਭਾਰ ਦੇ ਸਬੱਬ ਬਣੇ, ਲੇਖਕ ਦੀ ਇਹ ਧਾਰਨਾ ਕਾਫ਼ੀ ਦਰੁਸਤ ਹੈ, ਪਰ ਇੱਥੇ ਇਹ ਨੋਟ ਕਰਨਾ ਵੀ ਯੋਗ ਹੈ ਕਿ ਕਾਂਗਰਸ ਸਰਕਾਰ ਨੇ ਪੰਜਾਬ ਦੇ ਸੰਕਟ ਦੇ ਨਿਬੇੜੇ ਲਈ ਜੋ ਨੀਤੀ ਤੇ ਦਾਅ-ਪੇਚ ਵਰਤੇ, ਉਨ੍ਹਾਂ ਕਾਰਨ ਵੀ ਖਾੜਕੂਵਾਦ ਪੈਦਾ ਹੋਇਆ ਤੇ ਫੈਲਿਆ ਅਤੇ ਪੂਰੇ 14 ਵਰ੍ਹੇ ਪੰਜਾਬੀਆਂ ਨੂੰ ਬਲਦੀ ਦੇ ਬੁਥੇ ਧੱਕੀ ਰੱਖਿਆ।

ਸ. ਅਮਰਜੀਤ ਸਿੰਘ ਗਰੇਵਾਲ ਦਾ ਮੱਤ ਹੈ ਕਿ ਰਾਸ਼ਟਰਵਾਦ ਤੇ ਰਾਸ਼ਟਰੀ ਨਿਰਮਾਣ ਕਿਸੇ ਖੜੋਤ ਦਾ ਨਾਮ ਨਹੀਂ ਹਨ। ਆਰਥਿਕਤਾ ਅਤੇ ਗਤੀਸ਼ੀਲਤਾ ਹੀ ਇਸ ਦੇ ਜੀਵੰਤ ਹੋਣ ਦੀ ਨਿਸ਼ਾਨੀ ਹਨ। ਇਸ ਲਈ ਘੱਟ-ਗਿਣਤੀਆਂ, ਔਰਤਾਂ, ਬੇਰੁਜ਼ਗਾਰਾਂ ਤੇ ਬੇਜ਼ਮੀਨੇ ਕਿਸਾਨਾਂ ਦੇ ਸੰਘਰਸ਼ਾਂ ਨੂੰ ਰਾਸ਼ਟਰੀ ਨਿਰਮਾਣ ਦੀਆਂ ਸੰਭਾਵਨਾਵਾਂ ਵਜੋਂ ਲੈਣਾ ਚਾਹੀਦਾ ਹੈ। ਕੌਮੀ ਨਿਰਮਾਣ ਦੀ ਇਹ ਕਹਾਣੀ ਹੀ ਕੌਮ ਦੇ ਬਚੇ ਰਹਿਣ ਦੀ ਕਹਾਣੀ ਹੈ। ਇਸ ਦਾ ਚਲਦੇ ਰਹਿਣਾ ਜ਼ਰੂਰੀ ਹੈ। ਇਸ ਨੂੰ ਰੋਕਣ ਦੀ ਨਹੀਂ, ਤਿੱਖਾ ਕਰਨ ਦੀ ਲੋੜ ਹੈ। ਉਨ੍ਹਾਂ ਅਨੁਸਾਰ ਇਹ ਗੁਰੂ ਗ੍ਰੰਥ ਹੀ ਸੀ ਜਿਸ ਨੇ ਦੁਨੀਆਂ ਵਿਚ ਪਹਿਲੀ ਵਾਰ ਅਨੇਕਤਾ ਵਿਚ ਏਕਤਾ ਅਤੇ ਵਿਲੱਖਣਤਾ ਵਿਚ ਸਾਂਝ ਅਤੇ ਸੰਵਾਦ ਨੂੰ ਸੰਸਕ੍ਰਿਤਕ ਵਿਕਾਸ ਦੇ ਮੁੱਖ ਸਾਧਨ ਵਜੋਂ ਵਰਤਣ ਦੀ ਪਿਰਤ ਪਾਈ। ਸਿੱਖ ਪਰੰਪਰਾ ਦੀ ਵੱਡੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਮਾਨਵ ਕਲਿਆਣ ਲਈ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪੋ-ਆਪਣੇ ਮਾਰਗਾਂ ਉਤੇ ਚੱਲਣ ਦੀ ਪੁਰਜ਼ੋਰ ਨਸੀਹਤ ਕਰਦੀ ਹੈ। ਉਨ੍ਹਾਂ ਨੂੰ ਚੰਗਾ ਹਿੰਦੂ ਤੇ ਚੰਗਾ ਮੁਸਲਮਾਨ ਬਣਨ ਲਈ ਆਖਦੀ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਅਮਰੀਕਾ ਦੀ ਆਰਥਿਕ, ਰਾਜਨੀਤਕ ਤੇ ਸਮਾਜਕ-ਸਭਿਆਚਾਰਕ ਚੌਧਰ ਖ਼ਤਮ ਹੋਣ ਨਾਲ ਇੱਕੀਵੀਂ ਸਦੀ ਬਹੁ-ਧਰੁਵੀ ਤਾਂ ਬਣ ਗਈ ਹੈ, ਪਰ ਵਿਚਾਰਧਾਰਕ ਤੌਰ ਉਤੇ ਇਕ ਧਰੁਵੀ ਹੀ ਹੈ। ਇਸ ਪ੍ਰਸੰਗ ਵਿਚ ਸਿੱਖ ਪਰੰਪਰਾ ਦੀ ਬੇਸ਼ਕੀਮਤੀ ਬਹੁ-ਵਾਦੀ ਸੋਚ ਵਿਸ਼ੇਸ਼ ਮਹੱਤਵ ਅਖਤਿਆਰ ਕਰ ਗਈ ਹੈ।

ਸ. ਗਰੇਵਾਲ ਅਨੁਸਾਰ ਗੁਰੂ ਨਾਨਕ ਵੀ ਕੌਮ ਦਾ ਨਿਰਮਾਣ ਹੀ ਕਰ ਰਹੇ ਸਨ। ਉਹ ਭਾਰਤੀ ਕੌਮ ਦੇ ਨਵ-ਨਿਰਮਾਣ ਵਿਚ ਜੁਟੇ ਹੋਏ ਸਨ ਪਰ ਇਸ ਪ੍ਰੋਜੈਕਟ ਨੂੰ ਅਸੀਂ ਜਾਰੀ ਨਾ ਰੱਖ ਸਕੇ। ਦੱਖਣੀ ਏਸ਼ੀਆ ਸੰਗਠਿਤ ਨਾ ਰਹਿ ਸਕਿਆ ਤੇ ਭਾਰਤ ਦੇ ਲੋਕ ਕੇਵਲ ਭਾਰਤ ਦੇ ਨਾਗਰਿਕ ਹੀ ਬਣੇ, ਕੌਮ ਨਾ ਬਣ ਸਕੇ। ਗੁਰੂ ਨਾਨਕ ਨੇ ਉਦਾਰਵਾਦੀ ਨੈਤਿਕਤਾ ਦੇ ਨਿਰਮਾਣ ਲਈ ਬਹੁਤ ਹੀ ਸ਼ਕਤੀਵਰ ਸੰਦੇਸ਼ ਰਾਹੀਂ ਨੈਤਿਕਤਾ ਅਤੇ ਜਮਹੂਰੀਅਤ ਵਿਚ ਸਾਂਝ ਦੀ ਲੋੜ 'ਤੇ ਜ਼ੋਰ ਦਿੱਤਾ। ਅੱਜ ਸਿੱਖਾਂ ਨੂੰ ਇਸ ਸਵਾਲ ਦਾ ਹੱਲ ਤਾਂ ਢੂੰਡਣਾ ਹੀ ਪਵੇਗਾ ਕਿ ਅਜਿਹੀਆਂ ਸੰਸਥਾਵਾਂ ਤੇ ਸੱਤਾ ਰੂਪ ਕਿਵੇਂ ਉਸਾਰੇ ਜਾਣ ਜੋ ਆਜ਼ਾਦੀ, ਬਰਾਬਰੀ ਅਤੇ ਸਮਾਜਕ ਨਿਆਂ ਵਰਗੀਆਂ ਕਦਰਾਂ ਕੀਮਤਾਂ ਦੇ ਅਨੁਕੂਲ ਹੋਣ। ਇੱਥੇ ਕੁਦਰਤੀ ਤੌਰ ਉਤੇ ਇਹ ਸਵਾਲ ਉਠੇਗਾ ਕਿ ਗੁਰੂ ਨਾਨਕ ਦੇ ਸਮਿਆਂ ਵਿਚ ਅਜੋਕੇ ਅਰਥਾਂ ਵਿਚ ਜਮਹੂਰੀਅਤ ਦਾ ਸੰਕਲਪ ਹੋਂਦ ਵਿਚ ਨਹੀਂ ਆਇਆ ਸੀ। ਹਾਂ, ਇਸ ਗੱਲ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਜੇ ਗੁਰੂਆਂ ਦੀ ਤਾਲੀਮ ਅਨੁਸਾਰ ਲੋਕਾਈ ਕਾਰਜਸ਼ੀਲ ਹੋ ਜਾਂਦੀ ਤਾਂ ਬਿਹਤਰ ਸਮਾਜ ਵੱਲ ਵਧਿਆ ਜਾ ਸਕਦਾ ਸੀ, ਪਰ ਜਗੀਰਦਾਰੀ ਢਾਂਚੇ ਨੂੰ ਤੋੜੇ ਬਿਨਾਂ ਸ਼ਾਇਦ ਇਹ ਸੰਭਵ ਨਹੀਂ ਸੀ।

ਪੁਸਤਕ ਵਿਚ ਸ਼ਾਮਲ ਵਿਦਵਾਨਾਂ ਵਿਚੋਂ ਅਹਿਮ ਨਾਂ ਪ੍ਰੋ. ਭੁਪਿੰਦਰ ਸਿੰਘ ਦਾ ਹੈ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸਮਾਜ ਸ਼ਾਸਤਰ ਵਿਭਾਗ ਦੇ ਮੁਖੀ ਰਹਿ ਚੁੱਕੇ ਹਨ। 'ਰਾਜ ਕਰੇਗਾ ਖਾਲਸਾ' ਲੇਖ ਵਿਚ ਉਹ ਲਿਖਦੇ ਹਨ ਕਿ ਸਿੱਖ ਧਾਰਮਿਕ ਸਮਾਗਮ ਸਮੇਂ ਕੀਤੀ ਜਾਂਦੀ ਅਰਦਾਸ ਦੇ ਭਾਵ-ਅਰਥ ਸਮਝਣ ਲਈ ਸਿੱਖ ਜਾਂ ਗੈਰ-ਸਿੱਖ ਵਿਦਵਾਨਾਂ ਵੱਲੋਂ ਕੋਈ ਪ੍ਰਮਾਣਿਕ ਯਤਨ ਨਹੀਂ ਕੀਤਾ ਗਿਆ। ਆਮ ਤੌਰ 'ਤੇ ਇਸ ਦਾ ਅਰਥ ਇਹ ਲੈ ਲਿਆ ਜਾਂਦਾ ਹੈ ਕਿ ਸਿੱਖ ਨਿਰੰਕੁਸ਼ ਸੱਤਾ ਪ੍ਰਾਪਤ ਕਰਨਗੇ, ਜਾਂ ਇਹ ਕਿ ਇਨਸਾਫ਼ ਦਾ ਰਾਜ ਹੋਵੇਗਾ। ਇਨ੍ਹਾਂ ਵਿਚੋਂ ਪਹਿਲਾ ਭਾਵ-ਅਰਥ ਰਾਜਸੀ ਹੈ ਤੇ 'ਮੀਰੀ' ਤੋਂ ਉਪਜਦਾ ਹੈ ਜਦ ਕਿ ਦੂਜਾ 'ਪੀਰੀ' ਤੋਂ। ਕੁਝ ਲੋਕਾਂ ਲਈ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਾਲਸਾ ਰਾਜ ਦੇ ਆਦਰਸ਼ ਦੀ ਪ੍ਰਾਪਤੀ ਨੂੰ ਸਾਕਾਰ ਕਰਦਾ ਸੀ।

ਪ੍ਰੋ. ਭੁਪਿੰਦਰ ਸਿੰਘ ਅਨੁਸਾਰ ਇਕ ਤੀਜੀ




ਵਿਆਖਿਆ ਵੀ ਸੰਭਵ ਹੈ। 'ਰਾਜ ਕਰੇਗਾ ਖਾਲਸਾ' ਨੂੰ ਸਮਝਣ ਲਈ ਸਿੱਖ ਧਰਮ ਦਾ ਮੰਤਕ ਸਮਝਣਾ ਜ਼ਰੂਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਨਵਾਂ ਮਜ਼੍ਹਬ ਆਪਣੇ ਸਮੇਂ ਦੇ ਤਕਾਜ਼ਿਆਂ ਅਨੁਸਾਰ ਮਨੁੱਖ, ਕੁਦਰਤ ਅਤੇ ਰੱਬ ਵਿਚਕਾਰ ਸਬੰਧਾਂ ਨੂੰ ਨਵੇਂ ਸਿਰਿਓਂ ਪਰਿਭਾਸ਼ਤ ਕਰਦਾ ਹੈ। ਸਿੱਖ ਧਰਮ ਨੇ ਵੀ ਅਜਿਹਾ ਕੀਤਾ। ਉਸ ਜ਼ਮਾਨੇ ਵਿਚ ਇੱਕ-ਦੂਜੇ ਦੇ ਖੂਨ ਦੇ ਪਿਆਸੇ ਬਣੇ ਬੈਠੇ ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੇ ਲੋਕਾਂ ਨੂੰ ਇੱਕ-ਦੂਜੇ ਦੇ ਸੱਚ ਨੂੰ ਪਛਾਨਣ ਦਾ ਸੱਦਾ ਦਿੱਤਾ। ਸੱਭੇ ਸਾਂਝੀਵਾਲ ਦੇ ਵਿਸ਼ੇਸ਼ ਸੰਦੇਸ਼ ਨਾਲ ਸਿੱਖ ਭਾਈਚਾਰਾ ਜਾਤ-ਪਾਤ ਦੇ ਚੌਖਟੇ ਵਿਚੋਂ ਕਾਫੀ ਹੱਦ ਤੱਕ ਬਾਹਰ ਵੀ ਨਿਕਲ ਗਿਆ। ਸਿੱਖੀ ਵਿਚ ਗੁਰੂ ਨਾਨਕ ਦੇ 'ਜਪੁ' ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ 'ਜਾਪ' ਤੱਕ ਨਾ ਕੇਵਲ ਰੱਬ ਦੇ ਪ੍ਰਭੂਸੱਤਾ-ਸੰਪੰਨ ਹੋਣ ਉਤੇ ਜ਼ੋਰ ਹੈ, ਉਸ ਦੇ ਬ੍ਰਹਿਮੰਡ, ਕੁਦਰਤ, ਪੈਗੰਬਰਾਂ, ਦੇਵਤਿਆਂ ਜਾਂ ਸ਼ਕਤੀਆਂ ਕਲਾਵਾਂ, ਵਿਗਿਆਨਾਂ ਅਤੇ ਮਜ਼੍ਹਬਾਂ ਉਤੇ ਹਾਵੀ ਹੋਣ ਦਾ ਵੀ ਇਕਰਾਰ ਹੈ। ਗੁਰੂਆਂ ਦਾ ਮੰਤਵ ਹਿੰਦੂ ਮਤ ਜਾਂ ਇਸਲਾਮ ਨੂੰ ਇਤਿਹਾਸ ਦੇ ਮੰਚ ਤੋਂ ਲਾਂਭੇ ਕਰਨ ਦਾ ਨਹੀਂ ਸੀ, ਸਗੋਂ ਦੋਹਾਂ ਨੂੰ ਇਨ੍ਹਾਂ ਦੇ ਮੱਧ-ਯੁਗੀ ਵਿਚਾਰਾਂ ਤੇ ਅਮਲਾਂ 'ਚ ਆਈ ਅਧੋਗਤੀ ਤੋਂ ਉਨ੍ਹਾਂ ਨੂੰ ਸੁਚੇਤ ਕਰਨਾ ਸੀ। ਇਸ ਨਵੇਂ ਰਾਹ ਨੂੰ ਮੰਨਣ ਵਾਲੇ ਸਾਰੇ ਸਿੱਖ ਬਣ ਗਏ ਤੇ ਫਿਰ ਅੰਤਿਮ ਤੌਰ ਉਤੇ ਖਾਲਸਾ ਰੂਪ ਵਿਚ ਸਾਹਮਣੇ ਆਏ, ਪਰ ਇਸ ਅਮਲ ਨੂੰ ਸਮਾਂ ਲੱਗਾ। ਗੁਰੂ ਨਾਨਕ ਨੂੰ ਇਸ ਗੱਲ ਦਾ ਗਿਆਨ ਸੀ ਕਿ ਮਨੁੱਖਾ ਸਮਾਜ ਵਿਚੋਂ ਕੋਈ ਇਖਲਾਕੀ ਪ੍ਰਬੰਧ ਰਾਜਸੀ ਸੱਤਾ ਤੋਂ ਬਗੈਰ ਕਾਇਮ ਨਹੀਂ ਰਹਿ ਸਕਦਾ।

ਇੱਥੇ ਪ੍ਰੋ. ਸਾਹਿਬ ਨੇ ਖਾਲਸੇ ਦੇ ਇਤਿਹਾਸ ਦਾ ਠੀਕ ਵੇਰਵਾ ਦਿੱਤਾ ਹੈ ਤੇ ਇਹ ਧਾਰਨਾ ਵੀ ਸਪੱਸ਼ਟ ਰੂਪ ਵਿਚ ਅੰਕਤ ਕੀਤੀ ਹੈ ਕਿ ਖਾਲਸੇ ਲਈ ਸੱਤਾ ਦਾ ਸਵਾਲ ਅਰੰਭ ਤੋਂ ਹੀ ਉਠਾ ਦਿੱਤਾ ਗਿਆ ਸੀ, ਪਰ ਅਜੋਕੇ ਪ੍ਰਸੰਗ ਵਿਚ ਸਿੱਖਾਂ ਲਈ ਰਾਜਸੱਤਾ ਦੀ ਪ੍ਰਾਪਤੀ ਦਾ ਸਵਾਲ ਕਿੱਥੇ ਖੜ੍ਹਾ ਹੈ ਅਤੇ ਕੀ ਖਾੜਕੂ ਸੰਘਰਸ਼ ਹੀ ਇਸ ਨੂੰ ਸਾਕਾਰ ਕਰਨ ਦਾ ਯੋਗ ਰਾਹ ਸੀ ਜਾਂ ਹੈ? ਇਹ ਇਕ ਵੱਡਾ ਸਵਾਲ ਹੈ।

ਇਸ ਪੁਸਤਕ ਦੇ ਅਖੀਰ ਵਿਚ ਸ਼ਾਮਿਲ ਆਪਣੇ ਲੇਖ ਵਿਚ ਉਨ੍ਹਾਂ ਨੇ ਯੋਗ ਰਾਹ ਦੀ ਨਿਸ਼ਾਨਦੇਹੀ ਵੀ ਕਰ ਦਿੱਤੀ ਹੈ। ਇਹ ਰਾਹ ਹੈ ਕਿ ਸਿੱਖ, ਧਰਮ ਨਿਰਪੇਖ ਹੱਲ ਲਈ ਯਤਨਸ਼ੀਲ ਹੋਣ ਅਤੇ ਸੱਚੇ ਸੰਘੀ ਤੇ ਅਕੇਂਦਰਿਤ ਢਾਂਚੇ ਲਈ ਕੰਮ ਕਰਨ, ਜਿੱਥੇ ਉਹ ਦੂਜੇ ਭਾਈਚਾਰਿਆਂ ਨਾਲ ਰਲ ਕੇ ਉਨਤੀ ਕਰ ਸਕਣ। ਉਨ੍ਹਾਂ ਨੂੰ ਮਹਿਜ਼ ਆਪਣੇ ਭਾਈਚਾਰੇ ਦੀ ਧੌਂਸ ਜਾਂ ਸੱਤਾ ਵਾਸਤੇ ਕੰਮ ਨਹੀਂ ਕਰਨਾ ਚਾਹੀਦਾ ਅਤੇ ਇਉਂ ਫਿਰਕਾਪ੍ਰਸਤੀ ਦੇ ਤਰਕ ਅੱਗੇ ਹਥਿਆਰ ਨਹੀਂ ਸੁੱਟਣੇ ਚਾਹੀਦੇ। ਅਜਿਹੇ ਢਾਂਚੇ ਵਿਚ ਸੱਤਾ ਕੇਵਲ ਕੇਂਦਰ ਤੋਂ ਰਾਜਾਂ ਵੱਲ ਤਬਦੀਲ ਨਹੀਂ ਹੋਵੇਗੀ, ਸਗੋਂ ਰਾਜਾਂ ਤੋਂ ਲੋਕਾਂ ਵੱਲ ਵੀ ਆਵੇਗੀ। ਇਹੋ ਸੱਚੇ ਸਵਰਾਜ ਜਾਂ 'ਖਾਲਸਾ ਰਾਜ' ਵੱਲ ਜਾਣ ਦਾ ਰਾਹ ਹੋਵੇਗਾ। ਭਾਰਤ ਵਿਚ ਅਸਲੀ ਸੰਘ ਅਤੇ ਉਪ ਮਹਾਂਦੀਪ ਦੇ ਰਾਜਾਂ ਦੀ ਕਨਫੈਡਰੇਸ਼ਨ ਇਸ ਟੀਚੇ ਦੀ ਪ੍ਰਾਪਤੀ ਅੱਜ ਦੇ ਮੌਕੇ ਸਿੱਖਾਂ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਇਸ ਲੇਖ ਵਿਚ ਉਨ੍ਹਾਂ ਇਹ ਵੀ ਲਿਖਿਆ ਹੈ ਕਿ ਦੇਸ਼ ਦੀ ਵੰਡ ਸਮੇਂ ਸਿੱਖ ਹਿੰਦੁਸਤਾਨ, ਪਾਕਿਸਤਾਨ ਤੇ ਖਾਲਿਸਤਾਨ ਵਿਚਕਾਰ ਡਿਕੋਡੋਲੇ ਖਾਂਦੇ ਰਹੇ। ਅੰਗਰੇਜ਼ਾਂ ਨਾਲ ਚਲਦੇ ਵਾਰਤਾਲਾਪਾਂ ਵਿਚ ਸਿੱਖ ਤੀਜੀ ਧਿਰ ਸਨ। ਆਮ ਚੁੰਝ ਚਰਚਾ ਸੀ ਕਿ ਹਿੰਦੂਆਂ ਨੂੰ ਹਿੰਦੁਸਤਾਨ ਮਿਲ ਗਿਆ, ਮੁਸਲਮਾਨਾਂ ਨੂੰ ਪਾਕਿਸਤਾਨ, ਪਰ ਸਿੱਖਾਂ ਨੂੰ ਕੁਝ ਵੀ ਨਹੀਂ ਮਿਲਿਆ। ਸਿੱਖ ਨੇਤਾਵਾਂ ਨੇ ਦੋ ਕੌਮਾਂ ਦੀ ਥਿਊਰੀ, ਅਥਵਾ ਪਾਕਿਸਤਾਨ ਦੀ ਕਾਇਮੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੈਂਤੜੇ ਤੇ ਖੜ੍ਹ ਕੇ ਸਹੀ ਤਰੀਕੇ ਨਾਲ ਵਿਰੋਧ ਨਾ ਕੀਤਾ। ਇਹ ਵੀ ਠੀਕ ਹੈ ਕਿ ਇਤਿਹਾਸ ਦੇ ਤਰਕ ਨੇ ਉਨ੍ਹਾਂ ਨੂੰ ਲਤਾੜ ਦਿੱਤਾ। ਸਾਮਰਾਜੀ ਨੀਤੀਆਂ ਦੇ ਨਤੀਜੇ ਵਜੋਂ ਇਹ ਕੁਝ ਹੋਇਆ। ਪ੍ਰੋ. ਸਾਹਿਬ ਅਨੁਸਾਰ ਦੇਸ਼ ਦੀ ਵੰਡ ਸੱਚ ਦੇ ਅਸੂਲ ਉਤੇ ਸੱਤਾ ਦਾ ਜਾਂ ਮਜ਼੍ਹਬ ਉਤੇ ਰਾਜਨੀਤੀ ਦਾ ਗਲਬਾ ਹੋਣ ਦਾ ਸੰਕੇਤ ਸੀ। ਗਾਂਧੀ ਜੀ ਦਾ ਜ਼ੋਰ ਇਸ ਦੇ ਉਲਟ ਸੀ। ਉਹ ਰਾਜਨੀਤੀ ਨੂੰ ਮਜ਼੍ਹਬ ਦੇ ਤਾਬਿਆ ਕਰਨਾ ਚਾਹੁੰਦੇ ਸਨ, ਪਰ ਅਫਸੋਸ ਕਿ ਕਾਂਗਰਸ ਦੀ ਉਨ੍ਹਾਂ ਵਕਤਾਂ ਦੀ ਭਾਰੂ ਲੀਡਰਸ਼ਿਪ ਵੱਲੋਂ ਉਨ੍ਹਾਂ ਦੀ ਇਸ ਪਹੁੰਚ ਨੂੰ ਦਰਕਿਨਾਰ ਕੀਤਾ ਗਿਆ। ਅਸੁਰੱਖਿਆ ਤੇ ਆਪਸੀ ਸ਼ੱਕ-ਸ਼ੁੱਭੇ ਤੇ ਨਫ਼ਰਤ ਦੇ ਬੀਜ ਬੀਜ ਦਿੱਤੇ ਗਏ। ਇਸ ਤੋਂ ਬਾਅਦ ਉਪ-ਮਹਾਂਦੀਪ ਦੇ ਦੇਸ਼ਾਂ ਵਿਚ ਅਮਨ ਨਹੀਂ ਹੋ ਸਕਦਾ ਸੀ। ਹੁਣ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਦੇਸ਼ ਦੀ ਵੰਡ ਰੱਬੀ ਰਜ਼ਾ ਦੇ ਵਿਰੁਧ ਸੀ ਅਤੇ ਜਿੰਨਾ ਚਿਰ ਉਪ ਮਹਾਂਦੀਪ ਦੇ ਲੋਕ ਅਫ਼ਸੋਸ ਦੀ ਭਾਵਨਾ ਨਾਲ ਵੰਡ ਦੇ ਉਸ ਮਨਹੂਸ ਤਰਕ ਨੂੰ ਘੱਟੋ-ਘੱਟ ਆਪਣੇ ਮਨਾਂ ਵਿਚੋਂ ਨਹੀਂ ਕੱਢਦੇ, ਉਨ੍ਹਾਂ ਦੇ ਸਿਰਾਂ ਉਤੇ ਇਸ ਸਰਾਪ ਦਾ ਬੁਰਾ ਸਾਇਆ ਸਦਾ ਵਾਸਤੇ ਪਿਆ ਰਹੇਗਾ।

ਦੇਸ਼ ਦੀ ਵੰਡ ਦੇ ਅਟੱਲ ਹੋ ਜਾਣ ਸਮੇਂ ਸਿੱਖ ਆਗੂਆਂ ਨੇ ਠੀਕ ਨੀਤੀ ਅਪਨਾਈ, ਜਿਹੜੀ ਉਸ ਸਮੇਂ ਇੱਕੋ-ਇਕ ਯੋਗ ਨੀਤੀ ਸੀ। ਉਨ੍ਹਾਂ ਪਾਕਿਸਤਾਨ ਦੀ ਕਾਇਮੀ, ਅਥਵਾ ਦੇਸ਼ ਦੀ ਵੰਡ ਦਾ ਯਥਾ-ਸ਼ਕਤ ਵਿਰੋਧ ਕੀਤਾ ਤੇ 'ਸਿੱਖ ਹੋਮਲੈਂਡ' ਦੇ ਮੁਤਾਲਬੇ ਨੂੰ ਦੇਸ਼ ਦੀ ਵੰਡ ਨਾਲ ਜੋੜਿਆ; ਭਾਵ ਜੇ ਦੇਸ਼ ਵੰਡਿਆ ਹੀ ਜਾਣਾ ਹੈ ਤਾਂ ਸਿੱਖਾਂ ਨੂੰ ਵੀ ਉਨ੍ਹਾਂ ਦਾ 'ਹੋਮਲੈਂਡ' ਮਿਲਣਾ ਚਾਹੀਦਾ ਹੈ। ਸਿੱਖਾਂ ਵੱਲੋਂ ਉਸ ਸਮੇਂ 'ਸ਼ਹੀਦੀ ਬਾਰ' ਦੀ ਕਾਇਮੀ ਦਾ ਵੀ ਮੁਤਾਲਬਾ ਕੀਤਾ ਗਿਆ ਸੀ ਜਿਸ ਦੀ ਪੁਸ਼ਟੀ ਲਈ ਸਿੱਖਾਂ ਵੱਲੋਂ ਦਿੱਤੇ ਜਾਂਦੇ ਮਾਲੀਏ ਅਤੇ ਸਿੱਖਾਂ ਵੱਲੋਂ ਬਾਰ ਦੇ ਜੰਗਲਾਂ ਨੂੰ ਆਬਾਦ ਕਰਨ ਜਿਹੇ ਕੰਮਾਂ ਦੀ ਗੱਲ ਵੀ ਕੀਤੀ ਗਈ ਸੀ। ਇਸ ਮੰਤਵ ਲਈ ਨਨਕਾਣਾ ਸਾਹਿਬ ਵਿਖੇ ਸਭ ਪਾਬੰਦੀਆਂ ਨੂੰ ਤੋੜ ਕੇ ਬਹੁਤ ਵੱਡਾ ਜਨਤਕ ਇਕੱਠ ਕੀਤਾ ਗਿਆ ਸੀ। ਇਹ ਯਤਨ ਅਕਾਰਥ ਨਾ ਗਏ ਕਿਉਂਕਿ ਸਿੱਖਾਂ ਦੇ ਇਸ ਦਬਾਅ ਕਾਰਨ ਪੰਜਾਬ ਵੰਡਿਆ ਗਿਆ ਸੀ, ਨਹੀਂ ਤਾਂ ਪੂਰੇ ਪੰਜਾਬ ਦਾ ਪਾਕਿਸਤਾਨ ਵਿਚ ਚਲੇ ਜਾਣਾ ਨਿਸ਼ਚਿਤ ਸੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਕਾਂਗਰਸ ਨੇ ਅਕਾਲੀ ਦਲ ਵੱਲੋਂ ਕੀਤੀ ਗਈ ਪੰਜਾਬ ਦੀ ਵੰਡ ਦੀ ਹਮਾਇਤ ਕੀਤੀ ਸੀ।

ਇਹ ਠੀਕ ਹੈ ਕਿ ਦੇਰ-ਸਵੇਰ ਲੋਕਾਂ ਨੂੰ ਵੰਡ ਦੇ ਸਾਏ ਨੂੰ ਆਪਣੇ ਮਨਾਂ ਵਿਚੋਂ ਕੱਢਣਾ ਪਵੇਗਾ, ਪਰ ਬੀਤੇ ਦੀ ਪੜਚੋਲ ਇਤਿਹਾਸ ਲੇਖਣ ਦੀ ਦ੍ਰਿਸ਼ਟੀ ਤੋਂ ਸਦਾ ਪ੍ਰਸੰਗਿਕ ਬਣੀ ਰਹੇਗੀ। ਇਉਂ ਕਰਦਿਆਂ ਇਹ ਸਵਾਲ ਤਾਂ ਵਾਰ-ਵਾਰ ਉਠੇਗਾ ਹੀ ਕਿ ਆਖਰ ਉਹ ਕਿਹੜੀ ਘੜੀ ਜਾਂ ਲੋੜ ਸੀ, ਜਦੋਂ ਵੰਡ ਲਾਜ਼ਮੀ ਯਥਾਰਥ ਬਣ ਗਈ ਅਤੇ ਉਹ ਕਿਹੜੀਆਂ ਧਿਰਾਂ ਸਨ ਜਿਨ੍ਹਾਂ ਦੇ ਵਿਹਾਰ ਨੇ ਇਸ ਨੂੰ ਇਉਂ ਬਣਾ ਦਿੱਤਾ? ਪ੍ਰੋ. ਭੁਪਿੰਦਰ ਸਿੰਘ ਨਾਲ ਅਜਿਹੇ ਨਿਗੂਣੇ ਮਤਭੇਦਾਂ ਦੇ ਬਾਵਜੂਦ ਹਿੰਦੂ ਮੁਸਲਮਾਨ ਵਿਸ਼ਾਦ ਵਾਲੇ ਮੱਧ-ਯੁੱਗੀ ਭਾਰਤੀ ਸਮਾਜ ਵਿਚ ਭਾਈਚਾਰਕ ਤਣਾਉ ਘਟਾਉਣ ਲਈ ਸਿੱਖ ਧਰਮ ਦੀ ਆਮਦ ਦਾ ਤਰਕ ਅਤੇ ਸਾਰਥਿਕਤਾ ਜਿਸ ਕਿਸਮ ਦੇ ਤਾਜ਼ਗੀ ਅਤੇ ਪ੍ਰੇਰਨਾ ਭਰੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਨੇ ਦਰਸਾਈ ਹੈ, ਉਹ ਯਕੀਨੀ ਤੌਰ 'ਤੇ ਸ਼ਲਾਘਾਯੋਗ ਹੈ।

ਇਸ ਵਿਚਾਰ ਚਰਚਾ ਵਿਚ ਹਿੱਸਾ ਲੈਣ ਵਾਲਿਆਂ ਵਿਚ ਇਕ ਹੋਰ ਉਘਾ ਨਾਂ ਪ੍ਰੋ. ਬਲਕਾਰ ਸਿੰਘ ਦਾ ਹੈ। ਉਹ 30 ਸਾਲਾਂ ਦੇ ਲੰਮੇ ਸਮੇਂ ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਰਹੇ ਹਨ। ਸ. ਅਜਮੇਰ ਸਿੰਘ ਦੀ ਪਹਿਲੀ ਪੁਸਤਕ ਉਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਇਸ ਵਿਚ "ਅਕਾਲੀਆਂ ਨੂੰ ਮਿਥ ਕੇ ਬਲੀ ਚੜ੍ਹਾਇਆ ਗਿਆ ਹੈ।" ਉਨ੍ਹਾਂ ਅਨੁਸਾਰ ਸ. ਅਜਮੇਰ ਸਿੰਘ ਨੂੰ ਹਰ ਉਹ ਗੱਲ ਜੋ ਖਾੜਕੂ ਪੈਂਤੜੇ ਦੇ ਹੱਥ ਵਿਚ ਨਹੀਂ ਭੁਗਤਦੀ, ਹਿੰਦੂ ਫਿਰਕਾਪ੍ਰਸਤੀ ਦੇ ਹੱਕ ਵਿਚ ਭੁਗਤਦੀ ਲੱਗੀ ਜਾਂਦੀ ਹੈ। ਉਸ ਦਾ ਮੂਲ ਸਰੋਕਾਰ ਹਿੰਦੂਆਂ ਨੂੰ ਸਿੱਖਾਂ ਦੇ ਇੱਕੋ-ਇਕ ਸਿਆਸੀ ਦੁਸ਼ਮਣ ਸਾਬਤ ਕਰਨਾ ਹੈ। ਪ੍ਰੋ. ਸਾਹਿਬ ਅਨੁਸਾਰ ਸੰਤ ਭਿੰਡਰਾਂਵਾਲੇ ਸਿੱਖ ਸ਼ਹੀਦ ਤਾਂ ਹਨ, ਪਰ ਉਹ ਸਿੱਖ ਸਿਆਸਤਦਾਨ ਨਹੀਂ ਹੋ ਸਕੇ। ਸਿੱਖ ਰੀਝ ਦਾ ਬਿੰਬ ਹੋ ਜਾਣ ਦਾ ਬਿਰਦ ਪਾਲਣ ਦੀ ਕੀਮਤ ਸ਼ਹੀਦੀ ਨਾਲ ਤਾਰੀ ਜਾਣ ਕਰ ਕੇ ਉਹ ਸਿੱਖ ਸਿਮਰਤੀ ਦਾ ਹਮੇਸ਼ਾ ਹਿੱਸਾ ਰਹਿਣਗੇ ਤੇ ਸ਼ਾਇਦ ਉਨ੍ਹਾਂ ਦੇ ਨਾਂ ਉਤੇ ਸਿਆਸਤ ਵੀ ਹੁੰਦੀ ਰਹੇਗੀ। ਇਸ ਸ਼ਹੀਦੀ ਦਾ ਖਾੜਕੂਪਣ ਤਾਂ ਦੂਰ ਦੀ ਗੱਲ ਹੈ, ਇਸ ਦਾ ਸਿਆਸੀਕਰਨ ਵੀ ਨਾ ਸੰਭਵ ਹੋ ਸਕਿਆ ਹੈ ਤੇ ਨਾ ਹੀ ਹੋਣਾ ਹੈ।"

ਪ੍ਰੋ. ਸਾਹਿਬ ਅਨੁਸਾਰ ਸੰਤ ਨੂੰ ਸਿਆਸਤ ਦਾ ਮੋਹਰਾ ਬਣਾ ਕੇ ਨਹੀਂ ਵਰਤਣਾ ਚਾਹੀਦਾ। ਸਾਕਾ 'ਨੀਲਾ ਤਾਰਾ' ਅਤੇ 1984 ਦੇ ਦੰਗੇ ਸਿਆਸਤ ਵਿਚੋਂ ਪੈਦਾ ਹੋ ਕੇ ਸਿੱਖ ਭਾਈਚਾਰੇ ਦੇ ਗਲ ਪੈ ਗਏ ਹਨ। ਜੋ ਕੁਝ ਰਾਜਸੀ ਸੱਤਾ ਦੇ ਭੁੱਖੇ ਸਿਆਸਤਦਾਨਾਂ ਨੇ ਕੀਤਾ ਜਾਂ ਕਰਵਾਇਆ, ਉਸ ਦੀ ਕੀਮਤ ਸਿੱਖ ਭਾਈਚਾਰੇ ਨੂੰ ਤਾਰਨੀ ਪਈ। ਪ੍ਰੋ. ਸਾਹਿਬ ਨੇ ਪੁੱਛਿਆ ਹੈ ਕਿ ਜੇ ਸ. ਅਜਮੇਰ ਸਿੰਘ ਸਿੱਖਾਂ ਵਾਸਤੇ ਲਿਖ ਰਿਹਾ ਹੈ ਤਾਂ ਉਸ ਨੂੰ

*(ਅਗਲੇ ਸਫੇ 'ਤੇ ਜਾਰੀ)*

ਇਹ ਤਾਂ ਦੱਸਣਾ ਹੀ ਪਵੇਗਾ ਕਿ ਉਹ ਕਿਹੜੇ ਸਿੱਖਾਂ ਵਾਸਤੇ ਕੀ ਲਿਖ ਰਿਹਾ ਹੈ? ਉਸ ਦੀਆਂ ਪੁਸਤਕਾਂ ਜਿਹੋ ਜਿਹੇ ਸਵਾਲ ਪੈਦਾ ਕਰਦੀਆਂ ਹਨ, ਉਨ੍ਹਾਂ ਦੇ ਉਤਰ ਪੁਸਤਕਾਂ ਵਿਚੋਂ ਨਹੀਂ ਮਿਲਦੇ। ਬੱਸ, ਇਕ ਹੀ ਨਿਰਦੇਸ਼ ਮਿਲਦਾ ਹੈ ਕਿ ਬੱਸ ਹੁਣ ਤਾਂ ਮਰੋ ਜਾਂ ਮਾਰ ਦਿਓ। ਇਸ ਯੁੱਗ ਵਿਚ ਤਾਂ ਕੀ, ਕਿਸੇ ਯੁੱਗ ਵਿਚ ਵੀ ਅਜਿਹੀ ਉਲਾਰ ਸੋਚ ਦਾ ਸਿੱਖ ਧਰਮ ਨੇ ਸਮਰਥਨ ਨਹੀਂ ਕੀਤਾ। ਗੁਰੂ ਪੰਥ ਨੂੰ ਬਾਣੀ ਦੀ ਅਗਵਾਈ ਵਿਚ ਗੁਰਮਤੇ ਦੀ ਭਾਵਨਾ ਅਨੁਸਾਰ ਕੋਈ ਫੈਸਲਾ ਲੈਣ ਦਾ ਅਧਿਕਾਰ ਹੈ, ਪਰ ਜਿਸ ਫੈਸਲੇ ਦੀ ਵਕਾਲਤ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚ ਹੋ ਰਹੀ ਹੈ, ਇਸ ਬਾਰੇ ਪੰਥਕ ਮੁੱਖ ਧਾਰਾ ਨੇ ਕਦੋਂ ਸੋਚਿਆ ਸੀ ਜਾਂ ਗੁਰਮਤਾ ਕੀਤਾ ਸੀ? ਜੇ ਇਸ ਤਰ੍ਹਾਂ ਦਾ ਕੋਈ ਵੀ ਫੈਸਲਾ ਕਰ ਲੈਣ ਦਾ ਅਧਿਕਾਰ ਕਿਸੇ ਨਿਗੂਣੀ ਗਿਣਤੀ ਵਾਲੇ ਮਨਮਤੀਏ ਟੋਲੇ ਨੇ ਭਵਿੱਖ ਵਿਚ ਹਥਿਆ ਵੀ ਲਿਆ ਤਾਂ ਯਕੀਨਨ ਸਿੱਖ ਆਪਣੇ ਦੁਸ਼ਮਣ ਆਪ ਹੀ ਹੋ ਜਾਣਗੇ।

ਪ੍ਰੋ. ਬਲਕਾਰ ਸਿੰਘ ਦੀਆਂ ਇਨ੍ਹਾਂ ਧਾਰਨਾਵਾਂ ਨੂੰ ਪਰਵਾਨ ਕੀਤਾ ਜਾ ਸਕਦਾ ਹੈ, ਪਰ ਉਨ੍ਹਾਂ ਦੀ ਇਹ ਗੱਲ ਅਗੇਰੇ ਵਿਚਾਰ ਦੀ ਮੁਥਾਜ ਹੈ ਕਿ ਸੰਤ ਜਰਨੈਲ ਸਿੰਘ ਸਿੱਖ ਸਿਆਸਤਦਾਨ ਨਹੀਂ ਹੋ ਸਕੇ ਸਨ। ਇਹ ਠੀਕ ਹੈ ਕਿ ਉਹ ਧਾਰਮਿਕ ਪ੍ਰਚਾਰਕ ਵਜੋਂ ਪੰਜਾਬ ਦੇ ਮੰਚ ਉਤੇ ਉਭਰੇ ਸਨ, ਪਰ ਉਹ ਛੇਤੀ ਹੀ ਪ੍ਰਾਂਤ ਦੇ ਰਾਜਨੀਤਕ ਮਾਹੌਲ ਨੂੰ ਵਿਸ਼ੇਸ਼ ਸੇਧ ਦੇਣ ਵੱਲ ਰੁਚਿਤ ਹੋ ਗਏ ਸਨ। ਪੰਜਾਬ ਵਿਚ ਉਨ੍ਹਾਂ ਦਿਨਾਂ ਵਿਚ ਕੀ ਕੁਝ ਵਾਪਰਿਆ ਤੇ ਕਿਨ੍ਹਾਂ ਹਾਲਾਤ ਵਿਚ 'ਉਪਰੇਸ਼ਨ ਬਲਿਊ ਸਟਾਰ' ਹੋਇਆ, ਇਨ੍ਹਾਂ ਘਟਨਾਵਾਂ ਦਾ ਵਿਸਥਾਰ ਕਈ ਪੁਸਤਕਾਂ ਵਿਚ ਅੰਕਿਤ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀ ਆਗੂਆਂ ਨਾਲ ਕਈ ਮੀਟਿੰਗਾਂ ਕੀਤੀਆਂ, ਪਰ ਕੋਈ ਨਿਬੇੜਾ ਨਾ ਹੋ ਸਕਿਆ। ਇਨ੍ਹਾਂ ਵਾਰਤਾਲਾਪਾਂ ਦੌਰਾਨ ਹੀ ਇੰਦਰਾ ਗਾਂਧੀ ਇਸ ਨਤੀਜੇ ਉਤੇ ਪੁੱਜੀ ਕਿ ਅਕਾਲੀ ਸਿਆਸਤ ਵਿਚ ਸੰਤ ਭਿੰਡਰਾਂਵਾਲਾ ਭਾਰੂ ਹੋ ਚੁੱਕਾ ਹੈ ਤੇ ਅਕਾਲੀ ਦਲ ਨਾਲੋਂ ਉਸ ਨੂੰ ਨਿਖੇੜਨਾ ਜ਼ਰੂਰੀ ਹੈ। ਉਪਰੇਸ਼ਨ ਬਲਿਊ ਸਟਾਰ ਨਿਸ਼ਚੇ ਹੀ ਅਜਿਹੀ ਬਦਕਿਸਮ ਅਤੇ ਉਲਝੀ ਹੋਈ ਸਥਿਤੀ ਤੇ ਸੋਚ ਦਾ ਉਤਨਾ ਹੀ ਬਦਕਿਸਮਤੀ ਨਤੀਜਾ ਸੀ। ਇਹ ਇਸ ਸੋਚ ਦਾ ਨਤੀਜਾ ਸੀ ਕਿ ਇਸ ਫੌਜੀ ਐਕਸ਼ਨ ਨਾਲ ਉਹ ਆਪਣੀ ਅਜਿਹੀ ਭੱਲ ਬਣਾ ਸਕੇਗੀ ਕਿ ਆਗਾਮੀ ਚੋਣਾਂ ਦੌਰਾਨ ਪੰਜਾਬ ਤੋਂ ਬਾਹਰ ਬਾਕੀ ਦੇਸ਼ ਅੰਦਰ ਉਸ ਨੂੰ ਤਕੜਾ ਜਨਤਕ ਸਮਰਥਨ ਮਿਲੇਗਾ। ਵਾਸਤਵ ਵਿਚ ਹੋਇਆ ਵੀ ਇਵੇਂ ਹੀ।

ਅਸਲ ਸਵਾਲ ਇਹ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਚੜ੍ਹਤ ਵਾਲੇ ਵਰਤਾਰੇ ਦਾ ਭੇਤ ਕੀ ਸੀ? 1978 ਦੀਆਂ ਗੁਰਦੁਆਰਾ ਚੋਣਾਂ ਵਿਚ ਉਨ੍ਹਾਂ ਨੇ ਕਾਂਗਰਸ ਦੀ ਮਦਦ ਕਿਉਂ ਲਈ ਸੀ ਜਾਂ 1980 ਦੀਆਂ ਪਾਰਲੀਮਾਨੀ ਚੋਣਾਂ ਵਿਚ ਕਾਂਗਰਸੀ ਉਮੀਦਵਾਰਾਂ ਨੂੰ ਮਦਦ ਕਿਉਂ ਦਿੱਤੀ ਸੀ? ਸ੍ਰੀ ਹਰਮਿੰਦਰ ਸਾਹਿਬ ਕੰਪਲੈਕਸ ਵਿਚ ਬੈਠ ਕੇ ਜਦੋਂ ਉਹ ਖੁੱਲਮ-ਖੁੱਲੀ ਹਿੰਸਾ ਦੀ ਭੜਕਾਊ ਰਾਜਨੀਤੀ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ 'ਤੇ ਪਨਾਹ ਲੈਣ ਦੀ ਆਗਿਆ ਕਿਉਂ ਦਿੱਤੀ ਗਈ? ਕੰਪਲੈਕਸ ਦੇ ਕਸਟੋਡੀਅਨ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਮੂੰਹ 'ਚੋਂ ਉਨ੍ਹਾਂ ਬਾਰੇ ਕਦੇ ਜ਼ੁਬਾਨ ਤੱਕ ਵੀ ਨਾ ਖੋਲ੍ਹੀ ਤਾਂ ਇਸ ਦੇ ਕੀ ਕਾਰਨ ਸਨ? ਸ. ਪ੍ਰਕਾਸ਼ ਸਿੰਘ ਬਾਦਲ ਉਸ ਸਾਰੇ ਸਮੇਂ ਦੌਰਾਨ ਕਿੱਥੇ ਸਨ ਅਤੇ ਉਹ ਉਨ੍ਹਾਂ ਵਕਤਾਂ ਦੌਰਾਨ ਕਦੀ ਵੀ ਖੁੱਲ੍ਹ ਕੇ ਅਕਾਲੀ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪਿੱਠ 'ਤੇ ਕਿਉਂ ਨਾ ਆਏ? ਡਾ. ਬਲਕਾਰ ਸਿੰਘ ਨੇ ਅਕਾਲੀ ਸਿਆਸਤ ਉਪਰ ਅਜਮੇਰ ਸਿੰਘ ਦੇ ਹਮਲਿਆਂ ਦੀ ਕਾਟ ਕਰਨ ਲਈ ਤਾਂ ਤਕੜੇ ਹੌਸਲੇ ਤੋਂ ਕੰਮ ਲਿਆ ਹੈ, ਪਰ ਉਸ ਦਰਦਨਾਕ ਘਟਨਾਕ੍ਰਮ ਨਾਲ ਜੁੜੇ ਹੋਰ ਅਨੇਕਾਂ ਸਵਾਲਾਂ ਦੇ ਜਵਾਬ ਦੇਣ ਤੋਂ ਉਹ ਕਿਨਾਰਾ ਕਰ ਗਏ ਹਨ। ਫਿਰ ਵੀ ਨਾਜ਼ੁਕ ਵਿਸ਼ੇ ਤੇ ਅਜਿਹੀ ਬਹਿਸ ਨੂੰ ਉਗਾਸਾ ਦੇਣ ਲਈ ਉਹ ਵਧਾਈ ਦੇ ਹੱਕਦਾਰ ਨਿਸ਼ਚੇ ਹੀ ਮੰਨੇ ਜਾਣਗੇ।

ਪੁਸਤਕ ਵਿਚ ਪੱਤਰਕਾਰ ਸ. ਕਰਮਜੀਤ ਸਿੰਘ ਦੇ ਚਾਰ ਲੇਖ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਸਭਨਾਂ ਵਿਚ ਸਿਆਣਪ ਤੇ ਸੰਕੋਚ ਨਾਲ ਸ. ਅਜਮੇਰ ਸਿੰਘ ਦੇ ਵਿਚਾਰਾਂ ਦੀ ਹਮਾਇਤ ਕੀਤੀ ਗਈ ਹੈ। ਉਪਰੇਸ਼ਨ ਬਲਿਊ ਸਟਾਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਦਰਬਾਰ ਸਾਹਿਬ ਦੀ ਰਾਖੀ ਲਈ ਸ਼ਹਾਦਤ ਦਿੱਤੀ। ਉਨ੍ਹਾਂ ਅਨੁਸਾਰ ਬਹਿਸ ਇਸ ਨੁਕਤੇ ਉਤੇ ਹੋਣੀ ਚਾਹੀਦੀ ਹੈ ਕਿ ਖਾੜਕੂ ਰਾਜਨੀਤੀ ਨੇ ਜਮਹੂਰੀ ਰਾਜਨੀਤੀ ਦਾ ਕੋਈ ਮੰਚ ਕਿਉਂ ਨਾ ਸਥਾਪਤ ਕੀਤਾ? ਜਾਂ ਖਾੜਕੂ ਰਾਜਨੀਤੀ ਕਦੋਂ-ਕਦੋਂ ਗੁਰੂ ਗ੍ਰੰਥ ਸਾਹਿਬ ਰਾਜਨੀਤੀ ਤੋਂ ਦੂਰ ਹੋਈ ਤੇ ਕਿਉਂ ਹੋਈ? ਜਾਂ ਸੰਤ ਜਰਨੈਲ ਸਿੰਘ ਦੇ ਪਿੱਛੋਂ ਟਕਸਾਲ ਵਿਚ ਲੀਡਰਸ਼ਿਪ ਦੀ ਉਹ ਕਤਾਰ ਉਭਰ ਕੇ ਸਾਹਮਣੇ ਕਿਉਂ ਨਾ ਆ ਸਕੀ ਜੋ ਖਾਲਸਾ ਰਾਜ ਦੀ ਮੰਜ਼ਿਲ ਵੱਲ ਅੱਗੇ ਕਦਮ ਪੁੱਟਦੀ?

ਇਕ ਹੋਰ ਲੇਖ ਵਿਚ ਸ. ਕਰਮਜੀਤ ਸਿੰਘ ਸਿੰਘ ਨੇ ਲਿਖਿਆ ਹੈ ਕਿ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਅਤੇ ਉਸ ਤੋਂ ਪਿੱਛੋਂ ਵਾਪਰੀਆਂ ਘਟਨਾਵਾਂ ਨੇ ਹਿੰਦੁਸਤਾਨ ਵਿਚੋਂ ਇਕ ਖਾਨਦਾਨ ਦੀ ਹਕੂਮਤ ਤਕਰੀਬਨ ਖ਼ਤਮ ਕਰ ਦਿੱਤੀ ਹੈ ਤੇ ਕੁਲੀਸ਼ਨ ਸਰਕਾਰਾਂ ਦਾ ਦੌਰ ਅਰੰਭ ਹੋਇਆ। ਉਨ੍ਹਾਂ ਅਨੁਸਾਰ ਇਹ ਸਵਾਲ ਖੋਜ ਦਾ ਮੁੱਦਾ ਹੈ ਕਿ ਪੰਜਾਬ ਤੋਂ ਬਾਹਰਲੇ ਮਾਰਕਸਵਾਦੀਆਂ ਨੂੰ ਸਿੱਖਾਂ ਨਾਲ ਹਮਦਰਦੀ ਕਿਉਂ ਹੈ ਤੇ ਪੰਜਾਬ ਦੇ ਮਾਰਕਸਵਾਦੀ ਸਿੱਖਾਂ ਨਾਲ ਕਿਉਂ ਸਦਾ ਵੈਰ ਕਮਾਉਂਦੇ ਹਨ?

ਸ. ਕਰਮਜੀਤ ਸਿੰਘ ਦੇ ਇਨ੍ਹਾਂ ਵਿਚਾਰਾਂ ਬਾਰੇ ਇਹ ਸਵਾਲ ਉਠਾਉਣਾ ਯੋਗ ਹੋਵੇਗਾ ਕਿ ਦਰਬਾਰ ਸਾਹਿਬ ਦੀ ਰਾਖੀ ਦਾ ਸਵਾਲ ਕਦੋਂ ਤੇ ਕਿਵੇਂ ਪੈਦਾ ਹੋਇਆ? ਸੰਤ ਭਿੰਡਰਾਂਵਾਲੇ ਵੱਲੋਂ ਅਕਾਲ ਤਖਤ ਵਿਖੇ ਹਥਿਆਰ ਜਮ੍ਹਾਂ ਕਰਨ ਤੋਂ ਪਹਿਲਾਂ ਸਰਕਾਰ ਦੇ ਕਿਸੇ ਅਜਿਹੇ ਇਰਾਦੇ ਦਾ ਸਬੂਤ ਨਹੀਂ ਮਿਲਦਾ ਕਿ ਉਹ ਦਰਬਾਰ ਸਾਹਿਬ ਵਿਚ ਸੁਰੱਖਿਆ ਦਸਤੇ ਜਾਂ ਫੌਜ ਭੇਜਣਾ ਚਾਹੁੰਦੀ ਸੀ; ਇਹ ਨੌਬਤ ਇਸ ਕਾਰਨ ਤਾਂ ਨਹੀਂ ਸੀ ਆਈ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਤਕੜੀ ਮੋਰਚਾਬੰਦੀ ਕਰ ਲਈ ਗਈ ਸੀ? ਕੀ ਸੰਤ ਭਿੰਡਰਾਂਵਾਲਾ ਦੇ ਸਹਿਯੋਗੀ ਹਿੰਸਕ ਵਾਰਦਾਤਾਂ ਕਰ ਕੇ ਉਥੇ ਜਾ ਕੇ ਪਨਾਹ ਨਹੀਂ ਲੈਂਦੇ ਸਨ? ਸੰਤ ਦਰਬਾਰ ਸਾਹਿਬ ਨੂੰ ਆਪਣੇ ਮਕਸਦ ਲਈ ਢਾਲ ਵਜੋਂ ਵਰਤ ਰਹੇ ਸਨ ਜਾਂ ਉਹ ਦਰਬਾਰ ਸਾਹਿਬ ਦੀ ਰਾਖੀ ਕਰ ਰਹੇ ਸਨ? ਕੀ ਕਰਮਜੀਤ ਸਿੰਘ ਜਾਂ ਮੇਰੇ ਆਪਣੇ ਜਮਾਤੀ ਤੇ ਸੰਤ ਭਿੰਡਰਾਂਵਾਲੇ ਦੇ 'ਜਿਗਰੀ ਯਾਰ' ਪੱਤਰਕਾਰ ਦਲਬੀਰ ਸਿੰਘ ਅੱਜ ਵੀ ਸਿੱਖ ਨੌਜਵਾਨਾਂ ਨੂੰ ਅਜਿਹੀ ਸੋਚ ਵੱਲ ਮੁੜਨ ਨਹੀਂ ਦੇਣਾ ਚਾਹੁੰਦੇ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿਚ ਡੀ.ਆਈ.ਜੀ. ਅਟਵਾਲ ਦੀ ਹੱਤਿਆ ਲਈ ਜ਼ਿੰਮੇਵਾਰ ਅਨਸਰਾਂ ਨੂੰ ਕੰਪਲੈਕਸ ਦੀ ਬੁੱਕਲ ਅੰਦਰ ਛੁਪਾ ਲੈਣ ਦੀ 'ਯੁੱਧ ਨੀਤੀ' ਠੀਕ ਨਹੀਂ ਸੀ।

'ਰਾਜ ਕਰੇਗਾ ਖਾਲਸਾ' ਤੇ 'ਖਾਲਸਾ ਜੀ ਕੇ ਬੋਲਬਾਲੇ' ਦੇ ਲਕਸ਼ ਨੂੰ ਵੀ ਵਿਗਾੜ ਕੇ ਪੇਸ਼ ਕਰਨਾ ਠੀਕ ਨਹੀਂ। ਇਕ ਖਾਸ ਰਾਜਸੀ ਸਥਿਤੀ ਵਿਚ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਸਾਜਿਆ ਜਿਹੜਾ ਸਿੱਖ ਪੰਥ ਦਾ ਸਮਾਂ ਅਨੁਕੂਲ ਸਰੂਪ ਸੀ। ਉਸ ਸਮੇਂ ਗੁਰੂ ਜੀ ਨੇ 'ਸਵਾ ਲਾਖ ਸੇ ਏਕ ਲੜਾਊਂ' ਦੀ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ ਜਿਸ ਉਤੇ ਸੰਸਾਰ ਦੇ ਸੋਚਵਾਨ ਲੋਕ ਅੱਜ ਵੀ ਹੈਰਾਨ ਹੁੰਦੇ ਹਨ। ਮੁਗ਼ਲਾਂ ਨਾਲ ਅਤਿ ਦਰਜੇ ਦੀ ਅਸਾਵੀਂ ਲੜਾਈ ਵਿਚ ਉਨ੍ਹਾਂ ਆਪਣਾ ਸਰਬੰਸ ਵਾਰਿਆ। ਅਖ਼ੀਰ ਮੁਗ਼ਲਾਂ ਦੇ ਭੇਜੇ ਕਾਤਲਾਂ ਹੱਥੋਂ ਸ਼ਹੀਦ ਹੋਏ। ਅਜਿਹੀਆਂ ਘੋਰ ਸਥਿਤੀਆਂ ਵਿਚ ਵੀ ਨੌਵੇਂ ਗੁਰੂ ਨੇ ਸਿੱਖਾਂ ਦੀ ਦਿੱਲੀ ਤਖਤ ਨਾਲ ਟੱਕਰ ਸਦੀਵੀ ਜਾਂ ਅਟੱਲ ਨਹੀਂ ਮੰਨੀ ਸੀ ਅਤੇ ਮਾਸੂਮ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਵੀ ਪਾਤਸ਼ਾਹ ਔਰੰਗਜ਼ੇਬ ਨਾਲ ਗੱਲਬਾਤ ਲਈ ਰਵਾਨਾ ਹੋ ਗਏ ਸਨ ਅਤੇ ਉਸ ਦੇ ਜਾਂਨਸ਼ੀਨ ਬਹਾਦਰ ਸ਼ਾਹ ਦੀ ਤਖਤ ਪ੍ਰਾਪਤੀ ਦੀ ਜੰਗ ਵਿਚ ਨਾ ਕੇਵਲ ਸਹਾਇਤਾ ਹੀ ਕੀਤੀ ਸੀ, ਬਲਕਿ ਉਸ ਨਾਲ ਲਗਾਤਾਰ ਗੱਲਬਾਤ ਵੀ ਚਲਾਈ ਰੱਖੀ ਸੀ। 'ਰਾਜ ਕਰੇਗਾ ਖਾਲਸਾ' ਦਾ ਟੀਚਾ ਦਸਵੇਂ ਗੁਰੂ ਤੋਂ ਮਗਰਲੇ ਸਮੇਂ ਮਿਸਲਾਂ ਦੇ ਦੌਰ ਵਿਚ ਮਿਥਿਆ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਦੀ ਸ਼ਕਲ ਵਿਚ ਸਾਕਾਰ ਹੁੰਦਾ ਨਜ਼ਰ ਆਇਆ। ਇਹ ਵੱਖਰੀ ਗੱਲ ਹੈ ਕਿ ਮਹਾਰਾਜੇ ਦਾ ਰਾਜ ਸਿੱਖੀ ਦੇ ਅਸੂਲਾਂ ਅਨੁਸਾਰ ਨਾ ਚੱਲਿਆ ਤੇ ਉਸ ਦੇ ਅੱਖਾਂ ਮੀਟਦਿਆਂ ਹੀ ਉਸ ਦੇ ਵਾਰਸਾਂ ਵਿਚ ਚੱਲੇ ਗ੍ਰਹਿਯੁੱਧ ਕਾਰਨ ਪੰਜਾਬ ਅੰਗਰੇਜ਼ਾਂ ਦਾ ਗੁਲਾਮ ਬਣ ਗਿਆ।

ਅੱਜ ਸਵਾਲ ਇਹ ਹੈ ਕਿ 'ਰਾਜ ਕਰੇਗਾ ਖਾਲਸਾ' ਲਕਸ਼ ਵਜੋਂ ਕਿਥੇ ਖੜ੍ਹਾ ਹੈ? ਇਸ ਸਵਾਲ ਨੂੰ ਸਿੱਖ ਭਾਈਚਾਰੇ ਨੇ ਆਪ ਨਜਿੱਠਣਾ ਹੈ। ਖਾਲਿਸਤਾਨ ਬਾਰੇ ਸੰਤ ਭਿੰਡਰਾਂਵਾਲੇ ਨੇ ਕਿਹਾ ਸੀ ਕਿ ਅਸੀਂ ਮੰਗਦੇ ਤਾਂ ਨਹੀਂ, ਪਰ ਸਰਕਾਰ ਦੇਵੇ ਤਾਂ ਅਸੀਂ ਛੱਡਦੇ ਵੀ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜਿਸ ਦਿਨ ਫੌਜ ਦਰਬਾਰ ਸਾਹਿਬ ਵਿਚ ਦਾਖਲ ਹੋਵੇਗੀ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ, ਪਰ ਉਨ੍ਹਾਂ ਦੇ ਇਸ ਤਰ੍ਹਾਂ ਦੇ ਬਿਆਨ ਬਾਰੇ ਇਹ ਕਿਸੇ ਤਰ੍ਹਾਂ ਵੀ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਉਹ ਅਨੇਕਾਂ ਜਾਤਾਂ ਅਤੇ ਜਮਾਤਾਂ ਵਿਚ ਵੰਡੇ ਸਮੁੱਚੇ ਸਿੱਖ ਭਾਈਚਾਰੇ ਦੀਆਂ ਮੰਗਾਂ-ਉਮੰਗਾਂ ਦੀ ਨਿਰਪੇਖ ਰੂਪ ਵਿਚ ਪ੍ਰਤੀਨਿਧਤਾ ਕਰ ਰਹੇ ਸਨ। ਨਿਰਸੰਦੇਹ, ਉਹ ਸਿੱਖਾਂ ਲਈ ਰਾਜ-ਸੱਤਾ ਦੇ ਤਲਬਗਾਰ ਸਨ, ਪਰ ਦੇਸ਼ ਦੀਆਂ ਜ਼ਮੀਨੀ ਹਕੀਕਤਾਂ ਵਿਚ ਨਾ ਇਹ ਉਦੇਸ਼ ਉਸ ਸਮੇਂ ਪ੍ਰਾਪਤ ਹੋ ਸਕਦਾ ਸੀ ਤੇ ਨਾ ਸ਼ਾਇਦ ਅੱਜ ਦੇ ਇਤਿਹਾਸਕ ਦੌਰ ਵਿਚ ਸਿੱਖ ਭਾਈਚਾਰੇ ਦੇ ਹਿਤ ਵਿਚ ਹੀ ਹੈ। ਉਨ੍ਹਾਂ ਨੇ ਆਪਣੀ ਤੇ ਆਪਣੇ ਸਾਥੀਆਂ ਦੀ ਜਾਨ ਦੀ ਬਲੀ ਦੇ ਦਿੱਤੀ। ਉਨ੍ਹਾਂ ਦੇ ਵਿਚਾਰਾਂ ਦੇ ਵਾਰਿਸ ਉਸ ਰਾਹੇ ਤੁਰ ਸਕਦੇ ਹਨ, ਪਰ ਇਹ ਰਾਹ ਕਿਸੇ ਮੰਜ਼ਿਲ ਵੱਲ ਲੈ ਜਾਣ ਵਾਲਾ ਰਾਹ ਨਹੀਂ ਹੈ।

ਸ. ਕਰਮਜੀਤ ਸਿੰਘ ਹੋਰਾਂ ਦੀ ਇਹ ਧਾਰਨਾ ਵੀ ਸਬੂਤਾਂ ਦੀ ਮੁਥਾਜ ਹੈ ਕਿ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਤੇ ਉਸ ਤੋਂ ਪਿੱਛੋਂ ਵਾਪਰੀਆਂ ਘਟਨਾਵਾਂ ਨੇ ਹਿੰਦੁਸਤਾਨ ਵਿਚੋਂ ਇਕ ਖਾਨਦਾਨ ਦੀ ਹਕੂਮਤ ਤਕਰੀਬਨ ਖ਼ਤਮ ਕਰ ਦਿੱਤੀ। ਉਪਰੇਸ਼ਨ ਬਲਿਊ ਸਟਾਰ ਦੇ ਨਤੀਜੇ ਵਜੋਂ ਇੰਦਰਾ ਗਾਂਧੀ ਦਾ ਕਤਲ ਤਾਂ ਹੋ ਗਿਆ, ਪਰ ਇਸ ਨਾਲ ਇਕ ਖਾਨਦਾਨ ਦੀ ਹਕੂਮਤ ਕਿਵੇਂ ਖ਼ਤਮ ਹੋਈ? ਇੰਦਰਾ ਗਾਂਧੀ ਤੋਂ ਬਾਅਦ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ। ਜੇ ਮਗਰੋਂ ਕਾਂਗਰਸ ਪਾਰਟੀ ਹਾਰੀ ਅਤੇ ਐਨ.ਡੀ.ਏ. ਦੀ ਸਰਕਾਰ ਬਣੀ ਤੇ ਫਿਰ ਕਾਂਗਰਸ ਪਾਰਟੀ ਦੁਬਾਰਾ ਜਿੱਤ ਕੇ ਸਭ ਤੋਂ ਵੱਡੀ ਪਰਟੀ ਵਜੋਂ ਸਾਹਮਣੇ ਆਈ, ਤਦ ਵੀ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਸੀ।

ਸ. ਕਰਮਜੀਤ ਸਿੰਘ ਨੂੰ ਜੇ ਇਹ ਸਵਾਲ ਕੀਤਾ ਜਾਵੇ ਕਿ ਅੰਗਰੇਜ਼ ਹਾਕਮਾਂ ਦੇ ਲੁਕਵੇਂ ਸਾਜ਼ਿਸ਼ੀ ਮਨਸੂਬਿਆਂ ਦੀ ਸ਼ਹਿ ਨਾਲ ਜਿਨਾਹ ਸਾਹਿਬ ਨੇ ਜੋ ਮੁਸਲਮਾਨਾਂ ਲਈ ਪਾਕਿਸਤਾਨ ਬਣਵਾ ਲਿਆ ਤਾਂ ਉਹ ਕਦੇ ਵੀ ਜਾਂ ਅੱਜ ਕਿਤਨਾ ਕੁ ਪਾਕਿ ਹੈ? ਅਮੀਰ-ਗਰੀਬ ਦਾ ਪਾੜਾ ਕਿਤਨਾ ਕੁ ਘੱਟ ਹੈ ਜਾਂ ਘੱਟ ਗਿਣਤੀਆਂ ਨਾਲ ਸਬੰਧਤ ਲੋਕ ਕਿਤਨੇ ਕੁ ਮਹਿਫ਼ੂਜ਼ ਹਨ? ਅਜੇ ਕੁਝ ਮਹੀਨੇ ਪਹਿਲਾਂ ਹੀ ਕਿਸੇ ਤੰਗਨਜ਼ਰ ਫਿਰਕੂ ਜਨੂੰਨੀ ਆਦਮੀ ਨੇ ਪੱਛਮੀ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੂੰ ਕੇਵਲ ਇਸ ਦੋਸ਼ ਹੇਠ ਗੋਲੀ ਮਾਰ ਕੇ ਮਾਰ ਦਿੱਤਾ ਕਿ ਉਹ ਕੁਫ਼ਰ ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਝੂਠੇ ਕੇਸ ਤਹਿਤ ਫਾਂਸੀ ਦੀ ਸਜ਼ਾ ਉਡੀਕ ਰਹੀ ਬੇਕਸੂਰ ਦਲਿਤ ਈਸਾਈ ਔਰਤ ਨੂੰ ਜੇਲ੍ਹ ਅੰਦਰ ਮਿਲਣ ਕਿਉਂ ਗਏ ਸਨ। ਗੋਲੀ ਮਾਰਨ ਵਾਲਾ ਖ਼ੁਦ ਗਵਰਨਰ ਤਾਸੀਰ ਦਾ ਅੰਗ ਰੱਖਿਅਕ ਸੀ। ਉਪਰੋਕਤ ਸਥਿਤੀ ਦਾ ਹੋਰ ਵੀ ਭਿਆਨਕ ਵਿਅੰਗ ਇਹ ਸੀ ਕਿ ਕਾਤਲ ਦੇ ਬਚਾਓ ਪੱਖ ਲਈ ਤਾਂ ਲਾਹੌਰ ਹਾਈ ਕੋਰਟ ਵਿਚ 500 ਤੋਂ ਵੀ ਵੱਧ ਵਕੀਲ ਆਪਣੀਆਂ ਸੇਵਾਵਾਂ ਪੇਸ਼ ਕਰਨ ਲਈ ਇਕ ਦੂਜੇ ਤੋਂ ਵੱਧ ਉਤਾਵਲੇ ਸਨ ਜਦੋਂ ਕਿ ਦੂਜੇ ਪਾਸੇ ਇਖਲਾਕੀ ਪਤਨ ਤੇ ਦਹਿਸ਼ਤ ਦਾ ਇਹ ਹਾਲ ਸੀ ਕਿ ਮਰਹੂਮ ਗਵਰਨਰ ਦੇ ਪੱਖ ਵਿਚ ਆਵਾਜ਼ ਉਠਾਉਣ ਲਈ ਕੋਈ ਇਕ ਵਕੀਲ ਵੀ ਅੱਗੇ ਆਉਣ ਨੂੰ ਤਿਆਰ ਨਹੀਂ ਸੀ।

ਪੰਜਾਬ ਦੇ ਹਾਲੀਆ ਇਤਿਹਾਸ ਵਿਚ ਬਲਿਊ ਸਟਾਰ ਅਤਿ ਦੀ ਦੁਖਦਾਇਕ ਅਤੇ ਮੰਦਭਾਗੀ ਘਟਨਾ ਹੈ। ਇਹ ਕਿਸੇ ਸੂਰਤ ਵਿਚ ਵਾਪਰਨੀ ਨਹੀਂ ਚਾਹੀਦੀ ਸੀ। ਉਥੇ ਕੰਮ ਆਏ ਹਜ਼ਾਰਾਂ ਬੇਗੁਨਾਹਾਂ ਦਾ ਖ਼ੂਨ ਤਾਂ ਕਦੇ ਮੁਆਫ ਨਹੀਂ ਕੀਤਾ ਜਾ ਸਕਦਾ, ਪਰ ਵੱਡਾ ਅਫਸੋਸ ਇਸ ਗੱਲ ਦਾ ਹੈ ਕਿ ਡਾ. ਬਲਕਾਰ ਸਿੰਘ ਵਾਂਗ ਹੀ ਕਰਮਜੀਤ ਸਿੰਘ ਵੀ ਇਸ ਮੂਲ ਸਵਾਲ ਦਾ ਜਵਾਬ ਨਹੀਂ ਦਿੰਦੇ ਕਿ ਇੰਦਰਾ ਗਾਂਧੀ ਨੂੰ ਆਪਣੇ ਸੌੜੇ ਸਿਆਸੀ ਮਨਸੂਬਿਆਂ ਦੀ ਪੂਰਤੀ ਲਈ ਅਕਾਲੀਆਂ ਅਤੇ ਉਨ੍ਹਾਂ ਦੇ ਸੰਗੀਆਂ ਨੇ ਸ੍ਰੀ ਹਰਮਿੰਦਰ ਸਾਹਿਬ ਉਪਰ ਫੌਜਾਂ ਚੜ੍ਹਾ ਦੇਣ ਲਈ ਲਗਾਤਾਰ ਬਹਾਨੇ ਕਿਉਂ ਦਿੱਤੇ?

***ਅਸਲ ਸਵਾਲ ਇਹ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਚੜ੍ਹਤ ਵਾਲੇ ਵਰਤਾਰੇ ਦਾ ਭੇਤ ਕੀ ਸੀ? 1978 ਦੀਆਂ ਗੁਰਦੁਆਰਾ ਚੋਣਾਂ ਵਿਚ ਉਨ੍ਹਾਂ ਨੇ ਕਾਂਗਰਸ ਦੀ ਮੱਦ ਕਿਉਂ ਲਈ ਸੀ ਜਾਂ 1980 ਦੀਆਂ ਪਾਰਲੀਮਾਨੀ ਚੋਣਾਂ ਵਿਚ ਕਾਂਗਰਸੀ ਉਮੀਦਵਾਰਾਂ ਨੂੰ ਮੱਦ ਕਿਉਂ ਦਿੱਤੀ ਸੀ? ਸ੍ਰੀ ਹਰਮਿੰਦਰ ਸਾਹਿਬ ਕੰਪਲੈਕਸ ਵਿਚ ਬੈਠ ਕੇ ਜਦੋਂ ਉਹ ਖੁੱਲਮ-ਖੁੱਲੀ ਹਿੰਸਾ ਦੀ ਭੜਕਾਊ ਰਾਜਨੀਤੀ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਪਨਾਹ ਲੈਣ ਦੀ ਆਗਿਆ ਕਿਉਂ ਦਿੱਤੀ ਗਈ? ਕੰਪਲੈਕਸ ਦੇ ਕਸਟੋਡੀਅਨ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਮੂੰਹ 'ਚੋਂ ਉਨ੍ਹਾਂ ਬਾਰੇ ਕਦੇ ਜ਼ੁਬਾਨ ਤੱਕ ਵੀ ਨਾ ਖੋਲ੍ਹੀ ਤਾਂ ਇਸ ਦੇ ਕੀ ਕਾਰਨ ਸਨ? ਸ. ਪ੍ਰਕਾਸ਼ ਸਿੰਘ ਬਾਦਲ ਉਸ ਸਾਰੇ ਸਮੇਂ ਦੌਰਾਨ ਕਿੱਥੇ ਸਨ ਅਤੇ ਉਹ ਉਨ੍ਹਾਂ ਵਕਤਾਂ ਦੌਰਾਨ ਕਦੀ ਵੀ ਖੁੱਲ੍ਹ ਕੇ ਅਕਾਲੀ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪਿੱਠ 'ਤੇ ਕਿਉਂ ਨਾ ਆਏ?***

# ਸਪਸ਼ਟਵਾਦੀ ਅਤੇ ਯਥਾਰਥਵਾਦੀ ਬਾਬਾ ਨਾਨਕ

**ਦਲਵਿੰਦਰ ਸਿੰਘ ਅਜਨਾਲਾ**
**ਫੋਨ: 661-834-9770**

'ਪੰਜਾਬ ਟਾਈਮਜ਼' ਦੇ ਪਹਿਲੀ ਸਤੰਬਰ ਦੇ ਅੰਕ ਵਿਚ ਮਝੈਲ ਸਿੰਘ ਸਰਾਂ ਦਾ ਲੇਖ 'ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾ ਕੀ ਜਾਣੇ...' ਪੜ੍ਹਿਆ। ਲੇਖਕ ਨੇ ਬਾਬੇ ਨਾਨਕ ਦੀ ਮਹਾਨ ਅਤੇ ਅਜ਼ੀਮ ਸ਼ਖ਼ਸੀਅਤ ਬਾਰੇ ਆਪਣੀ ਖੋਜੀ ਅਤੇ ਤਰਕਸ਼ੀਲ ਬੁੱਧੀ ਅਨੁਸਾਰ ਵਿਚਾਰ ਚਰਚਾ ਕਰਦਿਆਂ ਅਜੋਕੇ ਅਖੌਤੀ ਸੰਤਾਂ-ਬਾਬਿਆਂ ਦੇ ਬੇਥਵੇ, ਬੇਤੁਕੇ, ਅਡੰਬਰੀ ਅਤੇ ਹਾਸੋਹੀਣੇ ਕਾਰਨਾਮਿਆਂ ਦਾ ਸੋਹਣਾ ਜ਼ਿਕਰ ਕੀਤਾ। ਲੇਖ ਗਿਆਨਵਰਧਕ ਅਤੇ ਸਿੱਖਿਆਦਾਇਕ ਵੀ ਹੈ।

ਬਾਬੇ ਨਾਨਕ ਦਾ ਨਿਮਾਣਾ ਜਿਹਾ ਸ਼ਰਧਾਲੂ ਹੋਣ ਕਰ ਕੇ ਮੇਰੇ ਦਿਮਾਗ ਵਿਚ ਵੀ ਇਹ ਵਿਚਾਰ ਆਮ ਹੀ ਘੁੰਮਦਾ ਰਹਿੰਦਾ ਹੈ ਕਿ ਉਨ੍ਹਾਂ ਪਿਤਾ ਜੀ ਵੱਲੋਂ ਕੋਈ ਵਪਾਰ ਕਰਨ ਲਈ ਦਿੱਤੇ ਵੀਹ ਰੁਪਏ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ 'ਤੇ ਕਿਵੇਂ ਖਰਚ ਕਰ ਦਿੱਤੇ, ਜਦੋਂ ਕਿ ਉਨ੍ਹਾਂ ਆਪਣੀ ਬਾਣੀ ਵਿਚ ਇਹੋ ਜਿਹੇ ਸੰਤਾਂ-ਸਾਧਾਂ, ਪੰਡਤਾਂ-ਪੁਰੋਹਿਤਾਂ, ਮੁੱਲਾਂ-ਮੁਲਾਣਿਆਂ, ਜੋਗੀਆਂ, ਨਾਥਾਂ ਅਤੇ ਸਿੱਧਾਂ ਦੇ ਅਗਿਆਨ, ਪਾਖੰਡ, ਕਰਤੂਤਾਂ ਅਤੇ ਕਲਾਬਾਜ਼ੀਆਂ ਦੇ ਪਾਜ ਉਘੇੜੇ ਹਨ। ਉਨ੍ਹਾਂ ਨੇ ਜੇ ਬਚਪਨ ਵਿਚ ਹੀ ਬਾਪ ਦਾ ਵਫ਼ਾਦਾਰ ਪੁੱਤਰ ਬਣਨ ਨਾਲੋਂ ਪਰਮਾਤਮਾ ਦਾ ਵਫ਼ਦਾਰ ਪੁੱਤਰ ਬਣਨ ਨੂੰ ਪਹਿਲ ਦਿੱਤੀ; ਜਨੇਊ 'ਤੇ ਕਿੰਤੂ ਕਰਦਿਆਂ ਪਾਉਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੇ ਸਕੂਲ ਅਧਿਆਪਕਾਂ ਨੂੰ ਸਵਾਲਾਂ-ਜਵਾਬਾਂ ਨਾਲ ਹੈਰਾਨ ਕਰ ਦਿੱਤਾ ਸੀ ਤਾਂ ਉਨ੍ਹਾਂ ਨੇ ਇਨ੍ਹਾਂ ਭੁੱਖੇ ਸਾਧੂਆਂ ਨੂੰ ਵੀ ਜ਼ਰੂਰ ਕਰਾਰੇ ਹੱਥੀਂ ਲਿਆ ਹੋਵੇਗਾ। ਬਾਬਾ ਜੀ ਨੇ ਉਨ੍ਹਾਂ ਦੀ ਹਾਲਤ ਦੇਖ ਕੇ ਉਨ੍ਹਾਂ ਨੂੰ ਭੋਜਨ-ਪਾਣੀ ਤਾਂ ਜ਼ਰੂਰ ਛਕਾਇਆ ਹੋਵੇਗਾ, ਪਰ ਉਨ੍ਹਾਂ ਨੂੰ ਵਿਹਲੇ ਰਹਿ ਕੇ ਭੁੱਖੇ ਮਰਨ ਅਤੇ ਦੂਜਿਆਂ ਕੋਲੋਂ ਭੋਜਨ ਮੰਗ ਕੇ ਖਾਣ ਲਈ ਫਿਟ-ਲਾਹਣਤ ਵੀ ਪਾਈ ਹੋਵੇਗੀ। ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਦੀ ਸਿੱਖਿਆ ਦੇਣ ਵਾਲੇ ਬਾਬਾ ਜੀ ਨੇ ਉਨ੍ਹਾਂ ਭੁੱਖੇ ਸਾਧੂਆਂ ਨੂੰ ਰਜਾ ਕੇ ਉਨ੍ਹਾਂ ਨੂੰ ਵੀ ਇਹੋ ਸਿੱਖਿਆ ਦਿੱਤੀ ਹੋਵੇਗੀ।

ਹੋ ਸਕਦਾ ਹੈ ਕਿ ਰਾਸ਼ਨ ਪਾਣੀ ਤੋਂ ਬਾਅਦ ਵੀਹ ਰੁਪਈਆਂ ਵਿਚੋਂ ਜੋ ਪੈਸੇ ਬਚ ਗਏ, ਉਹ ਬਾਬਾ ਜੀ ਨੇ ਉਨ੍ਹਾਂ ਸਾਧੂਆਂ ਨੂੰ ਵੰਡ ਦਿੱਤੇ ਹੋਣ। ਮੇਰੇ ਵਿਸ਼ਵਾਸ ਅਨੁਸਾਰ ਘਟ-ਘਟ ਦੀਆਂ ਜਾਣਨ ਵਾਲੇ ਬਾਬੇ ਨਾਨਕ ਨੂੰ ਕੋਈ ਪਾਖੰਡੀ ਸਾਧੂ-ਸੰਤ ਠੱਗ ਨਹੀਂ ਸਕਦਾ ਸੀ। ਵੱਡੇ-ਵੱਡੇ ਧਰਮ ਗੁਰੂ ਅਤੇ ਅਚਾਰੀਆ ਉਨ੍ਹਾਂ ਅੱਗੇ ਗੋਡੇ ਟੇਕ ਚੁੱਕੇ ਸਨ ਤਾਂ ਕੁਝ ਪਾਖੰਡੀ ਸਾਧੂਆਂ ਦੀ ਬਾਬਾ ਜੀ ਨਾਲ ਕੋਈ ਚਲਾਕੀ ਜਾਂ ਠੱਗੀ ਮਾਰਨ ਦੀ ਕੀ ਹਿੰਮਤ ਸੀ! ਉਨ੍ਹਾਂ ਨੇ ਜ਼ਰੂਰ ਉਨ੍ਹਾਂ ਸਾਧੂਆਂ ਦਾ ਵੀ ਘਰ ਪੂਰਾ ਕਰ ਕੇ ਉਨ੍ਹਾਂ ਨੂੰ ਗ੍ਰਹਿਸਥ ਵੱਲ ਤੋਰਿਆ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ ਇਸ ਖਰੇ ਜਾਂ ਸੱਚੇ ਸੌਦੇ ਵਿਚੋਂ ਬਚਦੇ ਪੈਸੇ ਬਾਬਾ ਜੀ ਨੇ ਆਪਣੇ ਬਾਪ ਮਹਿਤਾ ਕਾਲੂ ਜੀ ਨੂੰ ਵਾਪਸ ਕਰ ਦਿੱਤੇ ਹੋਣ ਕਿਉਂਕਿ ਵੀਹ ਰੁਪਏ ਸੱਚ ਮੁੱਚ ਹੀ ਉਸ ਵੇਲੇ ਬਹੁਤ ਵੱਡੀ ਰਕਮ ਸੀ। ਉਂਜ, ਇਹ ਸਾਖੀ ਅੱਜ ਦੇ ਪਾਖੰਡੀ ਸੰਤਾਂ-ਬਾਬਿਆਂ ਦੇ ਬਹੁਤ ਫਿੱਟ ਬੈਠਦੀ ਹੈ। ਅੱਜ ਦੇ ਇਹ ਭੇਖੀ ਸਾਧੂ, ਬਾਬਾ ਜੀ ਦੀ ਇਹ ਸਾਖੀ ਸੰਗਤਾਂ ਨੂੰ ਬੜੀ ਬਣਾ ਸੰਵਾਰ ਕੇ ਸੁਣਾਉਂਦੇ ਹਨ ਕਿ ਦੇਖੋ, ਜੇ ਇੰਨੇ ਮਹਾਨ ਗੁਰੂ ਨੇ ਸਾਧੂ-ਸੰਤਾਂ ਦੀ ਸੇਵਾ ਵਿਚ ਆਪਣੇ 20 ਰੁਪਏ ਕੁਰਬਾਨ ਕਰ ਦਿੱਤੇ ਤਾਂ ਗੁਰੂ ਦੇ ਆਮ ਸਿੱਖ ਨੂੰ ਵੀ ਤਾਂ ਗੁਰੂ ਜੀ ਤੋਂ ਨਸੀਹਤ ਲੈਂਦਿਆਂ ਆਪਣੀ ਧਨ-ਦੌਲਤ ਸੰਤਾਂ-ਬਾਬਿਆਂ ਅੱਗੇ ਬੇਝਿਜਕ ਹੋ ਕੇ ਭੇਟ ਕਰਨੀ ਚਾਹੀਦੀ ਹੈ।

ਤਸਵੀਰਾਂ ਬਣਾਉਣ ਵਾਲੇ ਕਲਾਕਾਰ ਵੀ ਆਪਣੀ ਵਪਾਰਕ ਬਿਰਤੀ ਨੂੰ ਮੁੱਖ ਰੱਖ ਕੇ ਜਾਂ ਆਪਣੀ ਅੰਨ੍ਹੀ ਤੇ ਤਰਕਹੀਣ ਸ਼ਰਧਾਵੱਸ ਜਾਂ ਫਿਰ ਜਾਣੇ-ਅਣਜਾਣੇ ਸਰਮਾਏਦਾਰੀ ਦੀ ਸੇਵਾ ਵਕੇ ਖ਼ੁਸ਼ੀ ਵਾਸਤੇ ਗੁਰੂ ਨਾਨਕ ਦੀਆਂ ਤਸਵੀਰਾਂ ਬਾਹਰੀ ਤੌਰ 'ਤੇ ਨਹਾਤੇ ਧੋਤੇ, ਸਾਫ ਸੁਥਰੇ, ਕੀਮਤੀ ਕੱਪੜੇ ਪਹਿਨੇ, ਗਲ ਤੇ ਹੱਥਾਂ ਵਿਚ ਮਾਲਾ ਸਜਾ ਕੇ ਬਣਾਉਂਦੇ ਹਨ। ਇਹੋ ਜਿਹਾ ਬਾਬਾ ਨਾਨਕ ਤਾਂ ਨਿਕੰਮੇ ਵਿਹਲੜ ਸੰਤਾਂ-ਬਾਬਿਆਂ ਅਤੇ ਪੰਡਤਾਂ-ਪੁਰੋਹਿਤਾਂ ਦੀ ਪ੍ਰਤੀਨਿਧਤਾ ਕਰਦਾ ਜਾਪਦਾ ਹੈ।

ਮਝੈਲ ਸਿੰਘ ਸਰਾਂ ਠੀਕ ਲਿਖਦੇ ਹਨ ਕਿ ਅਣਸੁਖਾਵੇਂ ਅਤੇ ਅਣਜਾਣੇ ਮੌਸਮਾਂ, ਹਾਲਾਤ, ਥਾਂਵਾਂ, ਦਿਸ਼ਾਵਾਂ ਅਤੇ ਬਿਖੜੇ ਪੈਂਡਿਆਂ ਦੀਆਂ ਯਾਤਰਾਵਾਂ ਕਰਦਿਆਂ ਬਾਬਾ ਜੀ ਕਈ ਤਰ੍ਹਾਂ ਦੀਆਂ ਮੁਸ਼ਕਲਾਂ-ਮੁਸੀਬਤਾਂ ਅਤੇ ਭੁੱਖਾਂ-ਪਿਆਸਾਂ ਦਾ ਸਾਹਮਣਾ ਕਰਦੇ ਹੋਣਗੇ ਅਤੇ ਵਾਹੀ ਜੋਤੀ ਦਾ ਕੰਮ ਕਰਦੇ ਉਹ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ ਹੋਣਗੇ। ਇਹ ਹੈ ਅਸਲੀ ਬਾਬਾ ਨਾਨਕ। ਅਸਲੀ ਬਾਬਾ ਨਾਨਕ ਆਪਣੇ ਬਾਪ ਦੀ ਅਮੀਰੀ ਨੂੰ ਤਿਆਗ ਕੇ ਗਰੀਬੀ ਅਤੇ ਫਕੀਰੀ ਧਾਰਨ ਕਰਦਾ ਹੈ। ਭਾਈ ਗੁਰਦਾਸ ਜੀ ਬਾਬਾ ਜੀ ਬਾਰੇ ਲਿਖਦੇ ਹਨ ਕਿ ਉਨ੍ਹਾਂ ਨੇ 'ਨਉ ਨਿਧ ਨਾਮ ਗਰੀਬੀ ਪਾਈ।' ਬਾਬਾ ਜੀ ਨੇ ਆਪਣੀ ਉਚੀ ਜਾਤ ਤਿਆਗ ਕੇ ਨੀਚਾਂ ਨਾਲ ਨੀਚ ਬਣਨਾ ਚੰਗਾ ਸਮਝਿਆ। ਸਮਾਜ ਦੀਆਂ ਅਖੌਤੀ ਉਚੀਆਂ ਜਾਤਾਂ ਨੂੰ ਬਾਬਾ ਜੀ ਨੇ 'ਫਕੜ ਜਾਤੀ ਫਕੜ ਨਾਉ' ਕਹਿ ਕੇ ਖਾਨੇ ਵਿਚ ਲਾਹ ਕੇ ਸੁੱਟ ਦਿੱਤਾ ਅਤੇ ਕਿਹਾ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥

ਜਿਸ ਬੰਦੇ ਨੂੰ ਗੁਰੂ ਨਾਨਕ ਦੀ ਬਾਣੀ ਦੀਆਂ ਇਨ੍ਹਾਂ ਤੁਕਾਂ ਦੀ ਸਮਝ ਨਹੀਂ ਪੈਂਦੀ, ਉਹ ਰਸਮੀ ਤੌਰ 'ਤੇ ਸਿੱਖ ਤਾਂ ਬੇਸ਼ਕ ਬਣਿਆ ਫਿਰੇ, ਪਰ ਗੁਰੂ ਨਾਨਕ ਵਾਲੀ ਸਿੱਖੀ ਵਿਚੋਂ ਆਪਣੇ-ਆਪ ਨੂੰ ਗ਼ੈਰ-ਹਾਜ਼ਰ ਸਮਝੇ। ਗੀਤਕਾਰ ਚਰਨ ਸਿੰਘ ਸਫਰੀ ਦੀ 'ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾ ਕੀ ਜਾਣੇ' ਦੀ ਸਤਰ ਬਾਰੇ ਇਕ

## ਪਾਠਕਾਂ ਦਾ ਹੁੰਗਾਰਾ

ਗੱਲ ਕਹਿਣੀ ਹੈ। ਬਾਬਾ ਨਾਨਕ ਦਾ ਜੀਵਨ ਅਤੇ ਬਾਣੀ ਇੰਨੇ ਸਰਲ, ਸਪੱਸ਼ਟ ਅਤੇ ਸਹਿਜ ਹਨ ਕਿ ਇਨ੍ਹਾਂ ਵਿਚੋਂ ਕਿਤੇ ਵੀ ਉਨ੍ਹਾਂ ਦੀ ਕੋਈ ਗੁੱਝੀ ਰਮਜ਼ ਨਜ਼ਰੀਂ ਨਹੀਂ ਪੈਂਦੀ ਜਿਸ ਦੀ ਸਮਝ ਨਾ ਆ ਸਕਦੀ ਹੋਵੇ। ਹਾਂ, ਇਹ ਗੱਲ ਸੱਚ ਹੈ ਕਿ ਜ਼ਮਾਨਾ ਜ਼ਰੂਰ ਬੇਸਮਝ, ਅਗਿਆਨੀ ਅਤੇ ਮੂਰਖ ਹੈ ਜੋ ਬਾਬਾ ਜੀ ਦੀ ਸਿੱਧੀ-ਸਾਦੀ ਵਿਚਾਰਧਾਰਾ ਨੂੰ ਵੀ ਸਮਝ ਨਹੀਂ ਸਕਦਾ ਅਤੇ ਨਾ ਸਮਝਣਾ ਚਾਹੁੰਦਾ ਹੀ ਹੈ। ਸ਼ਾਇਦ ਇਸੇ ਕਰ ਕੇ ਬਾਬਾ ਜੀ ਨੇ ਵੀ ਇਹ ਤੁਕ ਉਚਾਰੀ ਹੋਵੇਗੀ, 'ਅੰਧੀ ਰਯਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ'।

ਜ਼ਮਾਨੇ ਦੀ ਅਗਵਾਈ ਆਮ ਕਰ ਕੇ ਹਮੇਸ਼ਾ ਹੀ ਸ਼ੈਤਾਨ, ਚਲਾਕ, ਮੱਕਾਰ ਅਤੇ ਖੋਟੇ ਲੋਕਾਂ ਦੇ ਹੱਥ ਵਿਚ ਰਹੀ ਹੈ। ਇਹੋ ਜਿਹੇ ਲੋਕਾਂ ਨੇ ਜ਼ਮਾਨੇ ਨੂੰ ਵੀ ਪੱਕਿਆਂ ਕਰ ਛੱਡਿਆ ਹੈ ਕਿ 'ਗੁਰੂ ਨਾਨਕ ਵੀ ਰਮਜ਼ੀ, ਕੌਤਕੀ, ਚਮਤਕਾਰੀ ਅਤੇ ਬੇਤਾਲਾ ਸੀ।' ਇਸੇ ਕਰ ਕੇ ਬਹੁਤੇ ਲੋਕ ਇਹ ਆਖ ਕੇ ਖਹਿੜਾ ਛੁਡਾਉਣ ਦੀ ਕਰਦੇ ਹਨ ਕਿ 'ਬਾਬੇ ਦੀਆਂ ਬਾਬਾ ਹੀ ਜਾਣੇ'। ਜ਼ਮਾਨਾ ਵੀ ਸ਼ੈਤਾਨ ਲੋਕਾਂ ਦੇ ਢਹੇ ਚੜ੍ਹਿਆ ਜਾਣ-ਬੁੱਝ ਕੇ ਬੇਸਮਝ ਬਣਿਆ ਪਿਆ ਹੈ। ਇਹ ਸ਼ੈਤਾਨ ਤੇ ਚੰਡਾਲ ਲੋਕ ਬਾਬਾ ਜੀ ਦੀ ਬਾਣੀ ਅਨੁਸਾਰ, ਦੇਖੋ ਬਾਬਾ ਜੀ ਬਾਰੇ ਕੀ ਬੋਲਦੇ ਹਨ, 'ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕ ਵੇਚਾਰਾ॥' ਹੁਣ ਦੇਖੋ ਬਾਬਾ ਜੀ ਇਨ੍ਹਾਂ ਸ਼ਾਤਰ ਲੋਕਾਂ ਬਾਰੇ ਕੀ ਲਿਖਦੇ ਹਨ,

*(ਬਾਕੀ ਸਫਾ 33 'ਤੇ)*

# ਸੰਗੀਆਂ-ਸਾਥੀਆਂ ਦਾ ਬਹੁਤ ਖਿਆਲ ਰੱਖਦਾ ਸੀ ਸਰਾਭਾ

## .ਗਦਰ ਲਹਿਰ ਦਾ ਚੌਮੁਖੀਆ ਚਿਰਾ.ਗ ਕਰਤਾਰ ਸਿੰਘ ਸਰਾਭਾ-4

*'.ਗਦਰ ਲਹਿਰ ਦਾ ਚੌਮੁਖੀਆ ਚਿਰਾ.ਗ: ਕਰਤਾਰ ਸਿੰਘ ਸਰਾਭਾ' ਨਾਂ ਦੀ ਲੇਖ ਲੜੀ ਦੇ ਇਸ ਭਾਗ ਵਿਚ ਲੇਖਕ ਵਰਿਆਮ ਸਿੰਘ ਸੰਧੂ ਨੇ ਸਰਾਭੇ ਦੀ ਆਪਣੇ ਸੰਗੀਆਂ-ਸਾਥੀਆਂ ਵੱਲ ਪਹੁੰਚ ਬਾਰੇ ਅਹਿਮ ਗੱਲਾਂ ਛੋਹੀਆਂ ਹਨ। ਉਹ ਆਪਣੇ ਸਾਥੀਆਂ ਦੀ ਨਿੱਕੀ-ਨਿੱਕੀ ਲੋੜ-ਥੁੜ ਵੱਲ ਵੀ ਬਹੁਤ ਧਿਆਨ ਦਿੰਦਾ ਸੀ। ਹਵਾਈ ਜਹਾਜ਼ ਉਡਾਉਣਾ ਸਿੱਖਣਾ, .ਗਦਰ ਦੇ ਪ੍ਰਚਾਰ ਲਈ ਪਰਚਾ ਕੱਢਣ ਦਾ ਸੁਝਾਅ ਦੇਣਾ ਅਤੇ ਇੱਦਾਂ ਦੀਆਂ ਹੋਰ ਕਈ ਪਹਿਲਕਦਮੀਆਂ ਦਾ ਜ਼ਿਕਰ ਤੁਸੀਂ ਪਿਛਲੇ ਅੰਕਾਂ ਵਿਚ ਪੜ੍ਹ ਚੁੱਕੇ ਹੋ। ਇਸ ਲੇਖ ਵਿਚ ਸਰਾਭੇ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਸਹਿਤ ਚਰਚਾ ਹੋਈ ਹੈ। ਹੈਰਾਨੀ ਹੁੰਦੀ ਹੈ ਕਿ ਇੰਨੀ ਛੋਟੀ ਉਮਰ ਦਾ ਮੁੰਡਾ ਇੰਨੇ ਵੱਡੇ ਪੱਧਰ 'ਤੇ ਸੋਚਦਾ ਸੀ! ਅਗਲਾ ਵਰ੍ਹੇ 2013 ਵਿਚ .ਗਦਰ ਦੇ ਸੌ ਸਾਲ ਪੂਰੇ ਹੋ ਜਾਣੇ ਹਨ। ਸਾਡੇ ਲਈ ਇਹ ਸਮਾਂ ਹੁਣ .ਗਦਰ ਲਹਿਰ ਬਾਰੇ ਨਿੱਠ ਕੇ ਵਿਚਾਰ ਕਰਨ ਦਾ ਵੀ ਹੈ। ਅੱਜ ਤੋਂ ਸੌ ਸਾਲ ਪਹਿਲਾਂ ਅਮਰੀਕੀ ਧਰਤੀ ਉਤੇ ਆਏ ਸਾਡੇ ਪੁਰਖਿਆਂ ਨੇ ਆਜ਼ਾਦੀ ਦਾ ਸੁਫਨਾ ਲਿਆ ਸੀ। ਇਸ ਸੁਫਨੇ ਦੀ ਖੂਬਸੂਰਤੀ ਇਹ ਸੀ ਕਿ ਇਸ ਵਿਚ ਮੁਕੰਮਲ ਇਨਕਲਾਬ ਦਾ ਟੀਚਾ ਮਿਥਿਆ ਗਿਆ। ਇਨ੍ਹਾਂ .ਗਦਰੀਆਂ ਲਈ ਮਸਲਾ ਸਿਰਫ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾਉਣ ਦਾ ਨਹੀਂ ਸੀ, ਸਗੋਂ ਇਸ ਤੋਂ ਵੀ ਦੋ ਕਦਮ ਅਗਾਂਹ ਜਾ ਕੇ ਉਨ੍ਹਾਂ ਮੁਕੰਮਲ ਬਰਾਬਰੀ ਦਾ ਟੀਚਾ ਰੱਖਿਆ। .ਗਦਰ ਸ਼ਤਾਬਦੀ ਦੇ ਪ੍ਰਸੰਗ ਤਹਿਤ ਇਸ ਲਹਿਰ ਅਤੇ ਇਸ ਲਹਿਰ ਦੇ ਨਾਇਕਾਂ ਬਾਰੇ 'ਪੰਜਾਬ ਟਾਈਮਜ਼' ਨੇ ਪਿਛਲੇ ਸਮੇਂ ਦੌਰਾਨ ਲਗਾਤਾਰ ਲਿਖਤਾਂ ਛਾਪੀਆਂ ਹਨ। ਇਸੇ ਸਿਲਸਿਲੇ ਵਿਚ ਹੀ ਇਹ ਲਿਖਤ ਪਾਠਕਾਂ ਦੀ ਨਜ਼ਰ ਹੈ। ਅਗਾਂਹ ਵੀ ਇਹ ਸਿਲਸਿਲਾ ਜਾਰੀ ਰਹੇਗਾ। -ਸੰਪਾਦਕ*

ਕਰਤਾਰ ਸਿੰਘ ਸਰਾਭੇ ਦੇ ਸੁਭਾਅ ਦੀਆਂ ਕਈ ਪਰਤਾਂ ਵਿਚੋਂ ਇਕ ਪਰਤ ਇਹ ਵੀ ਸੀ ਕਿ ਉਹ ਆਪਣੇ ਸੰਗੀਆਂ-ਸਾਥੀਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਸੀ। ਉਹ ਉਨ੍ਹਾਂ ਦੇ ਦੁੱਖ-ਸੁੱਖ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦਾ ਸੀ। ਉਹਦੀ ਅਜਿਹੀ ਸੰਵੇਦਨਸ਼ੀਲਤਾ ਦੀ ਇਥੇ ਇਕ ਮਿਸਾਲ ਦੇਣੀ ਹੀ ਕਾਫ਼ੀ ਹੋਵੇਗੀ। ਜਦੋਂ ਉਹ ਲਾਲਾ ਹਰਦਿਆਲ ਨਾਲ ਮਿਲ ਕੇ ਯੁਗਾਂਤਰ ਆਸ਼ਰਮ ਵਿਚ '.ਗਦਰ' ਅਖ਼ਬਾਰ ਛਾਪਣ ਦਾ ਕਾਰਜ ਕਰ ਰਿਹਾ ਸੀ ਤਾਂ ਉਹਨੇ ਨੋਟ ਕੀਤਾ ਕਿ ਲਾਲਾ ਹਰਦਿਆਲ ਦੇ ਪੈਰੀਂ ਪਾਉਣ ਵਾਲੇ ਸਲੀਪਰਾਂ ਦਾ ਤਲਾ ਇਸ ਕਦਰ ਘਸ ਚੁੱਕਾ ਸੀ ਕਿ ਉਨ੍ਹਾਂ ਵਿਚ ਮੋਰੀਆਂ ਹੋ ਗਈਆਂ ਸਨ, ਪਰ ਲਾਲਾ ਜੀ ਸਨ ਕਿ ਸਲੀਪਰਾਂ ਦੇ ਨਵੇਂ ਜੋੜੇ ਲਈ ਪਾਟੀ ਦਾ



■ ਵਰਿਆਮ ਸਿੰਘ ਸੰਧੂ

ਖ਼ਰਚ ਕਰਵਾਉਣ ਲਈ ਤਿਆਰ ਨਹੀਂ ਸਨ। ਇਹ ਉਨ੍ਹਾਂ ਦੇਸ਼ ਭਗਤਾਂ ਦੇ ਸੁਭਾਅ ਦੀ ਵਿਸ਼ੇਸ਼ਤਾ ਸੀ ਕਿ ਉਹ ਆਪਣੇ ਸੁਖ-ਸਹੂਲਤ ਨਾਲੋਂ ਆਜ਼ਾਦੀ ਸੰਗਰਾਮ ਲਈ ਅਰੰਭੇ ਕਾਰਜਾਂ ਲਈ ਖ਼ਰਚ ਕਰਨ ਨੂੰ ਪਹਿਲ ਦਿੰਦੇ ਸਨ। ਸਰਾਭੇ ਨੇ ਆਪਣੇ ਸਾਥੀ ਚੈਂਚਈਆ ਨਾਲ ਇਸ ਬਾਰੇ ਗੱਲ ਕੀਤੀ। ਉਹ ਜਾਣਦੇ ਸਨ ਕਿ ਲਾਲਾ ਹਰਦਿਆਲ ਨਵੇਂ ਸਲੀਪਰ ਲੈਣ ਲਈ ਰਾਜ਼ੀ ਨਹੀਂ ਹੋਣਗੇ। ਸੋ, ਉਨ੍ਹਾਂ ਨੇ ਲਾਲਾ ਹਰਦਿਆਲ ਦੀ ਮਨਜ਼ੂਰੀ ਲੈਣ ਜਾਂ ਉਨ੍ਹਾਂ ਨਾਲ ਗੱਲ ਕਰਨ ਤੋਂ ਬਿਨਾ ਹੀ ਨਵੇਂ ਸਲੀਪਰ ਲੈ ਆਂਦੇ। ਹੁਣ ਸਮੱਸਿਆ ਇਹ ਸੀ ਕਿ ਲਾਲਾ ਜੀ ਨੂੰ ਇਹ ਸਲੀਪਰ ਪੈਰੀਂ ਪਾਉਣ ਲਈ ਕਿਵੇਂ ਆਖਿਆ ਜਾਂ ਮਨਵਾਇਆ ਜਾਵੇ! ਜਦੋਂ ਲਾਲਾ ਜੀ ਸੌਂ ਗਏ ਤਾਂ ਚੈਂਚਈਆ ਨੇ ਪੁਰਾਣੇ ਘਸੇ ਸਲੀਪਰ ਚੁੱਕ ਕੇ ਇਕ ਪਾਸੇ ਕਮਰੇ ਦੀ ਨੁੱਕਰ ਵਿਚ ਰੱਖ ਦਿੱਤੇ ਤੇ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਬਿਸਤਰੇ ਕੋਲ ਨਵੇਂ ਸਲੀਪਰ ਰੱਖ ਦਿੱਤੇ। ਸਰਾਭੇ ਨੇ ਦੇਖਿਆ ਤਾਂ ਉਸ ਨੇ ਚੈਂਚਈਆ ਨੂੰ ਸਮਝਾਇਆ ਕਿ ਸਲੀਪਰਾਂ ਨੂੰ ਕਮਰੇ ਦੀ ਨੁੱਕਰ ਵਿਚ ਇਕ ਪਾਸੇ ਰੱਖਣਾ ਮੁਨਾਸਬ ਨਹੀਂ; ਕਿਉਂਕਿ ਉਸ ਦਾ ਵਿਚਾਰ ਸੀ ਕਿ ਜੇ ਉਹ ਟੁੱਟੇ ਸਲੀਪਰ ਲਾਲਾ ਜੀ ਦੀ ਨਜ਼ਰੇ ਪੈ ਗਏ ਤਾਂ ਉਨ੍ਹਾਂ ਨੇ ਨਵੇਂ ਸਲੀਪਰ ਪੈਰੀਂ ਪਾਉਣੇ ਪ੍ਰਵਾਨ ਹੀ ਨਹੀਂ ਕਰਨੇ। ਉਹਨੇ ਉਹ ਟੁੱਟੇ ਹੋਏ ਸਲੀਪਰ ਚੁੱਕ ਕੇ ਬਾਹਰ ਕੂੜੇਦਾਨ ਵਿਚ ਸੁੱਟ ਦਿੱਤੇ। ਇਸ ਕਦਰ ਆਪਣੇ ਸਾਥੀਆਂ ਦੀ ਲੋੜ ਨੂੰ ਸਮਝਣਾ ਤੇ ਉਨ੍ਹਾਂ ਦੇ ਸੁਭਾਅ ਦੀ ਗਹਿਰਾਈ ਨੂੰ ਵੀ ਜਾਣਨਾ ਉਹਦੀ ਹੱਸਾਸੀਅਤ ਤੇ ਮਨੋਵਿਗਿਆਨੀ ਵਾਲੀ ਡੂੰਘੀ ਸਮਝ ਦਾ ਪ੍ਰਮਾਣ ਹੈ।

ਸਰਾਭੇ ਦੇ ਮਿਲਾਪੜੇ ਤੇ ਦਲੇਰ ਸੁਭਾਅ ਨੂੰ ਸਰਾਭੇ ਦੇ ਇਨਕਲਾਬੀ ਸਾਥੀ ਮੁਨਸ਼ਾ ਸਿੰਘ ਦੁਖੀ ਇੰਜ ਬਿਆਨ ਕਰਦੇ ਹਨ, ਲੇਖਕ ਨਾਲ (ਸਰਾਭੇ ਦਾ) ਡਾਢਾ ਮੇਲ ਮਿਲਾਪ ਸੀ। ਘਰ ਆ ਕੇ ਰਹਿਣਾ, ਬੈਠਣਾ, ਸੌਣਾ ਤੇ ਆਰਾਮ ਕਰਨਾ। ਮੇਰੇ ਮਾਤਾ ਪਿਤਾ ਨੂੰ ਮਾਤਾ ਪਿਤਾ ਕਰ ਕੇ ਹੀ ਬੁਲੌਂਦਾ ਸੀ। ਐਨਾ ਖੁੱਲ੍ਹਦਿਲਾ, ਨਿਧੜਕ ਤੇ ਮਿਲਣਸਾਰ ਸੀ ਕਿ ਕਈ ਵਾਰ ਦਰ ਖੋਲ੍ਹ ਕੇ ਅੰਦਰ ਵੜ ਕੇ ਆਪੇ ਹੀ ਪ੍ਰਸ਼ਾਦੇ ਕੱਢ ਕੇ ਛਕਦਾ ਦੇਖ ਕੇ ਮੇਰੇ ਪਿਆਰੇ ਮਾਤਾ ਜੀ ਨੇ ਹੈਰਾਨੀ ਨਾਲ ਪੁੱਛਣਾ,

"ਵੇ ਪੁੱਤ ਕਰਤਾਰ! ਤੂੰ ਬੜਾ ਛਿੰਦਾ ਹੈਂ, ਜੋ ਚਿਤ ਆਵੇ ਖਾ ਜਾਂਦਾ ਹੈਂ, ਰੁੱਖੀ ਮਿੱਸੀ ਬੇਹੀ ਸਜਰੀ ਰੋਟੀ ਦਾਲ ਦਾ ਤੈਨੂੰ ਕੋਈ ਵਿਚਾਰ ਨਹੀਂ।"

ਰੰਗ ਜ਼ਰਾ ਸਾਂਵਲਾ, ਕੱਦ ਸੁਹਣਾ ਲੰਬਾ ਜਿਹਾ, ਸਰੀਰ ਪਤਲਾ, ਚਿਹਰਾ ਸਦਾ ਹਸੂੰ ਹਸੂੰ ਕਰਦਾ ਸੀ। ਬੇਖੌਫ਼ੀ ਉਸ ਦਾ ਖ਼ਾਸਾ ਹੀ ਸੀ।

ਸਾਰੇ ਜਾਣਦੇ ਹਨ ਕਿ ਗ਼ਦਰੀਆਂ ਨੂੰ ਹਥਿਆਰ ਲੈਣ ਲਈ ਤੇ ਹੋਰ ਲੋੜਾਂ ਦੀ ਪੂਰਤੀ ਲਈ ਧਨ ਦੀ ਬਹੁਤ ਸਖ਼ਤ ਲੋੜ ਸੀ। ਧਨ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਮਜਬੂਰੀਵਸ ਸ਼ਾਹੂਕਾਰਾਂ ਦੇ ਘਰਾਂ ਵਿਚ ਡਾਕੇ ਮਾਰਨੇ ਪਏ। ਇਨ੍ਹਾਂ ਵਿਚੋਂ ਹੀ ਰੱਬੋਂ ਪਿੰਡ ਵਿਚ ਮਾਰੇ ਗਏ ਡਾਕੇ ਵਿਚ ਕਰਤਾਰ ਸਿੰਘ ਸਰਾਭਾ ਵੀ ਸ਼ਾਮਲ ਸੀ। ਇਥੇ ਉਸ ਦੇ ਇਕ ਸਾਥੀ ਦੀ ਘਰ ਦੀ ਮੁਟਿਆਰ ਕੁੜੀ 'ਤੇ ਅੱਖ ਮੈਲੀ ਹੋ ਗਈ। ਆਪਣੇ ਸਾਥੀ ਦਾ ਅਬੱਦਰ ਵਿਹਾਰ ਵੇਖ ਕੇ ਸਰਾਭਾ ਅੱਗ ਬਗੋਲਾ ਹੋ ਗਿਆ। ਉਹ ਸਮਝਦਾ ਸੀ ਕਿ ਇਨਕਲਾਬੀਆਂ ਦਾ ਕਿਰਦਾਰ ਮਿਸਾਲੀ ਹੋਣਾ ਚਾਹੀਦਾ ਹੈ। ਜੇ ਉਹ ਵੀ ਲੋਕਾਂ ਦੀਆਂ ਧੀਆਂ-ਭੈਣਾਂ ਨਾਲ ਅਜਿਹਾ ਵਿਹਾਰ ਕਰਨ ਲੱਗ ਪਏ ਤਾਂ ਉਨ੍ਹਾਂ ਤੇ ਗੁੰਡੇ-ਬਦਮਾਸ਼ਾਂ ਅਤੇ ਡਾਕੂਆਂ ਵਿਚ ਕੀ ਫ਼ਰਕ ਰਹਿ ਗਿਆ? ਇਸ ਘਟਨਾ ਦਾ ਬਿਆਨ ਕਰਦਿਆਂ ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭੇ ਦੀ ਇਖ਼ਲਾਕੀ ਬੁਲੰਦੀ ਦਾ ਜੋ ਬਿੰਬ ਸਿਰਜਦਾ ਹੈ, ਉਹਦਾ ਬਿਰਤਾਂਤ ਉਨ੍ਹਾਂ ਦੀ ਜ਼ਬਾਨੀ ਹੀ ਪੜ੍ਹਿਆਂ ਬਣਦਾ ਹੈ:


"ਗ਼ਦਰ ਦੀ ਤਿਆਰੀ ਵਿਚ ਸਿਰਫ਼ ਪੈਸੇ ਦੀ ਕਮੀ ਕਾਰਨ ਕੁਝ ਦੇਰ ਹੋ ਜਾਵੇ, ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਸੀ। ਉਸ ਦਿਨ ਉਹ ਡਕੈਤੀ ਵਾਸਤੇ ਰੱਬੋਂ ਨਾਮਕ ਪਿੰਡ ਵਿਚ ਗਏ ਸੀ। ਕਰਤਾਰ ਮੁਖੀ ਸਨ। ਡਕੈਤੀ ਹੋ ਰਹੀ ਸੀ। ਘਰ ਵਿਚ ਇਕ ਬੜੀ ਸੋਹਣੀ ਕੁੜੀ ਵੀ ਸੀ। ਉਸ ਨੂੰ ਦੇਖ ਕੇ ਇਕ ਪਾਪੀ ਦਾ ਮਨ ਫਿਰ ਗਿਆ। ਉਸ ਨੇ ਕੁੜੀ ਦਾ ਹੱਥ ਫੜ ਲਿਆ। ਉਸ ਕਾਮੀ ਨਰ ਪਸ਼ੂ ਦਾ ਰੰਗ-ਢੰਗ ਦੇਖ ਕੇ ਕੁੜੀ ਘਬਰਾ ਗਈ ਅਤੇ ਉਸ ਨੇ ਜ਼ੋਰ ਦੀ ਚੀਕ ਮਾਰੀ। ਫੌਰਨ ਨੌਜਵਾਨ ਕਰਤਾਰ ਰਿਵਾਲਵਰ ਤਾਣ ਕੇ ਉਸ ਥਾਂ ਪਹੁੰਚ ਗਏ। ਉਸ ਬੰਦੇ ਦੇ ਮੱਥੇ 'ਤੇ ਪਿਸਤੌਲ ਰੱਖ ਕੇ ਉਸ ਦਾ ਹਥਿਆਰ ਲੈ ਲਿਆ ਅਤੇ ਫਿਰ ਗੁੱਸੇ ਹੋਏ ਸ਼ੇਰ ਵਾਂਗ ਗਰਜ ਕੇ ਬੋਲੇ, 'ਪਾਮਰ! ਤੇਰਾ ਗੁਨਾਹ ਬੜਾ ਭਿਅੰਕਰ ਹੈ। ਇਸ ਵੇਲੇ ਤੂੰ ਮੌਤ ਦਾ ਹੱਕਦਾਰ ਹੈਂ, ਪਰ ਖ਼ਾਸ ਹਾਲਾਤ ਕਾਰਨ ਤੈਨੂੰ ਮਾਫ਼ ਕਰਨ ਤੇ ਮਜਬੂਰ ਹਾਂ। ਇਸ ਲਈ ਫੌਰਨ ਇਸ ਕੁੜੀ ਦੇ ਪੈਰਾਂ ਵਿਚ ਸਿਰ ਰੱਖ ਕੇ ਕਹਿ ਕਿ ਹੇ ਭੈਣ! ਮੈਨੂੰ ਮਾਫ਼ ਕਰ ਦੇ ਅਤੇ ਉਧਰ ਮਾਂ ਦੇ ਪੈਰ ਫੜ ਕੇ ਕਹਿ ਕਿ ਮਾਤਾ! ਮੈਂ ਇਸ ਨੀਚਤਾ ਵਾਸਤੇ ਮਾਫ਼ੀ ਚਾਹੁੰਦਾ ਹਾਂ। ਜੇ ਇਹ ਤੈਨੂੰ ਮਾਫ਼ ਕਰ ਦਏ ਤਾਂ ਤੈਨੂੰ ਜਿਉਂਦਾ ਛੱਡਾਂਗਾ ਨਹੀਂ ਤਾਂ ਹੁਣੇ ਗੋਲੀ ਮਾਰ ਦਿਆਂਗਾ।' ਉਸ ਨੇ ਉਵੇਂ ਹੀ ਕੀਤਾ। ਗੱਲ ਕੁਝ ਬਹੁਤੀ ਤਾਂ ਵਧੀ ਨਹੀਂ ਸੀ। ਇਹ ਦੇਖ ਕੇ ਦੋਹਾਂ ਔਰਤਾਂ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਪਿਆਰ ਨਾਲ ਸੰਬੋਧਨ ਕੀਤਾ, 'ਬੇਟਾ! ਅਜਿਹੇ ਧਰਮਾਤਮਾ ਅਤੇ ਸਾਊ ਨੌਜਵਾਨ ਹੋ ਕੇ ਤੁਸੀਂ ਇਸ ਭਿਆਨਕ ਕੰਮ ਵਿਚ ਕਿਵੇਂ ਸ਼ਾਮਲ ਹੋਏ ਹੋ?' ਕਰਤਾਰ ਦਾ ਜੀਅ ਭਰ ਆਇਆ। ਕਿਹਾ, 'ਮਾਂ! ਰੁਪਏ ਦੇ ਲੋਭ ਵਿਚ ਨਹੀਂ, ਆਪਣਾ ਸਭ ਕੁਝ ਵਾਰ ਕੇ ਹੀ ਡਾਕੇ ਮਾਰਨ ਚੱਲੇ ਸੀ। ਅਸੀਂ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਗ਼ਦਰ ਦੀ ਤਿਆਰੀ ਕਰ ਰਹੇ ਹਾਂ। ਹਥਿਆਰ ਆਦਿ ਖਰੀਦਣ ਵਾਸਤੇ ਪੈਸੇ ਚਾਹੀਦੇ ਹਨ। ਉਹ ਕਿੱਥੋਂ ਲਈਏ? ਮਾਂ! ਉਸੇ ਮਹਾਨ ਕੰਮ ਵਾਸਤੇ ਅੱਜ ਇਹ ਨੀਚ ਕੰਮ ਕਰਨ ਲਈ ਅਸੀਂ ਮਜਬੂਰ ਹੋਏ ਹਾਂ।'

ਉਸ ਵੇਲੇ ਬੜਾ ਦਰਦਨਾਕ ਨਜ਼ਾਰਾ ਸੀ। ਮਾਂ ਨੇ ਫੇਰ ਕਿਹਾ, 'ਇਸ ਕੁੜੀ ਦਾ ਵਿਆਹ ਕਰਨਾ ਹੈ। ਉਸ ਵਾਸਤੇ ਰੁਪਏ ਚਾਹੀਦੇ ਹਨ। ਕੁਝ ਦਿੰਦੇ ਜਾਓ ਤਾਂ ਚੰਗਾ ਹੈ।' ਸਾਰਾ ਧਨ ਉਸ ਦੇ ਸਾਹਮਣੇ ਰੱਖ ਦਿੱਤਾ ਗਿਆ ਅਤੇ ਕਿਹਾ, 'ਜਿੰਨਾ ਚਾਹੀਦਾ ਹੈ ਲੈ ਲਉ!' ਕੁਝ ਧਨ ਲੈ ਕੇ ਬਾਕੀ ਸਾਰਾ ਉਸ ਨੇ ਖ਼ੁਦ ਖ਼ੁਸ਼ੀ ਨਾਲ ਕਰਤਾਰ ਦੀ ਝੋਲੀ ਵਿਚ ਪਾ ਦਿੱਤਾ ਅਤੇ ਆਸ਼ੀਰਵਾਦ ਦਿੱਤਾ ਕਿ 'ਜਾਉ ਬੇਟਾ, ਤੁਹਾਨੂੰ ਕਾਮਯਾਬੀ ਮਿਲੇ!'

ਨਾਨਕ ਸਿੰਘ ਨਾਵਲਕਾਰ ਨੇ ਆਪਣੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਸਰਾਭੇ ਦੇ ਕਿਰਦਾਰ ਨੂੰ ਆਧਾਰ ਬਣਾ ਕੇ ਗ਼ਦਰ ਪਾਰਟੀ ਦਾ ਗਲਪਨਿਕ ਇਤਿਹਾਸ ਲਿਖਣ ਦਾ ਵਧੀਆ ਉਦਮ ਕੀਤਾ ਸੀ। ਉਸ ਨਾਵਲ ਵਿਚ ਨਾਨਕ ਸਿੰਘ ਨੇ ਗ਼ਦਰ ਲਹਿਰ ਦੇ ਹਮਦਰਦ ਸਾਥੀ ਦੀ ਭੈਣ ਤੇ ਗ਼ਦਰ ਲਹਿਰ ਨੂੰ ਸਮਰਪਤ ਲੜਕੀ ਬੀਰੀ ਨਾਲ ਸਰਾਭੇ ਦੇ ਪ੍ਰੇਮ-ਸਬੰਧਾਂ ਦਾ ਗਲਪ-ਬਿੰਬ ਸਿਰਜਿਆ ਹੈ। ਇਹ ਦੋਵੇਂ ਪਾਤਰ ਕਾਲਪਨਿਕ ਹਨ। ਨਾਵਲ ਨੂੰ ਪੜ੍ਹਨਯੋਗ ਬਣਾਉਣ ਲਈ ਪ੍ਰੇਮ-ਪ੍ਰਸੰਗਾਂ ਦੇ ਬਿਰਤਾਂਤ ਦਾ ਛਿੱਟਾ ਦੇਣਾ ਪੰਜਾਬੀ ਨਾਵਲ ਦੀ ਮੁੱਖ ਜੁਗਤ ਰਹੀ ਹੈ। ਨਾਵਲੀ ਦਿਲਚਸਪੀ ਦੇ ਪੱਖੋਂ ਤਾਂ ਭਾਵੇਂ ਸਰਾਭਾ-ਬੀਰੀ ਦੇ ਪ੍ਰੇਮ ਪ੍ਰਸੰਗ ਦੀ ਜਿੰਨੀ ਮਰਜ਼ੀ ਵਾਜਬੀਅਤ ਬਣਦੀ ਹੋਵੇ, ਪਰ ਕੀ ਕਰਤਾਰ ਸਿੰਘ ਸਰਾਭੇ ਦੇ ਹਰ ਪਲ ਗ਼ਦਰ ਲਹਿਰ ਦੀ ਉਸਾਰੀ ਵਿਚ ਜੁੱਟੇ ਰਹਿਣ







ਨਾਵਲਕਾਰ ਨਾਨਕ ਸਿੰਘ (ਸੱਜੇ) ਜਿਨ੍ਹਾਂ ਨੇ ਆਪਣੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਕਰਤਾਰ ਸਿੰਘ ਸਰਾਭੇ ਦਾ ਗਲਪਨਿਕ ਚਿੱਤਰ ਖਿੱਚਿਆ।

ਕਰ ਕੇ ਕਿਸੇ ਕੁੜੀ ਨਾਲ ਪਿਆਰ ਕਰਨ ਦੀ ਸੰਭਾਵਨਾ ਜਾਂ ਗੁੰਜਾਇਸ਼ ਬਣਦੀ ਵੀ ਹੈ? ਉਹ ਗ਼ਦਰ ਲਹਿਰ ਦਾ ਮੁੱਖ ਆਗੂ ਸੀ ਅਤੇ ਉਸ ਦੇ ਸਾਰੇ ਦਿਨ ਰਾਤ ਆਪਣੇ ਮਕਸਦ ਲਈ ਸਮਰਪਤ ਸਨ। ਪੰਜਾਹ-ਪੰਜਾਹ ਮੀਲ ਰੋਜ਼ ਸਾਈਕਲ ਚਲਾਉਣ ਵਿਚ ਜੁਟਿਆ ਰਹਿਣ ਵਾਲਾ ਤੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਗ਼ਦਰ ਦਾ ਪ੍ਰਚਾਰ ਕਰਨ ਵਾਲਾ ਸਰਾਭਾ ਪਿਆਰ ਕਰਨ ਲਈ ਕਿੰਨੀ ਕੁ ਵਿਹਲ ਕੱਢ ਸਕਦਾ ਸੀ! ਦੂਜਾ ਉਸ ਦੇ ਕਿਸੇ ਵੀ ਸਾਥੀ ਨੇ ਸਰਾਭੇ ਦੇ ਕਿਸੇ ਪ੍ਰੇਮ-ਪ੍ਰਸੰਗ ਦੀ ਕਿਤੇ ਵੀ ਪੁਸ਼ਟੀ ਤਾਂ ਕੀ ਕਰਨੀ ਸੀ, ਸੰਕੇਤ ਤੱਕ ਨਹੀਂ ਕੀਤਾ। ਸਾਡਾ ਮਤਲਬ ਇਹ ਨਹੀਂ ਕਿ ਕੋਈ ਇਨਕਲਾਬੀ ਪਿਆਰ ਨਹੀਂ ਕਰ ਸਕਦਾ ਜਾਂ ਉਸ ਨੂੰ ਇਨਕਲਾਬ ਦੇ ਰਾਹ 'ਤੇ ਤੁਰਦਿਆਂ ਪਿਆਰ ਕਰਨ ਦੀ ਮਨਾਹੀ ਹੈ। ਪਿਆਰ ਕਰਨਾ ਮਨੁੱਖ ਦੀ ਬੁਨਿਆਦੀ ਫ਼ਿਤਰਤ ਹੈ। ਪਿਆਰ ਮਨੁੱਖ ਨੂੰ ਵਧੇਰੇ ਸੰਵੇਦਨਸ਼ੀਲ ਤੇ ਜ਼ਿੰਦਗੀ ਨੂੰ ਵਧੇਰੇ ਪਿਆਰ ਕਰਨ ਤੇ ਮਾਣਨਯੋਗ ਬਣਾਉਂਦਾ ਹੈ। ਔਰਤ-ਮਰਦ ਦਾ ਪਿਆਰ ਤੇ ਜਿਸਮਾਨੀ ਰਿਸ਼ਤਾ ਜ਼ਿੰਦਗੀ ਦੀ ਬੁਨਿਆਦੀ ਹਕੀਕਤ ਹੈ, ਪਰ ਸਰਾਭੇ ਦੇ ਪ੍ਰਸੰਗ ਵਿਚ ਬੀਰੀ ਨਾਲ ਪਿਆਰ ਸਬੰਧਾਂ ਦੀ ਹਕੀਕਤ ਵੇਲੇ ਦੀਆਂ ਲੋੜਾਂ ਤੇ ਮਜਬੂਰੀਆਂ ਕਾਰਨ ਯਥਾਰਥ ਦੇ ਘੇਰੇ ਵਿਚ ਨਹੀਂ ਆਉਂਦੀ। ਇਸੇ ਕਰਕੇ ਬਾਬਾ ਸੋਹਨ ਸਿੰਘ ਭਕਨਾ ਨੂੰ ਇਸ ਬਾਰੇ ਕਹਿਣਾ ਪਿਆ ਸੀ,

"ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੀ ਰੂਹ ਸੀ। ਉਹ ਪਾਰਟੀ ਦਾ ਸਕੱਤਰ ਤੇ 'ਗ਼ਦਰ ਦੀ ਗੂੰਜ' ਅਖ਼ਬਾਰ ਦਾ ਐਡੀਟਰ ਸੀ। ਉਹ ਬੜਾ ਨਿਧੜਕ ਤੇ ਦਲੇਰ ਨੌਜਵਾਨ ਸੀ। ਉਸ ਅੰਦਰ ਦੇਸ਼ ਭਗਤੀ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਹ ਦੇਸ਼ ਦੀ ਖ਼ਾਤਰ ਹੀ ਜਿਉਂਦਾ ਸੀ ਤੇ ਦੇਸ਼ ਦੀ ਖ਼ਾਤਰ ਹੀ ਮਰਿਆ ਸੀ। ਉਸ ਦਾ ਕਿਸੇ ਕੁੜੀ ਨਾਲ ਪਿਆਰ ਵਰਗਾ ਸਬੰਧ ਨਹੀਂ ਸੀ। ਹਾਂ, ਉਸ ਨਾਲ ਕਈ ਕੁੜੀਆਂ ਉਸ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਉਸ ਦਾ ਕੁੜੀਆਂ ਨਾਲ ਵਾਹ ਪੈਂਦਾ ਸੀ, ਪਰ ਉਸ ਦਾ ਸਬੰਧ ਕੇਵਲ ਉਨ੍ਹਾਂ ਤੋਂ ਦੇਸ਼ ਭਗਤੀ ਦੇ ਕੰਮਾਂ ਲਈ ਮੱਦਦ ਲੈਣ ਤੱਕ ਹੀ ਸੀਮਤ ਸੀ। ਉਹ ਜੇਲ੍ਹ ਵਿਚ ਮੇਰੇ ਨਾਲ ਹੀ ਸੀ। ਉਥੇ ਉਸ ਨੂੰ ਨਾਨਕ ਸਿੰਘ ਨਾਵਲਿਸਟ ਦੇ ਵਰਣਨ ਵਾਂਗ ਕੋਈ ਅਜਿਹੀ ਕੁੜੀ ਮਿਲਣ ਨਹੀਂ ਆਈ। ਇਹ ਘਟਨਾ ਨਾਨਕ ਸਿੰਘ ਦੇ ਆਪਣੇ ਦਿਮਾਗ ਦੀ ਕਾਢ ਹੈ। ਨਾਵਲਕਾਰ ਆਮ ਤੌਰ 'ਤੇ ਆਪਣੇ ਨਾਵਲਾਂ ਨੂੰ ਸੁਆਦਲਾ ਬਣਾਉਣ ਲਈ ਵਿਰੋਧੀ ਲਿੰਗਾਂ ਦੇ ਪਿਆਰ ਜਿਹੇ ਪਰਸਪਰ ਸਬੰਧਾਂ ਦੀਆਂ ਕਹਾਣੀਆਂ ਛੇੜ ਲੈਂਦੇ ਹਨ।...ਜੇ ਇਹ ਕਿਹਾ ਜਾਵੇ ਕਿ ਨਾਨਕ ਸਿੰਘ ਨੇ ਸਰਾਭੇ ਦੀ ਪਾਤਰ ਉਸਾਰੀ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਉਨ੍ਹਾਂ ਦੇ ਪਿਆਰ ਦਾ ਵਰਣਨ ਕਰ ਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸਰਾਭੇ ਨੂੰ ਕਿਸੇ ਕੁੜੀ ਦਾ ਪਿਆਰ ਵੀ ਮੋਹ ਨਹੀਂ ਸੀ ਸਕਦਾ। ਉਹ ਤੇ ਦੇਸ਼ ਪਿਆਰ ਦਾ ਦੀਵਾਨਾ ਸੀ, ਇਸੇ ਕਰ ਕੇ ਆਪਣੀ ਪ੍ਰੇਮਿਕਾ ਦੀ ਪ੍ਰਵਾਹ ਨਹੀਂ ਕੀਤੀ ਤੇ ਦੇਸ਼ ਦੀ ਖ਼ਾਤਰ ਮਰ ਜਾਣਾ ਚੰਗਾ ਸਮਝਿਆ, ਤਾਂ ਇਹ ਵੀ ਇੰਨਾ ਫ਼ਬਦਾ ਨਹੀਂ ਕਿਉਂਕਿ ਸਰਾਭੇ ਦਾ ਪਾਤਰ ਪਹਿਲਾਂ ਹੀ ਲਾਸਾਨੀ ਹੈ ਜਿਸ ਨੇ ਆਪਣੇ ਦੇਸ਼ ਪਿਆਰ ਦੇ ਆਦਰਸ਼ ਖ਼ਾਤਰ ਉਨੀ ਸਾਲਾਂ ਦੀ ਉਮਰ ਵਿਚ ਫਾਂਸੀ ਦੇ ਰੱਸੇ ਨੂੰ ਹੱਸਦੇ-ਹੱਸਦੇ ਗਲ ਵਿਚ ਪਾ ਲਿਆ। ਉਸ ਦਾ ਅਸਲ ਪਿਆਰ ਦੇਸ਼ ਨਾਲ ਸੀ। ਉਸੇ ਖ਼ਾਤਰ ਉਸ ਨੇ ਜਾਨ ਲਾ ਦਿੱਤੀ।"

ਬਾਬਾ ਹਰਨਾਮ ਸਿੰਘ ਚਮਿੰਡਾ ਇਕ ਹੋਰ ਪ੍ਰਸੰਗ ਵਿਚ ਦੱਸਦੇ ਹਨ ਕਿ ਇਕ ਵਾਰ ਅਮਰੀਕਾ ਵਿਚ ਕਿਸੇ ਸੋਹਣੀ ਕੁੜੀ ਨੇ ਸਰਾਭੇ ਅੱਗੇ ਸ਼ਾਦੀ ਦਾ ਪ੍ਰਸਤਾਵ ਰੱਖਿਆ ਤਾਂ ਉਸ ਨੂੰ ਸਰਾਭੇ ਨੇ ਕੁਝ ਇਸ ਅੰਦਾਜ਼ ਵਿਚ ਠੁਕਰਾ ਦਿੱਤਾ ਸੀ,

"ਜਦੋਂ ਅਮਰੀਕਾ ਵਿਚ ਇਕ ਹੁਸਨ ਮਤੀ ਨੌਜਵਾਨ ਕੁੜੀ ਨੇ ਉਸ ਦੇ ਸਾਹਮਣੇ ਸ਼ਾਦੀ ਕਰਨ ਦਾ ਪ੍ਰਸਤਾਵ ਰੱਖਿਆ ਤਾਂ ਆਪ ਨੇ ਕਿਹਾ ਸੀ, 'ਮੈਂ ਦੇਸ਼ ਦੀ ਅਜ਼ਾਦੀ ਲਈ ਜੱਦੋਜਹਿਦ ਕਰਨੀ ਚਾਹੁੰਦਾ ਹਾਂ। ਇਸ ਰਾਹ ਪਰ ਤੁਰਨ ਵਾਲਿਆਂ ਨੂੰ ਮੌਤ ਹੀ ਨਸੀਬ ਹੋਇਆ ਕਰਦੀ ਹੈ। ਇਸ ਕਰ ਕੇ ਮੈਂ ਮੌਤ ਲਾੜੀ ਨਾਲ ਹੀ ਸ਼ਾਦੀ ਕਰਨ ਦਾ ਫੈਸਲਾ ਕਰ ਚੁੱਕਾ ਹਾਂ।' ਕਰਤਾਰ ਸਿੰਘ ਨੂੰ ਅਜ਼ਾਦੀ ਦਾ ਇੰਨਾ ਗੂੜ੍ਹਾ ਪਿਆਰ ਹੋ ਚੁੱਕਾ ਸੀ ਕਿ ਸਾਰੀ ਦੁਨੀਆਂ ਦਾ ਰੂਪ ਭੀ ਜੇ ਇਕੱਠਾ ਹੋ ਕੇ ਉਸ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਉਣਾ ਚਾਹੁੰਦਾ ਤਾਂ ਉਹ ਉਸ ਵਿਚ ਸਫ਼ਲ ਨਾ ਹੋ ਸਕਦਾ।"

ਇਸ ਰਚਨਾ ਵਿਚ ਪ੍ਰਾਪਤ ਹਵਾਲੇ ਦੱਸਦੇ ਹਨ ਕਿ ਗ਼ਦਰ ਪਾਰਟੀ ਵੱਲੋਂ ਮਘਾਈ ਇਨਕਲਾਬ ਦੀ ਚੰਗਿਆੜੀ ਕਦੀ ਬੁਝੀ ਨਹੀਂ, ਸਗੋਂ ਆਉਣ ਵਾਲੀਆਂ ਨਸਲਾਂ ਦੇ ਚੇਤਿਆਂ ਵਿਚ ਹੋਰ ਵੀ ਤਿੱਖੇ ਜਲੌਅ ਨਾਲ ਜਗਦੀ ਰਹੀ। ਕਰਤਾਰ ਸਿੰਘ ਸਰਾਭੇ ਨੇ ਜੇਲ੍ਹ ਦੀ ਕਾਲ-ਕੋਠੜੀ ਵਿਚ ਕੰਧ 'ਤੇ ਅਟੱਲ ਹਕੀਕਤ ਉਕਰੀ ਹੋਈ ਸੀ, 'ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਂਦਾ।' ਇਸ ਵਿਚ ਸ਼ੱਕ ਨਹੀਂ ਕਿ ਸ਼ਹੀਦਾਂ ਦਾ ਖ਼ੂਨ ਪਿੱਛੋਂ ਆਉਣ ਵਾਲੇ ਇਨਕਲਾਬੀਆਂ ਤੇ ਇਨਕਲਾਬੀ ਤਹਿਰੀਕਾਂ ਦੀਆਂ ਰਗਾਂ ਵਿਚ ਨਵੇਂ ਜੋਸ਼ ਨਾਲ ਵਹਿੰਦਾ ਹੀ ਨਹੀਂ ਰਿਹਾ, ਸਗੋਂ ਇਤਿਹਾਸ ਦੀਆਂ ਅੱਖਾਂ ਵਿਚੋਂ ਟਪਕਦਾ ਵੀ ਦਿਖਾਈ ਦਿੰਦਾ ਹੈ। ਇਨ੍ਹਾਂ ਸਾਰੀਆਂ ਤਹਿਰੀਕਾਂ ਨੂੰ ਗ਼ਦਰ ਪਾਰਟੀ ਦੇ ਸੂਰਬੀਰਾਂ ਦੀ ਕੁਰਬਾਨੀ ਤੇ ਵਿਚਾਰ ਗਤੀ ਤੇ ਦਿਸ਼ਾ ਦੇਣ ਵਿਚ ਸਹਾਈ ਹੁੰਦੇ ਰਹੇ। ਖ਼ੁਦ ਸਰਾਭੇ ਦੀ ਸ਼ਖ਼ਸੀਅਤ ਅਤੇ ਕੁਰਬਾਨੀ ਨੇ ਅਨੇਕਾਂ ਇਨਕਲਾਬੀਆਂ ਨੂੰ ਬਹੁਤ ਹੱਦ ਤੱਕ ਪ੍ਰੇਰਤ ਤੇ ਪ੍ਰਭਾਵਤ ਕੀਤਾ। ਭਗਤ ਸਿੰਘ ਤਾਂ ਹਰ ਵੇਲੇ ਆਪਣੀ ਜੇਬ ਵਿਚ ਸਰਾਭੇ ਦੀ ਤਸਵੀਰ ਰੱਖਦਾ ਸੀ। ਉਸ ਵਾਂਗ ਹੀ ਸਮਝਦਾ ਸੀ ਕਿ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ, ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।' ਸਰਾਭੇ ਵਾਂਗ ਹੀ ਉਸ ਦੇ ਮਨ ਵਿਚ ਦੇਸ਼ ਲਈ ਕੁਝ ਕਰਨ ਦਾ ਤੇ ਕੁਰਬਾਨ ਹੋਣ ਦਾ ਚਾਅ ਠਾਠਾਂ ਮਾਰਦਾ ਹੁੰਦਾ ਸੀ। ਭਗਤ ਸਿੰਘ ਲਈ ਸਰਾਭਾ ਉਹਦਾ ਗੁਰੂ, ਭਰਾ ਤੇ ਸਾਥੀ ਸੀ। ਭਗਤ ਸਿੰਘ ਦੀ ਮਾਤਾ ਸ੍ਰੀਮਤੀ ਵਿਦਿਆਵਤੀ ਦਾ ਕਥਨ ਵੀ ਇਸ ਪ੍ਰਥਾਇ ਵਾਚਣਯੋਗ ਹੈ। ਬਾਬਾ ਹਰਨਾਮ ਸਿੰਘ ਚਮਿੰਡਾ ਮਾਤਾ ਜੀ ਵੱਲੋਂ ਨੌਜੁਆਨਾਂ ਨੂੰ ਦਿੱਤੇ ਸੰਦੇਸ਼ ਵਿਚ ਭਗਤ ਸਿੰਘ ਉਤੇ ਸਰਾਭੇ ਦੇ ਅਸਰ ਨੂੰ ਕਬੂਲਦਿਆਂ ਕਹਿੰਦੇ ਹਨ: ਭਗਤ ਸਿੰਘ ਦੇ ਫੜੇ ਜਾਣ 'ਤੇ ਉਸ ਪਾਸੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਨਿਕਲੀ ਜੋ ਉਹ ਹਮੇਸ਼ਾਂ ਆਪਣੇ ਪਾਸ ਰੱਖਦਾ ਹੁੰਦਾ ਸੀ। ਕਈ ਵਾਰ ਮੇਰੇ ਨਾਲ ਗੱਲਾਂ ਕਰਦਾ-ਕਰਦਾ ਮੈਨੂੰ ਆਪਣੀ ਜੇਬ ਵਿਚੋਂ ਫੋਟੋ ਕੱਢ ਕੇ ਦਿਖਾਂਦਾ ਤੇ ਕਹਿੰਦਾ,

"ਬੇਬੇ ਜੀ, ਇਹ ਜੇ ਮੇਰਾ ਗੁਰੂ ਮੇਰਾ ਸਾਥੀ ਤੇ ਭਰਾ।" ਸ਼ਹੀਦ ਕਰਤਾਰ ਸਿੰਘ ਸਰਾਭਾ 1914-15 ਦੀ ਗ਼ਦਰ ਪਾਰਟੀ ਦੇ ਸ਼ਹੀਦਾਂ ਵਿਚੋਂ ਸਭ ਤੋਂ ਛੋਟਾ ਤੇ ਕੰਮ ਵਿਚ ਅੱਗੇ ਰਹਿਣ ਵਾਲਿਆਂ ਵਿਚੋਂ ਸੀ। ਘਰ ਵਿਚ ਕੰਮ ਕਰਦੇ ਤੇ ਐਧਰ ਓਧਰ ਫਿਰਦਿਆਂ ਭਗਤ ਸਿੰਘ ਗਾਉਂਦਾ ਹੁੰਦਾ ਸੀ,

ਸੇਵਾ ਦੇਸ਼ ਦੀ ਜਿੰਦੜੀਏ ਬਹੁਤ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਉਸ ਨੇ ਬੜੇ ਪਿਆਰ ਨਾਲ ਦੱਸਣਾ ਕਿ ਬੇਬੇ ਜੀ ਇਹ ਸ਼ੇਅਰ ਕਰਤਾਰ ਸਿੰਘ ਸਰਾਭਾ ਦਾ ਹੈ।"

ਭਗਤ ਸਿੰਘ ਦੇ ਯੁੱਧ-ਸਾਥੀ ਪੰਡਿਤ ਕਿਸ਼ੋਰੀ ਲਾਲ ਵੀ ਦੱਸਦੇ ਸਨ ਕਿ ਉਨ੍ਹਾਂ ਉਤੇ ਵੀ ਸਭ ਤੋਂ ਵੱਧ ਪ੍ਰਭਾਵ ਸਰਾਭੇ ਦਾ ਹੀ ਸੀ,

"ਸਾਡੇ ਉਤੇ ਬਹੁਤਾ ਅਸਰ ਤਾਂ ਕਰਤਾਰ ਸਿੰਘ ਸਰਾਭੇ ਦਾ ਸੀ। ਉਸ ਨੂੰ ਪਹਿਲੇ ਫਾਂਸੀ ਹੋ ਚੁੱਕੀ ਸੀ। ਉਸ ਦਾ ਬਹੁਤਾ ਅਸਰ ਸੀ। ਅਸੀਂ


(ਬਾਕੀ ਅਗਲੇ ਸਫੇ 'ਤੇ)

ਉਸ ਨੂੰ ਕੌਮੀ ਹੀਰੋ ਸਮਝਦੇ ਸਾਂ। ਭਗਤ ਸਿੰਘ ਤਾਂ ਕਰਤਾਰ ਸਿੰਘ ਸਰਾਭਾ ਦੀ ਆਪਣੇ ਕੋਲ ਤਸਵੀਰ ਰੱਖਦਾ ਹੁੰਦਾ ਸੀ। ਉਹ ਸਮਝਦਾ ਸੀ ਕਿ ਜਿਸ ਬਹਾਦਰੀ ਨਾਲ ਕਰਤਾਰ ਸਿੰਘ ਨੇ ਕੋਰਟ ਵਿਚ ਆਪਣੇ ਆਪ ਨੂੰ 'ਰਾਈਟ ਆਫ਼ ਇੰਡੀਪੈਂਡੈਂਸ' ਨੂੰ ਡੀਫੈਂਡ ਕੀਤਾ, ਉਨਾ ਕਿਸੇ ਹੋਰ ਨੇ ਨਹੀਂ ਕੀਤਾ ਕਿਉਂਕਿ ਜਦ ਜੱਜ ਨੇ ਉਸ ਨੂੰ ਕਿਹਾ ਕਿ 'ਨੌਜਵਾਨ ਤੂੰ ਸੋਚ ਲੈ ਕਿ ਜੋ ਕੁਝ ਤੂੰ ਕਹਿ ਰਿਹਾ ਹੈਂ, ਇਸ ਤੋਂ ਫਾਂਸੀ ਤੋਂ ਇਲਾਵਾ ਕੁਝ ਹੋਰ ਨਹੀਂ ਹੋ ਸਕਦਾ।' ਕਰਤਾਰ ਸਿੰਘ ਨੇ ਸਾਫ਼ ਕਹਿ ਦਿੱਤਾ ਕਿ ਮੇਰਾ ਸਭ ਕੁਝ ਸੋਚਿਆ ਹੋਇਆ ਹੈ। ਇਹ ਸਭ ਕੁਝ ਠੀਕ ਹੈ।...ਇਸ ਲਈ ਭਗਤ ਸਿੰਘ 'ਤੇ ਉਸ ਦਾ ਬਹੁਤਾ ਪ੍ਰਭਾਵ ਸੀ। 1914 ਵਿਚ ਸੈਂਕੜੇ ਗ਼ਦਰੀ ਫਾਂਸੀ ਲੱਗੇ ਸਨ। ਉਨ੍ਹਾਂ ਦੀ ਬੜੀ ਕੁਰਬਾਨੀ ਸੀ। ਉਨ੍ਹਾਂ ਸਭ ਦਾ ਵੀ ਸਾਡੇ 'ਤੇ ਪੂਰਾ ਅਸਰ ਸੀ। ਉਨ੍ਹਾਂ ਦੀਆਂ ਕੁਰਬਾਨੀਆਂ ਅਸੀਂ ਵਾਰ-ਵਾਰ ਦੁਹਰਾਉਂਦੇ ਸਾਂ।"

ਸਰਾਭੇ ਦੇ ਜੀਵਨ ਤੇ ਉਹਦੀ ਬਹੁਮੁਖੀ ਪ੍ਰਤਿਭਾ ਦੇ ਅਨੇਕ ਰੰਗ ਸਨ। ਕਰਤਾਰ ਸਿੰਘ ਜਿਹੇ ਜਵਾਂ-ਮਰਦ ਕਦੀ ਮਰਦੇ ਨਹੀਂ ਤੇ ਨਾ ਹੀ ਕਦੀ ਹਾਰਦੇ ਹਨ। ਸਰਾਭੇ ਨੇ ਸਜ਼ਾ ਸੁਣਾਉਣ ਵਾਲੇ ਜੱਜ ਨੂੰ ਕਿਹਾ ਸੀ ਕਿ ਜੇ ਕੋਈ ਦੂਜਾ ਜਨਮ ਹੋਵੇ ਤਾਂ ਮੈਂ ਮਰਨ ਤੋਂ ਬਾਅਦ ਅਗਲੇ ਜਨਮ ਵਿਚ ਵੀ ਆਪਣਾ ਸੰਘਰਸ਼ ਜਾਰੀ ਰੱਖਾਂਗਾ ਤੇ ਹੁਣ ਵਾਂਗ ਹੀ ਆਪਣੇ ਆਦਰਸ਼ ਤੋਂ ਕੁਰਬਾਨ ਹੋਣਾ ਪ੍ਰਵਾਨ ਕਰਾਂਗਾ। ਊਧਮ ਸਿੰਘ ਕਸੇਲ ਇਸ ਕਥਨ ਦੀ ਪੁਸ਼ਟੀ ਕੁਝ ਇਸ ਪ੍ਰਕਾਰ ਕਰਦਾ ਹੈ, "ਜਦ ਇਹ ਨੌਜਵਾਨ ਬਾਲਕ ਆਪਣੇ ਬਿਆਨ ਦੇਣ ਹਿੱਤ ਅਦਾਲਤ ਦੇ ਸਾਹਮਣੇ ਜਾ ਖਲੋਤਾ ਤਾਂ ਅਦਾਲਤ ਨੇ ਪ੍ਰਸ਼ਨ ਕੀਤਾ ਕਿ ਕਰਤਾਰ ਸਿੰਘ, ਤੁਮ ਨੇ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਅਤੇ ਅੰਗਰੇਜ਼ੀ ਰਾਜ ਨੂੰ ਹਿੰਦ ਵਿਚੋਂ ਬਾਹਰ ਕੱਢਣ ਵਾਸਤੇ ਇਸ ਸਾਜ਼ਿਸ਼ ਵਿਚ ਹਿੱਸਾ ਲਿਆ ਜਾਂ ਨਹੀਂ? ਤਾਂ ਉਸ ਨੌਜਵਾਨ ਨੇ ਉਤਰ ਦਿੱਤਾ ਕਿ ਹਿੱਸਾ ਤਾਂ ਕੀ, ਮੇਰਾ ਤਾਂ ਧਰਮ ਔਰ ਕੇਵਲ ਇਕੋ ਧਰਮ ਇਹ ਹੈ ਕਿ ਆਪਣੇ ਦੇਸ਼ ਔਰ ਜਾਤੀ ਨੂੰ ਗ਼ੈਰਾਂ ਤੋਂ ਬਚਾਉਣ ਦੀ ਗੱਲ ਕਰਾਂ ਅਤੇ ਮੈਂ ਅੰਗਰੇਜ਼ਾਂ ਦਾ ਖੁਰਾ ਖੋਜ ਮਿਟਾਉਣ ਹਿਤ ਸਾਰੇ ਹੀ ਸਾਧਨ ਗ੍ਰਹਿਣ ਕੀਤੇ ਹਨ। ਅਖ਼ਬਾਰਾਂ, ਸ਼ਸਤਰਾਂ ਅਤੇ ਫੌਜਾਂ ਵਿਚ ਪ੍ਰਚਾਰ ਕਰਨਾ ਮੇਰਾ ਮੁਖ ਕੰਮ ਔਰ ਧਰਮ ਹੈ।"

ਇਹ ਉਤਰ ਸੁਣ ਕੇ ਜੱਜਾਂ ਨੇ ਪੁੱਛਿਆ ਕਿ ਇਸ ਬਿਆਨ ਦਾ ਸਿੱਟਾ ਤੇਰੇ ਵਾਸਤੇ ਪਤਾ ਕੀ ਨਿਕਲੇਗਾ? ਉਤਰ ਮਿਲਿਆ, "ਹਾਂ, ਮੈਂ ਜਾਣਦਾ ਹਾਂ-ਮੌਤ; ਪਰ ਮੈਂ ਮੌਤ ਤੋਂ ਕਦਾਚਿਤ ਭੈਅ ਨਹੀਂ ਖਾਂਦਾ। ਇਹ ਆਯੂ ਤਾਂ ਕੀ, ਜੇ ਅਜਿਹੀਆਂ ਸੈਂਕੜੇ ਉਮਰਾਂ ਵੀ ਮੈਨੂੰ ਵਾਰਨੇ ਕਰਨੀਆਂ ਪੈਣ ਤਾਂ ਬੜੀ ਪ੍ਰਸੰਨਤਾ ਨਾਲ ਕਰਾਂਗਾ।"

ਨਾਹਰ ਸਿੰਘ ਗਰੇਵਾਲ ਨੇ ਸਰਾਭੇ ਦੇ ਮੁਕੱਦਮੇ ਦੇ ਫ਼ੈਸਲੇ ਸਮੇਂ ਸਰਾਭੇ ਦੇ ਪ੍ਰਤੀਕਰਮ ਦਾ ਜ਼ਿਕਰ ਕਰਦਿਆਂ ਉਸ ਦੀ ਚੜ੍ਹਦੀ ਕਲਾ ਦਾ ਬਿੰਬ ਕੁਝ ਇਸ ਪ੍ਰਕਾਰ ਸਿਰਜਿਆ ਹੈ, "13 ਸਤੰਬਰ 1915 ਨੂੰ ਆਪ ਦੇ ਮੁਕੱਦਮੇ ਦਾ ਫੈਸਲਾ ਸੁਣਾਇਆ ਗਿਆ ਜਿਸ ਵਿਚ ਆਪ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਕਰਤਾਰ ਸਿੰਘ ਨੇ ਫਾਂਸੀ ਦਾ ਹੁਕਮ ਸੁਣ ਕੇ ਕਿਹਾ-ਧੰਨਵਾਦ।



*ਮੁਨਸ਼ਾ ਸਿੰਘ ਦੁਖੀ*

ਜਾਇਦਾਦ ਜ਼ਬਤੀ ਦਾ ਹੁਕਮ ਸੁਣ ਕੇ ਕਿਹਾ, 'ਜੇ ਸਾਡੇ ਕੱਪੜੇ ਵੀ ਨਿਲਾਮ ਕੀਤੇ ਜਾਣ, ਤਦ ਵੀ ਅੰਗਰੇਜ਼ਾਂ ਦਾ ਘਾਟਾ ਪੂਰਾ ਨਹੀਂ ਹੋਣਾ। ਮੈਂ ਮੁੜ ਪੈਦਾ ਹੋ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੰਮ ਕਰਾਂਗਾ।' ਓੜਕ 14 ਨਵੰਬਰ 1915 ਨੂੰ ਸਵੇਰੇ ਆਪ ਹੋਰ ਛੇ ਸਾਥੀਆਂ ਸਮੇਤ ਸੈਂਟਰਲ ਜੇਲ੍ਹ ਲਾਹੌਰ ਵਿਚ ਦੇਸ਼ ਦੀ ਅਜ਼ਾਦੀ ਖਾਤਿਰ ਫਾਂਸੀ ਉਤੇ ਚੜ੍ਹ ਕੇ ਆਪਣਾ ਆਪ ਕੁਰਬਾਨ ਕਰ ਕੇ ਸ਼ਹੀਦ ਹੋ ਗਏ। ਫਾਂਸੀ ਲੱਗਣ ਤੋਂ ਦੂਜੇ ਦਿਨ ਸਾਡੇ ਉਤੇ ਕਲਣ ਖਾਨ ਵਾਰਡਰ (ਜੇਲ੍ਹ ਪੁਲਿਸ ਦਾ ਸਿਪਾਹੀ) ਦੀ ਡਿਊਟੀ ਸੀ। ਉਸ ਦੀ ਕਰਤਾਰ ਸਿੰਘ ਦੇ ਫਾਂਸੀ ਲੱਗਣ ਸਮੇਂ ਫਾਂਸੀ ਘਰ ਵਿਚ ਵੀ ਡਿਊਟੀ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਉਸ ਨੂੰ ਪੁੱਛਿਆ, 'ਤੁਸੀਂ ਉਸ ਵੇਲੇ ਡਿਊਟੀ ਉਤੇ ਸੀ? ਦੱਸੋ, ਕਰਤਾਰ ਸਿੰਘ ਦਾ ਅੰਤਲਾ ਸਮਾਂ ਕੈਸਾ ਰਿਹਾ।' ਤਦ ਕਲਣ ਖਾਨ ਨੇ ਦੱਸਿਆ ਕਿ ਕਰਤਾਰ ਸਿੰਘ ਨੇ ਫਾਂਸੀ ਦੇ ਤਖ਼ਤੇ ਉਤੇ ਖੜ੍ਹੇ ਹੋ ਕੇ ਅਖੀਰ ਵੇਲੇ ਇਹ ਲਫ਼ਜ਼ ਕਹੇ, 'ਦਰੋਗਾ ਮਤ ਸਮਝ ਕਿ ਕਰਤਾਰ ਸਿੰਘ ਮਰ ਗਿਆ ਹੈ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਗੇਂ। ਔਰ ਦੇਸ਼ ਕੀ ਅਜ਼ਾਦੀ ਕੇ ਲੀਏ ਕਾਮ ਕਰੇਂਗੇ।"

ਇੰਜ ਹੀ ਸਰਾਭੇ ਦਾ ਇਕ ਹੋਰ ਯੁਧ-ਸਾਥੀ ਬਾਬਾ ਸ਼ੇਰ ਸਿੰਘ ਵੇਈਂ ਪੂਈਂ ਫ਼ਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਗ਼ਦਰੀ ਯੋਧਿਆਂ ਅਤੇ ਸਰਾਭੇ ਦਾ ਪ੍ਰਤੀਕਰਮ ਬਿਆਨ ਕਰਦਿਆਂ ਲਿਖਦਾ ਹੈ, "ਫਾਂਸੀ ਕੋਠੜੀਆਂ ਵਿਚ ਡੱਕੇ ਹੋਏ ਗ਼ਦਰੀ ਵੀ ਆਜ਼ਾਦੀ ਦੇ ਗੀਤ ਗਾਉਂਦੇ ਤੇ ਖੁਸ਼ੀਆਂ ਮਨਾਉਂਦੇ ਸਨ। ਕਿਸੇ ਦੇ ਦਿਲ ਵਿਚ ਮੌਤ ਦਾ ਰਤਾ ਡਰ ਨਹੀਂ ਸੀ। ਫਾਂਸੀ ਵਾਲੇ ਦਿਨ ਕਰਤਾਰ ਸਿੰਘ ਸਰਾਭਾ ਤੋਲਿਆ ਗਿਆ, ਉਸ ਦਾ ਸੱਤ ਸੇਰ ਵਜ਼ਨ ਪਹਿਲਾਂ ਨਾਲੋਂ ਵੱਧ ਸੀ। ਉਹ ਕਹਿੰਦਾ ਸੀ, ਮੈਂ ਫਾਂਸੀ ਮਗਰੋਂ ਦੂਜਾ ਜਨਮ ਲੈ ਕੇ ਫੇਰ ਆਜ਼ਾਦੀ ਦਾ ਘੋਲ ਲੜਾਂਗਾ...।"

ਬਾਬਾ ਭਕਨਾ ਜੇਲ੍ਹ ਵਿਚ ਸਰਾਭੇ ਨਾਲ ਗੁਜ਼ਾਰੇ ਉਨ੍ਹਾਂ ਦਿਨ ਦੀਆਂ ਯਾਦਾਂ ਸਾਂਝੀਆਂ ਕਰਦੇ ਦੱਸਦੇ ਹਨ ਕਿ ਸਰਾਭਾ ਉਨ੍ਹਾਂ ਆਖ਼ਰੀ ਦਿਨਾਂ ਵਿਚ ਵੀ ਨਿਰਾਸ਼ ਤੇ ਉਦਾਸ ਨਹੀਂ ਸੀ ਹੋਇਆ ਅਤੇ ਉਹਦਾ ਵਿਸ਼ਵਾਸ ਸੀ ਕਿ ਦੇਸ਼ ਭਗਤਾਂ ਦੁਆਰਾ ਕੀਤੀਆਂ ਕੁਰਬਾਨੀਆਂ ਕਿਸੇ ਨਾ ਕਿਸੇ ਦਿਨ ਜ਼ਰੂਰ ਰੰਗ ਲਿਆਉਣਗੀਆਂ। ਬਾਬਾ ਜੀ ਲਿਖਦੇ ਹਨ, "ਅਸੀਂ 24 ਫਾਂਸੀ ਲੱਗਣ ਵਾਲੇ ਪਾਰਕ ਨੰਬਰ 121 ਵਿਚ 24 ਕੋਠੀਆਂ ਦੀ ਕਤਾਰ ਵਿਚ ਨਾਲ-ਨਾਲ ਬੰਦ ਕੀਤੇ ਹੋਏ ਸੀ। ਸਾਨੂੰ ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਵਿਹੜੇ ਵਿਚ ਕੱਢਿਆ ਜਾਂਦਾ ਸੀ। ਇਕ ਦਿਨ ਜਦ ਮੈਨੂੰ ਮੌਕਾ ਮਿਲਿਆ ਤਾਂ ਮੈਂ ਟਹਿਲਦਿਆਂ-ਟਹਿਲਦਿਆਂ ਕਰਤਾਰ ਦੀ ਕੋਠੀ ਵਿਚ ਝਾਤੀ ਮਾਰੀ। ਅੰਦਰ ਸਾਹਮਣੇ ਕੰਧ ਉਤੇ ਕੋਲੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਸੀ, 'ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।' ਪੜ੍ਹ ਕੇ ਮੈਂ ਆਖਿਆ, 'ਕਰਤਾਰ! ਇਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਵਿਚ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੂੰ ਲਿਖਿਆ ਹੈ ਕਿ ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।' ਕਰਤਾਰ ਨੇ ਹੱਸ ਕੇ ਜੁਆਬ ਦਿੱਤਾ, 'ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ।' ਅੱਜ ਕਰਤਾਰ ਦੀ ਭਵਿੱਖਬਾਣੀ ਮੈਨੂੰ ਚੇਤੇ ਆਉਂਦੀ ਹੈ ਕਿ ਉਹ ਕਿੰਨਾ ਸੂਝਵਾਨ, ਨਿਡਰ ਅਤੇ ਬਹਾਦਰ ਸੀ।"

ਬਲਵੰਤ ਉਰਫ਼ ਸ਼ਹੀਦ ਭਗਤ ਸਿੰਘ 'ਚਾਂਦ' ਦੇ ਫ਼ਾਂਸੀ ਅੰਕ ਵਿਚ ਲਿਖਦੇ ਹਨ, "ਇਕ ਸੱਜਣ ਜੀ ਦੱਸਦੇ ਹਨ ਕਿ ਕਰਤਾਰ ਸਿੰਘ ਦਾ ਬਾਬਾ



*ਲਾਲਾ ਹਰਦਿਆਲ*

ਉਸ ਨੂੰ ਮਿਲਣ ਵਾਸਤੇ ਗਿਆ। ਕਰਤਾਰ ਸਿੰਘ ਨੂੰ ਉਸ ਵੇਲੇ ਫਾਂਸੀ ਦਾ ਹੁਕਮ ਸੁਣਾਇਆ ਜਾ ਚੁੱਕਾ ਹੋਇਆ ਸੀ। ਬਾਬਾ ਮੁਲਾਕਾਤ ਵਿਚ ਆਖਣ ਲੱਗਾ, 'ਕਰਤਾਰ ਸਿੰਘ! ਤੂੰ ਇਨ੍ਹਾਂ ਕੰਮਾਂ ਵਿਚ ਪੈ ਕੇ ਕੀ ਖੱਟਿਆ ਈ? ਐਵੇਂ ਅਜਾਈਂ ਮੌਤੇ ਹੀ ਮਰਨ ਲੱਗਾ ਏਂ, ਤੈਨੂੰ ਲੋਕਾਂ ਨੇ ਕੀ ਦੇਣਾ ਹੈ?' ਕਰਤਾਰ ਸਿੰਘ ਅਵੇਸਲਾ ਜਿਹਾ ਹੋ ਕੇ ਪੁੱਛਣ ਲੱਗਾ, ਬਾਬਾ ਜੀ ਫਲਾਣਾ ਸਿੰਘ ਦਾ ਪਿੰਡ ਕੀ ਹਾਲ ਹੈ?

ਬਾਬਾ-ਉਹ ਤਾਂ ਪਲੇਗ ਨਾਲ ਕਦੇ ਦਾ ਹੀ ਮਰ ਗਿਆ ਹੈ।

ਕਰਤਾਰ ਸਿੰਘ-ਹੱਛਾ, ਫਲਾਣਾ ਸਿੰਘ ਦੀ ਬਾਬਤ ਕੁਛ ਦੱਸੋ।

ਬਾਬਾ-ਉਹ ਵੀ ਐਤਕਾਂ ਤਾਊਨ ਨਾਲ ਮਰ ਗਿਆ ਸੀ।

ਕਰਤਾਰ ਸਿੰਘ ਬਣਾ-ਠਣਾ ਕੇ ਬਾਬੇ ਨੂੰ ਆਖਣ ਲੱਗਾ ਕਿ ਬਾਬਾ ਜੀ, ਜੇ ਮੈਨੂੰ ਵੀ ਉਨ੍ਹਾਂ ਵਾਂਗ ਤਾਊਨ ਜਾਂ ਪਲੇਗ ਹੀ ਲੈ ਜਾਂਦੀ ਤਾਂ ਮੈਂ ਕਿਹੜੀ ਗਿਣਤੀ ਵਿਚ ਹੁੰਦਾ? ਹੁਣ ਤਾਂ ਮੈਂ ਦੇਸ਼ ਤੇ ਕੌਮ ਲਈ ਕੁਛ ਕਰ ਕੇ ਫਾਹੇ ਟੰਗਿਆ ਜਾਣ ਲੱਗਾ ਹਾਂ, ਤੇ ਸਾਰੇ ਸੰਸਾਰ 'ਤੇ ਆਪ ਦਾ, ਸਾਡੇ ਖਾਨਦਾਨ ਦਾ ਜੱਸ ਹੋਵੇਗਾ ਕਿ ਕਰਤਾਰ ਸਿੰਘ ਸ਼ੇਰ ਦਿਲ ਸੀ ਤੇ ਕੁਛ ਕਰ ਕੇ ਗਿਆ ਹੈ, ਪਰ ਜੇ ਓਦਾਂ ਮਰ ਜਾਂਦਾ ਤਾਂ ਉਹ ਅਜਾਈਂ ਮੌਤ ਸੀ। ਹੁਣ ਤਾਂ ਮੇਰੀ ਦੇਹ ਸਫ਼ਲ ਹੋ ਗਈ ਹੈ ਅਤੇ ਤੁਹਾਨੂੰ ਇਸ ਗੱਲ ਦਾ ਫ਼ਖਰ ਹੋਣਾ ਚਾਹੀਦਾ ਹੈ ਕਿ ਦੇਸ਼ ਲਈ ਕੁਰਬਾਨੀ ਦਾ ਗੁਣਾ ਤੁਹਾਡੇ ਖਾਨਦਾਨ ਦੇ ਨਾਮ ਪਿਆ ਹੈ। ਇਸ ਲਈ ਅਫ਼ਸੋਸ ਕਰਨ ਦਾ ਸਮਾਂ ਨਹੀਂ, ਸਗੋਂ ਤੁਹਾਡੇ ਲਈ ਖੁਸ਼ੀ ਤੇ ਫਖ਼ਰ ਕਰਨ ਦਾ ਸਮਾਂ ਹੈ। ਬਾਬਾ ਜੀ ਨਿਰੁਤਰ ਹੋ ਗਏ ਤੇ ਅਥਰੂ ਪੂੰਝਦੇ-ਪੂੰਝਦੇ ਬਾਹਰ ਨਿਕਲ ਗਏ।"

ਅਸਲ ਵਿਚ ਸਰਾਭੇ ਦੀ ਇਨਕਲਾਬੀ ਸ਼ਖ਼ਸੀਅਤ ਦੇ ਸਾਰੇ ਰੰਗ ਫੜਨਾ ਸੰਭਵ ਨਹੀਂ। ਇਸ ਸਬੰਧੀ ਸਾਨੂੰ ਬਾਬਾ ਸੋਹਨ ਸਿੰਘ ਭਕਨਾ ਦੇ ਕਥਨ ਨਾਲ ਹੀ ਸਹਿਮਤ ਹੋਣਾ ਪਵੇਗਾ। ਉਹ ਲਿਖਦੇ ਹਨ, "ਸੱਚੀ ਗੱਲ ਤਾਂ ਇਹ ਹੈ ਕਿ ਜੋ ਉਹ ਸੀ, ਉਸ ਦੀ ਜ਼ਿੰਦਗੀ ਦਾ ਚਿੱਤਰ ਖਿੱਚਣਾ ਮੇਰੀ ਕਲਮ ਦੀ ਤਾਕਤ ਤੋਂ ਬਾਹਰ ਹੈ।"

ਸਰਾਭਾ ਓਨਾ ਚਿਰ ਨਹੀਂ ਮਰੇਗਾ ਅਤੇ ਓਨਾ ਚਿਰ ਕਈ ਜਨਮਾਂ ਵਿਚ ਆਉਂਦਾ ਰਹੇਗਾ, ਜਿੰਨਾ ਚਿਰ ਅਸੀਂ ਉਸਦੇ ਵਿਚਾਰਾਂ ਨੂੰ ਨਹੀਂ ਮਰਨ ਦਿਆਂਗੇ। ਸਰਾਭਾ ਸਾਡੇ ਸੀਨਿਆਂ ਵਿਚ, ਸਾਡੀਆਂ ਸੋਚਾਂ ਵਿਚ, ਸਾਡੇ ਅਮਲਾਂ ਵਿਚ ਜ਼ਿੰਦਾ ਰਹਿਣਾ ਚਾਹੀਦਾ ਹੈ; ਬਿਲਕੁਲ ਉਸ ਤਰ੍ਹਾਂ ਜਿਵੇਂ ਉਹ ਭਗਤ ਸਿੰਘ ਦੇ ਰੂਪ ਵਿਚ ਜ਼ਿੰਦਾ ਹੋਇਆ ਸੀ।

ਇਤਿਹਾਸ ਤਾਂ ਰੀਲੇਅ ਰੇਸ ਵਾਂਗ ਹੈ। ਜੋਤ ਤੋਂ ਜੋਤ ਜਗਣ ਵਾਂਗ ਹੈ। ਗ਼ਦਰ ਲਹਿਰ ਵੀ ਇਸ ਤਰ੍ਹਾਂ ਹੀ ਜੋਤ ਤੋਂ ਜੋਤ ਬਾਲ ਕੇ ਰੋਸ਼ਨੀ ਵੰਡਦੀ, ਸ਼ਕਲ ਤਬਦੀਲ ਕਰਦੀ ਵੱਖ-ਵੱਖ ਲਹਿਰਾਂ ਵਿਚ ਆਪਣਾ ਰੰਗ ਘੋਲਦੀ ਜਿਉਂਦੀ ਤੇ ਤੁਰਦੀ ਰਹੀ ਹੈ। ਇਨ੍ਹਾਂ ਲਹਿਰਾਂ ਦੇ ਕੰਮ ਢੰਗ ਵਿਚ ਫ਼ਰਕ ਆਇਆ, ਪਰ ਇਹ ਗ਼ਦਰ ਪਾਰਟੀ ਦੇ ਮੂਲ ਆਦਰਸ਼ਾਂ ਤੇ ਸੁਫਨਿਆਂ ਤੋਂ ਲਾਂਭੇ ਨਹੀਂ ਗਈਆਂ। ਇਹ ਵੱਖਰੀ ਤੇ ਉਦਾਸ ਕਰਨ ਵਾਲੀ ਗੱਲ ਹੈ ਕਿ ਏਡੀ ਸ਼ਾਨਦਾਰ ਇਨਕਲਾਬੀ ਵਿਰਾਸਤ ਦੇ ਹੁੰਦਿਆਂ-ਸੁੰਦਿਆਂ ਅਸੀਂ ਗ਼ਦਰੀ ਬਾਬਿਆਂ ਤੇ ਸਰਾਭੇ ਹੁਰਾਂ ਦੇ ਸੁਫਨਿਆਂ ਦਾ ਰਾਜ ਤੇ ਸਮਾਜ ਬਣਾਉਣ ਵਿਚ ਸਫ਼ਲ ਨਹੀਂ ਹੋ ਸਕੇ। ਇਸ ਦੇ ਹੋਰ ਵੀ ਅਨੇਕਾਂ ਕਾਰਨ ਹੋਣਗੇ, ਪਰ ਇਕ ਕਾਰਨ ਇਹ ਵੀ ਹੈ ਕਿ ਅਸੀਂ ਉਸ ਇਨਕਲਾਬੀ ਇਤਿਹਾਸ ਨਾਲ ਵਿਆਪਕ ਪੱਧਰ 'ਤੇ ਜੀਵੰਤ ਨਾਤਾ ਕਾਇਮ ਨਹੀਂ ਕਰ ਸਕੇ। ਜੇ ਅਸੀਂ ਜਾਂ ਸਾਡੀ ਅਗਾਂਹਵਧੂ ਲਹਿਰ ਨੇ ਜਿਉਂਦੇ ਤੇ ਤੁਰਦੇ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ ਜਾਗਦਾ ਤੇ ਜਿਉਂਦਾ ਰੱਖੀਏ ਅਤੇ ਉਸ ਨਾਲ ਨਿਰੰਤਰ ਸੰਵਾਦ ਵਿਚ ਜੁਟੇ ਰਹੀਏ।

#

***ਸਰਾਭੇ ਦੇ ਜੀਵਨ ਤੇ ਉਹਦੀ ਬਹੁਮੁਖੀ ਪ੍ਰਤਿਭਾ ਦੇ ਅਨੇਕ ਰੰਗ ਸਨ। ਕਰਤਾਰ ਸਿੰਘ ਜਿਹੇ ਜਵਾਂ-ਮਰਦ ਕਦੀ ਮਰਦੇ ਨਹੀਂ ਤੇ ਨਾ ਹੀ ਕਦੀ ਹਾਰਦੇ ਹਨ। ਸਰਾਭੇ ਨੇ ਸਜ਼ਾ ਸੁਣਾਉਣ ਵਾਲੇ ਜੱਜ ਨੂੰ ਕਿਹਾ ਸੀ ਕਿ ਜੇ ਕੋਈ ਦੂਜਾ ਜਨਮ ਹੋਵੇ ਤਾਂ ਮੈਂ ਮਰਨ ਤੋਂ ਬਾਅਦ ਅਗਲੇ ਜਨਮ ਵਿਚ ਵੀ ਆਪਣਾ ਸੰਘਰਸ਼ ਜਾਰੀ ਰੱਖਾਂਗਾ ਤੇ ਹੁਣ ਵਾਂਗ ਹੀ ਆਪਣੇ ਆਦਰਸ਼ ਤੋਂ ਕੁਰਬਾਨ ਹੋਣਾ ਪ੍ਰਵਾਨ ਕਰਾਂਗਾ।...ਸਰਾਭਾ ਓਨਾ ਚਿਰ ਨਹੀਂ ਮਰੇਗਾ ਅਤੇ ਓਨਾ ਚਿਰ ਕਈ ਜਨਮਾਂ ਵਿਚ ਆਉਂਦਾ ਰਹੇਗਾ, ਜਿੰਨਾ ਚਿਰ ਅਸੀਂ ਉਸਦੇ ਵਿਚਾਰਾਂ ਨੂੰ ਨਹੀਂ ਮਰਨ ਦਿਆਂਗੇ। ਸਰਾਭਾ ਸਾਡੇ ਸੀਨਿਆਂ ਵਿਚ, ਸਾਡੀਆਂ ਸੋਚਾਂ ਵਿਚ, ਸਾਡੇ ਅਮਲਾਂ ਵਿਚ ਜ਼ਿੰਦਾ ਰਹਿਣਾ ਚਾਹੀਦਾ ਹੈ; ਬਿਲਕੁਲ ਉਸ ਤਰ੍ਹਾਂ ਜਿਵੇਂ ਉਹ ਭਗਤ ਸਿੰਘ ਦੇ ਰੂਪ ਵਿਚ ਜ਼ਿੰਦਾ ਹੋਇਆ ਸੀ।***

## ਸੰਪਾਦਕ ਦੀ ਡਾਕ

# ਕਰਤਾਰ ਸਿੰਘ ਸਰਾਭਾ ਦੇ ਪੱਤਰਕਾਰ ਹੋਣ ਬਾਰੇ

ਪਿਆਰੇ ਅਮੋਲਕ ਸਿੰਘ,

ਐਤਕੀਂ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ' ਦੀ ਕਾਨਫਰੰਸ ਉਤੇ ਬਹੁਤ ਸਾਰੇ ਅਜਿਹੇ ਸੱਜਣ ਬੜੇ ਉਤਸ਼ਾਹ ਨਾਲ ਮਿਲੇ ਜਿਨ੍ਹਾਂ ਨੇ ਮੈਨੂੰ 'ਪੰਜਾਬ ਟਾਈਮਜ਼' ਵਿਚ ਪੜ੍ਹਿਆ ਹੋਇਆ ਸੀ। ਮੈਂ ਤਾਂ ਇਸ ਅਖ਼ਬਾਰ ਦੀ ਵੱਖਰੀ ਪਛਾਣ ਦੀ ਚਰਚਾ ਤੁਹਾਡੇ ਨਾਲ ਪਹਿਲਾਂ ਵੀ ਕਰਦਾ ਰਹਿੰਨਾਂ ਪਰ ਇਹ ਜਾਣ ਕੇ ਹੋਰ ਵੀ ਖੁਸ਼ੀ ਹੋਈ ਕਿ ਪੰਜਾਬ ਟਾਈਮਜ਼ ਨੂੰ ਇੰਨੇ ਲੋਕ ਗੰਭੀਰਤਾ ਨਾਲ ਪੜ੍ਹਦੇ ਨੇ। ਉਥੇ ਹੀ ਮੈਂ ਪਹਿਲੀ ਵਾਰ ਇਸ ਦਾ ਪ੍ਰਿੰਟ ਐਡੀਸ਼ਨ ਵੇਖਿਆ। ਦਰਸ਼ਕਾਂ ਸਰੋਤਿਆਂ ਵਿਚ ਤੁਸੀਂ ਮੇਰੀ ਪਹਿਲਾਂ ਈ 'ਬੱਲੇ! ਬੱਲੇ!' ਕਰਵਾਈ ਹੋਈ ਸੀ।

ਜਦੋਂ ਮੈਂ ਤੁਹਾਡਾ 'ਕਮਲਿਆਂ ਦਾ ਟੱਬਰ' ਪੜ੍ਹਨ ਲਈ ਪਹਿਲੀ ਸਤੰਬਰ ਦਾ 'ਪੰਜਾਬ ਟਾਈਮਜ਼' ਖੋਲ੍ਹਿਆ ਤਾਂ ਆਪਣੇ ਲਿਖੇ 'ਗ਼ਦਰ ਲਹਿਰ ਦਾ ਚੌਮੁਖ਼ੀਆ ਚਿਰਾਗ-ਕਰਤਾਰ ਸਿੰਘ ਸਰਾਭਾ' 'ਤੇ ਵੀ ਝਾਤੀ ਮਾਰੀ। ਤੁਹਾਡੇ ਵੱਲੋਂ ਜਮਾਇਆ ਹੈਡਿੰਗ 'ਪੰਜਾਬੀ ਦਾ ਪਹਿਲਾ ਪੱਤਰਕਾਰ' ਵੇਖ ਕੇ ਹੈਰਾਨੀ ਹੋਈ। ਕੀ ਇਹ ਸਚਮੁੱਚ ਮੈਂ ਹੀ ਲਿਖਿਆ ਹੈ? ਮੈਂ ਇਹ ਤਾਂ ਭਲੀ-ਭਾਂਤ ਜਾਣਦਾਂ ਕਿ ਉਹ ਪੰਜਾਬੀ ਦਾ ਪਹਿਲਾ ਪੱਤਰਕਾਰ ਨਹੀਂ ਸੀ, ਸਗੋਂ ਪਹਿਲਾ ਪਰਵਾਸੀ ਪੰਜਾਬੀ ਪੱਤਰਕਾਰ ਵੀ ਨਹੀਂ ਸੀ ਕਿਉਂਕਿ 1909 ਦੇ ਏੜ-ਗੇੜ ਵਿਚ ਤਾਂ ਕਨੇਡਾ ਵਿਚ ਗੁਰਮੁਖੀ ਅਖ਼ਬਾਰ 'ਪਰਦੇਸੀ ਖ਼ਾਲਸਾ' ਵੀ ਅਮਰ ਸਿੰਘ ਝਿੰਗੜ ਨੇ ਸ਼ੁਰੂ ਕਰ ਲਿਆ ਸੀ। ਅਸਲ ਵਿਚ ਲਿਖਦੇ ਸਮੇਂ ਮੇਰੇ ਮਨ ਵਿਚ ਇਹ ਖ਼ਿਆਲ ਸੀ ਕਿ ਸਰਾਭਾ 'ਅਮਰੀਕਾ ਦਾ ਪਹਿਲਾ ਪੰਜਾਬੀ ਪੱਤਰਕਾਰ' ਸੀ। ਪਤਾ ਨਹੀਂ ਇਹ ਸਹਿਵਨ ਗ਼ਲਤੀ ਕਿਵੇਂ ਹੋ ਗਈ? ਪਹਿਲਾਂ ਤਾਂ ਮੈਂ ਸੋਚਿਆ ਕਿ ਹੈਡਿੰਗ ਬਣਾਉਂਦਿਆਂ ਅਮੋਲਕ ਸਿੰਘ ਕੋਈ ਸ਼ਬਦ ਛੱਡ ਗਿਆ ਹੋਣੈ। ਲਿਖਤ ਵਿਚ ਝਾਤ ਮਾਰੀ ਤਾਂ ਅਮੋਲਕ ਸਿੰਘ ਠੀਕ ਸੀ। ਮੈਂ ਮੁੜ ਮੂਲ ਲਿਖਤ ਨੂੰ ਵਾਚਿਆ। ਸੋਚਿਆ ਕਿ ਸ਼ਾਇਦ ਓਥੇ ਠੀਕ ਹੋਵਾਂ। ਨਹੀਂ; ਮੈਂ ਓਥੇ ਵੀ 'ਅਮਰੀਕੀ' ਸ਼ਬਦ ਲਿਖਣੋਂ ਉਕ ਗਿਆ ਸਾਂ।

ਇਸ ਵਾਰ (8 ਸਤੰਬਰ ਦਾ ਅੰਕ) 'ਪੰਜਾਬ ਟਾਈਮਜ਼' ਦੇ ਇਕ ਪਾਠਕ ਕੁਲਦੀਪ ਸਿੰਘ ਨੇ ਇਸ ਗਲਤੀ ਵੱਲ ਧਿਆਨ ਦਿਵਾਇਆ ਹੈ, ਮੈਂ ਉਸ ਦਾ ਵੀ ਧੰਨਵਾਦੀ ਹਾਂ। ਖੁਸ਼ੀ ਹੋਈ ਕਿ 'ਪੰਜਾਬ ਟਾਈਮਜ਼' ਦੇ ਪਾਠਕ ਇੰਨੇ ਧਿਆਨ ਨਾਲ ਹਰੇਕ ਲਿਖਤ ਨੂੰ ਪੜ੍ਹਦੇ ਹਨ। ਸ਼ਹੀਦਾਂ ਪ੍ਰਤੀ ਸਤਿਕਾਰ ਦੀ ਭਾਵਨਾ ਤਾਂ ਹੈ ਹੀ ਪਰ ਇਸ ਸਤਿਕਾਰ ਕਾਰਨ ਇਤਿਹਾਸਕ ਤੱਥਾਂ ਨਾਲ ਛੇੜ-ਛਾੜ ਨਹੀਂ ਕੀਤੀ ਜਾ ਸਕਦੀ। ਸਗੋਂ ਮੈਂ ਤਾਂ ਹੁਣ ਇਹ ਵੀ ਚਾਹੁੰਦਾਂ ਕਿ ਕੋਈ ਇਤਿਹਾਸ ਦਾ ਸਿਆਣਾ ਪੜਤਾਲ ਕਰਕੇ ਦੱਸੇ ਕਿ ਮੇਰੇ ਵੱਲੋਂ ਸਰਾਭੇ ਨੂੰ 'ਪਹਿਲਾ ਅਮਰੀਕੀ ਪੰਜਾਬੀ ਪੱਤਰਕਾਰ' ਆਖਣਾ ਵੀ ਦਰੁਸਤ ਹੀ ਹੈ ਨਾ! ਭਾਵੇਂ ਮੈਂ ਖੋਜ ਉਪਰੰਤ ਹੀ ਸਰਾਭੇ ਬਾਰੇ ਇਹ ਲਿਖਤ ਲਿਖੀ ਹੈ ਪਰ ਮੈਂ ਬੁਨਿਆਦੀ ਤੌਰ 'ਤੇ ਇਤਿਹਾਸਕਾਰ ਨਹੀਂ ਹਾਂ; ਹੋ ਸਕਦੈ ਕਿ ਕੋਈ ਹੋਰ ਵੀ ਉਕਾਈ ਰਹਿ ਗਈ ਹੋਵੇ। ਪਾਠਕ ਕੁਲਦੀਪ ਸਿੰਘ ਜੀ ਦਾ ਬਹੁਤ ਧੰਨਵਾਦੀ ਹਾਂ।

ਹੁਣ ਤੁਹਾਡੇ 'ਕਮਲਿਆਂ ਦੇ ਟੱਬਰ' ਬਾਰੇ। ਇਹ ਲਿਖਤ ਪਹਿਲਾਂ ਵੀ ਪੜ੍ਹੀ ਸੀ। ਹੁਣ ਦੋਬਾਰਾ ਪੜ੍ਹੀ। ਤੁਸੀਂ ਇੰਨੀ ਕਮਾਲ ਦੀ ਹੁਨਰਮੰਦੀ ਨਾਲ ਪਹਿਲਾ ਚੈਪਟਰ ਉਲੀਕਿਆ ਹੈ ਕਿ ਪਹਿਲਾਂ ਮਨਿੰਦਰ ਦਾ ਤੁਹਾਡੇ ਬਾਰੇ ਤੇ ਫਿਰ ਉਸ ਕੋਲ ਤੁਹਾਡੇ ਵੱਲੋਂ ਕੀਤਾ, ਤੁਹਾਡੀ ਬੀਮਾਰੀ ਦਾ ਰਹੱਸ-ਉਦਘਾਟਨ ਨਿੱਕੀ ਹੁਨਰੀ ਕਹਾਣੀ ਦੀ ਕਲਾਸਿਕ ਮਿਸਾਲ ਬਣ ਗਿਆ। ਮਨ ਵੀ ਭਰ ਆਇਆ 'ਕੁਦਰਤ ਦੇ ਖੇਲ੍ਹ' ਵੇਖ ਕੇ। ਯੂਨੀਵਰਸਿਟੀ ਦੇ ਉਨ੍ਹਾਂ ਸਾਲਾਂ ਵਿਚ ਮੈਂ ਵੀ ਉਥੇ ਸਾਂ ਤੇ ਹਲਵਾਰਵੀ ਦਾ ਯਾਰ ਹੋਣ ਕਰਕੇ ਉਹਦਾ ਪਹਿਲਾ 'ਹੱਕ' ਬਣਾਈ ਰੱਖਣ ਲਈ ਵੀ ਤੇ ਉਂਜ ਵੀ ਨਵਾਂ ਨਵਾਂ ਵਿਆਹਿਆ-ਵਰ੍ਹਿਆ ਹੋਣ ਕਰਕੇ ਤੁਹਾਡੀਆਂ ਜਮਾਤਾਂ ਦੀਆਂ ਕੁੜੀਆਂ ਨੂੰ ਵੇਖਣ-ਜਾਣਨ ਦੀ ਖਿੱਚ ਦਾ ਇਖ਼ਲਾਕੀ ਅਧਿਕਾਰ ਨਹੀਂ ਸਾਂ ਰੱਖਦਾ। ਹਾਂ, ਹਲਵਾਰਵੀ ਕਰਕੇ ਤਿੰਨ-ਚਾਰ ਕੁੜੀਆਂ ਦੇ ਨਾਂਵਾਂ ਤੇ ਸ਼ਕਲਾਂ ਦਾ ਚੇਤਾ ਜ਼ਰੂਰ ਆ ਰਿਹੈ। ਹੋ ਸਕਦੈ ਕਦੀ ਮਨਿੰਦਰ ਨੂੰ ਵੀ ਉਥੇ ਵੇਖਿਆ ਹੋਵੇ! ਪੜ੍ਹ ਕੇ ਲੱਗਾ ਕਿ ਜਦੋਂ ਇਹ ਸਾਰਾ ਕੁਝ ਵਾਪਰ ਰਿਹਾ ਸੀ ਤਾਂ ਮੈਂ ਵੀ ਉਥੇ-ਕਿਤੇ ਹੀ ਵਿਚਰ ਰਿਹਾ ਸਾਂ। ਲਾਅਨ ਦੀ ਇਕ ਨੁੱਕਰੇ ਬੈਠੇ ਕਿਤੇ ਤੁਸੀਂ ਟੋਲੇ ਸਮੇਤ ਚਾਚੇ ਗੁਲਾਟੀ ਦੀ ਚਾਹ ਪੀ ਰਹੇ ਹੋਵੋਗੇ ਤੇ ਕਿਸੇ ਦੂਜੀ ਨੁੱਕਰੇ ਮੈਂ ਵੀ ਕਿਧਰੇ ਸਾਥੀਆਂ ਨਾਲ ਬੈਠਾ ਚਾਹ ਦੀਆਂ ਚੁਸਕੀਆਂ ਲੈਂਦਾ ਹੋਵਾਂਗਾ। ਉਸ ਵੇਲੇ ਦੀਆਂ ਕਈ ਯਾਦਾਂ ਤਾਜ਼ੀਆਂ ਹੋ ਗਈਆਂ। ਜੀ ਕਰਦੈ ਮੈਂ ਵੀ ਲਿਖਾਂ! ਖ਼ੈਰ-ਹਲਵਾਰਵੀ ਬਾਰੇ ਮੈਂ ਇਕ ਆਰਟੀਕਲ ਲਿਖਿਆ ਹੋਇਆ ਹੈ। ਤੁਹਾਨੂੰ ਭੇਜਾਂਗਾ। ਉਸ ਵਿਚ ਉਸ ਸਮੇਂ ਦੀਆਂ ਕੁਝ ਝਲਕੀਆਂ ਵੀ ਦਰਜ ਹਨ। ਹਲਵਾਰਵੀ ਮੇਰੇ ਬਹੁਤ ਕਰੀਬੀ ਯਾਰਾਂ ਵਿਚੋਂ ਸੀ। ਤੁਸੀਂ ਉਸ ਨੂੰ ਮੁਹੱਬਤ ਨਾਲ ਯਾਦ ਕੀਤਾ। ਬੜਾ ਚੰਗਾ ਲੱਗਾ।

ਆਖ਼ਰੀ ਗੱਲ, ਹੋਰ ਵੀ ਲਿਖਣਾ ਸ਼ੁਰੂ ਕਰੋ। ਤੁਹਾਡੇ ਕੋਲ ਬੰਦਿਆਂ ਨੂੰ ਜਾਨਣ-ਸਮਝਣ ਦੀ ਯੋਗਤਾ ਵੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਚੌਗਿਰਦੇ ਵਿਚ ਪਰਖਣ ਤੇ ਢੁਕਵੀਂ ਭਾਸ਼ਾ ਸਹਿਤ ਪੇਸ਼ ਕਰਨ ਦਾ ਹੁਨਰ ਵੀ। ਹਰੇਕ ਬੰਦੇ ਕੋਲ ਬੜਾ ਕੁਝ ਦੱਸਣ ਵਾਲਾ ਪਿਆ ਹੁੰਦਾ ਹੈ; ਭਾਵੇਂ ਉਹ ਕਿਡਾ ਵੀ ਸਾਧਾਰਨ ਕਿਉਂ ਨਾ ਹੋਵੇ। ਤੁਸੀਂ ਤਾਂ ਬੜਾ ਕੁਝ ਤਨ-ਮਨ 'ਤੇ ਹੰਢਾਇਆ ਹੈ। ਤੁਹਾਡੀ ਬੌਧਿਕ ਸਮਰੱਥਾ ਤੇ ਸੰਵੇਦਨਸ਼ੀਲਤਾ ਤੁਹਾਡੇ ਤੋਂ ਮੇਰੇ ਵਰਗੇ ਅਨੇਕਾਂ ਪਾਠਕਾਂ ਸਹਿਤ ਸ਼ਾਬਦਿਕ ਹੁੰਗਾਰਾ ਮੰਗਦੀ ਹੈ।

ਇਹ ਬੀਬੀ ਮਨਿੰਦਰ ਹੁਣ ਕਿਉਂ ਨਹੀਂ ਟੋਰਾਂਟੋ ਦੀਆਂ ਸਾਹਿਤਕ ਮੀਟਿੰਗਾਂ ਵਿਚ ਆਉਂਦੀ? ਤੁਸੀਂ ਉਹਦਾ ਏਨਾ ਜਾਨਦਾਰ ਕਿਰਦਾਰ ਪੇਸ਼ ਕੀਤਾ ਹੈ ਕਿ ਉਸ ਵਿਚੋਂ ਸੁੱਚੀ ਤੇ ਜੀਅਦਾਰ ਪੰਜਾਬਣ ਦੀ ਰੂਹ ਬੋਲਦੀ ਸੁਣਦੀ ਹੈ। ਲੋਕਾਂ ਨੂੰ ਖੁਸ਼ੀਆਂ ਵੰਡਣ ਵਾਲੀਆਂ ਇਹੋ ਜਿਹੀਆਂ ਨੇਕ ਰੂਹਾਂ ਨੂੰ ਪਤਾ ਨਹੀਂ 'ਰੱਬ' ਏਨਾ ਦੁੱਖ ਕਿਉਂ ਦਿੰਦਾ ਹੈ। ਮੇਰਾ ਉਹਨੂੰ ਮਿਲਣ ਨੂੰ ਵੀ ਦਿਲ ਕਰਦਾ ਏ। ਉਹ ਤੇ ਤੁਸੀਂ ਸਾਰੇ ਆਪਣੇ ਪਰਿਵਾਰਾਂ ਸਮੇਤ ਖੁਸ਼ ਰਹੋ।

***-ਵਰਿਆਮ ਸਿੰਘ ਸੰਧੂ***
***ਟੋਰਾਂਟੋ, ਕੈਨੇਡਾ।***

# ਯਥਾਰਥਵਾਦੀ ਬਾਬਾ ਨਾਨਕ

*(ਸਫਾ 31 ਦੀ ਬਾਕੀ)*

ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥

ਗੁਰੂ ਜੀ ਕਿੰਨਾ ਸਪੱਸ਼ਟ ਲਿਖਦੇ ਹਨ ਕਿ ਜੇ ਆਗੂ ਹੀ ਅੰਨਾ ਅਤੇ ਬੇਸਮਝ ਹੋਵੇਗਾ ਤਾਂ ਉਹ ਜ਼ਮਾਨੇ ਨੂੰ ਰਸਤਾ ਕਿਵੇਂ ਠੀਕ ਦਿਖਾ ਸਕੇਗਾ, 'ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥

ਗੁਰੂ ਜੀ ਦੀ ਇਸ ਸਾਫ਼ ਸਪੱਸ਼ਟ ਸਮਝ ਆ ਰਹੀ ਬਾਣੀ ਦੀ ਵੀ ਜੇ ਬੇਸਮਝ ਜ਼ਮਾਨੇ ਨੂੰ ਸਮਝ ਨਾ ਪਵੇ ਅਤੇ ਜ਼ਮਾਨਾ ਇਸ ਨੂੰ ਗੁਰੂ ਜੀ ਦੀ ਰਮਜ਼ ਕਹਿ ਕੇ ਪੱਲਾ ਝਾੜ ਲਵੇ ਤਾਂ ਗੁਰੂ ਜੀ ਫਰਮਾਉਂਦੇ ਹਨ, ਫਿਰ ਚੁੱਪ ਹੀ ਚੰਗੀ ਹੈ। ਵਿਚਾਰਨ ਵਾਲੀ ਗੱਲ ਹੈ ਕਿ ਗੁਰੂ ਜੀ ਇੰਨੇ ਬੇਬਾਕ, ਦਲੇਰ ਅਤੇ ਨਿੱਡਰ ਸਨ ਕਿ ਉਹ ਕਿਸੇ ਜਾਬਰ ਬਾਦਸ਼ਾਹ, ਠੱਗ, ਚੋਰ, ਪਾਖੰਡੀ, ਪਾਪੀ, ਚੌਧਰੀ, ਵਲੀ-ਛਲੀ, ਜ਼ਾਲਮ, ਰਾਖ਼ਸ਼, ਇੱਥੋਂ ਤੱਕ ਕਿ ਜੰਗਲਾਂ, ਉਜਾੜਾਂ, ਬੀਆਬਾਨਾਂ ਵਿਚ ਸਫ਼ਰ ਕਰਦਿਆਂ ਕਿਸੇ ਜੰਗਲੀ ਜਾਨਵਰ ਕੋਲੋਂ ਵੀ ਕਦੇ ਨਹੀਂ ਸਨ ਡਰੇ। ਉਹ ਜ਼ਾਲਮ ਤੋਂ ਜ਼ਾਲਮ ਜੀਵ ਨਾਲ ਵੀ ਮੱਥਾ ਲਾ ਲੈਂਦੇ ਸਨ, ਪਰ ਉਹ ਸਿਰਫ ਤੇ ਸਿਰਫ ਇਕ ਜੀਵ ਕੋਲੋਂ ਬੜਾ ਡਰਦੇ ਸਨ ਅਤੇ ਉਸ ਨਾਲ ਕਦੀ ਮੱਥਾ ਨਹੀਂ ਸਨ ਲਾਉਂਦੇ; ਤੇ ਉਹ ਜੀਵ ਹੈ ਮੂਰਖ। ਉਹ ਲਿਖਦੇ ਹਨ, 'ਮੂਰਖੈ ਨਾਲਿ ਨਾ ਲੁਝੀਐ॥'

# ਗੁਲਾਮੀ ਦੇ ਖਾਤਮੇ ਲਈ ਜਦੋਂ ਕਲਮ ਤਲਵਾਰ ਬਣੀ

ਇਤਿਹਾਸ ਦੇ ਝਰੋਖੇ 'ਚੋਂ

ਡੇਵਿਡ ਵਾਕਰ ਇਕ ਕਾਲੇ ਗੁਲਾਮ ਪਿਓ ਦਾ ਪੁੱਤਰ ਸੀ। ਉਸ ਦੀ ਮਾਂ ਗੁਲਾਮੀ ਤੋਂ ਮੁਕਤੀ ਪਾ ਚੁੱਕੀ ਸੀ। ਉਸ ਦਾ ਜਨਮ ਅਮਰੀਕਾ ਦੇ ਸੂਬੇ ਨਾਰਥ ਕੈਰੋਲਾਈਨਾ ਵਿਚ ਕਿਧਰੇ 1796 ਜਾਂ 1797 ਦੇ ਨੇੜੇ ਤੇੜੇ ਹੋਇਆ ਸੀ। ਉਸ ਵੇਲੇ ਦੇ ਕਾਨੂੰਨ ਅਨੁਸਾਰ ਡੇਵਿਡ ਵੀ ਗੁਲਾਮ ਨਹੀਂ ਸੀ ਰਿਹਾ ਕਿਉਂਕਿ ਉਹਦੀ ਮਾਂ ਗੁਲਾਮ ਨਹੀਂ ਸੀ। ਉਸ ਦੀ ਇਹ ਆਜ਼ਾਦੀ ਉਸ ਨੂੰ ਗੁਲਾਮਾਂ ਦੀ ਹੋ ਰਹੀ ਦੁਰਦਸ਼ਾ, ਬੇਇਨਸਾਫ਼ੀ ਤੇ



**ਗੁਰਚਰਨ ਸਿੰਘ ਜੈਤੋ, ਸ਼ਿਕਾਗੋ**
**ਫੋਨ: 630-800-9068**

ਜ਼ੁਲਮਾਂ ਨੂੰ ਦੇਖ ਸਕਣ ਤੋਂ ਨਹੀਂ ਸੀ ਰੋਕ ਸਕੀ। ਚੜ੍ਹਦੀ ਜਵਾਨੀ ਵੇਲੇ ਉਸ ਨੇ ਜਿਹੜੇ ਘਿਨਾਉਣੇ ਦ੍ਰਿਸ਼ ਦੇਖੇ ਉਨ੍ਹਾਂ ਨੇ ਉਸ ਦਾ ਸੀਨਾ ਛਲਣੀ ਕਰ ਦਿੱਤਾ ਸੀ ਤੇ ਸੋਚ ਵਿਚ ਗੁਲਾਮੀ ਵਿਰੁਧ ਨਫ਼ਰਤ ਪੈਦਾ ਕਰ ਦਿੱਤੀ ਸੀ। ਇਕ ਥਾਂ ਉਸ ਨੇ ਇਕ ਅਜਿਹੇ ਪੁੱਤਰ ਨੂੰ ਆਪਣੀ ਮਾਂ ਨੂੰ ਛਾਂਟਿਆਂ ਦੀ ਮਾਰ ਮਾਰਦਿਆਂ ਦੇਖਿਆ, ਜਿਸ ਨੂੰ ਛਾਂਟੇ ਨਾ ਮਾਰਨ ਦੀ ਸਜ਼ਾ ਮੌਤ ਸੀ। ਪਰ ਉਸ ਹੱਥੋਂ ਉਸ ਦੀ ਮਾਂ ਦੇ ਉਦੋਂ ਤਕ ਛਾਂਟੇ ਮਰਵਾਏ ਗਏ ਜਦੋਂ ਤਕ ਉਹ ਮਰ ਨਾ ਗਈ। ਮਗਰੋਂ ਪੁੱਤਰ ਨੂੰ ਵੀ ਮਾਰ ਦਿੱਤਾ ਗਿਆ। ਅਜਿਹੇ ਹਾਦਸਿਆਂ ਨੇ ਉਸ ਨੂੰ ਕੁਝ ਕਰਨ ਲਈ ਮਜਬੂਰ ਕੀਤਾ। ਉਸ ਨੂੰ ਜੀਵਨ ਵਿਚ ਇਕ ਮਕਸਦ ਲੱਭ ਗਿਆ।

ਡੇਵਿਡ ਵਾਕਰ ਦਾ ਮਕਸਦ ਕਿਸੇ ਇਨਕਲਾਬ ਤੋਂ ਘੱਟ ਨਹੀਂ ਸੀ। ਉਸ ਦੇ ਮਕਸਦ ਨੇ ਦੱਖਣੀ ਅਮਰੀਕਾ ਦੇ ਸੂਬਿਆਂ ਵਿਚ ਗੁਲਾਮਾਂ ਨੂੰ ਉਨ੍ਹਾਂ ਦੇ ਮਾਲਕਾਂ ਦੇ ਵਿਰੁਧ ਬਗਾਵਤ ਕਰਨ ਲਈ ਉਕਸਾਇਆ ਸੀ। ਉਸ ਕੋਲ ਇਸ ਕੰਮ ਲਈ ਇਕ ਬੜਾ ਜ਼ਬਰਦਸਤ ਹਥਿਆਰ ਸੀ-ਉਸ ਦਾ ਕਿਤਾਬਚਾ! ਉਸ ਨੇ ਕਾਲੇ ਗੁਲਾਮਾਂ ਦੇ ਨਾਂ ਇਕ ਅਜਿਹੀ ਅਪੀਲ ਜਾਰੀ ਕੀਤੀ ਜਿਸ ਨੇ ਅਮਰੀਕਾ ਦੇ ਸੂਬਿਆਂ ਵਿਚ ਤਰਥੱਲੀ ਪਾ ਦਿੱਤੀ। ਇਹ ਅਪੀਲ ਸਤੰਬਰ 1829 ਵਿਚ ਛਪੀ ਸੀ। ਇਸ ਅਪੀਲ ਨੂੰ ਗੁਲਾਮੀ ਦੇ ਵਿਰੋਧ ਵਿਚ ਸਭ ਤੋਂ ਮਹੱਤਵਪੂਰਨ ਤੇ ਅਤਿਵਾਦੀ ਦਸਤਾਵੇਜ਼ ਕਰਾਰ ਦਿੱਤਾ ਗਿਆ।

ਅਪੀਲ ਵਿਚ ਉਸ ਨੇ ਲਿਖਿਆ, "ਗੋਰੇ ਮਾਲਕ ਸਾਨੂੰ ਗੁਲਾਮ ਬਣਾ ਕੇ ਰੱਖਣਾ ਚਾਹੁੰਦੇ ਨੇ ਤੇ ਸਾਨੂੰ ਜਾਨੋਂ ਮਾਰਨ ਲੱਗਿਆਂ ਕਦੇ ਸੋਚਦੇ ਤੱਕ ਵੀ ਨਹੀਂ। ਇਸ ਲਈ ਜੇ ਸਾਡੇ ਵੱਲੋਂ ਕੋਈ ਉਪਰਾਲਾ ਕੀਤਾ ਜਾ ਸਕਦਾ ਹੈ ਤਾਂ ਉਹ ਸਿਰਫ਼ ਇਕੋ ਹੈ ਕਿ ਮਰ ਜਾਓ ਜਾਂ ਮਾਰ ਦਿਓ। ਇਸ ਨੂੰ ਬਿਲਕੁਲ ਜਾਇਜ਼ ਸਮਝ ਲਓ ਤੇ ਇਸ ਗੱਲ 'ਤੇ ਭਰੋਸਾ ਪੱਕਾ ਕਰ ਲਓ ਕਿ ਉਸ ਬੰਦੇ ਨੂੰ ਮਾਰਨਾ ਕੋਈ ਮਾੜਾ ਕੰਮ ਨਹੀਂ ਜਿਹੜਾ ਸਾਨੂੰ ਮਾਰਨਾ



*ਡੇਵਿਡ ਵਾਕਰ*

ਚਾਹੁੰਦਾ ਹੋਵੇ। ਕਿਸੇ ਅਜਿਹੇ ਦੁਸ਼ਮਣ ਨੂੰ ਮਾਰਨਾ, ਤੇਹ ਲੱਗੀ ਤੋਂ ਪਾਣੀ ਪੀਣ ਵਾਲੀ ਗੱਲ ਹੀ ਹੈ। ਬੱਸ ਜਦੋਂ ਤੇਹ ਲੱਗੇ ਤਾਂ ਪਾਣੀ ਪੀ ਲੈਣਾ ਚਾਹੀਦਾ ਹੈ।" ਅਪੀਲ ਦੇ ਸ਼ਬਦ ਸਿੱਧੇ ਸਾਦੇ ਸਨ ਪਰ ਉਨ੍ਹਾਂ ਦਾ ਅਸਰ ਡੂੰਘਾ ਹੋਇਆ। ਗੁਲਾਮਾਂ ਨੂੰ ਇਹ ਸਿੱਧੇ ਸਾਦੇ ਸ਼ਬਦ ਚੰਗੀ ਤਰਾਂ ਸਮਝ ਆ ਗਏ ਸਨ। ਉਨ੍ਹਾਂ ਦੀ ਸੋਚ ਬਦਲਨੀ ਸ਼ੁਰੂ ਹੋ ਗਈ।

ਇਸ ਅਪੀਲ ਦਾ ਮਕਸਦ ਗੁਲਾਮਾਂ ਨੂੰ ਆਪਣੇ ਇਨਸਾਨੀ ਹੱਕਾਂ ਦੀ ਰਾਖੀ ਲਈ ਹਲੂਣ ਕੇ ਜਗਾਉਣਾ ਸੀ ਤੇ ਇਕ ਅਜਿਹੀ ਉਮੀਦ ਜਗਾਉਣਾ ਸੀ ਕਿ ਕੋਈ ਦਿਨ ਅਜਿਹਾ ਵੀ ਆਏਗਾ ਜਦੋਂ ਵੱਡੀ ਤਬਦੀਲੀ ਅਵੇਗੀ ਤੇ ਸਾਰੇ ਗੁਲਾਮ ਆਜ਼ਾਦ ਹੋ ਜਾਣਗੇ। ਇਸ ਅਪੀਲ ਨੇ ਉਸ ਬਸਤੀਵਾਦ ਦਾ ਵਿਰੋਧ ਵੀ ਕੀਤਾ ਸੀ ਜਿਸ ਅਨੁਸਾਰ ਅਫ਼ਰੀਕਾ ਤੋਂ ਗੁਲਾਮਾਂ ਨੂੰ ਸਮੁੰਦਰੀ ਜਹਾਜ਼ਾਂ ਰਾਹੀਂ ਲਿਆ ਕੇ ਅਮਰੀਕਾ ਵਿਚ ਗੋਰੇ ਮਾਲਕਾਂ ਨੂੰ ਵੇਚ ਦਿੱਤਾ ਜਾਂਦਾ ਸੀ। ਗੋਰੇ ਮਾਲਕ ਗੁਲਾਮਾਂ ਦੀ ਕੀਮਤ ਦੇ ਕੇ ਉਨ੍ਹਾਂ ਨੂੰ ਸਾਰੀ ਉਮਰ ਲਈ ਗੁਲਾਮ ਬਣਾ ਲੈਂਦੇ। ਗੁਲਾਮ ਔਰਤਾਂ ਨੂੰ ਗੋਰੇ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦੇ। ਉਨ੍ਹਾਂ ਤੋਂ ਪੈਦਾ ਹੋਈ ਹਰਾਮੀ ਔਲਾਦ ਵੀ ਗੁਲਾਮ ਹੀ ਮੰਨੀ ਜਾਂਦੀ, ਜਿਸ ਲਈ ਗੋਰੇ ਮਾਲਕ ਖੁਦ ਜ਼ਿੰਮੇਵਾਰ ਹੁੰਦੇ ਸਨ। ਗੋਰੇ ਪਿਓ ਨੂੰ ਪਤਾ ਹੁੰਦਾ ਸੀ ਕਿ ਘੱਟ ਕਾਲੇ ਤੇ ਘੱਟ ਗੋਰੇ ਦਿਸਦੇ ਨਿਆਣੇ ਉਹਦੇ ਆਪਣੇ ਹੀ ਨੇ, ਪਰ ਉਹ ਉਨ੍ਹਾਂ ਬੱਚਿਆਂ ਨੂੰ ਵੇਚਣ ਵਾਲੇ ਕਿਸੇ ਸਾਮਾਨ ਤੋਂ ਵੱਧ ਕੁਝ ਵੀ ਨਹੀਂ ਸਨ ਸਮਝਦੇ! ਗੋਰਿਆਂ ਦੀਆਂ ਪਤਨੀਆਂ ਨੂੰ ਵੀ ਇਨ੍ਹਾਂ ਗੱਲਾਂ ਦਾ ਪਤਾ ਹੁੰਦਾ ਸੀ। ਉਹ ਤਰਸ ਖਾ ਕੇ ਆਪਣੇ ਪਤੀ ਦੀ ਹਵਸ ਵਿਚੋਂ ਪੈਦਾ ਹੋਏ ਬੱਚਿਆਂ ਨੂੰ ਅੱਗੇ ਵੇਚ ਛਡਦੀਆਂ ਸਨ। ਇੰਜ ਗੁਲਾਮਾਂ ਦੇ ਬੱਚਿਆਂ ਨੂੰ ਵੇਚ ਕੇ ਗੋਰੇ ਮਾਲਕ ਹੋਰ ਚੰਗੀ ਚੋਖੀ ਕਮਾਈ ਵੀ ਕਰ ਲੈਂਦੇ ਸਨ। ਗੋਰੇ ਮਾਲਕਾਂ ਦੀਆਂ ਅਜਿਹੀਆਂ ਕਰਤੂਤਾਂ ਅਮਰੀਕਾ ਵਿਚ ਕਾਲੇ ਗੁਲਾਮਾਂ ਦਾ ਜੀਵਨ ਢਾਈ ਸਦੀਆਂ ਤਕ ਬਰਬਾਦ ਕਰਦੀਆਂ ਰਹੀਆਂ!

ਡੇਵਿਡ ਅਨੁਸਾਰ ਅਮਰੀਕਾ ਦੇਸ਼ ਉਨ੍ਹਾਂ ਸਭਨਾਂ ਦਾ ਸਾਂਝਾ ਸੀ ਜਿਨ੍ਹਾਂ ਨੇ ਉਸ ਨੂੰ ਬਣਾਉਣ ਤੇ ਉਸਾਰਨ ਲਈ ਯੋਗਦਾਨ ਪਾਇਆ ਸੀ। ਉਹ ਤਾਂ ਇਕ ਕਦਮ ਹੋਰ ਵੀ ਅੱਗੇ ਜਾ ਕੇ ਇਹ ਕਹਿੰਦਾ ਸੀ ਕਿ 'ਅਮਰੀਕਾ ਤਾਂ ਗੋਰਿਆਂ ਨਾਲੋਂ ਸਾਡਾ ਦੇਸ਼ ਬਹੁਤਾ ਹੈ ਕਿਉਂਕਿ ਅਸੀਂ ਇਸ ਨੂੰ ਆਪਣੇ ਲਹੂ ਤੇ ਹੰਝੂਆਂ ਨਾਲ ਸਿੰਜਿਆ ਹੈ। ਸਾਡਾ ਲਹੂ ਇਸ ਮਿੱਟੀ ਵਿਚ ਹੈ।' ਅੱਗੇ ਜਾ ਕੇ ਉਹ ਅਪੀਲ ਵਿਚ ਇਹ ਵੀ ਸਵਾਲ ਖੜ੍ਹੇ ਕਰਦਾ ਹੈ ਕਿ 'ਇਹ ਗੋਰੇ ਸਾਨੂੰ ਸਾਡੀ ਉਸ ਧਰਤੀ ਤੋਂ ਕਿਵੇਂ ਬਾਹਰ ਕਢਣਗੇ ਜਿਸ ਨੂੰ ਅਸੀਂ ਆਪਣਾ ਲਹੂ ਪਿਆਇਆ ਸੀ?'

ਡੇਵਿਡ ਗੁਲਾਮੀ ਦਾ ਵਿਰੋਧ ਕਰਦਿਆਂ ਸਾਰੇ ਅਮਰੀਕਾ ਵਿਚ ਘੁੰਮਦਾ ਰਿਹਾ। ਅਖੀਰ ਉਹ ਬੋਸਟਨ ਸ਼ਹਿਰ ਵਿਚ ਜਾ ਵਸਿਆ ਜਿੱਥੋਂ ਉਹਨੇ ਆਪਣੀਆਂ ਇਨਕਲਾਬੀ ਗਤੀਵਿਧੀਆਂ ਜਾਰੀ ਰੱਖੀਆਂ। ਪਰ ਉਸ ਆਜ਼ਾਦ ਕਹਾਉਂਦੇ ਸ਼ਹਿਰ ਵਿਚ ਵੀ ਕਾਲੇ ਅਮਰੀਕਨਾਂ ਨੂੰ ਨਸਲੀ ਵਿਤਕਰਿਆਂ ਦੀ ਮਾਰ ਪੈਂਦੀ ਰਹਿੰਦੀ ਸੀ। ਉਸ ਨੇ ਕਾਲੇ ਲੋਕਾਂ ਦੇ ਗੁਲਾਮੀ ਦੇ ਜੂੜ ਵੱਢਣ ਲਈ 1820 ਵਿਚ ਪੁਰਾਣੇ ਕਪੜਿਆਂ ਦੀ ਇਕ ਦੁਕਾਨ ਖੋਲ੍ਹ ਲਈ। ਬੋਸਟਨ ਵਿਚ ਉਹਨੇ ਕਾਲੇ ਲੀਡਰਾਂ ਨਾਲ ਗੂੜ੍ਹੇ ਰਿਸ਼ਤੇ ਕਾਇਮ ਕਰ ਲਏ ਅਤੇ ਕਈ ਅਜਿਹੀਆਂ ਸੰਸਥਾਵਾਂ ਨਾਲ ਰਾਬਤਾ ਕਾਇਮ ਕੀਤਾ ਜੋ ਗੁਲਾਮੀ ਵਿਰੋਧੀ ਲਹਿਰ ਚਲਾ ਰਹੀਆਂ ਸਨ। ਨਿਊ ਯਾਰਕ ਤੋਂ ਨਿਕਲਦਾ ਇਕ ਅਖਬਾਰ (Freedom's Journal) ਜਿਹੜਾ ਕਾਲਿਆਂ ਦੇ ਹੱਕਾਂ ਦੀ ਰਾਖੀ ਕਰਦਿਆਂ ਖ਼ਬਰਾਂ ਛਾਪਦਾ ਰਹਿੰਦਾ ਸੀ, ਨੂੰ ਵੀ ਉਸ ਨੇ ਆਪਣੇ ਲੇਖ ਭੇਜਣੇ ਜਾਰੀ ਰੱਖੇ। ਕੋਈ 7-8 ਸਾਲਾਂ ਵਿਚ ਉਹ ਬੋਸਟਨ ਵਿਚ ਕਾਲੇ ਗੁਲਾਮਾਂ ਦੀ ਬੁਲੰਦ ਆਵਾਜ਼ ਬਣਨ ਵਿਚ ਕਾਮਯਾਬ ਹੋ ਗਿਆ।

ਉਸ ਦੀ ਇਹ ਮਸ਼ਹੂਰ ਅਪੀਲ 1829 ਵਿਚ ਛਪੀ ਸੀ। ਆਪਣੇ ਗੁਲਾਮ ਭੈਣਾਂ-ਭਰਾਵਾਂ ਤਕ ਪਹੁੰਚਣ ਲਈ ਉਸ ਨੇ ਕਈ ਨਵੇਂ ਢੰਗ-ਤਰੀਕੇ ਅਪਨਾਏ। ਅਮਰੀਕਾ ਦੇ ਪੂਰਬੀ ਤਟ ਤੇ ਸਮੁੰਦਰੀ ਜਹਾਜ਼ਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਤੇ ਅਫ਼ਸਰਾਂ ਨਾਲ ਸੰਪਰਕ ਕਾਇਮ ਕੀਤੇ ਜੋ ਉਸ ਕੋਲੋਂ ਪੁਰਾਣੇ ਕਪੜੇ, ਅੱਗੇ ਵੇਚਣ ਲਈ ਖਰੀਦ ਲਿਜਾਂਦੇ ਸਨ। ਉਹ ਪੁਰਾਣੇ ਕਪੜਿਆਂ ਵਿਚ ਆਪਣੇ ਕਿਤਾਬਚੇ ਸਿਉਂ ਦਿੰਦਾ ਜਿਹੜੇ ਜਹਾਜ਼ ਦੇ ਪੜਾਵਾਂ ਰਾਹੀਂ ਹੋ ਕੇ ਦੂਰ ਦੁਰਾਡੇ ਖੇਤਾਂ ਵਿਚ ਕੰਮ ਕਰਦੇ ਕਾਲੇ ਗੁਲਾਮਾਂ ਦੇ ਹੱਥਾਂ ਵਿਚ ਪਹੁੰਚ ਜਾਂਦੇ। ਹੌਲੀ ਹੌਲੀ ਗੁਲਾਮ ਕਿਤਾਬਚੇ ਪੜ੍ਹ ਕੇ ਆਪਸ ਵਿਚ ਜੁੜਦੇ ਗਏ।

ਡੇਵਿਡ ਦੀ ਅਪੀਲ ਨੇ ਕਾਲੇ ਗੁਲਾਮਾਂ ਤੇ ਗੋਰੇ ਮਾਲਕਾਂ ਨੂੰ ਆਪੋ-ਆਪਣੇ ਅਸਰਾਂ ਨਾਲ ਪ੍ਰਭਾਵਿਤ ਕੀਤਾ। ਗੋਰਿਆਂ ਨੇ ਕਾਲੇ ਗੁਲਾਮਾਂ ਨੂੰ ਪੜ੍ਹਨ-ਲਿਖਣ ਤੋਂ ਰੋਕਣ ਲਈ ਤੇ ਕਿਤਾਬਚਿਆਂ 'ਤੇ ਪਾਬੰਦੀ ਲਾਉਣ ਲਈ ਕਾਨੂੰਨ ਬਣਵਾਏ ਜਦੋਂ ਕਿ ਕਿਤਾਬਚਿਆਂ ਵਿਚ ਲਿਖੇ ਸ਼ਬਦਾਂ ਨੇ ਗੁਲਾਮਾਂ ਵਿਚ ਜਾਗ੍ਰਿਤੀ, ਉਮੀਦ ਤੇ ਅਣਖ ਪੈਦਾ ਕੀਤੀ। ਗੋਰੇ ਮਾਲਕ ਡੇਵਿਡ ਦੀ ਜਾਨ ਦੇ ਦੁਸ਼ਮਣ ਬਣ ਗਏ ਅਤੇ ਉਸ ਦੇ ਸਿਰ ਦਾ ਇਨਾਮ 3000 ਡਾਲਰ ਰੱਖ ਦਿੱਤਾ। ਇਹ ਵੀ ਐਲਾਨ ਕਰਵਾ ਦਿੱਤਾ ਕਿ ਜਿਹੜਾ ਵੀ ਉਸ ਨੂੰ ਜਿਉਂਦਾ ਫੜ ਕੇ ਦੱਖਣੀ ਅਮਰੀਕਾ ਲਿਆਏਗਾ ਉਸ ਨੂੰ ਦਸ ਹਜ਼ਾਰ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਦੋਸਤਾਂ ਤੇ ਰਿਸ਼ਤੇਦਾਰਾਂ ਨੇ ਉਸ ਦੀ ਸੁਰਖਿਆ ਲਈ ਹੱਦ ਪਾਰ ਕਰਵਾ ਕੇ ਕੈਨੇਡਾ ਭੇਜਣ ਲਈ ਦਬਾਅ ਪਾਇਆ ਤਾਂ ਉਸ ਨੇ ਇਹ ਕਿਹਾ ਕਿ ਇਸ ਸੰਘਰਸ਼ ਨੇ ਕਿਸੇ ਨਾ ਕਿਸੇ ਦੀ ਜਾਨ ਜੇ ਲੈਣੀ ਹੀ ਹੈ ਤਾਂ ਉਹ ਮੈਂ ਕਿਉਂ ਨਹੀਂ? ਪਰ ਮੈਂ ਆਪਣੇ ਮਕਸਦ ਤੋਂ ਥਿੜਕਾਂਗਾ ਕਦੇ ਨਹੀਂ, ਤੇ ਇਸ ਨੂੰ ਆਪਣੀ ਜਾਨ ਦੇ ਕੇ ਵੀ ਕਾਇਮ ਰੱਖਾਂਗਾ। ਉਹ ਇਕ ਸੱਚੇ ਧਾਰਮਿਕ ਇਨਸਾਨ ਵਾਂਗ ਲੋਕ ਹੱਕ ਦੀ ਲਹਿਰ ਨੂੰ ਸਫ਼ਲ ਦੇਖਣਾ ਚਾਹੁੰਦਾ ਸੀ। ਉਸ ਲਈ ਇਹ ਧਰਮ ਦਾ ਕੰਮ ਹੀ ਸੀ।

ਇਹ ਅਪੀਲ ਛਪਣ ਤੋਂ ਪਿੱਛੋਂ ਕੁਝ ਹਫ਼ਤਿਆਂ ਅੰਦਰ ਹੀ ਇਸ ਦੀਆਂ ਅਨੇਕਾਂ ਕਾਪੀਆਂ ਸਵਾਨਾ ਤੇ ਜਾਰਜੀਆ ਵਰਗੇ ਇਲਾਕਿਆਂ ਵਿਚ ਪਹੁੰਚ ਗਈਆਂ ਜਿਥੇ ਕਾਲੇ ਗੁਲਾਮ ਆਪਣੇ ਮਾਲਕਾਂ ਹੱਥੋਂ ਜ਼ੁਲਮ ਸਹਿ ਰਹੇ ਸਨ ਤੇ ਉਸ ਪਿੱਛੋਂ ਕੁਝ ਮਹੀਨਿਆਂ 'ਚ ਬਾਕੀ ਸਟੇਟਾਂ ਵਿਚ ਵੀ ਜਾ ਪਹੁੰਚੀਆਂ। ਇਸ ਪਿੱਛੋਂ ਡੇਵਿਡ ਵਾਕਰ ਨੇ ਆਪਣੀ ਅਪੀਲ ਨੂੰ ਹੋਰ ਸੋਧ ਕੇ ਹੋਰ ਤਿੱਖਾ ਕੀਤਾ। ਇਸ ਅਪੀਲ ਨੇ ਗੁਲਾਮੀ ਦੀਆਂ ਜੜ੍ਹਾਂ ਪੁੱਟਣ ਵਿਚ ਬੜਾ ਵੱਡਾ ਯੋਗਦਾਨ ਪਾਇਆ। ਅਖੀਰ ਡੇਵਿਡ ਤੀਜੀ ਵਾਰ ਆਪਣੀ ਉਸ ਇਤਿਹਾਸਕ ਅਪੀਲ ਨੂੰ ਸੋਧਣ ਮਗਰੋਂ 1830 ਵਿਚ ਦੁਨੀਆਂ ਤੋਂ ਚਲਾ ਗਿਆ। ਡੇਵਿਡ ਨੇ ਕਲਮ ਨੂੰ ਗੁਲਾਮੀ ਦੇ ਜੂੜ ਕੱਟਣ ਵਾਲੀ ਤਲਵਾਰ ਬਣਾ ਲਿਆ ਸੀ!



*ਇਕ ਕਾਲੀ ਗੁਲਾਮ ਔਰਤ 'ਤੇ ਢਾਹਿਆ ਜਾ ਰਿਹਾ ਤਸ਼ੱਦਦ*

ਅਜਿਹਾ ਨਹੀਂ ਹੈ ਕਿ ਨਸਲੀ ਵਿਤਕਰੇ ਦੀ ਲੜਾਈ ਖਤਮ ਹੋ ਚੁੱਕੀ ਹੈ। ਇਸ ਦਾ ਪਰਛਾਵਾਂ ਅੱਜ ਵੀ ਰਾਸ਼ਟਰਪਤੀ ਦੀਆਂ ਦੋ ਮਹੀਨੇ ਮਗਰੋਂ ਹੋਣ ਵਾਲੀਆਂ ਚੋਣਾਂ ਲਈ ਰਿਪਬਲਿਕਨ ਤੇ ਡੈਮੋਕਰੈਟਾਂ ਵਿਚ ਹੋ ਰਹੀਆਂ ਬਹਿਸਾਂ ਤੇ ਦਾਅਵਿਆਂ ਵਿਚ ਵੀ ਨਜ਼ਰ ਆਉਂਦਾ ਹੈ! ਮਾਰਟਿਨ ਲੂਥਰ ਕਿੰਗ ਦਾ ਕਥਨ 'ਮੇਰਾ ਇਕ ਸੁਪਨਾ ਹੈ' ਸਾਕਾਰ ਕਦੋਂ ਹੋਵੇਗਾ? ਆਉਣ ਵਾਲਾ ਸਮਾਂ ਦੱਸ ਸਕੇਗਾ ਜਾਂ ਨਹੀਂ, ਇਕ ਅਹਿਮ ਸਵਾਲ ਬਣ ਕੇ ਅਜ ਵੀ ਸਾਹਮਣੇ ਖੜ੍ਹਾ ਹੈ। ਜੇ ਇਹ ਸਵਾਲ ਹੱਲ ਹੋ ਚੁੱਕਾ ਹੁੰਦਾ ਤਾਂ ਮਿਲਵਾਕੀ ਗੁਰਦੁਆਰੇ ਵਿਚ ਕੋਈ ਸਿਰ ਫਿਰਿਆ ਗੋਰਾ ਆ ਕੇ ਨਿਹੱਥੇ ਸਿੱਖਾਂ ਤੇ ਗੋਲੀਆਂ ਨਾ ਚਲਾਉਂਦਾ!

---

# ਨਸਲੀ ਵਿਤਕਰਾ: ਸਿੱਖਾਂ ਲਈ ਹੁਣ ਅਜ਼ਮਾਇਸ਼ ਦੀਆਂ ਘੜੀਆਂ

*(ਸਫਾ 15 ਦੀ ਬਾਕੀ)*

ਕਰਦਿਆਂ ਸਿੱਖਾਂ ਦੀਆਂ ਜਾਨਾਂ ਬਚਾਈਆਂ। ਹੈਰਾਨੀ ਤੇ ਦੁੱਖਦਾਈ ਗੱਲ ਉਦੋਂ ਹੋਈ, ਜਦੋਂ ਓਹਾਇਓ ਸਟੇਟ ਦੇ ਇਕ ਗੁਰੂਘਰ ਵਿਚ ਹੋਏ ਸਰਬ ਧਰਮ ਸੰਮੇਲਨ ਦੌਰਾਨ ਗੁਰਦੁਆਰਿਆਂ ਦੀ ਸਿਆਸਤ ਨਾਲ ਜੁੜਿਆ ਇਕ ਬੰਦਾ ਇਹ ਕਹਿੰਦਾ ਸੁਣਿਆ ਗਿਆ ਕਿ ਅਮਰੀਕਾ ਵਿਚ ਸਿੱਖ, ਸੰਤ ਦੇ ਨਾਲ-ਨਾਲ ਸਿਪਾਹੀ ਵੀ ਹਨ, ਇਸ ਲਈ ਸਿੱਖਾਂ ਨੂੰ ਵੱਧ ਤੋਂ ਵੱਧ ਹਥਿਆਰ ਖਰੀਦ ਕੇ ਸਿੱਖ-ਵਿਰੋਧੀ ਸ਼ਕਤੀਆਂ ਦਾ ਟਾਕਰਾ ਕਰਨਾ ਚਾਹੀਦਾ ਹੈ। ਸੋਚਣ ਵਾਲੀ ਗੱਲ ਹੈ ਕਿ ਇਸ ਦੁਖਾਂਤ ਮੌਕੇ ਸਿੱਖਾਂ ਦੇ ਦੁੱਖ ਵਿਚ ਸ਼ਰੀਕ ਹੋਣ ਆਏ ਦੂਜੇ ਧਰਮਾਂ ਦੇ ਧਾਰਮਿਕ ਆਗੂਆਂ ਸਾਹਮਣੇ ਅਜਿਹੀ ਫੋਕੀ ਬਿਆਨਬਾਜ਼ੀ ਕੀ ਸਾਡੇ ਸੱਭਿਅਕ ਹੋਣ ਉਤੇ ਪ੍ਰਸ਼ਨ ਚਿੰਨ੍ਹ ਨਹੀਂ ਲਾ ਰਹੀ? ਇਹੀ ਨਹੀਂ, ਬਹੁਤ ਸਾਰੇ ਸਿੱਖ ਆਗੂ ਆਖ ਰਹੇ ਹਨ ਕਿ ਕੰਮ-ਸਥਾਨਾਂ ਤੇ ਸੜਕਾਂ ਉਤੇ, ਬਾਜ਼ਾਰਾਂ, ਸਕੂਲਾਂ, ਕਾਲਜਾਂ ਤੇ ਹੋਰ ਥਾਈਂ ਸਾਡੇ ਬੱਚਿਆਂ ਨਾਲ ਮੁਸਲਮਾਨਾਂ ਦੇ ਭੁਲੇਖੇ ਵਿਤਕਰਾ ਹੋ ਰਿਹਾ ਹੈ। ਕੀ ਅਜਿਹੀਆਂ ਗੱਲਾਂ ਵਿਚੋਂ ਇਸ ਗੱਲ ਦੀ ਬੋਅ ਨਹੀਂ ਆ ਰਹੀ ਕਿ ਸਿੱਖਾਂ ਨਾਲ ਵਿਤਕਰਾ ਨਾ ਹੋਵੇ, ਮੁਸਲਮਾਨਾਂ ਨਾਲ ਜੇ ਵਿਤਕਰਾ ਹੁੰਦਾ ਹੈ ਤਾਂ ਹੁੰਦਾ ਰਹੇ। ਜੇ ਕਿਧਰੇ ਵਿਤਕਰਾ ਹੁੰਦਾ ਹੈ ਤਾਂ ਇਹ ਕਹਿਣ ਦੀ ਬਜਾਏ ਕਿ ਅਸੀਂ ਮੁਸਲਮਾਨ ਨਹੀਂ, ਸਾਨੂੰ ਇਨਸਾਨ ਤੇ ਅਮਰੀਕੀ ਸ਼ਹਿਰੀ ਹੋਣ ਨਾਤੇ ਉਸ ਖਿਲਾਫ਼ ਬੋਲਣਾ ਚਾਹੀਦਾ ਹੈ।

ਇਸ ਤੋਂ ਬਿਨਾਂ ਅਮਰੀਕਾ ਵਿਚ ਨਿਕਲਦੇ ਵੱਖੋ-ਵੱਖਰੇ ਨਗਰ ਕੀਰਤਨਾਂ ਦੌਰਾਨ ਕਈ ਥਾਂਵਾਂ ਉਤੇ ਜਿਵੇਂ ਅਸੀਂ ਸ਼ਕਤੀ ਪ੍ਰਦਰਸ਼ਨ ਕਰਦੇ ਹਾਂ, ਉਹ ਵੀ ਸ਼ੋਭਾ ਨਹੀਂ ਦਿੰਦਾ। ਕੁਝ ਲੋਕ ਇਸ ਨਾਲ ਸਹਿਮਤ ਨਹੀਂ ਹੋਣਗੇ ਪਰ ਇਹ ਸੱਚ ਹੈ ਕਿ ਕਈ ਕੰਮ ਅਸੀਂ ਅਜਿਹੇ ਕਰਦੇ ਹਾਂ ਜੋ ਸੱਭਿਅਕ ਤੇ ਆਜ਼ਾਦ ਸਮਾਜ ਵਿਚ ਸ਼ੋਭਾ ਨਹੀਂ ਦਿੰਦੇ। ਨਗਰ ਕੀਰਤਨ ਦੌਰਾਨ ਪੰਜ ਪਿਆਰਿਆਂ ਦੇ ਹੱਥਾਂ ਵਿਚ ਫੜੀਆਂ ਕਿਰਪਾਨਾਂ ਸ਼ੋਭਾ ਦਿੰਦੀਆਂ ਹਨ; ਇਸ ਦਾ ਇਤਿਹਾਸ ਵੀ ਹੈ ਤੇ ਰਵਾਇਤ ਵੀ; ਪਰ ਹੁਣ ਅਸੀਂ ਮੁੰਡੇ-ਕੁੜੀਆਂ ਦੀ ਪੂਰੀ ਟੀਮ ਨੰਗੀਆਂ ਕਿਰਪਾਨਾਂ ਲੈ ਕੇ ਨਾਲ ਤੋਰ ਲੈਂਦੇ ਹਾਂ। ਗੁਰੂਘਰ ਦੀ ਸਿਆਸਤ ਕਰਨ ਵਾਲੇ ਲੋਕ ਵੀ ਪੂਰੇ ਨਗਰ ਕੀਰਤਨ ਦੌਰਾਨ ਕਿਰਪਾਨਾਂ ਅਤੇ ਤੀਰ ਚੁੱਕੀ ਫਿਰਦੇ ਹਨ। ਕਈ ਵਾਰ ਨਗਰ ਕੀਰਤਨ ਦੌਰਾਨ ਲਾਏ ਜਾਂਦੇ ਭੜਕੀਲੇ ਨਾਅਰੇ ਨਾ ਸੱਭਿਆਚਾਰ ਦੇ ਤੌਰ 'ਤੇ ਠੀਕ ਹੁੰਦੇ ਹਨ ਤੇ ਨਾ ਅਮਰੀਕਨ ਕਾਨੂੰਨ ਮੁਤਾਬਕ। ਨਗਰ ਕੀਰਤਨਾਂ ਦੌਰਾਨ ਕਈ ਵਾਰ ਦੁਕਾਨਦਾਰ ਗੈਰ-ਕਾਨੂੰਨੀ ਛੇ-ਛੇ ਫੁੱਟੀਆਂ ਕਿਰਪਾਨਾਂ ਵੇਚਦੇ ਹਨ। ਨਗਰ ਕੀਰਤਨ ਦੇ ਪਰਮਿਟ ਜਾਰੀ ਕਰਨ ਲੱਗਿਆਂ ਪ੍ਰਬੰਧਕਾਂ ਨੂੰ ਅਕਸਰ ਸਥਾਨਕ ਪੁਲਿਸ ਅਧਿਕਾਰੀ ਅਜਿਹਾ ਨਾ ਕਰਨ ਦੀਆਂ ਹਦਾਇਤਾਂ ਵੀ ਕਰਦੇ ਹਨ ਤੇ ਬੇਨਤੀਆਂ ਵੀ ਕਰਦੇ ਹਨ, ਪਰ ਸਾਡੇ ਗੁਰੂਘਰਾਂ ਦੇ ਪ੍ਰਬੰਧਕ ਅਕਸਰ ਇਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਦੇ ਹਨ। ਇਹੀ ਕਿਰਪਾਨਾਂ ਕਈ ਵਾਰ ਗੁਰੂਘਰਾਂ ਵਿਚ ਜਾਂ ਨਗਰ ਕੀਰਤਨਾਂ ਵਿਚ ਹੁੰਦੀਆਂ ਲੜਾਈਆਂ ਵਿਚ ਵਰਤੀਆਂ ਜਾਂਦੀਆਂ ਹਨ। ਇਹ ਸਭ ਦੂਜੇ ਭਾਈਚਾਰਿਆਂ ਵਿਚ ਸਿੱਖਾਂ ਦਾ ਅਕਸ ਖ਼ਰਾਬ ਕਰਦਾ ਹੈ।

ਇਸ ਤੋਂ ਇਲਾਵਾ ਇੰਟਰਨੈਟ ਉਤੇ ਸਿੱਖਾਂ ਦੀਆਂ ਅਜਿਹੀਆਂ ਕਈ ਵੈਬਸਾਈਟਾਂ ਹਨ ਜੋ ਸਾਨੂੰ ਤਾਲਿਬਾਨ ਦੀ ਕਤਾਰ ਵਿਚ ਲਿਜਾ ਖੜ੍ਹਾ ਕਰਦੀਆਂ ਹਨ। ਸਿੱਖ ਧਰਮ ਇਕ ਨਵੀਨ, ਨਿਵੇਕਲਾ ਤੇ ਉਦਾਰਵਾਦੀ ਧਰਮ ਹੈ। ਇਸ ਵਿਚ ਸ਼ਰਧਾ ਤੇ ਆਸਥਾ ਰੱਖਣ ਵਾਲਿਆਂ ਦਾ ਵੱਡਾ ਫ਼ਰਜ਼ ਇਹੋ ਹੈ ਕਿ ਅਜਿਹਾ ਕੁਝ ਨਾ ਕੀਤਾ ਜਾਵੇ ਜਿਸ ਕਾਰਨ ਦੂਜੇ ਧਰਮਾਂ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ ਜਾਂ ਨਸਲੀ ਨਫ਼ਰਤ ਕਰਨ ਵਾਲੇ ਲੋਕਾਂ ਨੂੰ ਆਪਣੇ ਖ਼ਿਲਾਫ਼ ਪ੍ਰਚਾਰ ਕਰਨ ਦਾ ਮੌਕਾ ਮਿਲੇ। ਜੇ ਸਮੂਹਿਕ ਕਤਲਾਂ ਦੀਆਂ ਪਿਛਲੀਆਂ ਘਟਨਾਵਾਂ ਦੇਖੀਆਂ ਜਾਣ ਤਾਂ ਇਨ੍ਹਾਂ ਨੂੰ ਅੰਜ਼ਾਮ ਦੇਣ ਵਾਲੇ ਬਹੁਤੇ ਸਾਬਕਾ ਫੌਜੀ ਹਨ। ਭਾਰਤੀ ਖਾਸ ਕਰ ਕੇ ਸਿੱਖ, ਅਮਰੀਕਾ ਦੀ ਫੌਜ ਵਿਚ ਨਾਂਹ ਦੇ ਬਰਾਬਰ ਹਨ। ਨਾ ਤਾਂ ਸਾਨੂੰ ਬਹੁਤਾ ਫੌਜ ਜਾਂ ਫੌਜੀਆਂ ਦੀਆਂ ਮੁਸ਼ਕਲਾਂ ਬਾਰੇ ਪਤਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਸਾਡੇ ਬਾਰੇ। ਸਾਡੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਜਾਂ ਹੋਰ ਆਗੂਆਂ ਨੂੰ ਚਾਹੀਦਾ ਹੈ ਕਿ ਫੌਜ ਵਿਚ ਵੱਡੇ ਕਾਰਨਾਮੇ ਕਰਨ ਵਾਲੇ ਫੌਜੀਆਂ ਨੂੰ ਗੁਰੂਘਰਾਂ ਵਿਚ ਸੱਦ ਕੇ ਉਨ੍ਹਾਂ ਦਾ ਬਣਦਾ ਇੱਜ਼ਤਮਾਨ ਕਰਨ; ਸ਼ਹੀਦ ਹੋਏ ਫੌਜੀਆਂ ਦੀਆਂ ਅੰਤਿਮ ਰਸਮਾਂ ਵਿਚ ਵੀ ਸ਼ਾਮਲ ਹੋਣ। ਗੁਰੂਘਰਾਂ ਵਿਚ ਵੱਧ ਤੋਂ ਵੱਧ ਸਰਬ ਧਰਮ ਸੰਮੇਲਨ ਕੀਤੇ ਜਾਣ ਤੇ ਇਨ੍ਹਾਂ ਵਿਚ ਨਵੀਂ ਪੀੜ੍ਹੀ ਨੂੰ ਅੱਗੇ ਲਿਆਂਦਾ ਜਾਵੇ।

ਓਕ ਕਰੀਕ ਦੁਖਾਂਤ ਵਿਚ ਦੇਖਿਆ ਗਿਆ ਕਿ ਸਾਡੀ ਨਵੀਂ ਪੀੜ੍ਹੀ ਦਾ ਰੋਲ ਬਹੁਤ ਸਲਾਹੁਣਯੋਗ ਸੀ ਜਦ ਕਿ ਪੁਰਾਣੀ ਪੀੜ੍ਹੀ ਦਾ ਅਜੇ ਵੀ ਉਹੀ ਰੋਣਾ-ਧੋਣਾ ਹੈ। ਉਹ ਅਜੇ ਵੀ ਆਪਣੀ ਨੇਤਾਗਿਰੀ ਚਮਕਾਉਣ ਲਈ ਇਕ-ਦੂਜੇ ਦੀ ਪਿੱਠ ਖੁਰਕਣ ਦੀ ਮਰਜ਼ ਦਾ ਸ਼ਿਕਾਰ ਹਨ। ਦੇਸ਼ ਵਿਚ ਸਮੂਹਿਕ ਕਤਲਾਂ 'ਤੇ ਕਾਬੂ ਪਾਉਣ ਲਈ ਜਿਹੜੇ ਗਰੁਪ ਨਵਾਂ ਤੇ ਅਸਰਦਾਰ 'ਗੰਨ ਲਾਅ' ਬਣਾਉਣ ਦੀ ਵਕਾਲਤ ਕਰਦੇ ਹਨ, ਉਨ੍ਹਾਂ ਦਾ ਸਾਥ ਦਿੱਤਾ ਜਾਵੇ ਤਾਂ ਕਿ ਵੱਡੇ ਮੈਗਜ਼ੀਨ ਤੇ ਗੰਨਾਂ ਬਾਜ਼ਾਰ ਵਿਚੋਂ ਬੰਦ ਹੋ ਸਕਣ। ਸਮੂਹਿਕ ਕਤਲ ਕਰਨ ਵਾਲੇ ਅਕਸਰ ਅਜਿਹੇ ਹਥਿਆਰ ਵਰਤਦੇ ਹਨ। ਵੱਖੋ-ਵੱਖਰੇ ਸਰਵੇਖਣਾਂ ਵਿਚ ਸਮੂਹਿਕ ਕਤਲ ਕਰਨ ਵਾਲੇ ਕਾਤਲਾਂ ਨੂੰ ਮਨੋਵਿਗਿਆਨਿਕ ਪੱਖੋਂ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਹਨ ਸਾਈਕੋਪੈਥ ਜੋ ਜੁਰਮ ਕਰਨ ਤੋਂ ਪਹਿਲਾਂ ਕੋਈ ਸੰਕੇਤ ਨਹੀਂ ਦਿੰਦੇ। ਇਨ੍ਹਾਂ ਦਾ ਮਨ ਪੜ੍ਹਨਾ ਔਖਾ ਹੁੰਦਾ ਹੈ। ਦੂਜੇ ਹਨ ਸਾਇਕੋਟਿਕਸ ਅਤੇ ਤੀਜੇ ਸੂਇਸਾਇਡਲ ਡਿਪਰੈਸਡ। ਮਗਰਲੀਆਂ ਦੋਵੇਂ ਕਿਸਮਾਂ ਦੇ ਲੋਕ ਕਿਸੇ ਨਾ ਕਿਸੇ ਰੂਪ ਵਿਚ ਵੱਡੇ ਕਾਰੇ ਤੋਂ ਪਹਿਲਾਂ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਦੇ ਹਨ। ਅਜਿਹੇ ਲੋਕਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਇਸ ਲਈ ਗੁਰੂਘਰਾਂ ਨੂੰ ਆਪਣੀ ਨਵੀਂ ਪੀੜ੍ਹੀ ਦਾ ਸਹਾਰਾ ਲੈਣਾ ਚਾਹੀਦਾ ਹੈ। ਅੱਜ ਦੇ ਹਾਲਾਤ ਮੁਤਾਬਕ ਨਵੀਂ ਪੀੜ੍ਹੀ ਨੂੰ ਗੁਰੂਘਰਾਂ ਨਾਲ ਜੋੜਨ ਦੀ ਲੋੜ ਹੈ ਜੋ ਪੁਰਾਣੇ ਲੋਕ ਅਕਸਰ ਨਹੀਂ ਕਰਦੇ। ਨਵੀਂ ਪੀੜ੍ਹੀ ਨੂੰ ਗੁਰੂਘਰਾਂ ਨਾਲ ਜੋੜਨ ਲਈ ਧਾਰਮਿਕ ਕੰਮਾਂ ਦੇ ਨਾਲ-ਨਾਲ ਸਮਾਜਕ ਕੰਮ ਕਰਨ ਦੀ ਵੀ ਲੋੜ ਹੈ।

9/11 ਦੇ ਘਟਨਾਕ੍ਰਮ ਨਾਲ ਵਿਦੇਸ਼ੀ ਅਤਿਵਾਦ ਦਾ ਕਰੂਰ ਚਿਹਰਾ ਸਾਹਮਣੇ ਆਇਆ ਸੀ। ਉਸ ਦਾ ਸਾਨੂੰ ਪਤਾ ਹੈ, ਪਰ ਮਿਲਵਾਕੀ ਵਿਚ ਹਮਲਾ ਕਰਨ ਵਾਲੇ ਪੇਜ ਜਾਂ ਓਕਲਾਹੋਮਾ ਵਿਚ ਕਤਲੋਗਾਰਤ ਕਰਨ ਵਾਲੇ ਟਿਮੋਥੀ ਵਰਗੇ ਲੋਕ ਅਮਰੀਕਾ ਲਈ ਵੱਧ ਖ਼ਤਰਨਾਕ ਹਨ ਜੋ ਦੇਸ਼ ਵਿਚ ਹੀ ਨਸਲੀ ਨਫ਼ਰਤ ਕਾਰਨ ਅਤਿਵਾਦ ਦੇ ਰਾਹ ਪਏ ਹਨ। ਇਨ੍ਹਾਂ ਦਾ ਮੁਕਾਬਲਾ ਸਭ ਅਮਰੀਕਨ ਇਕ-ਦੂਜੇ ਦੇ ਸਹਿਯੋਗ ਨਾਲ ਹੀ ਕਰ ਸਕਦੇ ਹਨ।

ਸਿੱਖਾਂ ਦੇ ਆਗੂਆਂ ਤੇ ਸਿੱਖ ਸੰਸਥਾਵਾਂ ਨੂੰ ਵੀ ਸਵੈ-ਪੜਚੋਲ ਕਰਨੀ ਚਾਹੀਦੀ ਹੈ। ਗੁਰੂ ਘਰਾਂ ਵਿਚ ਖੂਨੀ ਲੜਾਈ-ਝਗੜੇ ਸਾਡੀ ਕੋਈ ਸ਼ਾਨ ਨਹੀਂ ਬਣਾਉਂਦੇ। ਜੇ ਅਸੀਂ ਕਿਧਰੇ ਥਾਮਸ ਜੈਫ਼ਰਸਨ ਵੱਲੋਂ ਦਿਵਾਈ ਧਾਰਮਿਕ ਆਜ਼ਾਦੀ ਦੇ ਨਾਲ ਧਾਰਮਿਕ ਫਰਜ਼ਾਂ ਦੀ ਅਵੱਗਿਆ ਕਰਦੇ ਹਾਂ ਤਾਂ ਉਨ੍ਹਾਂ ਨੂੰ ਠੀਕ ਕਰਨ ਵਿਚ ਹੀ ਸਭ ਦਾ ਭਲਾ ਹੈ। ਕੁਝ ਮਾਮਲਿਆਂ ਵਿਚ ਦੇਖਿਆ ਗਿਆ ਕਿ ਸਿੱਖਾਂ ਦੇ ਦੂਜੇ ਫਿਰਕੇ ਦੇ ਲੋਕਾਂ ਨਾਲ ਕਿਸੇ ਕਾਰਨ ਤਕਰਾਰ ਹੋਏ ਤਾਂ ਉਨ੍ਹਾਂ ਨੂੰ ਨਸਲੀ ਵਿਤਕਰੇ ਦੀ ਲੇਪ ਚਾੜ੍ਹਨ ਦੀ ਕੋਸ਼ਿਸ਼ ਕੀਤੀ ਗਈ। ਇਹ ਸਰਾਸਰ ਗਲਤ ਹੈ। ਅਜਿਹਾ ਕਰਨ ਨਾਲ ਸ਼ਲਾਘਾਯੋਗ ਕੰਮ ਕਰਨ ਵਾਲੀਆਂ ਜਥੇਬੰਦੀਆਂ ਦੇ ਕਾਰਜਾਂ ਉਤੇ ਵੀ ਸਵਾਲੀਆ ਨਿਸ਼ਾਨ ਲਗਦਾ ਹੈ।

# ਕਿਜ਼ਲਬਾਸ਼ ਜੱਲਾਦ ਅਸਵਾਰ ਖ਼ੂਨੀ...

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਰੂਸ, ਚੀਨ, ਮੰਗੋਲੀਆ ਅਤੇ ਕਜ਼ਾਖਸਤਾਨ ਦੇਸ਼ਾਂ ਦੇ ਮਿਲਣ ਸਥਾਨ 'ਤੇ ਇਕ ਬਹੁਤ ਖੂਬਸੂਰਤ ਪਹਾੜ ਵਾਕਿਆ ਹੈ ਜਿਸ ਦਾ ਨਾਂ ਹੈ 'ਅਲਤਾਈ'। ਤੁਰਕ ਅਤੇ ਮੰਗੋਲ ਭਾਸ਼ਾਵਾਂ ਵਿਚ ਅਲਤਾਈ ਦਾ ਅਰਥ 'ਸੁਨਹਿਰੀ ਪਰਬਤ' ਹੁੰਦਾ ਹੈ: ਅਲ=ਸੋਨਾ, ਤਾਈ=ਪਰਬਤ। ਭਾਸ਼ਾ-ਵਿਗਿਆਨੀਆਂ ਨੇ ਇਸ ਖਿੱਤੇ ਦੇ ਨਾਂ ਤੇ 'ਅਲਤਾਇਕ ਭਾਸ਼ਾ-ਸਮੂਹ' ਦਾ ਨਾਂ ਤਜਵੀਜ਼ ਕੀਤਾ ਹੈ। ਇਸ ਵਿਚ ਉਤਰ-ਪੂਰਬੀ ਏਸ਼ੀਆ, ਮਧ ਏਸ਼ੀਆ, ਅਨਾਤੋਲੀਆ, ਅਤੇ ਪੂਰਬੀ ਯੂਰਪ ਦੇਸ਼ਾਂ ਦੀਆਂ ਬੇਸ਼ੁਮਾਰ ਭਾਸ਼ਾਵਾਂ ਜਿਵੇਂ ਤੁਰਕ, ਮੰਗੋਲ, ਮਾਂਚੂ-ਤੁੰਗਸ, ਜਪਾਨੀ ਅਤੇ ਕੋਰਿਆਈ ਸ਼ਾਮਿਲ ਹਨ। ਅਸਲ ਵਿਚ ਇਨ੍ਹਾਂ ਭਾਸ਼ਾਵਾਂ ਦਾ ਮੁਢਲਾ ਸ਼ਬਦ-ਭੰਡਾਰ ਸਾਂਝਾ ਹੈ ਜੋ ਦੋ ਵੱਡੇ ਭਾਸ਼ਾਈ ਪਰਿਵਾਰਾਂ, ਹਿੰਦ-ਆਰਿਆਈ ਅਤੇ ਸਾਮੀ ਨਾਲੋਂ ਵੱਖਰਾ ਹੈ। ਇਸ ਭਾਸ਼ਾਈ ਅਤੇ ਭੂਗੋਲਿਕ ਖਿੱਤੇ ਦੀ ਭਾਰਤ ਸਮੇਤ ਦੁਨੀਆਂ ਭਰ ਦੇ ਇਤਿਹਾਸ ਵਿਚ ਮਹੱਤਵਪੂਰਨ ਭੂਮਿਕਾ ਰਹੀ ਹੈ। ਉਸਮਾਨੀ ਸਾਮਰਾਜ ਸਮੇਂ ਅਨਾਤੋਲੀਆ ਅਤੇ ਕੁਰਦਿਸਤਾਨ ਵਿਚ ਸੋਲ੍ਹਵੀਂ ਸਦੀ ਵਿਚ ਸ਼ੀਆ ਮੁਸਲਮਾਨਾਂ ਦੇ ਬਹੁਤ ਸਾਰੇ ਦਸਤਿਆਂ ਨੂੰ ਰਲਾ ਕੇ ਇਕ ਬਹੁਤ ਹੀ ਖਾੜਕੂ ਜਥੇਬੰਦੀ ਕਾਇਮ ਕੀਤੀ ਗਈ ਜਿਸ ਦਾ ਨਾਂ ਸੀ 'ਕਿਜ਼ਲਬਾਸ਼'। ਇਸ ਦੇ ਸ਼ਾਬਦਿਕ ਅਰਥ ਹਨ 'ਕਿਰਮਚੀ ਸਿਰ'। ਅਸੀਂ ਇਸ ਦਾ ਅਨੁਵਾਦ 'ਲਾਲਸਿਰੇ' ਵੀ ਕਰ ਸਕਦੇ ਹਾਂ। ਉਨ੍ਹਾਂ ਦੇ 'ਤਾਜ' ਦੇ ਬਾਰਾਂ ਤਿਕੋਨੇ ਕਿੰਗਰੇ ਹੁੰਦੇ ਸਨ। ਇਸ ਦਾ ਭਾਵ ਹੈ ਕਿ ਕਿਜ਼ਲਬਾਸ਼ ਆਪਣੇ ਮਤ ਅਨੁਸਾਰ ਪੈਗੰਬਰ ਮੁਹੰਮਦ ਦੇ ਜਾਂਨਸ਼ੀਨ 'ਇਥਨਾ ਅਸ਼ਾਰੀਆ ਇਮਾਮਾਂ' (ਬਾਰਾਂ ਇਮਾਮ) ਅਤੇ ਸ਼ੇਖ ਹੈਦਰ ਦੇ ਅਨੁਆਈ ਅਤੇ ਵਫ਼ਾਦਾਰ ਸਨ। ਅਰਬੀ ਵਿਚ ਇਥਨਾਅਸ਼ਰ ਦਾ ਮਤਲਬ ਬਾਰਾਂ ਹੁੰਦਾ ਹੈ।

ਕ੍ਰਿਸ਼ਮਈ ਸ਼ਖਸੀਅਤ ਵਾਲਾ ਸ਼ੇਖ ਹੈਦਰ ਪਹਿਲਾਂ ਸੂਫੀ ਸੀ ਜਿਸ ਨੇ ਆਪਣਾ ਵਖਰਾ 'ਸਫਵੀ' ਸਿਲਸਿਲਾ ਸਥਾਪਤ ਕੀਤਾ। ਬਾਅਦ ਵਿਚ ਉਸ ਵਲੋਂ ਚਲਾਈ ਸਫਵੀ ਲਹਿਰ ਖਾੜਕੂ ਹੋ ਗਈ ਜਿਸ ਵਿਚ ਕਿਜ਼ਲਬਾਸ਼ ਦੀ ਭੂਮਿਕਾ ਫੈਸਲਾਕੁਨ ਸੀ। ਇਥੋਂ ਤੱਕ ਕਿ ਇਹ ਉਸਮਾਨੀ ਸਾਮਰਾਜ ਨੂੰ ਚੁਣੌਤੀ ਦੇਣ ਲਗ ਪਈ। ਇਸ ਲਹਿਰ ਦੇ ਬਲਬੂਤੇ ਇਕ ਵਖਰਾ ਸਫਵੀ ਵੰਸ਼ ਕਾਇਮ ਹੋ ਗਿਆ ਜਿਸ ਦਾ ਸਾਮਰਾਜ ਮਧ ਏਸ਼ੀਆ ਦੇ ਚੋਖੇ ਹਿੱਸੇ ਵਿਚ ਪਸਰ ਗਿਆ। ਇਹ 16ਵੀਂ ਤੋਂ 18ਵੀਂ ਸਦੀ ਤੱਕ ਚਲਦਾ ਰਿਹਾ।

ਭਾਵੇਂ ਇਸ ਖਾੜਕੂ ਜਥੇਬੰਦੀ ਲਈ ਕਿਜ਼ਲਬਾਸ਼ ਸ਼ਬਦ ਦੀ ਘਾੜਤ ਉਨ੍ਹਾਂ ਦੇ ਉਸਮਾਨੀ ਸੁੰਨੀ ਦੁਸ਼ਮਣਾਂ ਨੇ ਕੀਤੀ ਪਰ ਇਸ ਜਥੇਬੰਦੀ ਨੇ ਬੜੇ ਫ਼ਖਰ ਨਾਲ ਖੁਦ ਇਹ ਸ਼ਬਦ ਅਪਨਾ ਲਿਆ। ਇਹ ਲੋਕ ਅਜ਼ਰਬਾਈਜਾਨ ਦੇ ਰਹਿਣ ਵਾਲੇ ਸਨ ਤੇ ਤੁਰਕੀ ਭਾਸ਼ਾ ਬੋਲਦੇ ਸਨ। ਉਹ ਸ਼ੇਖ ਹੈਦਰ ਤੇ ਉਸ ਦੇ ਜਾਂਨਸ਼ੀਨ ਸ਼ੇਖਾਂ ਦੇ ਮੁਰੀਦ ਸਨ ਤੇ ਉਨ੍ਹਾਂ ਨੂੰ ਮੁਰਸ਼ਦੇ ਕਾਮਿਲ ਮੰਨਦੇ ਸਨ। ਰਾਜ ਸਥਾਪਤ ਹੋਣ ਪਿਛੋਂ ਉਹ ਪਾਦਸ਼ਾਹ ਕਹਾਏ। ਇਸ ਤਰ੍ਹਾਂ ਪੀਰ-ਮੁਰੀਦ ਦੇ ਸਬੰਧ ਰਾਜਸੀ ਸਮੀਕਰਣ ਵਿਚ ਵਟ ਗਏ। ਕਿਜ਼ਲਬਾਸ਼ ਮਧ ਏਸ਼ੀਆ ਦੇ ਇਤਿਹਾਸ ਵਿਚ ਕਰੂਰ, ਖੂੰਖਾਰ ਲੜਾਕਿਆਂ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਦੇ ਮਾਅਰਕਿਆਂ ਕਾਰਨ ਮਧ ਏਸ਼ੀਆ ਵਿਚ ਇਤਿਹਾਸ ਸਿਰਜਿਆ ਗਿਆ। ਉਸਮਾਨੀ ਹਾਕਮਾਂ ਅਤੇ ਕਿਜ਼ਲਬਾਸ਼ ਵਿਚਕਾਰ ਖੜਕਦੀ ਹੀ ਰਹਿੰਦੀ, ਇਕ ਵਾਰ ਤਾਂ ਇਹ ਬੁਰੀ ਤਰ੍ਹਾਂ ਹਾਰ ਹੀ ਗਏ। ਇਨ੍ਹਾਂ ਨੇ ਅਫ਼ਗਾਨਿਸਤਾਨ ਤੋਂ ਭਾਰਤ ਤੱਕ ਫੈਲਿਆ ਦੁਰਾਨੀ ਦਾ ਸਾਮਰਾਜ ਸਥਾਪਤ ਕਰਨ ਵਿਚ ਵੀ ਜ਼ਬਰਦਸਤ ਭੂਮਿਕਾ ਨਿਭਾਈ। ਕਿਜ਼ਲਬਾਸ਼ ਇਤਿਹਾਸ ਵਿਚ ਆਉਂਦੇ ਹੋਰ ਖਾੜਕੂ ਗਿਰੋਹਾਂ ਵਾਂਗ ਸਹਿਜੇ ਸਹਿਜੇ ਖਿੰਡਰ ਗਏ ਤੇ ਭਾੜੇ ਦੇ ਸਿਪਾਹੀ ਬਣ ਕੇ ਰਹਿ ਗਏ। ਉਨ੍ਹਾਂ ਬਾਬਰ ਦੀਆਂ ਮੁਹਿੰਮਾਂ ਵਿਚ ਉਸ ਦੀ ਸਹਾਇਤਾ ਕੀਤੀ। ਬਾਬਰ ਨੇ ਉਨ੍ਹਾਂ ਨੂੰ ਅਫਗਾਨਿਸਤਾਨ ਵਿਚ ਵੱਡੇ ਵੱਡੇ ਅਹੁਦੇ ਦੇ ਕੇ ਨਵਾਜਿਆ। ਬਹੁਤ ਸਾਰੇ ਕਿਜ਼ਲਬਾਸ਼ ਭਾਰਤ ਵਿਚ ਵੀ ਆ ਗਏ। ਹੁਣ ਕਿਜ਼ਲਬਾਸ਼ਾਂ ਦੀ ਔਲਾਦ ਰਾਜਸੀ ਸ਼ਕਤੀ ਗੁਆ ਬੈਠੀ ਹੈ ਤੇ ਹੋਰ ਦੁਨੀਆਂ ਵਾਲੇ ਧੰਦੇ ਕਰਨ ਡਹਿ ਪਈ ਹੈ। ਵਾਰਿਸ ਸ਼ਾਹ ਦੇ ਜ਼ਮਾਨੇ ਵਿਚ ਇਹ ਘਟੋ ਘਟ ਦਾਨਿਸ਼ਵਰਾਂ ਦੀ ਦੁਨੀਆਂ ਵਿਚ ਜਾਣੇ ਜਾਂਦੇ ਹੋਣਗੇ। ਵਾਰਿਸ ਨੇ ਆਪਣੇ ਕਿੱਸੇ ਵਿਚ ਪੰਡਤਾਊਪੁਣੇ ਦਾ ਬੇਹੱਦ ਵਿਖਾਵਾ ਕੀਤਾ ਹੈ। ਹੀਰ ਦੀ ਖੂਬਸੂਰਤੀ ਬਿਆਨ ਕਰਨ ਵਿਚ ਇਸ ਪੰਡਤਾਊਪੁਣੇ ਦਾ ਅਤਿਕਥਨੀ ਦੀ ਹੱਦ ਤੱਕ ਪ੍ਰਗਟਾਵਾ ਹੋਇਆ ਹੈ। ਇਸ ਸਿਲਸਿਲੇ ਵਿਚ ਹੀ ਕਿਜ਼ਲਬਾਸ਼ ਸ਼ਬਦ ਵਰਤਿਆ ਗਿਆ ਹੈ। ਹੀਰ ਦਾ ਹੁਸਨ ਕਹਿਰ ਦਾ ਹੈ,

ਇਸ਼ਕ ਬੋਲਦਾ ਨਢੀ ਦੇ ਥਾਉਂ ਥਾਂਈਂ,
ਰਾਗ ਨਿਕਲੇ ਜ਼ੀਲ ਦੀ ਤਾਰ ਵਿਚੋਂ।
ਕਿਜ਼ਲਬਾਸ਼ ਜੱਲਾਦ ਅਸਵਾਰ ਖੂਨੀ,
ਨਿਕਲ ਗਿਆ ਏ ਉੜਦ ਬਾਜ਼ਾਰ ਵਿਚੋਂ।

ਦੂਜੀ ਪੰਕਤੀ ਦੇ ਅਰਥ ਦੋ ਤਰ੍ਹਾਂ ਕੀਤੇ ਜਾ ਸਕਦੇ ਹਨ। ਪਹਿਲਾ, ਦਰਸ਼ਕ ਉਤੇ ਹੀਰ ਦੇ ਹੁਸਨ ਦੀ ਮਾਰ ਛਾਉਣੀ ਵਿਚ ਭੌਂਦੇ ਫਿਰਦੇ ਕਹਿਰਵਾਨ ਕਿਜ਼ਲਬਾਸ਼ ਦੇ ਖੂਨੀ ਵਾਰ ਦੀ ਤਰ੍ਹਾਂ ਹੁੰਦੀ ਹੈ। ਦੂਜਾ, ਹੀਰ ਦਾ ਹੁਸਨ ਏਨਾ ਕਹਿਰਵਾਨ ਹੈ ਜਾਣੋ ਖੂੰਖਾਰ ਕਿਜ਼ਲਬਾਸ਼ ਵੀ ਉਸ ਦਾ ਵਾਰ ਨਾ ਸਹਿੰਦਾ ਹੋਇਆ ਛਾਉਣੀ ਦੇ ਬਾਜ਼ਾਰ ਵੱਲ ਦੌੜ ਗਿਆ ਹੈ। ਹੀਰ ਦੇ ਹੁਸਨ ਦੀ ਸਿਫ਼ਤ ਕਿਜ਼ਲਬਾਸ਼ ਨਾਲ ਜੋੜ ਕੇ ਕਰਨ ਵਾਲੀ ਗੱਲ ਆਮ ਆਦਮੀ ਦੇ ਢਿਡ ਵਿਚ ਪੈਣ ਵਾਲੀ ਨਹੀਂ ਹੈ, ਇਸ ਦੇ ਮੁਕਾਬਲੇ ਪੀਲੂ ਕਿੰਨੇ ਲੌਕਿਕ ਅਲੰਕਾਰ ਵਰਤਦਾ ਹੈ,

ਸਾਹਿਬਾਂ ਗਈ ਤੇਲ ਨੂੰ,
ਗਈ ਪਸਾਰੀ ਦੀ ਹੱਟ।
ਤੇਲ ਭੁਲਾਵੇਂ ਭੁਲਾ ਬਾਣੀਆ,



ਕਿਜ਼ਲਬਾਸ਼

ਦਿੱਤਾ ਸ਼ਹਿਦ ਉਲੱਟ।

ਖੈਰ, ਸਾਡਾ ਸਰੋਕਾਰ ਕਿਜ਼ਲਬਾਜ਼ ਸ਼ਬਦ ਨਾਲ ਹੈ ਜੋ ਉਪਰ ਦੱਸੇ ਅਲਤਾਇਕ ਭਾਸ਼ਾ ਪਰਿਵਾਰ ਵਿਚੋਂ ਹੈ। ਇਹ ਦੋ ਜੁਜ਼ਾਂ ਕਿਜ਼ਲ+ਬਾਸ਼ ਤੋਂ ਬਣਿਆ ਹੈ। ਕਿਜ਼ਲ ਸ਼ਬਦ ਅੱਗੋਂ 'ਕਿਜ਼' ਦੇ ਪਿਛੇ 'ਇਲ' ਲਾ ਕੇ ਆਕਰਮਕ ਰੂਪ ਬਣਾਇਆ ਗਿਆ ਹੈ। ਕਿਜ਼ ਦਾ ਤੁਰਕੀ ਆਦਿ ਭਾਸ਼ਾਵਾਂ ਵਿਚ ਅਰਥ ਹੈ, ਲਾਲ। ਇਸ ਤੋਂ ਗਰਮੀ ਜਾਂ ਤਪਸ਼ ਦਾ ਭਾਵ ਵੀ ਨਿਕਲਦਾ ਹੈ। ਗਰਮੀ ਵਿਚ ਆਦਮੀ ਦਾ ਚਿਹਰਾ ਲਾਲ ਹੋ ਜਾਂਦਾ ਹੈ, ਗਰਮ ਲੋਹਾ ਲਾਲ ਹੁੰਦਾ ਹੈ। ਸਾਡੀ ਭਾਸ਼ਾ ਵਿਚ ਵੀ ਲਾਲ ਪੀਲਾ ਹੋਣਾ ਦਾ ਅਰਥ ਗਰਮ ਅਰਥਾਤ ਗੁੱਸੇ ਹੋਣਾ ਹੁੰਦਾ ਹੈ। ਪਰ ਸ਼ਰਮ ਜਾਂ ਲੱਜਿਆ ਨਾਲ ਵੀ ਚਿਹਰਾ ਲਾਲ ਹੋ ਜਾਂਦਾ ਹੈ। ਇਸ ਲਈ ਇਸ ਭਾਸ਼ਾ ਵਿਚ ਕਿਜ਼ ਦਾ ਇਕ ਅਰਥ ਕੁਆਰੀ ਕੁੜੀ, ਨੱਢੀ ਜਾਂ ਧੀ ਵੀ ਹੁੰਦਾ ਹੈ ਕਿਉਂਕਿ ਕੁੜੀਆਂ ਸੁਭਾਅ ਵਜੋਂ ਸ਼ਰਮਾਕਲ ਹੁੰਦੀਆਂ ਹਨ। 'ਕਿਜ਼ਮਕ' ਦਾ ਅਰਥ ਲਾਲ ਜਾਂ ਨਿਘਾ ਹੋਣਾ ਹੁੰਦਾ ਹੈ। ਦੂਜੇ ਜੁਜ਼ 'ਬਾਸ਼' ਦਾ ਅਰਥ ਹੈ ਸਿਰ। ਇਸ ਸ਼ਬਦ ਤੋਂ ਅਲਤਾਇਕ ਭਾਸ਼ਾਵਾਂ ਵਿਚ ਬਣੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਕੁਝ ਸ਼ਬਦ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਵੀ ਦਾਖਲ ਹੋ ਗਏ ਹਨ। ਕੁਝ ਇਕ ਦਾ ਜ਼ਿਕਰ ਕਰਦੇ ਹਾਂ।

ਕਾਰਾਬਾਸ਼ ਦਾ ਅਰਥ ਹੈ ਕਾਲਾ ਸਿਰ ਤੇ ਅਕਬਾਸ਼ ਦਾ ਅਰਥ ਹੈ 'ਚਿੱਟਾ ਸਿਰ'। ਇਸ ਤਰ੍ਹਾਂ ਬਿਨਬਾਸ਼ੀ ਦਾ ਅਰਥ ਹੈ, 'ਫੌਜ ਦਾ ਮੇਜਰ', ਸ਼ਾਬਦਿਕ ਅਰਥ, 'ਹਜ਼ਾਰ ਦਾ ਮੁਖੀ', ਬਿਨ=ਹਜ਼ਾਰ। ਪਰ ਸਾਡੇ ਮਤਲਬ ਦਾ ਸ਼ਬਦ ਹੈ 'ਪਾਸ਼ਾ' ਜੋ ਪੰਜਾਬੀ ਵਿਚ ਵੀ ਜਾਣਿਆ ਜਾਂਦਾ ਹੈ। ਪੁਰਾਣੀ ਤੁਰਕੀ ਵਿਚ ਇਸ ਸ਼ਬਦ ਦਾ ਰੂਪ ਸੀ 'ਬਾਸ਼ਾ'। ਪਰ ਪੁਰਾਣੀ ਤੁਰਕੀ ਵਿਚ ਲਿਖਣ ਲਈ 'ਪ' ਤੇ 'ਬ' ਧੁਨੀ ਲਈ ਇਕੋ ਅੱਖਰ ਸੀ। ਸਿਰ ਦੇ ਭਾਵ ਤੋਂ ਹੀ ਇਸ ਦਾ ਅਰਥ ਬਣਿਆ ਮੁਖੀ, ਸਰਦਾਰ, ਸ੍ਰੀਮਾਨ। ਇਹ ਸ਼ਬਦ ਅਰਬੀ ਵਿਚ ਦਾਖਿਲ ਹੋ ਕੇ ਪੰਜਾਬੀ ਤੇ ਹੋਰ ਭਾਰਤੀ ਬੋਲੀਆਂ ਵਿਚ ਜਾ ਵੜਿਆ। ਉਸਮਾਨੀ ਸਾਮਰਾਜ ਵਿਚ ਪਾਸ਼ਾ ਦਾ ਅਹੁਦਾ ਗਵਰਨਰ ਨੂੰ ਦਿੱਤਾ ਜਾਂਦਾ ਸੀ। ਪੁਰਾਣੇ ਮਿਸਰ ਵਿਚ ਵੀ ਇਸ ਸ਼ਬਦ ਦੀ ਵੱਡੇ ਅਹੁਦੇ ਲਈ ਵਰਤੋਂ ਹੁੰਦੀ ਸੀ। ਆਧੁਨਿਕ ਤੁਰਕੀ ਦੇ ਨਿਰਮਾਤਾ ਕਮਾਲ ਪਾਸ਼ਾ ਤੋਂ ਸਭ ਵਕਿਫ਼ ਹੀ ਹਨ। ਇਸ ਨੇ ਤੁਰਕੀ ਦੇ ਸਾਮਰਾਜੀ ਸ਼ਾਸਕ ਸੁਲਤਾਨ ਅਬਦੁਲ ਰਸ਼ੀਦ ਦੂਜੇ ਦਾ ਪਾਸਾ ਪਲਟ ਕੇ ਇਕ ਨਵਾਂ ਨਰੋਆ ਰਾਜ ਸਥਾਪਤ ਕੀਤਾ। ਕਮਾਲ ਪਾਸ਼ਾ ਦਾ ਪਹਿਲਾ ਨਾਂ ਮੁਸਤਫ਼ਾ ਸੀ। ਕਹਿੰਦੇ ਹਨ ਕਿ ਉਹ ਗਣਿਤ ਵਿਚ ਏਨਾ ਹੁਸ਼ਿਆਰ ਸੀ ਕਿ ਅਧਿਆਪਕ ਵਲੋਂ ਬੋਰਡ 'ਤੇ ਸਵਾਲ ਲਿਖਦੇ ਹੀ ਉਹ ਮੂੰਹ ਜ਼ਬਾਨੀ ਹੱਲ ਕਰ ਲੈਂਦਾ ਸੀ। ਗਣਿਤ ਦੇ ਅਧਿਆਪਕ ਨੇ ਉਸ ਦੀ 'ਕਮਾਲ' ਦੀ ਮੁਹਾਰਤ ਦੇਖ ਕੇ ਕਮਾਲ ਪਾਸ਼ਾ ਨਾਂ ਧਰ ਦਿੱਤਾ। ਤੁਰਕੀ ਦੀ ਪਾਰਲੀਮੈਂਟ ਨੇ ਨਵੇਂ ਤੁਰਕੀ ਦੇ ਨਿਰਮਾਣ ਵਿਚ ਉਸ ਦੇ ਯੋਗਦਾਨ ਦੀ ਮਾਨਤਾ ਦਿੰਦਿਆਂ ਉਸ ਦੇ ਨਾਂ ਨਾਲ 'ਅਤਾਤੁਰਕ' ਲਾ ਦਿੱਤਾ ਜਿਸ ਦਾ ਅਰਥ ਹੈ ਤੁਰਕੀ ਦਾ ਪਿਤਾ (ਅਤਾ=ਪਿਤਾ)। ਸੋ ਉਸ ਦਾ ਪੂਰਾ ਨਾਂ ਬਣਿਆ ਕਮਾਲ ਅਤਾਤੁਰਕ ਪਾਸ਼ਾ। ਮਹਾਤਮਾ ਗਾਂਧੀ ਨੂੰ ਵੀ ਅਸੀਂ ਦੇਸ਼ ਪਿਤਾ ਅਤੇ ਗੁਰੂ ਗੋਬਿੰਦ ਸਿੰਘ ਨੂੰ ਦਸ਼ਮੇਸ਼ ਪਿਤਾ ਆਖ ਦਿੰਦੇ ਹਾਂ। ਪਾਸ਼ਾ ਖਾਸ ਨਾਂ ਦੇ ਪਿਛੇਤਰ ਵਜੋਂ ਵੀ ਵਰਤਿਆ ਜਾਂਦਾ ਹੈ। ਪਾਕਿਸਤਾਨ ਦੀ ਆਈ ਐਸ ਆਈ ਦੇ ਰਹਿ ਚੁਕੇ ਮੁਖੀ ਦਾ ਨਾਂ ਅਹਿਮਦ ਸ਼ੁਜਾ ਪਾਸ਼ਾ ਹੈ।

ਲਗਦੇ ਹੱਥ ਅਸੀਂ ਵਾਰਿਸ ਸ਼ਾਹ ਦੀ ਤੁਕ ਵਿਚ ਆਉਂਦਾ 'ਉੜਦ ਬਾਜ਼ਾਰ' ਸ਼ਬਦ-ਜੁੱਟ ਵੀ ਨਿਪਟਾ ਲੈਂਦੇ ਹਾਂ। ਉੜਦ ਸ਼ਬਦ ਵੀ ਮੁਢਲੇ ਤੌਰ 'ਤੇ ਅਲਤਾਇਕ ਹੈ ਤੇ ਇਸ ਦਾ ਅਰਥ ਛਾਉਣੀ ਜਾਂ ਫੌਜੀ ਕੈਂਪ ਹੁੰਦਾ ਹੈ। ਮੁਢਲੇ ਤੌਰ 'ਤੇ ਇਸ ਦਾ ਅਰਥ 'ਖਾਨ ਦੀ ਰਿਹਾਇਸ਼' ਹੈ। ਇਹ ਸ਼ਬਦ ਅਲਤਾਇਕ ਪਰਿਵਾਰ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਮਿਲਦਾ ਹੈ ਜਿਨ੍ਹਾਂ ਵਿਚ ਇਸ ਦੇ ਮਿਲਦੇ-ਜੁਲਦੇ ਅਰਥ ਹਨ। ਅੰਗਰੇਜ਼ੀ ਵਿਚ ਇਹ ਸ਼ਬਦ ਫਰਾਂਸੀਸੀ, ਜਰਮਨ ਅਤੇ ਰੂਸੀ ਤੋਂ ਹੁੰਦਾ ਹੋਇਆ horde ਦੇ ਰੂਪ ਵਿਚ 1555 ਵਿਚ ਆਇਆ। ਇਸ ਅੰਗਰੇਜ਼ੀ ਸ਼ਬਦ ਦੇ ਅਰਥ ਹੁੰਦੇ ਹਨ ਦਲ, ਗਿਰੋਹ ਆਦਿ। ਇਹ ਸੈਨਿਕ ਪ੍ਰਸੰਗ ਵਿਚ ਵਧੇਰੇ ਵਰਤਿਆ ਜਾਂਦਾ ਹੈ। ਦਿਲਚਸਪ ਗੱਲ ਹੈ ਕਿ ਉਰਦੂ/ਉੜਦੂ ਭਾਸ਼ਾ ਦਾ ਇਹ ਨਾਂ ਵੀ ਇਸ ਦੇ ਛਾਉਣੀ ਦੇ ਅਰਥਾਂ ਤੋਂ ਪਿਆ ਹੈ। ਇਹ ਭਾਸ਼ਾ ਮੁਸਲਮਾਨੀ ਹਕੂਮਤ ਸਮੇਂ ਕੋਈ 900 ਸਾਲ ਪਹਿਲਾਂ ਭਾਰਤ ਵਿਚ ਜਨਮੀ। ਮੁਸਲਮਾਨੀ ਹੁਕਮਰਾਨ ਅਰਬੀ, ਫਾਰਸੀ, ਤੁਰਕੀ ਆਦਿ ਭਾਸ਼ਾਵਾਂ ਬੋਲਦੇ ਸਨ। ਇਸ ਲਈ ਉਨ੍ਹਾਂ ਦੇ ਦਰਬਾਰਾਂ ਵਿਚ ਦਿੱਲੀ ਦੇ ਆਸਪਾਸ ਦੀ ਖੜੀ ਬੋਲੀ ਦੇ ਨਾਲ ਢੇਰ ਸਾਰੇ ਇਨ੍ਹਾਂ ਭਾਸ਼ਾਵਾਂ ਦੇ ਸ਼ਬਦ ਮਿਲ ਕੇ ਉਰਦੂ ਭਾਸ਼ਾ ਵਿਕਸਤ ਹੋਈ। ਸ਼ਾਹ ਜਹਾਨ ਨੇ 1639 'ਚ ਲਾਲ ਕਿਲੇ ਦੇ ਲਾਗੇ ਇਕ ਬਾਜ਼ਾਰ ਬਣਵਾਇਆ ਜਿਸ ਦਾ ਨਾਂ 'ਉੜਦੂ ਬਾਜ਼ਾਰ' ਹੈ। ਨਾਦਰ ਸ਼ਾਹ ਨੇ ਭਾਰਤ 'ਤੇ ਹਮਲਾ ਕਰਦਿਆਂ ਹੋਇਆਂ ਜਿਸ ਥਾਂ ਆਪਣਾ ਕੈਂਪ/ਉੜਦ ਲਾਇਆ ਉਥੇ ਫਾਰਸੀ ਤੇ ਅਲਤਾਇਕ ਭਾਸ਼ਾਵਾਂ ਬੋਲਣ ਵਾਲੇ ਸੈਨਿਕਾਂ ਤੋਂ ਇਲਾਵਾ ਖੜੀ ਬੋਲੀ ਬੋਲਣ ਵਾਲੇ ਭਾਰਤੀ ਵੀ ਸਨ। ਕਹਿੰਦੇ ਹਨ ਦੋਨਾਂ ਦੇ ਮੇਲ ਤੋਂ ਉਰਦੂ ਭਾਸ਼ਾ ਨੇ ਜਨਮ ਲਿਆ। ਕੁਝ ਵੀ ਹੋਵੇ, ਉਰਦੂ ਭਾਸ਼ਾ ਦਾ ਨਿਕਾਸ ਸੁਲਤਾਨਾਂ ਅਤੇ ਮੁਗ਼ਲਾਂ ਦੇ ਫੌਜੀ ਹਮਲਿਆਂ ਦੇ ਫਲਸਰੂਪ ਹੋਇਆ। ਪਰ ਭਾਸ਼ਾ ਦਾ ਪੂਰਾ ਵਿਕਾਸ ਸਦੀਆਂ ਵਿਚ ਹੋਇਆ। ਪੰਜਾਬੀ ਵਿਚ ਹੋਰ ਵੀ ਬਹੁਤ ਸਾਰੇ ਅਲਤਾਇਕ ਮੂਲ ਦੇ ਸ਼ਬਦ ਹਨ ਜਿਨ੍ਹਾਂ ਦੀ ਵਿਆਖਿਆ ਸਮੇਂ ਸਮੇਂ ਹੁੰਦੀ ਰਹੇਗੀ।

# ਸਰਵਣ ਸਿੰਘ ਦਾ ਖੇਡ ਸੰਸਾਰ

ਡਾ. ਹਰਿਭਜਨ ਸਿੰਘ

***1982 ਵਿਚ ਸਰਵਣ ਸਿੰਘ ਦੀ ਪੁਸਤਕ 'ਖੇਡ ਸੰਸਾਰ' ਛਪੀ ਤਾਂ ਡਾ. ਹਰਿਭਜਨ ਸਿੰਘ ਨੇ ਉਸ ਬਾਰੇ 'ਆਰਸੀ' ਵਿਚ ਇਹ ਲੇਖ ਲਿਖਿਆ। ਇਸੇ ਲੇਖ ਨੂੰ ਵਰਿਆਮ ਸਿੰਘ ਸੰਧੂ ਨੇ ਆਪਣੀ ਸੰਪਾਦਿਤ ਪੁਸਤਕ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਵਿਚ ਛਾਪਿਆ। ਡਾ. ਹਰਿਭਜਨ ਸਿੰਘ ਦੀ ਹੱਲਾਸ਼ੇਰੀ ਨਾਲ ਸਰਵਣ ਸਿੰਘ ਦੀਆਂ ਸਪਰਿੰਟਾਂ ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਵੀ ਜਾਰੀ ਹਨ ਤੇ ਹੁਣ ਉਸ ਦੀ ਪੁਸਤਕ 'ਏਥਨਜ਼ ਤੋਂ ਲੰਡਨ' ਛਪੀ ਹੈ ਜਿਸ ਨੂੰ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਤ ਕੀਤਾ ਹੈ। ਇਸੇ ਬਹਾਨੇ ਆਓ ਕਵੀ ਹਰਿਭਜਨ ਸਿੰਘ ਨੂੰ ਯਾਦ ਕਰੀਏ, ਉਸ ਲੇਖ ਦੇ ਸੰਖੇਪ ਰੂਪ ਰਾਹੀਂ।***

ਸਰਵਣ ਸਿੰਘ ਬਾਰੇ ਲਿਖਣਾ ਸੌ ਗਜ਼ ਦੀ ਸਪਰਿੰਟ ਮਾਰਨਾ ਹੈ ਜਾਂ ਚਾਰ ਮਿੰਟਾਂ ਤੋਂ ਉਰ੍ਹਾਂ ਉਰ੍ਹਾਂ ਦਾ ਮੀਲ-ਦੌੜਾਕ ਬਣਨਾ ਹੈ। ਉਹ ਸਾਡੇ ਨਾਲ ਨਾਲ ਦੌੜਦਾ ਅਚਾਨਕ ਸਾਥੋਂ ਅਗਾਂਹ ਲੰਘ ਜਾਂਦਾ ਹੈ। ਉਹਦੀ ਲਿਖਤ ਹਰ ਥਾਂ ਮੁਕਾਬਲੇਬਾਜ਼ ਖੇਡ ਦਾ ਪ੍ਰਭਾਵ ਦਿੰਦੀ ਹੈ। ਉਹਦਾ ਵੇਗ ਪੈਰ ਪੈਰ ਤਿੱਖਾ ਹੁੰਦਾ ਜਾਂਦਾ ਹੈ। ਸਰਵਣ ਸਿੰਘ ਬਾਰੇ ਲਿਖਣ ਲੱਗਿਆਂ ਖੁਦ ਮੈਨੂੰ ਆਪਣੇ ਆਪ ਤੋਂ ਉਚੀ ਛਾਲ ਮਾਰਨੀ ਪਏਗੀ, ਪੋਲ ਵਾਲਟ ਦੇ ਟਪਾਰ ਵਾਂਗ। ਭਾਵੇਂ ਮੈਂ ਜਾਣਦਾ ਹਾਂ ਕਿ ਮੈਂ ਸਰਵਣ ਸਿੰਘ ਵਾਂਗ ਸ਼ਬਦਾਂ ਦਾ ਓਲਿੰਪਿਅਨ ਨਹੀਂ, ਤਾਂ ਵੀ ਮੇਰਾ ਜੀਅ ਉਹਦੇ ਨਾਲ ਨਾਲ ਦੌੜਨ ਨੂੰ ਕਰਦਾ ਹੈ।

ਬਿਨਾਂ ਸ਼ੱਕ ਸਰਵਣ ਸਿੰਘ ਸ਼ਬਦਾਂ ਦਾ ਓਲਿੰਪਿਅਨ ਹੈ। ਵੇਖਣ ਨੂੰ ਉਹਦੀ ਲਿਖਤ ਸਿਧੀ ਸਾਦੀ ਜਾਪਦੀ ਹੈ, ਪਰ ਉਹਦੀ ਸ਼ਬਦ-ਘਾੜਤ ਪਿੱਛੇ ਬੜੀ ਕਰੜੀ ਘਾਲਣਾ ਦਾ ਭਾਉਲ਼ਾ ਪੈਂਦਾ ਹੈ। ਹਰ ਵਾਕ ਤਿੱਖੀ ਛੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਸ ਵਿਚ ਕਿਤੇ ਵੀ ਕੁਝ ਵੀ ਫਾਲਤੂ ਨਹੀਂ ਜਿਵੇਂ ਮੁਕਾਬਲੇ ਵਿਚ ਉਤਰੇ ਖਿਡਾਰੀ ਦੇ ਪਿੰਡੇ 'ਤੇ ਪੋਟਾ ਭਰ ਵੀ ਮਾਸ ਵਾਧੂ ਨਹੀਂ ਹੁੰਦਾ। ਕਦੇ ਕਦੇ ਮੈਨੂੰ ਲੱਗਦਾ ਹੈ, ਉਸ ਦਾ ਹਰ ਲੇਖ ਕਿਸੇ ਐਥਲੀਟ ਦੀ ਰਿਕਾਰਡ-ਤੋੜੂ ਛਾਲ ਹੈ ਤੇ ਕਦੇ ਕਦੇ ਇਵੇਂ ਜਿਵੇਂ ਉਹ ਆਪਣੇ ਪਿੰਡ ਦੀ ਜੂਹ ਵਿਚ ਹੀ ਅਥਰੇ ਅਨਲੱਗ ਉਠ ਨੂੰ ਭਜਾਉਂਦਾ ਆਪਣੀ ਸਪਾਟ ਤਲੀ 'ਤੇ ਪਾਣੀ ਦਾ ਅਣਡੁਲ੍ਹਕਦਾ ਛੰਨਾ ਟਿਕਾਈ ਜਾ ਰਿਹਾ ਹੈ। ਉਸ ਵਿਚ ਇਕੋ ਵੇਲੇ ਪੇਂਡੂ ਠੇਠਤਾ ਤੇ ਸ਼ਹਿਰੀ ਨਫ਼ਾਸਤ ਦਾ ਜੋੜਮੇਲ ਹੈ।



ਪ੍ਰਿੰ. ਸਰਵਣ ਸਿੰਘ

ਆਖ਼ਰ, ਸਰਵਣ ਸਿੰਘ ਇਹ ਕ੍ਰਿਸ਼ਮਾ ਕਿਸ ਤਰ੍ਹਾਂ ਕਰ ਵਿਖਾਉਂਦਾ ਹੈ? ਸਮੁੱਚੀ ਕਾਇਨਾਤ ਵਿਚ ਸਭ ਤੋਂ ਵੱਡਾ ਕ੍ਰਿਸ਼ਮਾ ਨਿਰਮੈਲ ਮਨ ਹੈ। ਮਨ ਦੀ ਨਿਰਮਲਤਾ ਵਿਚੋਂ ਹੀ ਦੁਨੀਆਂ ਭਰ ਦੇ ਕ੍ਰਿਸ਼ਮੇ ਦਰਿਆ ਵਾਂਗ ਫੁੱਟ ਨਿਕਲਦੇ ਹਨ। ਸਰਵਣ ਸਿੰਘ ਦੀ ਰਚਨਾ ਦੋਖ, ਦਵੈਖ ਜਾਂ ਦੁਰਭਾਵਨਾ ਤੋਂ ਅਸਲੋਂ ਪਾਕ ਸਾਫ ਹੈ। ਉਸ ਨੂੰ ਨਾ ਕਿਸੇ ਨਾਲ ਖੁਣਸ ਹੈ ਨਾ ਖ਼ਾਰ, ਨਾ ਕੀਨਾ ਨਾ ਕਦੂਰਤ। ਉਹਨੇ ਜਿਸ ਕਿਸੇ ਬਾਰੇ ਜੋ ਕੁਝ ਵੀ ਲਿਖਿਆ ਹੈ, ਉਹ ਸੱਚਾ ਵੀ ਹੈ ਤੇ ਸੁੱਚਾ ਵੀ। ਸੱਚ ਦਾ ਸਬੰਧ ਤਾਂ ਉਨ੍ਹਾਂ ਨਾਲ ਹੈ ਜਿਨ੍ਹਾਂ ਬਾਰੇ ਉਹਨੇ ਲਿਖਿਆ ਹੈ ਤੇ ਸੁੱਚ ਦਾ ਉਹਦੇ ਆਪਣੇ ਮਨ ਨਾਲ। ਉਹਨੇ ਹਰ ਕਿਸੇ ਨੂੰ ਪੂਰਾ ਤੋਲਿਆ ਹੈ ਤੇ ਉਨ੍ਹਾਂ ਬਾਰੇ ਪਿਆਰਾ ਬੋਲਿਆ ਹੈ। ਸੱਚ ਤੇ ਸੁੱਚ ਦਾ ਇਹ ਸੁਮੇਲ, ਪੂਰੇ ਤੇ ਪਿਆਰੇ ਦਾ ਗੰਢ-ਚਿਤਰਾਵਾ ਅੱਜ ਦੀ ਦੁਨੀਆਂ ਵਿਚ ਬੜਾ ਵਿਰਲਾ ਹੈ। ਕੋਈ ਅਜਬ ਨਹੀਂ ਇਕ ਅਜੇਹੀ ਸਾਹਿਤਕ ਕਿਰਤ 'ਚ ਸਾਹਿਤ ਤੋਂ ਵੱਧ ਨਿੰਦਿਆ ਵਧੇਰੇ ਉਘੜਦੀ ਹੈ। ਇਹੋ ਜਿਹੇ ਮਾਰੂ ਮਾਹੌਲ ਵਿਚ ਸਰਵਣ ਸਿੰਘ ਜਿਹਿਆਂ ਦੀ ਕਿਰਤ ਕਾਲੇ ਪਾਣੀਆਂ 'ਚ ਇਕ ਚਿੱਟਾ ਜਜ਼ੀਰਾ ਜਾਪਦੀ ਹੈ।

ਸਰਵਣ ਸਿੰਘ ਕਵਿਤਾ ਨਹੀਂ ਕਹਿੰਦਾ, ਨਾਵਲ-ਕਹਾਣੀ ਨਹੀਂ ਸੁਣਾਉਂਦਾ, ਨਾਟਕ ਨਹੀਂ ਵਿਖਾਉਂਦਾ ਤਾਂ ਵੀ ਮੈਨੂੰ ਉਸ ਵਿਚ ਸਾਹਿਤ-ਕਲਾ ਵਰਗਾ ਸੁਆਦ ਆਉਂਦਾ ਹੈ। ਕਾਰਨ? ਉਹ ਸਾਡੇ ਆਲੇ-ਦੁਆਲੇ ਫੈਲੀ ਕੌੜੀ ਕੋਝੀ ਦੁਨੀਆਂ ਦੇ ਸਮਵਿਥ ਇਕ ਸੁਹਜਮਈ ਜ਼ਿੰਦਗੀ ਦਾ ਚਿੱਤਰ ਪੇਸ਼ ਕਰਦਾ ਹੈ। ਖੇਡ ਸਾਡੇ ਸੰਸਾਰ ਦੀ ਕਵਿਤਾ ਹੈ। ਸਾਡੀ ਜ਼ਿੰਦਗੀ ਦਾ ਸੁਹਜ। ਖੇਡ ਸਾਡੇ ਸੰਸਾਰ ਵਿਚ ਵਸ ਕੇ ਵੀ ਇਸ ਤੋਂ ਸੋਹਣੀ ਤੇ ਇਸ ਤੋਂ ਵੱਖਰੀ ਹੈ। ਇਸ ਵਿਚ ਸਾਡੀ ਦੁਨੀਆਂ ਵਰਗੀ ਹੀ ਮੁਕਾਬਲੇਬਾਜ਼ੀ ਹੈ, ਪਰ ਉਹ ਸਾਡੀ ਜਾਨ ਦਾ ਖਉ ਨਹੀਂ ਬਣਦੀ, ਕਿਉਂਕਿ ਇਹ ਪਹਿਲਾਂ ਮਿਥੇ




ਤੇ ਕਬੂਲੇ ਨੇਮਾਂ ਮੁਤਾਬਿਕ ਖੇਡੀ ਜਾਂਦੀ ਹੈ। ਸਰਵਣ ਸਿੰਘ ਦੀ ਲਿਖਤ ਵਿਚ ਫਾਊਲ ਕੋਈ ਨਹੀਂ। ਇਕ ਤਰ੍ਹਾਂ ਇਹ ਖੇਡ ਤੋਂ ਵੀ ਵਧੀਕ ਸੋਹਣੀ ਹੈ। ਖੇਡ ਵਿਚ ਕਿਤੇ ਕਿਤੇ ਖਿਡਾਰੀ ਪਾਸੋਂ ਨਾ ਚਾਹੁੰਦਿਆਂ ਵੀ ਕੋਈ ਫਾਊਲ ਹੋ ਜਾਂਦਾ ਹੈ ਤੇ ਉਹਨੂੰ ਹਰਾ ਜਾਂ ਪੀਲਾ ਗੱਤਾ ਵਿਖਾਇਆ ਜਾਂਦਾ ਹੈ। ਸਰਵਣ ਸਿੰਘ ਦੇ ਕਿਸੇ ਇਕ ਬੋਲ ਨੂੰ ਵੀ ਗੱਤਾ ਵਿਖਾਉਣ ਦੀ ਲੋੜ ਨਹੀਂ ਪੈਂਦੀ। ਲਿਖਤ ਦੇ ਮਾਮਲੇ ਵਿਚ ਮੈਂ ਆਪ ਬੜਾ ਘੁਣਤਰੀ ਹਾਂ, ਲਿਖਤ ਵਿਚ ਕੋੜਕੂ ਨੂੰ ਮਾਫ਼ ਕਰਨਾ ਮੇਰੇ ਸੁਭਾਅ ਵਿਚ ਨਹੀਂ। ਪਰ ਸਰਵਣ ਸਿੰਘ ਨੇ ਜੋ ਪਰੋਸਿਆ ਸਾਡੇ ਲਈ ਸਜਾਇਆ ਹੈ, ਉਹ ਕੋੜਕੂਆਂ ਤੋਂ ਏਨਾ ਸਾਫ਼ ਹੈ ਕਿ ਮੈਨੂੰ ਆਪਣੇ ਜ਼ੁੰਮੇ ਲੱਗਿਆ ਕੰਮ ਮੁੱਕਿਆ ਜਾਪਦਾ ਹੈ। ਲਿਖਤ ਦੇ ਮਾਮਲੇ ਵਿਚ ਉਹ ਨਾਦੀਆ ਕੋਮੈਂਸੀ ਹੈ। ਦਸ ਬਟਾ ਦਸ।

ਜੇ ਤੁਸੀਂ ਉਹਨੂੰ ਅਜੇ ਤਕ ਨਹੀਂ ਪੜ੍ਹਿਆ ਤਾਂ ਇਕ ਵਾਰ ਜ਼ਰੂਰ ਪੜ੍ਹੋ। ਤੁਸੀਂ ਕਵਿਤਾ, ਕਹਾਣੀ ਦੇ ਗਿੱਝੇ ਹੋਏ ਉਹਦੀ ਲਿਖਤ ਵੱਲ ਧਿਆਨ ਦੇਵੋਗੇ ਤਾਂ ਤੁਹਾਨੂੰ ਆਪਣੇ ਮੂੰਹ ਦਾ ਸੁਆਦ ਬਦਲਿਆ ਬਦਲਿਆ ਜਾਪੇਗਾ। ਅੱਜ-ਕੱਲ੍ਹ ਦੀ ਕਵਿਤਾ-ਕਹਾਣੀ ਵਿਚ ਕੋੜਕੂ ਬਹੁਤੇ ਤੇ ਚਿੱਥਣ ਜੋਗ ਦਾਣਾ ਕੋਈ ਕੋਈ ਹੀ ਹੁੰਦਾ ਹੈ। ਅਜਿਹੀਆਂ ਲਿਖਤਾਂ ਨੂੰ ਮੂੰਹ ਮਾਰ ਕੇ ਭੁੱਖ ਨਹੀਂ ਮਿਟਦੀ ਤੇ ਜਾਪਦਾ ਹੈ ਅਸੀਂ ਦੋਸਤਾਂ ਦਾ ਬੂਹਾ ਖੜਕਾ ਕੇ ਵੈਰੀਆਂ ਦੇ ਹੀ ਘਰ ਪਹੁੰਚ ਗਏ ਹਾਂ। ਸਾਹਿਤ ਦਿਨੋ ਦਿਨ ਨਿੰਦਣਜੋਗ, ਭੰਡਣਜੋਗ ਤੇ ਖੰਡਣਜੋਗ ਚਤਰਾਈ ਨਾਲ ਏਨਾ ਘਿਰ ਗਿਆ ਹੈ ਇਸ ਨੂੰ ਪਿਆਰਜੋਗ, ਸਤਿਕਾਰਜੋਗ ਤੇ ਸਵੀਕਾਰਜੋਗ ਵਰਗੇ ਸਹਿਜ ਗੁਣਾਂ ਨਾਲ ਜਿਵੇਂ ਵਾਕਫ਼ੀ ਹੀ ਨਹੀਂ ਰਹੀ।

ਦੁਨੀਆਂ ਦੇ ਕੋਝ ਤੋਂ ਉਕਤਾ ਕੇ ਅਸੀਂ

(ਬਾਕੀ ਸਫਾ 36 'ਤੇ)

# ਫੱਕਰ ਗਵੱਈਏ ਹਾਕਮ ਸੂਫ਼ੀ ਨੂੰ ਚੇਤੇ ਕਰਦਿਆਂ...

ਜਦੋਂ ਅਸੀਂ ਨਿੱਕੇ ਹੁੰਦੇ ਸਾਂ ਤਾਂ ਪਿਤਾ ਜੀ ਨੇ ਸ਼ਾਮ ਨੂੰ ਕੰਮ ਤੋਂ ਵਾਪਸ ਆ ਲੱਕੜ ਦੇ ਢਾਂਚੇ ਵਾਲਾ ਰੇਡੀਓ ਛੋਟੇ ਜਿਹੇ ਮੇਜ਼ 'ਤੇ ਰੱਖ ਵਿਹੜੇ 'ਚ ਲਾ ਲੈਣਾ। ਪ੍ਰੋਗਰਾਮ ਪੇਸ਼ ਕਰਨ ਵਾਲਿਆਂ ਜਦੋਂ ਆਖਣਾ, 'ਪਾਣੀ ਵਿਚ ਮਾਰਾਂ ਡੀਟਾਂ, ਕਰਦੀ ਪਈ ਰੋਜ਼ ਉਡੀਕਾਂ', 'ਪਾਲੀ ਪਾਣੀ ਖੂਹ ਤੋਂ ਭਰੇ' ਜਾਂ ਹੋਰ ਗੀਤਾਂ ਦੀ ਫਰਮਾਇਸ਼ ਫਲਾਣੇ-ਫਲਾਣੇ-ਫਲਾਣੇ ਨੇ ਫਲਾਣੀ ਥਾਂ ਤੋਂ ਕੀਤੀ ਏ ਤਾਂ ਮੈਂ ਖੁਸ਼ੀ 'ਚ ਖੀਵਾ ਹੋ ਜਾਣਾ। ਗਾਣਾ ਚੱਲਦਿਆਂ ਪਿਤਾ ਜੀ ਦੱਸਣ ਲੱਗਦੇ, 'ਪਾਣੀ ਵਿਚ ਮਾਰਾਂ ਡੀਟਾਂ' ਗਿੱਦੜਬਾਹੇ ਵਾਲੇ ਮਾਸਟਰ ਹਾਕਮ ਸੂਫ਼ੀ ਨੇ ਗਾਇਐ ਤੇ 'ਪਾਲੀ' ਵਾਲਾ ਕੋਟਕਪੂਰੇ ਦੇ ਗੁਰਪਾਲ ਸਿੰਘ ਪਾਲ ਨੇ।

ਇਨ੍ਹਾਂ ਦੋਹਾਂ ਗਾਣਿਆਂ ਦਾ ਅੱਧਾ ਕੁ ਹਿੱਸਾ ਪਤਾ ਨਹੀਂ ਕਿਵੇਂ ਮੈਨੂੰ ਉਦੋਂ ਹੀ ਯਾਦ ਹੋ ਗਿਆ, ਜਦੋਂ ਮਾਂ ਦੀਆਂ ਝਿੜਕਾਂ ਦੇ ਬਾਵਜੂਦ ਸਬਕ ਯਾਦ ਕਰਨਾ ਬੜਾ ਔਖਾ ਲੱਗਦਾ ਸੀ। ਹੁਣ ਨਾ ਪਿਤਾ ਇਸ ਜਹਾਨ 'ਤੇ ਰਹੇ ਨੇ ਤੇ ਨਾ ਹੀ 'ਡੀਟਾਂ' ਵਾਲਾ ਹਾਕਮ। ਗੁਰਪਾਲ ਸਿੰਘ ਪਾਲ ਨਾਲ ਮੇਰਾ ਕਾਫੀ ਨੇੜ ਹੈ ਤੇ ਉਮਰ ਦੇ ਅੱਸੀਵੇਂ ਵਰ੍ਹੇ ਵਿਚ ਉਸ ਨੂੰ ਗਾਉਂਦਿਆਂ ਦੇਖ ਮੇਰੀ ਤਸੱਲੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ।

ਜਿਉਂ-ਜਿਉਂ ਮੇਰੀ ਉਮਰ ਵਧੀ, ਮੈਨੂੰ ਹਾਕਮ ਸੂਫ਼ੀ ਦੀ ਗਾਇਕੀ ਦੀ ਮਹੱਤਤਾ ਸਮਝ ਆਉਂਦੀ ਗਈ। ਪਤਾ ਲੱਗਾ ਕਿ ਉਸ ਵਰਗੇ ਗਵੱਈਏ ਬਹੁਤ ਘੱਟ ਨੇ, ਜਿਨ੍ਹਾਂ ਦਾ ਇਕ ਨੁਕਤੀ ਪ੍ਰੋਗਰਾਮ ਸਿਰਫ਼ ਚੰਗਾ ਗਾਉਣਾ ਹੈ। ਜਿਉਂ-ਜਿਉਂ ਗਾਇਕੀ ਦੇ ਨਾਂ 'ਤੇ ਮੁਸ਼ਟੰਡਪੁਣਾ ਵਧਦਾ ਰਹੇਗਾ, ਤਿਉਂ-ਤਿਉਂ ਹਾਕਮ ਸੂਫ਼ੀ, ਬਰਕਤ ਸਿੱਧੂ ਤੇ ਪੂਰਨ ਸ਼ਾਹਕੋਟੀ ਦੀ ਕਦਰ ਵਧਦੀ ਜਾਏਗੀ। ਹੁਣ ਜਦੋਂ ਹਾਕਮ ਸਦਾ ਲਈ ਖਾਮੋਸ਼ ਹੋ ਗਿਐ ਤਾਂ ਉਸ ਦੇ ਸੁਭਾਅ, ਜ਼ਿੰਦਗੀ ਜਿਉਣ ਦੇ ਤਰੀਕਿਆਂ, ਗਾਇਕੀ ਤੇ ਮਲੰਗੀ ਨਾਲ ਸਬੰਧਤ ਕਈ ਸੁਣੀਆਂ-ਸੁਣਾਈਆਂ ਗੱਲਾਂ ਚੇਤੇ ਆ ਰਹੀਆਂ ਨੇ।

ਗਿੱਦੜਬਾਹੇ ਤੋਂ ਮੇਰੇ ਕੋਲ ਕੋਈ ਵੀ ਆਉਂਦਾ ਤਾਂ ਹਾਕਮ ਸੂਫ਼ੀ ਦਾ ਹਾਲ-ਚਾਲ ਪੁੱਛਣਾ ਮੈਂ ਕਦੇ ਨਾ ਭੁੱਲਦਾ। ਪਰ ਪਿਛਲੇ ਕੁਝ ਸਮੇਂ ਤੋਂ ਉਸ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਮਿਲ ਰਹੀ। ਜਿਸ ਨੂੰ ਵੀ ਪੁੱਛਦਾ, ਜਵਾਬ ਮਿਲਦਾ, 'ਕਾਫੀ ਵਕਤ ਹੋ ਗਿਆ ਦੇਖਿਆਂ...' ਇਹੋ ਜਿਹੇ ਜਵਾਬਾਂ ਦਾ ਇਕੋ ਅਰਥ ਹੁੰਦੈ ਕਿ ਜਾਂ ਤਾਂ ਸਬੰਧਤ ਸ਼ਖਸ ਪੁਰਾਣਾ ਟਿਕਾਣਾ ਛੱਡ ਗਿਐ ਤੇ ਜਾਂ ਫਿਰ ਲੋਕਾਂ ਨੇ ਉਸ ਨੂੰ ਪਛਾਨਣਾ ਛੱਡ ਦਿੱਤੈ। ਹਾਕਮ ਬਿਮਾਰੀ ਨਾਲ ਘੋਲ ਕਰ ਰਿਹਾ ਸੀ, ਪਰ ਉਸ ਨੂੰ 'ਮਹਾਨ' ਮੰਨਣ ਵਾਲੇ ਉਸ ਦੇ ਹਾਲ ਬਾਬਤ ਨਹੀਂ ਸਨ ਜਾਣਦੇ।

ਆਖਰ 5 ਸਤੰਬਰ ਦੀ ਸਵੇਰ ਨੂੰ ਖਬਰ ਮਿਲੀ ਕਿ ਫੱਕਰ ਗਾਇਕ ਹਾਕਮ ਸੂਫ਼ੀ ਨਹੀਂ ਰਿਹਾ। 60 ਵਰ੍ਹੇ ਭੋਗ ਉਹ ਉਥੇ ਤੁਰ ਗਿਐ, ਜਿੱਥੋਂ ਕੋਈ ਨਹੀਂ ਮੁੜਦਾ। ਜਾਣਕਾਰੀ ਦੇਣ ਵਾਲੇ ਉਸ ਦੀ ਦੇਣ ਦੇ ਕਸੀਦੇ ਕੱਢਣ ਲੱਗੇ, ਅਖ਼ਬਾਰਾਂ 'ਚ ਸ਼ੋਕ ਸਮਾਚਾਰ ਛਪੇ, ਕਲਾਕਾਰਾਂ ਨੇ ਹਾਕਮ ਦੀ ਮੌਤ ਨੂੰ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ ਪਰ ਹੁਣ ਇਸ ਦਾ ਕੀ ਅਰਥ? ਜਿਉਂਦੇ ਜੀਅ ਤਾਂ ਉਹਨੂੰ ਦੇਖਣ ਕੋਈ ਜਾਂਦਾ ਨਹੀਂ ਸੀ।

ਜ਼ਿੰਦਗੀ ਦੇ ਅਖੀਰਲੇ ਵੇਲੇ ਗੁੰਮਨਾਮੀ ਦਾ ਦਰਦ ਸਿਰਫ਼ ਹਾਕਮ ਨੇ ਹੀ ਨਹੀਂ, ਪੰਜਾਬ ਤੇ ਪੰਜਾਬੋਂ ਬਾਹਰਲੇ ਬਹੁਤ ਸਾਰੇ ਕਲਾਵਾਨਾਂ ਨੇ ਹੰਢਾਇਐ। ਹਾਕਮ ਵਰਗੇ ਸੱਚੇ-ਸੁੱਚੇ ਲੋਕ ਪੂਰੀ ਜ਼ਿੰਦਗੀ ਮਸਤੀ 'ਚ ਰਹਿੰਦੇ ਨੇ, ਥੋੜ੍ਹੇ ਨੂੰ ਹੀ ਬਹੁਤਾ ਕਰਕੇ ਜਾਣਦੇ ਨੇ, ਪ੍ਰਸਿੱਧੀ ਲਈ ਨਵੀਆਂ ਜੁਗਤਾਂ ਨਹੀਂ ਘੜਦੇ, ਗਾਇਕੀ ਦੇ ਨਾਂ 'ਤੇ ਝੱਲ ਨਹੀਂ



ਗੁਰਦਾਸ ਮਾਨ ਅਤੇ ਹਾਕਮ ਸੂਫ਼ੀ

ਖਿਲਾਰਦੇ ਪਰ ਉਮਰ ਦੇ ਆਖਰੀ ਪੜਾਅ 'ਤੇ ਭਲਾ ਇਨ੍ਹਾਂ ਨਾਲ ਕੌਣ ਖੜ੍ਹਾ ਹੁੰਦੈ? ਹੁਣ ਮੈਂ ਸੋਚਦਾਂ ਕਿ ਜੇ ਉਹ ਨੇ ਰੋਜ਼ੀ-ਰੋਟੀ ਲਈ ਅਧਿਆਪਨ ਕਿੱਤਾ ਨਾ ਅਪਨਾਇਆ ਹੁੰਦਾ, ਡਰਾਇੰਗ ਮਾਸਟਰ ਨਾ ਹੁੰਦਾ ਤਾਂ ਸ਼ਾਇਦ ਉਹ ਵਿਚਾਰਾ ਹੁਣ ਨਾਲੋਂ ਵੀ ਪਹਿਲਾਂ ਤੁਰ ਜਾਂਦਾ, ਕਿਉਂਕਿ ਬੱਝਵੀਂ ਤਨਖ਼ਾਹ ਤਾਂ ਉਸ ਦੇ ਘਰ ਆਉਂਦੀ ਸੀ ਤੇ ਜੇ ਇਹ ਵੀ ਨਾ ਆਉਂਦੀ ਤਾਂ ਜਿੰਨਾ ਕੁ ਇਲਾਜ ਉਸ ਦਾ ਹੋਇਆ ਹੋਵੇਗਾ, ਸ਼ਾਇਦ ਉਹ ਵੀ ਨਾ ਹੁੰਦਾ।

ਭਲਾ ਹਾਕਮ ਸੂਫ਼ੀ ਵਰਗੇ ਕਿੰਨੇ ਕੁ ਮਾਸਟਰ ਗਾਇਕ ਨੇ, ਜਿਹੜੇ ਮੰਡੀ ਦਾ ਹਿੱਸਾ ਨਹੀਂ ਬਣੇ। ਪੰਜਾਬ 'ਚ ਦਰਜਨਾਂ ਕਲਾਕਾਰ ਨੇ, ਜਿਹੜੇ ਗਾਉਂਦੇ ਵੀ ਨੇ ਤੇ ਅਧਿਆਪਨ ਕਿੱਤੇ ਨਾਲ ਵੀ ਜੁੜੇ ਨੇ। ਸਕੂਲ 'ਚ ਉਹ ਬੱਚਿਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਦਾ ਪਾਠ ਪੜ੍ਹਾਉਂਦੇ ਨੇ, ਪਰ ਚੈਨਲਾਂ 'ਤੇ ਚੱਲਦੇ ਗੀਤਾਂ 'ਚ ਨਵੀਆਂ-ਨਵੀਆਂ ਕਰਤੂਤਾਂ ਦੇ ਢੰਗ ਦੱਸਦੇ ਨੇ, ਬੰਦੇ ਮਾਰਨ ਦਾ ਗੁਰ, ਕੁੜੀ ਕੱਢਣ ਦੀਆਂ ਸਕੀਮਾਂ, ਨਸ਼ਿਆਂ 'ਚ ਗਲਤਾਨ ਰਹਿਣ ਦੀ ਵਕਾਲਤ, ਚੰਡੀਗੜ੍ਹ 'ਚ ਆਸ਼ਕੀ ਅਤੇ ਮੁੱਛ ਖਾਤਰ ਅਸੂਲ ਛਿੱਕੇ ਟੰਗਣ ਦਾ ਪਾਠ ਸਿਖਾਉਂਦੇ ਨੇ। ਪਰ ਹਾਕਮ ਨੇ ਕਦੇ ਏਦਾਂ ਨਾ ਕੀਤਾ, ਉਹ ਸਕੂਲ ਜਾਣ ਵੇਲੇ ਬੱਚਿਆਂ ਦੀ ਜ਼ਿੰਦਗੀ 'ਚ ਰੰਗ ਭਰਨ ਦੀ ਕੋਸ਼ਿਸ਼ ਕਰਦਾ ਤੇ ਸਟੇਜ 'ਤੇ ਚੜ੍ਹਨ ਵੇਲੇ ਸਾਹਮਣੇ ਬੈਠਿਆਂ ਨੂੰ ਸਾਹਿਤਕ, ਸਮਾਜਿਕ ਅਤੇ ਇਸ਼ਕ-ਮੁਹੱਬਤ ਦੀ ਸੁੱਚਤਾ ਵਾਲੇ ਗੀਤ ਸੁਣਾਉਂਦਾ।

ਹਾਕਮ ਤੇ ਗੁਰਦਾਸ ਮਾਨ ਦੀ ਦੋਸਤੀ ਦੀਆਂ ਗੱਲਾਂ ਬਹੁਤ ਥਾਂਈਂ ਹੁੰਦੀਆਂ ਨੇ। ਦੇਖਣ-ਸੁਣਨ ਵਾਲੇ ਕਹਿੰਦੇ ਨੇ ਕਿ ਦੋਹੇਂ ਭਰਾਵਾਂ ਵਾਂਗ ਵਿਚਰਦੇ ਸਨ, 'ਕੱਠੇ ਸਟੇਜਾਂ 'ਤੇ ਵੀ ਗਾਉਂਦੇ ਰਹੇ ਤੇ ਗੁਰਦਾਸ ਸੁਭਾਅ ਮੁਤਾਬਕ ਹਾਕਮ ਨੂੰ 'ਗੁਰੂ ਜੀ' ਕਹਿ ਛੱਡਦਾ। ਲੋਕਾਂ ਸੋਚ ਲਿਆ ਕਿ ਹਾਕਮ ਹੀ ਗੁਰਦਾਸ ਦਾ ਗੁਰੂ ਹੈ। ਪਰ ਗੁਰਦਾਸ ਮਾਨ ਨੇ ਹਾਕਮ ਦੇ ਅੰਤਲੇ ਵੇਲੇ ਨੂੰ ਸੰਵਾਰਨ ਲਈ ਕਿੰਨਾ ਕੁ ਯੋਗਦਾਨ ਪਾਇਆ, ਉਸ ਦੀ ਕਿੰਨੀ ਕੁ ਸਾਰ ਲਈ, ਇਹਦੇ ਬਾਰੇ ਵੀ ਤਾਂ ਉਹੀ ਜ਼ਿਆਦਾ ਦੱਸ ਸਕਦੈ?

ਹੰਢੀ-ਵਰਤੀ ਉਮਰ ਦੇ ਲੋਕ ਦੱਸਦੇ ਨੇ ਕਿ ਇਕ ਵੇਲੇ ਹਾਕਮ ਸੂਫ਼ੀ ਦਾ ਨਾਂ ਚੋਟੀ ਦੇ ਗਵੱਈਆਂ ਵਿਚ ਸ਼ਾਮਲ ਸੀ। ਉਸ ਦੀਆਂ ਕੈਸਿਟਾਂ ਤਾਂ ਹੱਥੋ-ਹੱਥ ਨਾ ਵਿਕੀਆਂ ਪਰ ਉਸ ਦੀ ਪੇਸ਼ਕਾਰੀ ਅਤੇ ਗੀਤ ਚੋਣ ਬਾਕਮਾਲ ਹੋਣ ਕਰਕੇ ਦੇਖਣ-ਸੁਣਨ ਵਾਲੇ ਉਸ ਨਾਲ ਦਿਲੀ ਰਿਸ਼ਤਾ ਗੰਢ ਲੈਂਦੇ। ਉਹ ਕਈ ਵਾਰ ਵਿਦੇਸ਼ ਵੀ ਗਿਆ, ਆਪਣੇ ਵੇਲੇ ਦੇ ਸਟਾਰ ਗਵੱਈਆਂ ਨਾਲ ਪ੍ਰੋਗਰਾਮ ਕੀਤੇ ਪਰ ਚੜ੍ਹਤ ਦੇ ਇਹ ਦਿਨ ਸਦਾ ਨਹੀਂ ਰਹਿੰਦੇ। ਹੌਲੀ-ਹੌਲੀ ਕੈਸਿਟ ਯੁੱਗ ਦਾ ਭੋਗ ਪੈ ਗਿਆ ਤੇ ਸੀ.ਡੀ. ਦੌਰ ਆ ਧਮਕਿਆ। ਗਿਰਗਿਟ ਵਰਗੇ ਬਹੁਤੇ ਕਲਾਕਾਰ ਸੀ.ਡੀ. ਯੁੱਗ ਦੇ ਹਾਣੀ ਬਣਦਿਆਂ ਸਰੋਤਿਆਂ ਦੀ ਮਰਜ਼ੀ ਮੁਤਾਬਕ ਊਟ-ਪਟਾਂਗ ਗਾਉਣ ਲੱਗ ਗਏ ਪਰ ਹਾਕਮ ਆਪਣੀ ਖੁੱਦਾਰੀ 'ਤੇ ਕਾਇਮ ਰਿਹਾ। ਮਾੜਾ ਉਸ ਨੇ ਗਾਇਆ ਨਾ ਤੇ ਚੰਗਾ ਸਰੋਤਿਆਂ ਦੇ ਸਿਰ 'ਤੇ ਅਸਰ ਕਰਨੋਂ ਹਟ ਗਿਆ। ਉਹ ਮੇਲਿਆਂ 'ਚ ਦਿਸਦਾ, ਸਾਹਿਤਕ ਮਹਿਫ਼ਲਾਂ 'ਚ ਗਾਉਂਦਾ ਪਰ ਜਿਹੜਾ ਮਾਣ-ਸਨਮਾਨ ਉਸ ਨੂੰ ਸੁਥਰਾ ਗਾਉਣ ਬਦਲੇ ਮਿਲਣਾ ਚਾਹੀਦਾ ਸੀ, ਉਹ ਨਾ ਮਿਲਿਆ।

'ਯਾਰੀ ਜੱਟ ਦੀ' ਫਿਲਮ ਵਿਚਲਾ ਹਾਕਮ ਦਾ ਗੀਤ 'ਪਾਣੀ ਵਿਚ ਮਾਰਾਂ ਡੀਟਾਂ, ਕਰਦੀ ਪਈ ਰੋਜ਼ ਉਡੀਕਾਂ... ਵਿਛੜਿਆ ਯਾਰ ਮਿਲਾ ਦੇ ਓਏ, ਸੱਜਣਾਂ ਦੇ ਮੇਲ ਕਰਾ ਦੇ ਓਏ' ਹਰ ਪੰਜਾਬੀ ਦੇ ਬੁੱਲ੍ਹਾਂ 'ਤੇ ਅੱਜ ਵੀ ਆਪ ਮੁਹਾਰੇ ਆ ਰਿਹੈ, ਪਰ ਦੁੱਖ ਤਾਂ ਏਸ ਗੱਲ ਦਾ ਏ ਕਿ ਵਿਛੜਨ ਵਾਲੇ ਨੂੰ ਕੋਈ ਨਹੀਂ ਮਿਲਾ ਸਕਦਾ। ਹੁਣ ਜਦੋਂ ਹਾਕਮ ਦੇ ਗਾਏ ਗੀਤਾਂ ਨੂੰ ਨੀਝ ਲਾ ਕੇ ਸੁਣਦੇ ਹਾਂ ਤਾਂ ਜਾਪਦੈ, ਉਹ ਗੀਤਾਂ ਵਿਚ ਤਨ 'ਤੇ ਹੰਢਾਇਆ ਬੜਾ ਕੁਝ ਕਹਿ ਰਿਹਾ ਸੀ, ਪਰ ਅਸੀਂ ਹੀ ਸਮਝ ਨਾ ਸਕੇ। ਉਸ ਨੇ ਵਿਆਹ ਨਾ ਕਰਾਇਆ, ਪਰ ਵਿਆਹਾਂ 'ਚ ਭੰਗੜਾ ਜ਼ਰੂਰ ਪਵਾਇਆ। ਉਸੇ ਦੇ ਇੱਕ ਗੀਤ 'ਚੋਂ ਕਿੰਨਾ ਕੁੱਝ ਮਹਿਸੂਸ ਕਰਨ ਨੂੰ ਮਿਲਦੈ,

ਇਸ਼ਕੇ ਦੀ ਤਾਸ਼ ਖੇਡੀ ਪੱਤੇ ਪੁੱਠੇ ਪੈ ਗਏ,
ਮੰਗੀਆਂ ਸੀ ਬੇਗੀਆਂ ਗੋਲੇ ਹੱਥੀਂ ਰਹਿ ਗਏ।
ਹੁੰਦਾ ਤਾਸ਼ 'ਚ ਦੁੱਕੀ ਦਾ ਬੁਰਾ ਹਾਲ,
ਜੱਗ ਤਾੜੀ ਮਾਰ ਹੱਸਿਆ,
ਕੰਧਾਂ ਵੀ ਰੋਈਆਂ ਸਾਡੇ ਨਾਲ...।

ਹਿੰਦੀ, ਪੰਜਾਬੀ ਤੇ ਹੋਰ ਜ਼ੁਬਾਨਾਂ 'ਚ ਆਪਣੀ ਕਲਾ ਦੀ ਪੇਸ਼ਕਾਰੀ ਕਰਨ ਵਾਲੇ ਕਿੰਨੇ ਹੀ ਲੋਕਾਂ ਦੇ ਅੰਤਲੇ ਵੇਲੇ ਦੀ ਸੂਚੀ ਸਾਡੇ ਸਾਹਮਣੇ ਹੈ। ਕਰਨੈਲ ਗਿੱਲ ਨੇ ਪੰਜਾਬੀ ਗਾਇਕੀ 'ਚ ਕਿੰਨਾ ਵੱਡਾ ਯੋਗਦਾਨ ਪਾਇਆ, ਪਰ ਉਸ ਦੀ ਮੌਤ ਵੀ ਤਾਂ ਗੁੰਮਨਾਮੀ ਵਿਚ ਹੋਈ। ਸੁਰਜੀਤ ਗਾਮੀ ਰੰਗਮੰਚ ਨਾਲ ਕਿੰਨਾ ਲੰਮਾ ਸਮਾਂ ਜੁੜਿਆ ਰਿਹਾ ਪਰ ਅੰਤਲੇ ਵੇਲੇ ਉਸ ਦਾ ਹਾਲ ਜਾਨਣ ਲਈ ਕੋਈ ਨਹੀਂ ਸੀ, ਨੰਦ ਲਾਲ ਨੂਰਪੁਰੀ ਜ਼ਿੰਦਗੀ ਤੋਂ ਸਤਿਆ ਖੂਹ 'ਚ ਛਾਲ ਮਾਰ ਗਿਆ। ਇਵੇਂ ਹੀ ਮਾਇਆ ਨਗਰੀ 'ਚ ਵੱਡਾ ਯੋਗਦਾਨ ਪਾਉਣ ਵਾਲੇ ਦਰਜਨਾਂ ਲੋਕ ਚੁੱਪ-ਚਪੀਤੇ ਚਲੇ ਗਏ, ਉਨ੍ਹਾਂ ਦੇ ਜਾਣ ਦੀਆਂ ਖ਼ਬਰਾਂ ਛਪਣ ਮਗਰੋਂ ਹੀ ਪਤਾ ਲੱਗਾ ਕਿ ਉਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ। ਏ.ਕੇ. ਹੰਗਲ, ਜਿਸ ਨੇ 225 ਹਿੰਦੀ ਫਿਲਮਾਂ 'ਚ ਦਮਦਾਰ ਭੂਮਿਕਾ ਨਿਭਾਈ, 'ਸ਼ੋਅਲੇ' ਫਿਲਮ ਦੇ 'ਰਹੀਮ ਚਾਚਾ' ਵਜੋਂ ਸਭ ਨੇ ਸਲਾਹਿਆ, ਦੇ ਅੰਤਮ ਸੰਸਕਾਰ ਮੌਕੇ ਬਾਲੀਵੁੱਡ ਦੇ ਪੰਜ-ਸੱਤ

### ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਲੋਕ ਮਸੀਂ ਪਹੁੰਚੇ। ਬਾਲੀਵੁੱਡ ਦੇ ਪ੍ਰਸਿੱਧ ਸੰਗੀਤਕਾਰ ਆਰ.ਡੀ. ਬਰਮਨ ਦੀ ਮੌਤ ਵੀ ਗੁੰਮਨਾਮੀ 'ਚ ਹੀ ਹੋਈ। ਆਪਣੇ ਵੇਲੇ ਦੀ ਨਾਮਣੇ ਵਾਲੀ ਅਦਾਕਾਰਾ ਰਹੀ ਪਰਵੀਨ ਬੌਬੀ ਦੇ ਅਖੀਰਲੇ ਵੇਲੇ ਦਾ ਕਿਸ ਨੂੰ ਨਹੀਂ ਪਤਾ? ਸਮਝ ਨਹੀਂ ਆਉਂਦੀ, ਕਿਸ ਨੂੰ ਕਸੂਰਵਾਰ ਕਹੀਏ ਤੇ ਕਿਸ ਨੂੰ ਛੱਡੀਏ। ਵਕਤ ਦਾ ਪਹੀਆ ਸਾਰੀ ਉਮਰ ਕਿਸੇ ਨੂੰ ਪ੍ਰਸਿੱਧ ਨਹੀਂ ਰੱਖ ਸਕਦਾ ਪਰ ਸਾਨੂੰ ਤਾਂ ਉਹੀ ਰਹਿਣਾ ਚਾਹੀਦੈ, ਅਸੀਂ ਤਾਂ ਨਾ ਬਦਲੀਏ। ਜਾਣਾ ਤਾਂ ਸਭ ਨੇ ਹੀ ਹੈ, ਪਰ ਕਰੋੜਾਂ 'ਚੋਂ ਕਿੰਨੇ ਕੁ ਲੋਕ ਨੇ, ਜਿਹੜੇ ਸਮਾਜ ਲਈ ਕੁਝ ਕਰਦੇ ਨੇ।

ਸਾਲ ਕੁ ਪਹਿਲਾਂ ਪਤਾ ਲੱਗਾ ਸੀ ਕਿ ਹਾਕਮ ਉਦਾਸ ਜ਼ਿੰਦਗੀ ਜਿਉਂ ਰਿਹੈ, ਅੰਦਰੋਂ ਟੁੱਟ ਚੁੱਕੈ ਪਰ ਉਸ ਨੂੰ ਜੋੜਨ ਦੀ ਕੋਸ਼ਿਸ਼ ਕਰਨ ਵਾਲਾ ਕੋਈ ਨਹੀਂ ਸੀ। ਉਹ ਤੁਰ ਗਿਐ, ਪਾਣੀ 'ਚ ਡੀਟਾਂ ਮਾਰਨ ਵਾਲੇ ਗੀਤ ਦੀ ਚਰਚਾ ਲੰਮਾ ਸਮਾਂ ਹੁੰਦੀ ਰਹੇਗੀ, ਉਸ ਵੱਲੋਂ ਸਿਵਿਆਂ 'ਚ ਰਾਤਾਂ ਕੱਟਣ ਵਾਲੀਆਂ ਗੱਲਾਂ ਵੀ ਹੁੰਦੀਆਂ ਰਹਿਣਗੀਆਂ ਤੇ ਉਸ ਦੇ ਇਕ ਅਧਿਆਪਕ ਵੱਲੋਂ ਉਸ ਦੀ ਮੌਤ ਵਾਲੇ ਦਿਨ ਲੇਖ ਜ਼ਰੀਏ ਕਹੀ ਗੱਲ ਉਸ ਦੀ ਸੰਵੇਦਨਸ਼ੀਲਤਾ ਦਰਸਾਉਂਦੀ ਰਹੇਗੀ। ਅਧਿਆਪਕ ਮੁਤਾਬਕ, 'ਇਕ ਵਾਰ ਗਿੱਦੜਬਾਹੇ 'ਚ ਲਾਵਾਰਿਸ ਲਾਸ਼ ਮਿਲੀ ਸੀ, ਕੋਈ ਉਸ ਦਾ ਸਸਕਾਰ ਨਾ ਕਰੇ। ਕਮੇਟੀ ਵਾਲਿਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਦੀ ਇਜਾਜ਼ਤ ਮਗਰੋਂ ਹਾਕਮ ਨੇ ਕਿਹਾ ਕਿ ਆਪਾਂ ਏਸ ਵਿਚਾਰੇ ਦਾ ਸਸਕਾਰ ਕਰਦੇ ਹਾਂ। ਪਰ ਉਸ ਨੂੰ ਰੋਣ ਵਾਲਾ ਕੋਈ ਨਹੀਂ ਸੀ। ਸੋ ਸਾਰੀ ਰਾਤ ਹਾਕਮ ਤੇ ਉਹਦੇ ਸਾਥੀਆਂ ਨੇ ਸਿਵੇ 'ਚ ਬੈਠ ਕੇ ਕੱਟੀ, ਗੀਤਾਂ ਨਾਲ ਵਿਦਾਈ ਦਿੱਤੀ। ਰਾਤ ਕਿਵੇਂ ਗੁਜ਼ਰ ਗਈ ਪਤਾ ਹੀ ਨਾ ਲੱਗਾ।'

ਭਲਾ ਇਹੋ ਜਿਹੇ ਫੱਕਰ ਤਬੀਅਤ ਲੋਕ ਕਿੰਨੇ ਕੁ ਨੇ? ਕਿੰਨੇ ਕੁ ਕਲਾਕਾਰ ਨੇ, ਜਿਹੜੇ ਨਿੱਜ ਨਾਲੋਂ ਸਮੂਹ ਦਾ ਭਲਾ ਸੋਚਦੇ ਨੇ, ਜਿਹੜੇ ਬੈਂਕ ਬੈਲੇਂਸ ਨਾਲੋਂ ਸਮਾਜਕ ਕਦਰਾਂ-ਕੀਮਤਾਂ ਨੂੰ ਪਹਿਲ ਦਿੰਦੇ ਨੇ, ਜਿਹੜੇ ਇਹ ਜ਼ਿੰਮੇਵਾਰੀ ਸਮਝਦੇ ਨੇ ਕਿ ਕਲਾ ਦਾ ਅਰਥ ਸਿਰਫ਼ ਪੈਸਾ ਕਮਾਉਣਾ ਨਹੀਂ। ਹਾਕਮ ਵਰਗਿਆਂ ਨੇ ਇਹ ਸੋਚਿਆ ਵੀ, ਮਹਿਸੂਸਿਆ ਵੀ ਤੇ ਕੀਤਾ ਵੀ। ਹਾਕਮ ਸੂਫ਼ੀ ਦੀ ਸੋਚ, ਸੰਵੇਦਨਸ਼ੀਲਤਾ ਤੇ ਸੰਜੀਦਗੀ ਨੂੰ ਲੱਖ ਵਾਰ ਸਲਾਮ।

# ਸਰਵਣ ਸਿੰਘ ਦਾ ਖੇਡ ਸੰਸਾਰ

(ਸਫ਼ਾ 35 ਦੀ ਬਾਕੀ)

ਸੁਹਜੀਲੇ ਸਾਹਿਤ ਵੱਲ ਰੁਚਿਤ ਹੁੰਦੇ ਹਾਂ। ਜੇ ਸਾਹਿਤ ਵਿਚਲੇ ਕੋਝ ਤੋਂ ਵੀ ਤੁਹਾਡਾ ਮਨ ਉਚਾਟ ਹੋ ਜਾਵੇ ਤਾਂ ਸਰਵਣ ਸਿੰਘ ਦੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ। ਤੁਹਾਨੂੰ ਪਤਾ ਲੱਗੇਗਾ ਕਿ ਨਿਰਭਉ ਤੇ ਨਿਰਵੈਰ ਅਕਾਲ ਪੁਰਖ ਅਜੇ ਜਿਉਂਦਾ ਹੈ। ਇਸ ਦੁਨੀਆਂ ਵਿਚ ਬਹੁਤ ਕੁਝ ਪਿਆਰ ਤੇ ਸਵੀਕਾਰ ਜੋਗਰਾ ਅਜੇ ਬਾਕੀ ਹੈ। ਸਾਨੂੰ ਕਿਸੇ ਸਾਹਿਤ-ਪਾਰਖੂ ਨੇ ਦੱਸਿਆ ਹੈ ਕਿ ਨਾਵਲ ਓਦੋਂ ਹੋਂਦ ਵਿਚ ਆਇਆ ਜਦੋਂ ਰੱਬ ਦੁਨੀਆਂ ਤੋਂ ਰੁਖ਼ਸਤ ਹੋ ਚੁੱਕਾ ਸੀ। ਮੈਨੂੰ ਜਾਪਦਾ ਹੈ ਸਰਵਣ ਸਿੰਘ ਓਸ ਰੁਖ਼ਸਤਸ਼ੁਦਾ ਰੱਬ ਨੂੰ ਮੁੜ ਦੁਨੀਆ ਵਿਚ ਮੋੜ ਲਿਆਇਆ ਹੈ।

ਉਹਦੀ ਰਚਨਾ ਮਾਨਵਤਾ ਦਾ ਨਾਹਰਾ ਨਹੀਂ ਮਾਰਦੀ ਪਰ ਮਾਨਵਤਾ ਦਾ ਇਕ ਹੁਸੀਨ ਪੱਖ ਉਜਾਗਰ ਕਰ ਕੇ ਸਾਨੂੰ ਉਹਦੇ ਨਾਲ ਜੋੜਦੀ ਹੈ। ਉਹਦੇ ਬੋਲ ਸਾਡੇ ਆਲੇ ਦੁਆਲੇ ਕੋਸੀ ਧੁੱਪ ਵਾਂਗ ਵਿਛ ਜਾਂਦੇ ਹਨ ਤੇ ਸਾਡੇ ਮਨ ਵਿਚ ਸੁਖਾਵਾਂ ਜਿਹਾ ਨਿੱਘ ਬਣ ਕੇ ਬੈਠ ਜਾਂਦੇ ਹਨ। ਉਹਦੀ ਲਿਖਤ ਪੰਜਾਬੀ ਦਾ ਪੱਖ ਪੂਰਨ ਲਈ ਡਾਂਗ ਨਹੀਂ ਫੜਦੀ, ਪੰਜਾਬੀ ਰੰਗਾਂ ਦਾ ਖਲਾਰਾ ਪਾ ਕੇ ਵੇਖਣ-ਪੜ੍ਹਨ ਵਾਲਿਆਂ ਦਾ ਮਨ ਮੋਹਦੀ ਹੈ। ਸਰਵਣ ਸਿੰਘ ਦੀ ਲਿਖਤ ਖੇਡਾਂ ਸਬੰਧੀ ਨਿਰਜਿੰਦ, ਨਿਰਭਾਵ ਜਾਣਕਾਰੀ ਨਹੀਂ ਦਿੰਦੀ, ਉਨ੍ਹਾਂ ਦੇ ਅੰਗ-ਸੰਗ ਹਸਦੀ ਹੈ, ਰੋਂਦੀ ਹੈ, ਡਰਦੀ ਹੈ, ਬੇਹੋਸ਼ ਹੋਣ ਤਕ ਜਾਂਦੀ ਹੈ। ਜੇ ਤੁਸੀਂ ਕੁੜੀ-ਮੁੰਡੇ ਦੇ ਘਿਸੇ-ਪਿਟੇ ਇਸ਼ਕ-ਪੇਚੇ ਦੇ ਬਗ਼ੈਰ ਸਰੋਦੀ ਰਚਨਾ ਦਾ ਅਨੰਦ ਲੈਣਾ ਚਾਹੁੰਦੇ ਹੋ, ਕਹਾਣੀ-ਪਲਾਟ ਤੋਂ ਬਗ਼ੈਰ ਬਿਰਤਾਂਤ ਨੂੰ ਸੰਭਵ ਹੋਇਆ ਵੇਖਣਾ ਚਾਹੁੰਦੇ ਹੋ ਤਾਂ ਸਰਵਣ ਸਿੰਘ ਤੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ।

ਸ਼ਾਇਦ ਤੁਹਾਨੂੰ ਜਾਪੇਗਾ ਮੈਂ ਭਾਵਕ ਹੋ ਰਿਹਾਂ। ਜਾਪਦਾ ਮੈਨੂੰ ਵੀ ਹੈ। ਇਸੇ ਲਈ ਮੈਂ ਆਪਣੇ ਲਿਖੇ ਨੂੰ ਦੁਬਾਰਾ ਪੜ੍ਹ ਗਿਆ। ਪਰ, ਲਿਖੇ ਹੋਏ ਵਿਚੋਂ ਕੁਝ ਵੀ ਕੱਟਣ ਦਾ ਹੀਆ ਨਹੀਂ ਪਿਆ। ਮੈਨੂੰ ਖੇਡਾਂ ਵਿਚ ਖ਼ਾਸ ਦਿਲਚਸਪੀ ਨਹੀਂ, ਪਰ ਖੇਡਾਂ ਵਿਖਾਉਂਦੇ ਸਰਵਣ ਸਿੰਘ ਨੇ ਪੰਜਾਬੀ ਬੋਲੀ ਦੇ ਸੁਹੱਪਣ ਤੇ ਸਮਰੱਥਾ ਦਾ ਸੁਖਾਵਾਂ ਨਜ਼ਾਰਾ ਵੀ ਤਾਂ ਪੇਸ਼ ਕੀਤਾ ਹੈ। ਮੈਂ ਬੋਲੀ ਦੇ ਚਸਕੇ ਦਾ ਮਾਰਿਆ ਉਹਦੀਆਂ ਅੱਖਾਂ ਥਾਣੀ ਖੇਡਾਂ, ਖਿਡਾਰੀਆਂ, ਖੇਡ-ਵਿਦਿਆ ਤੇ ਖੇਡ-ਵਿਗਿਆਨ ਨਾਲ ਵਾਕਫ਼ੀ ਪਾ ਗਿਆ। ਤੁਸੀਂ ਪੁੱਛੋਗੇ: ਕੀ ਸਰਵਣ ਸਿੰਘ ਏਡਾ ਹੀ ਸਮਰੱਥਾਵਾਨ ਲਿਖਾਰੀ ਹੈ ਜਿੱਡਾ ਮੈਂ ਉਹਨੂੰ ਦੱਸ ਰਿਹਾ ਹਾਂ? ਮੈਂ ਵੀ ਇਸ ਕਿਤਾਬ ਨੂੰ ਪੜ੍ਹਦੇ ਪੜ੍ਹਦੇ ਰੁਕ ਜਾਂਦਾ ਰਿਹਾ ਹਾਂ ਤੇ ਗ਼ੈਰ-ਹਾਜ਼ਰ ਸਰਵਣ ਸਿੰਘ ਨੂੰ ਸਵਾਲ ਕਰਦਾ ਰਿਹਾਂ ਹਾਂ: ਕੀ ਤੇਰੀਆਂ ਖੇਡਾਂ ਤੇ ਖਿਡਾਰੀ ਏਨੇ ਹੀ ਸੋਹਣੇ ਹਨ? ਫੇਰ ਜਵਾਬ ਵਜੋਂ ਆਪ ਹੀ ਸੌਦਾ ਦੀ ਗ਼ਜ਼ਲ ਦਾ ਇਕ ਸ਼ੇਅਰ ਆਪਣੇ ਆਪ ਨੂੰ ਸੁਣਾਉਂਦਾ ਰਿਹਾ ਹਾਂ:

ਸੌਦਾ ਜੋ ਤਿਰਾ ਹਾਲ ਹੈ ਇਤਨਾ ਤੋ ਨਹੀਂ ਵੋਹ
ਕਿਆ ਜਾਨੀਏ ਤੂ ਨੇ ਉਸੇ ਕਿਸ ਆਨ ਮੇ ਦੇਖਾ।

## ਕਾਵਿ ਕਿਆਰੀ

### ਕੀ ਹਾਲ-ਚਾਲ ਆ

ਸੁਣਾਓ ਐ ਮੇਰੇ ਦੋਸਤੋ!
ਸੁਣਾਓ ਕੀ ਹਾਲ-ਚਾਲ ਆ?
ਕਿਸੇ ਦਾ ਪੀਲਾ-ਭੂਕ ਆ
ਕਿਸੇ ਦਾ ਮੁਖੜਾ ਲਾਲ ਆ।
ਹੱਥ ਅਗ੍ਹਾਂ ਨੂੰ ਮਾਰਿਆਂ
ਕੁੱਝ ਵੀ ਨਜ਼ਰ ਨਹੀਂ ਆ ਰਿਹਾ,
ਪਿੱਛੇ ਜੋ ਆਏ ਛੱਡ ਹਾਂ,
ਉਸੇ ਦਾ ਬੱਸ ਮਲਾਲ ਆ।

ਕਿੰਨਿਆਂ ਗਵਾਈਆਂ ਗੋਟੀਆਂ,
ਕੀ ਹੈ ਪੱਲੇ ਰਹਿ ਗਿਐ?
ਮਿਲੇਗੀ ਕਦੇ ਜਿੱਤ ਵੀ,
ਕਿ ਹਾਰ ਹੀ ਬੱਸ ਹਾਰ ਆ?
ਕਿੰਨੀ ਏ ਵਾਟ ਰਹਿ ਗਈ
ਕਿਤਨਾ ਕੁ ਅਜੇ ਹੈ ਢੋਵਣਾ?
ਚੁੱਕੀ ਹਾਂ ਫਿਰਦੇ ਮੋਢਿਆਂ,
ਆਪਣੇ ਜੋ ਆਪਾਂ ਭਾਰ ਆ।

ਇਨਸਾਨ ਹਰ ਕੋਈ ਕਰ ਰਿਹੈ,
ਕੰਮ ਹੈ ਰੁਜ਼ਗਾਰ ਲਈ
ਟੱਬਰ ਜੇ ਹੋਵਣ ਪਾਲਣਾ,
ਹੁੰਦਾ ਏ ਮਾੜਾ ਹਾਲ ਆ।
ਧਰਤੀ ਨਵੀਂ ਤਾਂ ਟੋਲਦਾ ਹੈ
ਜੀਣ ਲਈ ਕੁੱਝ ਥੀਣ ਲਈ।
ਪਰ ਹਰ ਜਗ੍ਹਾ ਤੇ ਅੱਜ-ਕਲ੍ਹ
ਰੋਟੀ ਹੈ ਮਿਲੇ ਮੁਹਾਲ ਆ।

ਭਰਮ ਬਹੁਤ ਹਨ ਪਾਲਦੇ,
ਕੁੱਝ ਲੋਕ ਨੇ ਮੇਰੇ ਵਤਨ ਦੇ,
ਉਥੇ ਜੇ ਚੰਗਾ ਹਾਲ ਨਹੀਂ,
ਇਥੇ ਵੀ ਉਹੀਓ ਹਾਲ ਆ।
ਬਹੁਤੇ ਘਰਾਂ ਵਿਚ ਰਿੱਝਦੇ,
ਪਕਵਾਨ ਹਨ ਕਈ ਤਰ੍ਹਾਂ ਦੇ,
ਕਈਆਂ ਦੇ ਕਰਮੀਂ ਲਿਖਿਆ
ਫੁਲਕਾ ਤੇ ਉਹੀ ਦਾਲ ਆ।

ਛੱਡ ਕੇ ਇਹ ਸੱਭੇ ਝੇੜਿਆਂ,
ਖੁਸ਼ੀਆਂ ਲਿਆਈਏ ਵਿਹੜਿਆਂ,
ਸਾਦਾ ਹੈ ਜੀਵਨ ਜੀਵੀਏ,
ਕੁੱਝ ਲੈ ਨਹੀਂ ਜਾਣਾ ਨਾਲ ਆ।
ਸੰਭਾਲੋ ਜੀ ਵਿਰਸਾ ਆਪਣਾ,
ਚੰਗੀਆਂ ਜੋ ਰੀਤਾਂ ਸਾਡੀਆਂ,
'ਰਾਠੀ'! ਇਸੇ ਵਿਚ ਸ਼ਾਂਤੀ,
ਕਰਦੇਂ ਜੋ ਬਾਹਰੋਂ ਭਾਲ ਆ।

-ਰਾਠੇਸ਼ਵਰ ਸਿੰਘ ਸੂਰਾਪੁਰੀ
ਫੋਨ: 916-969-9337

---

### ਸ਼ਹੀਦਾਂ ਦੇ ਨਾਂ ਨਗਮਾ

ਸੁੱਤੇ ਦਰਦ ਦੁਬਾਰਾ ਚੰਦਰੇ ਕਿਸੇ ਜਗਾ ਦਿੱਤੇ।
ਸਿਵੇ ਸਿੱਖ ਕੌਮ ਦੀ ਹਿੱਕ 'ਤੇ ਛੇ ਮਘਾ ਦਿੱਤੇ।
ਪੰਜ ਮਰੇ ਪੁੱਤ ਕੌਮ ਦੇ, ਇੱਕ ਧੀ ਮਰੀ।
ਇੱਕ ਵਾਰ ਫਿਰ ਗੋਲੀ, ਸਿੱਖਾਂ 'ਤੇ ਵਰ੍ਹੀ।

ਹਾਲੇ 'ਰਾਮ ਨਾ ਆਇਆ ਸੀ ਪਹਿਲਿਆਂ ਸੱਟਾਂ ਨੂੰ।
ਕਿਵੇਂ ਭਰੂ ਕੋਈ ਦੱਸੋ ਸਿੱਖ ਕੌਮ ਦੇ ਫੱਟਾਂ ਨੂੰ।
ਸਭ ਨੇ ਪਾਇਆ ਲੂਣ ਕਿਸੇ ਨਾ ਮੱਲ੍ਹਮ ਧਰੀ।
ਇੱਕ ਵਾਰ ਫਿਰ ਗੋਲੀ, ਸਿੱਖਾਂ 'ਤੇ ਵਰ੍ਹੀ।

ਦਿਲ 'ਤੇ ਬਣੇ ਨਸੂਰਾਂ ਨੂੰ ਕਿਸੇ ਫੇ ਛੇੜਿਆ ਏ।
ਸਿੱਖ ਕੌਮ ਦੇ ਦੁੱਖਾਂ ਦਾ ਕਿਸੇ ਹਲਟ ਗੇੜਿਆ ਏ।
ਐਸੀ ਮਿਲ ਗਈ ਪੀੜ ਕਿਸੇ ਤੋਂ, ਜਾਂਦੀ ਨਾ ਜਰੀ।

ਜੇ ਨਾ ਸੰਭਲੇ ਗੋਲੀਆਂ ਦੇ ਮੀਂਹ ਵਰ੍ਹਦੇ ਰਹਿਣਗੇ।
ਬੇਦੋਸ਼ੇ ਸਿੱਖ ਬਿਨਾਂ ਵਜ੍ਹਾ ਤੋਂ ਮਰਦੇ ਰਹਿਣਗੇ।
ਸਿੱਖ ਕੌਮ ਦੇ ਬਾਨਿਓਂ ਜੇ ਨਾ ਫਿਕਰ ਕਰੀ।

ਛੇ ਮੁੱਕ ਗਏ, ਡਰ ਕੇ ਸਹਿਮ ਗਏ ਬਾਕੀ ਦੇ।
ਭੁੱਲਿਆ ਝੱਖੜ ਦੁਖਾਂ ਦਾ ਵਿਚ ਮਿਲਵਾਕੀ ਦੇ।
ਇੱਕ ਵਾਰ ਤਾਂ ਨਿੰਮਿਆ ਏ ਅੱਖ ਸਭ ਦੀ ਭਰੀ।
ਇੱਕ ਵਾਰ ਫਿਰ ਗੋਲੀ, ਸਿੱਖਾਂ 'ਤੇ ਵਰ੍ਹੀ।

-ਨਿੰਮਾ ਡੱਲੇਵਾਲਾ

---

### ਰੁਬਾਈ

ਕੁਰਬਾਨੀ ਦੇ ਨਾਲ ਸਿਰੀਂ,
ਦਸਤਾਰ ਹਮੇਸ਼ਾ ਰੱਖ ਹੁੰਦੀ ਹੈ।

ਬੇਅਣਖੇ ਬੰਦੇ ਦੀ ਜ਼ਿੰਦਗੀ,
ਲੱਖ ਹੁੰਦਿਆਂ ਵੀ ਕੱਖ ਹੁੰਦੀ ਹੈ।

ਦਸ ਗੁਰੂਆਂ ਦੀ ਬਾਣੀ ਨਿਸ ਦਿਨ,
ਸਾਨੂੰ ਇਕੋ ਸਬਕ ਪੜ੍ਹਾਵੇ।

ਅਸਲੀ ਨਕਲੀ ਪਰਖਣ ਵਾਲੀ,
ਤੀਜੀ ਵੱਖਰੀ ਅੱਖ ਹੁੰਦੀ ਹੈ।

-ਗੁਰਭਜਨ ਗਿੱਲ

## ਕਹਾਣੀ

# ਨਿੱਕੀ ਬੂਟੀ ਦਾ ਸੂਟ

***ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਗੁਰਬਚਨ ਸਿੰਘ ਭੁੱਲਰ ਦਾ ਆਪਣਾ ਵੱਖਰਾ ਮੁਕਾਮ ਹੈ। ਉਹਦੀਆਂ ਕਹਾਣੀਆਂ ਵਿਚ ਪਿੰਡ ਦਾ ਰੰਗ ਬਹੁਤ ਗੂੜ੍ਹਾ ਹੈ ਅਤੇ ਉਹ ਇਸ ਰੰਗ ਨੂੰ ਆਪਣੀ ਸ਼ੈਲੀ ਵਿਚ ਗੁੰਨ੍ਹ ਕੇ ਕਦੀ ਨਾ ਮੁੱਕਣ ਵਾਲੀ ਬਾਤ ਪਾਉਂਦਾ ਹੈ। ਉਹਦੀਆਂ ਕਹਾਣੀਆਂ ਮਹਿਜ਼ ਘਟਨਾਵਾਂ ਜਾਂ ਪਾਤਰਾਂ ਦੇ ਜੀਵਨ ਵੇਰਵੇ ਨਹੀਂ ਹੁੰਦੇ ਸਗੋਂ ਇਨ੍ਹਾਂ ਵਿਚੋਂ ਪੰਜਾਬ ਦੀ ਰੂਹ ਝਾਕਦੀ ਹੈ। ਉਹਦੀਆਂ ਕਹਾਣੀਆਂ ਵਿਚ ਪਿੰਡ ਦਾ ਇਹ ਜਲਵਾ ਕੁਲਵੰਤ ਸਿੰਘ ਵਿਰਕ ਨਾਲੋਂ ਵੀ ਦੋ ਰੱਤੀਆਂ ਵਧ ਕੇ ਹੈ, ਕਿਉਂਕਿ ਉਹਦੇ ਵਿਚਾਰਾਂ ਦੀ ਪਿੱਠਭੂਮੀ ਵੱਧ ਵਿਸ਼ਾਲ ਹੈ। 'ਨਿੱਕੀ ਬੂਟੀ ਦਾ ਸੂਟ' ਵਿਚ ਉਹਨੇ ਪਿੰਡ ਦੇ ਕਿਰਦਾਰ ਨੂੰ ਵੱਖਰੇ ਰੂਪ ਵਿਚ ਪੇਸ਼ ਕੀਤਾ ਹੈ। ਅਸਲ ਵਿਚ ਬੰਦਾ ਜਦੋਂ ਹਰ ਵਸਤ, ਪੈਸੇ ਨਾਲ ਤੋਲਣ ਲਗਦਾ ਹੈ ਤਾਂ ਰਿਸ਼ਤਿਆਂ ਉਤੇ ਆਰੀ ਚੱਲਣੀ ਹੀ ਚੱਲਣੀ ਹੁੰਦੀ ਹੈ। ਇਸ ਕਹਾਣੀ ਵਿਚ ਵੀ ਰਿਸ਼ਤਿਆਂ ਦੀ ਡੰਡੀ ਡੋਲ ਜਾਂਦੀ ਹੈ। ਇਹ ਕਹਾਣੀ ਮੋਹ-ਮਾਰੇ ਵਕਤਾਂ ਦੀ ਕਥਾ ਹੈ। -ਸੰਪਾਦਕ***

**ਗੁਰਬਚਨ ਸਿੰਘ ਭੁੱਲਰ**

ਭੂਆ ਨੇ ਸੁਨੇਹਾ ਭੇਜਿਆ ਹੀ ਅਜਿਹਾ ਸੀ ਕਿ ਦਿਲ ਦੀਆਂ ਸੱਭੇ ਤਾਰਾਂ ਹਿਲਾ ਗਿਆ। ਮੋਹ ਵਿਚ ਭਿੱਜਿਆ ਹੋਇਆ, ਕੁਝ-ਕੁਝ ਗਿਲੇ ਜਿਹੇ ਨਾਲ ਭੇਜਿਆ ਗਿਆ ਸੁਨੇਹਾ। ਉਹ ਦੀਆਂ ਅੱਖਾਂ ਪਿਆਰ ਦੀ ਛੱਲ ਨਾਲ ਸਿੱਲ੍ਹੀਆਂ ਹੋ ਗਈਆਂ। ਉਹਨੇ ਸੋਚਿਆ, ਸੱਚ-ਮੁੱਚ ਹੀ ਹੁਣ ਤਾਂ ਭੂਆ ਨਦੀ-ਕਿਨਾਰੇ ਰੁੱਖੜਾ ਹੋਵੇਗੀ। ਪਤਾ ਨਹੀਂ ਕਿਸ ਦਿਨ ਉੱਖੜ ਕੇ ਸਮੇਂ ਦੇ ਅਨੰਤ ਅਤੇ ਅਰੁਕ ਵਗਦੇ ਪਾਣੀਆਂ ਵਿਚ ਸਹਿਜੇ ਜਿਹੇ ਡਿੱਗ ਪਵੇ। ਕਈ ਸਾਲ ਪਹਿਲਾਂ ਹੀ, ਜਦੋਂ ਉਹ ਅਜੇ ਆਪਣੇ ਪਿੰਡਾਂ ਤੋਂ ਇੰਨਾ ਦੂਰ ਨਹੀਂ ਸੀ ਆਇਆ, ਭੂਆ ਬਿਰਧ ਹੁੰਦੀ ਜਾਂਦੀ ਲੱਗਦੀ ਸੀ। ਹੁਣ ਤਾਂ ਉਹ ਦੇ ਬੁੱਕ ਵਿਚੋਂ ਸਾਹਾਂ ਦੇ ਕਿੰਨੇ ਹੀ ਹੋਰ ਦਾਣੇ ਕਿਰ ਚੁੱਕੇ ਹੋਣਗੇ। ਉਹਨੇ ਸੁਨੇਹਾ ਦੇਣ ਵਾਲੇ ਹੱਥ ਕਿਹਾ ਸੀ, "ਮੇਰੇ ਬਚੜੇ ਨੂੰ ਕਹੀਂ, ਇਕ ਵਾਰ ਮੇਲਾ-ਗੇਲਾ ਕਰ ਜਾਵੇ। ਹੁਣ ਤਾਂ ਬਸ ਚਲੋ-ਚਲੀ ਹੀ ਐ। ਨਦੀ ਕਿਨਾਰੇ ਰੁੱਖੜਾ! ਨਾਲ ਵਹੁਟੀ ਨੂੰ ਤੇ ਨਿਆਣਿਆਂ ਨੂੰ ਜ਼ਰੂਰ ਲਿਆਵੇ। ਮੂਲ ਨਾਲੋਂ ਸੂਦ ਬਹੁਤਾ ਪਿਆਰਾ ਹੁੰਦਾ ਐ।"

ਜਦੋਂ ਕਦੇ ਚੇਤਾ ਬੀਤੇ ਦਿਨਾਂ ਵੱਲ ਜਾਂਦਾ, ਭੂਆ ਉਹਦੇ ਕਈ ਵਾਰ ਯਾਦ ਆਉਂਦੀ, ਪਰ ਉਹਦੇ ਇਸ ਸੁਨੇਹੇ ਮਗਰੋਂ ਤਾਂ ਉਹਨੂੰ ਅਜਿਹਾ ਜਾਪਿਆ ਜਿਵੇਂ ਉਹ ਜਾ ਰਹੀ ਹੋਵੇ ਅਤੇ ਉਹਨੂੰ ਮੂੰਹ ਦੇਖਣ ਲਈ ਆਵਾਜ਼ਾਂ ਮਾਰ ਰਹੀ ਹੋਵੇ। ਉਹਨੇ ਦੋ-ਚਾਰ ਛੁੱਟੀਆਂ ਲੈ ਕੇ ਜਾਣ ਦੀ ਸਲਾਹ ਬਣਾ ਲਈ।

ਕਿੰਨੇ ਚਿਰ ਮਗਰੋਂ ਉਸ ਨੇ ਭੂਆ ਨੂੰ ਮਿਲਣਾ ਸੀ ਅਤੇ ਕਿੰਨੇ ਪਿਆਰ ਨਾਲ ਉਹਨੇ ਬੁਲਾਇਆ ਸੀ। ਉਹਦਾ ਦਿਲ ਕੀਤਾ, ਭੂਆ ਲਈ ਕੁਝ ਲੈ ਕੇ ਜਾਵੇ। ਉਹਦੇ ਨਿਰਛਲ ਮੋਹ ਦਾ ਕੋਈ ਨਿਮਾਣਾ ਜਿਹਾ ਹੁੰਗਾਰਾ। ਉਹਦੇ ਲਈ ਆਪਣੇ ਆਦਰ ਦੀ ਕੋਈ ਤੁੱਛ ਜਿਹੀ ਨਿਸ਼ਾਨੀ। ਉਹ ਕਈ ਦਿਨ ਸੋਚਦਾ ਰਿਹਾ। ਆਖਰ ਉਹਨੇ ਪਿੰਡਾਂ ਦੇ ਪੁਰਾਣੇ ਰਿਵਾਜ਼ ਅਨੁਸਾਰ ਕਈ ਦੁਕਾਨਾਂ ਫਿਰ ਕੇ ਮਿੱਠੇ-ਮਿੱਠੇ ਰੰਗਾਂ ਦੀਆਂ ਨਿੱਕੀਆਂ-ਨਿੱਕੀਆਂ ਬੂਟੀਆਂ ਵਾਲਾ ਬੜਾ ਸੋਹਣਾ ਸੂਟ ਖਰੀਦ ਲਿਆ।

ਸੁਨੇਹਾ ਆਉਣ ਤੇ ਤੁਰਨ ਦੇ ਵਿਚਕਾਰ ਜਿਹੜੇ ਦਿਨ ਬੀਤੇ, ਉਨ੍ਹਾਂ ਵਿਚ ਵਾਰ-ਵਾਰ ਭੂਆ ਦੀਆਂ ਗੱਲਾਂ ਉਹਨੂੰ ਯਾਦ ਆਉਂਦੀਆਂ। ਕਈ ਵਾਰ ਉਹ ਇਹ ਗੱਲਾਂ ਮਨ ਹੀ ਮਨ ਵਿਚ ਯਾਦ ਕਰਦਾ, ਕਈ ਵਾਰ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਸੁਣਾਉਂਦਾ। ਖਾਸ ਕਰ ਕੇ ਉਹਨੂੰ ਪਿਆਰਾ ਲੱਗਦਾ ਸੀ ਧੌਲੇ ਸਿਰ ਵਾਲੀ ਭੂਆ ਦਾ ਉਹਦੀ ਧੌਲੇ ਸਿਰ ਵਾਲੀ ਮਾਂ ਨੂੰ ਮੋਹ ਨਾਲ 'ਭਾਬੋ' ਕਹਿਣਾ। ਉਹ ਕਦੀ ਵੀ ਉਹਦੀ ਮਾਂ ਦਾ ਨਾਂ ਨਾ ਲੈਂਦੀ। ਭਾਬੋ-ਭਾਬੋ ਕਰਦੀ ਦਾ ਉਹਦਾ ਮੂੰਹ ਨਾ ਥੱਕਦਾ। ਉਹਦੀ ਮਾਂ ਜਵਾਬ ਵਿਚ ਉਹਦੀ ਭੂਆ ਨੂੰ ਬੀਬੀ ਆਖਦੀ। ਘਰ ਵਿਚ ਸਾਰਾ ਦਿਨ ਭਾਬੋ-ਭਾਬੋ, ਬੀਬੀ-ਬੀਬੀ ਹੁੰਦੀ ਰਹਿੰਦੀ।

ਭੂਆ ਪੇਕੀਂ ਆਉਂਦੀ ਤਾਂ ਕਦੀ ਵੀ ਪਰਾਹੁਣੀਆਂ ਵਾਂਗ ਨਾ ਬੈਠਦੀ। ਉਹ ਕੰਮਾਂ ਵਿਚ ਉਲਝੀ ਹੋਈ ਮਾਂ ਦੇ ਕਈ ਨਿੱਕੇ-ਮੋਟੇ ਕੰਮ ਕਰ ਜਾਂਦੀ, ਕਈ ਵਿਗੜੇ ਹੋਏ ਕੰਮ ਸੰਵਾਰ ਜਾਂਦੀ। ਮਾਂ ਦੇ ਨਾਂਹ-ਨਾਂਹ ਕਰਦਿਆਂ ਵੀ ਉਹ ਰਜਾਈਆਂ-ਤਲਾਈਆਂ ਸੂਰਜ ਵੱਲ ਕਰ-ਕਰ ਦੇਖਦੀ। ਟੁੱਟੇ ਲੋਗੜ ਵਾਲੀਆਂ ਦੇ ਨਗੰਦੇ ਉਧੇੜ ਕੇ ਕੱਪੜਾ ਧੋਣ ਲਈ ਸੋਢੇ ਵਿਚ ਭਿਉਂ ਦਿੰਦੀ ਅਤੇ ਲੋਗੜ ਪਿੰਜਾਉਣ ਲਈ ਗਠੜੀ ਬੰਨ੍ਹ ਦਿੰਦੀ। ਬੋਰੀ ਵਿਚ ਪਾ ਕੇ ਪੜਛੱਤੀ ਉਤੇ ਰੱਖੇ ਸੂਤ ਨੂੰ ਮੰਜਾ ਬੁਣਨ ਲਈ ਰੰਗ ਦੇ ਦੋ ਬੱਠਲਾਂ ਵਿਚ ਡੋਬ ਦਿੰਦੀ ਅਤੇ ਉੱਖੜੀ ਹੋਈ ਚੁਗਾਠ ਠੋਕਣ ਲਈ ਤਰਖਾਣਾਂ ਦੇ ਭੇਜ ਦਿੰਦੀ ਤੇ ਫੇਰ ਸਵੇਰ ਦੇ ਕੰਮ ਮੁਕਾ ਕੇ ਆਥਣ ਦੇ ਕੰਮਾਂ ਤੋਂ ਪਹਿਲਾਂ ਉਹ ਦੁਪਹਿਰ ਵੇਲੇ ਦੋਵੇਂ ਰਲ ਕੇ ਨਵੀਆਂ ਭਰੀਆਂ ਰਜਾਈਆਂ-ਤਲਾਈਆਂ ਦੇ ਨਗੰਦੇ ਪਾਉਂਦੀਆਂ ਜਾਂ ਮੰਜਾ ਬੁਣਨ ਬੈਠਦੀਆਂ ਤਾਂ ਧੀਮੀ-ਧੀਮੀ ਆਵਾਜ਼ ਵਿਚ ਨਣਦ-ਭਰਜਾਈ ਦੇ ਗੀਤ ਗਾਉਂਦੀਆਂ ਜਾਂ ਇਉਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀਆਂ ਜਿਵੇਂ ਮਾਂ ਨਵੀਂ-ਨਵੀਂ ਸਹੁਰੀਂ ਆਈ ਹੋਵੇ ਅਤੇ ਭੂਆ ਨੂੰ ਉਹਦਾ ਦਿਲ ਲੁਆਉਣ ਲਈ ਉਹਦੇ ਕੋਲ ਬਿਠਾਇਆ ਗਿਆ ਹੋਵੇ।

ਜਦੋਂ ਕਦੀ ਉਹ ਉਹਦੇ ਪਿੰਡ ਜਾਂਦਾ, ਭੂਆ ਨੂੰ ਲੋਹੜੇ ਦਾ ਚਾਅ ਚੜ੍ਹਦਾ। ਉਹ ਰੱਜ ਕੇ ਪਿਆਰ ਕਰਦੀ ਅਤੇ ਰੱਜ ਕੇ ਖੁਆਉਂਦੀ-ਪਿਆਉਂਦੀ। ਮੁਰਾਦਾਬਾਦੀ ਥਾਲ ਵਿਚ ਰੱਖ ਕੇ ਘਰ ਦੇ ਘਿਉ ਨਾਲ ਨੁੱਚੜਦੇ ਲੂਣੇ ਪਰੌਂਠੇ ਦਿੰਦੀ। ਪਰੌਂਠਿਆਂ ਵਿਚ ਦਰੜਾ ਜਿਹਾ ਕੀਤੀਆਂ ਲਾਲ ਮਿਰਚਾਂ ਥਾਂ-ਥਾਂ ਤਾਰਿਆਂ ਵਾਂਗ ਚਮਕਦੀਆਂ। ਥਾਲ ਵਿਚ ਉਹ ਵੱਡਾ ਸਾਰਾ ਕਾਂਸੀ ਦਾ ਕਟੋਰਾ ਦਹੀਂ ਦਾ ਭਰ ਕੇ ਰੱਖ ਦਿੰਦੀ। ਕਟੋਰਾ ਕਾਹਦਾ ਹੁੰਦਾ, ਛੰਨਾ ਹੁੰਦਾ ਸੀ ਕਿ ਉਹ। ਦਹੀਂ ਦੇ ਇਕ ਪਾਸੇ ਮੱਖਣੀ ਦਾ ਪੇੜਾ ਪਿਆ ਹੁੰਦਾ ਜਾਂ ਫੇਰ ਉਹ ਗੁੜ ਖੋਰ ਕੇ ਅਤੇ ਆਟੇ ਵਿਚ ਘਿਉ ਝੱਸ ਕੇ ਮਿੱਠੀਆਂ ਰੋਟੀਆਂ ਪਕਾਉਂਦੀ। ਉਨ੍ਹਾਂ ਨਾਲ ਉਹ ਸੌਂਫ, ਕਲੌਂਜੀ ਅਤੇ ਮੇਥਿਆਂ ਦੇ ਮਸਾਲੇ ਵਿਚ ਲੁਕੀ ਹੋਈ ਅੰਬ ਦੇ ਆਚਾਰ ਦੀ ਫਾੜੀ ਰੱਖਦੀ ਜਾਂ ਰਾਈ ਨਾਲ ਭਰੀ ਹੋਈ ਹਰੀ-ਹਰੀ ਗਿੱਠ ਲੰਮੀ ਮਿਰਚ ਰੱਖਦੀ, ਜੀਹਦੇ ਚੀਰ ਵਿਚੋਂ ਪੀਲਾ-ਪੀਲਾ ਖੱਟਾ-ਕਰਾਰਾ ਰਸ ਚਿਉਂਦਾ। ਤੇ ਫੇਰ ਉਹ ਹੋਰ-ਹੋਰ ਖਾਣ ਲਈ ਮਜਬੂਰ ਕਰਦੀ। ਅੰਤ ਨੂੰ ਹੱਥ ਬੰਨ੍ਹ ਕੇ ਹਾੜੇ ਕੱਢ ਕੇ, ਫੁੱਲਿਆ ਪੇਟ ਦਿਖਾ ਕੇ ਹੀ ਭੂਆ ਤੋਂ ਖਹਿੜਾ ਛੁਡਾਉਣਾ ਪੈਂਦਾ।

ਤੇ ਫੇਰ ਉਹ ਛੇਤੀ-ਛੇਤੀ ਮੁੜਨ ਨਾ ਦਿੰਦੀ। ਕਦੀ ਕੋਈ ਲਾਰਾ ਲਾ ਕੇ ਕਦੀ ਕੋਈ ਬਹਾਨਾ ਬਣਾ ਕੇ ਉਹ 'ਇਕ ਦਿਨ ਹੋਰ, ਇਕ ਦਿਨ ਹੋਰ' ਆਖਦਿਆਂ ਕਈ-ਕਈ ਦਿਨ ਲੰਘਾ ਦਿੰਦੀ।



ਉਹ ਮਾਂ ਦੀ ਚਿੰਤਾ ਬਾਰੇ ਆਖਦਾ ਤਾਂ ਉਹ ਜਵਾਬ ਦਿੰਦੀ, "ਕੋਈ ਨਹੀਂ ਚਿੰਤਾ ਹੁੰਦੀ ਤੇਰੀ ਮਾਂ ਨੂੰ। ਕਿਸੇ ਓਪਰੀ ਥਾਂ ਨਹੀਂ ਆਇਆ ਹੋਇਆ ਤੂੰ। ਉਹਨੂੰ ਪਤਾ ਐ, ਭੂਆ ਕੋਲ ਗਿਆ ਹੈ, ਦਿਨ ਤਾਂ ਲੱਗਣਗੇ ਹੀ।"

ਉਹ ਸਕੂਲ ਖੁੱਲ੍ਹਣ ਬਾਰੇ ਆਖਦਾ ਤਾਂ ਉਹ ਬੋਲਦੀ, "ਕੋਈ ਨਹੀਂ ਭੱਜ ਚੱਲਿਆ ਤੇਰਾ ਮਦਰੱਸਾ ਕਿਧਰੇ।"

ਜਦੋਂ ਦਾ ਉਹ ਨੌਕਰੀ ਉਤੇ ਲੱਗਿਆ ਸੀ, ਬਹੁਤੇ ਰਿਸ਼ਤੇਦਾਰ ਇਕ-ਇਕ ਕਰ ਕੇ ਉਹਤੋਂ ਦੂਰ ਹਟਦੇ ਗਏ ਸਨ। ਉਹਨੂੰ ਦੁੱਖ ਵੀ ਹੁੰਦਾ, ਪਰ ਉਹ ਕਰ ਵੀ ਕੁਝ ਨਹੀਂ ਸੀ ਸਕਦਾ। ਰਹਿਣੀ-ਬਹਿਣੀ ਅਤੇ ਕਦਰਾਂ-ਕੀਮਤਾਂ ਦਾ ਫਰਕ ਕਿਵੇਂ ਨਾ ਕਿਵੇਂ ਪਾੜਾ ਪਾ ਹੀ ਦਿੰਦਾ। ਉਹਦੇ ਘਰ ਵਿਚ ਸ਼ਹਿਰੀ ਜੀਵਨ ਦੀਆਂ ਸਾਧਾਰਨ ਚੀਜ਼ਾਂ ਟੈਲੀਵਿਜ਼ਨ, ਫਰਿਜ਼, ਸੋਫਾ ਆਦਿ ਦੇਖ ਕੇ ਰਿਸ਼ਤੇਦਾਰ ਉਹਦੇ ਪੈਸਿਆਂ ਬਾਰੇ ਕੁਝ ਸੱਚਾ ਅਤੇ ਬਹੁਤਾ ਕਲਪਿਤ ਹਿਸਾਬ ਲਾ ਲੈਂਦੇ।

ਕਿਸਾਨ ਦਾ ਪੈਸੇ ਬਾਰੇ ਨਜ਼ਰੀਆ ਆਪਣਾ ਹੀ ਹੁੰਦਾ ਹੈ। ਉਹ ਬਹੁਤੀ ਜ਼ਮੀਨ ਦਾ ਮਾਲਕ ਹੋਵੇ ਜਾਂ ਥੋੜ੍ਹੀ ਦਾ, ਉਹਦੀ ਆਮਦਨ ਤਾਂ ਘਰ ਛੇ ਮਹੀਨਿਆਂ ਮਗਰੋਂ ਹੀ ਹਾੜ੍ਹੀ-ਸਾਉਣੀ ਨੂੰ ਆਉਣੀ ਹੁੰਦੀ ਹੈ। ਉਹ ਵੀ ਜੇ 'ਰੱਬ ਸੁੱਖ ਰੱਖੇ' ਅਤੇ ਸੋਕਿਆਂ ਤੋਂ ਤੇ ਝੱਖੜਾਂ ਤੋਂ, ਹੜ੍ਹਾਂ ਤੋਂ ਤੇ ਰੋਗਾਂ ਤੋਂ ਫਸਲ ਦਾ ਬਚਾਉ ਹੋ ਜਾਵੇ। ਮੁਲਾਜ਼ਮ ਦੀ ਤਨਖ਼ਾਹ ਨੂੰ ਜੱਟ ਬੱਝਵੀਂ ਆਮਦਨ ਕਹਿੰਦੇ ਹਨ ਜੋ ਚੜ੍ਹੇ ਮਹੀਨੇ, ਰੱਬ ਸੁੱਖ ਰੱਖੇ ਜਾਂ ਨਾ, ਆ ਹੀ ਜਾਂਦੀ ਹੈ।

ਤੇ ਉਹ ਉਹਦੀ ਰਹਿਣੀ-ਬਹਿਣੀ ਦੇ ਭਰਮ-ਭੁਲੇਖੇ ਵਿਚ ਆ ਕੇ ਸੋਚਦੇ, ਪੈਸੇ ਮੰਗਣ ਵਿਚ ਕੀ ਹਰਜ ਹੈ। ਮਿਲ ਗਏ ਤਾਂ ਠੀਕ ਹੈ, ਨਹੀਂ ਤਾਂ ਇਨਕਾਰ ਕਰਨ ਵਾਲਾ ਆਪੇ ਸ਼ਰਮਿੰਦਾ ਹੋਵੇਗਾ। ਕਿਸੇ ਰਿਸ਼ਤੇਦਾਰ ਨੇ ਪੁਰਾਣਾ ਟਰੈਕਟਰ ਵੇਚ ਕੇ ਨਵਾਂ ਖਰੀਦਣਾ ਹੁੰਦਾ। ਕਿਸੇ ਰਿਸ਼ਤੇਦਾਰ ਦੀ ਸਲਾਹ ਇਕ ਹੋਰ ਟਿਊਬਵੈਲ ਲਾਉਣ ਦੀ ਹੁੰਦੀ। ਕਿਸੇ ਰਿਸ਼ਤੇਦਾਰ ਨੇ ਕੁੜੀ ਜਾਂ ਮੁੰਡੇ ਦਾ ਵਿਆਹ ਕਰਨਾ ਹੁੰਦਾ। ਜਦੋਂ ਉਹ ਮਜਬੂਰੀ ਪ੍ਰਗਟਾਉਂਦਾ, ਰਿਸ਼ਤੇਦਾਰ ਮੂੰਹ ਵੱਟ ਕੇ ਤੁਰ ਜਾਂਦੇ ਅਤੇ ਫੇਰ ਇਕ-ਦੂਜੇ ਕੋਲ ਉਹਨੂੰ ਨਿੰਦਦੇ ਰਹਿੰਦੇ।

ਇਕ ਵਾਰ ਇਕ ਰਿਸ਼ਤੇਦਾਰ ਉਸ ਤੋਂ ਬਲਦ ਖਰੀਦਣ ਲਈ ਪੈਸੇ ਲੈਣ ਆਇਆ ਸੀ। ਉਹਦੇ ਮਜਬੂਰੀ ਪ੍ਰਗਟਾਉਣ ਉਤੇ ਉਹ ਫਰਿਜ਼ ਵੱਲ ਹੱਥ ਕਰਦਿਆਂ ਸ਼ਬਦਾਂ ਵਿਚ ਕੁੜਿੱਤਣ ਭਰ ਕੇ ਬੋਲਿਆ ਸੀ, "ਤੂੰ ਆਹ ਪਾਣੀ ਠੰਢਾ ਕਰਨ ਵਾਲੀ ਮਸ਼ੀਨ ਉਤੇ ਤਾਂ ਥੱਬਾ ਨੋਟਾਂ ਦਾ ਫੂਕ ਸਕਦਾ ਹੈਂ...ਪਾਣੀ ਤਾਂ ਤੌੜੇ ਵਿਚ ਵੀ ਠੰਢਾ ਹੋ ਜਾਂਦਾ ਹੈ, ਪਰ ਔਖੇ ਵੇਲੇ ਰਿਸ਼ਤੇਦਾਰ ਦੀ ਮੱਦਦ ਕਰਨ ਲਈ ਤੇਰੇ ਕੋਲ ਪੈਸਾ ਹੈ ਨਹੀਂ।"

ਪਰ ਬੇਲਾਗ ਮੋਹ ਮਰਿਆ-ਮੁੱਕਿਆ ਤਾਂ ਨਹੀਂ ਸੀ। ਭੂਆ ਦਾ ਸੁਨੇਹਾ ਸੁਣ ਕੇ ਉਹ ਜਜ਼ਬਾਤੀ ਹੋ ਗਿਆ ਤੇ ਉਹਦੀਆਂ ਅੱਖਾਂ ਵਹਿਣਾਂ ਵਿਚ ਵਹਿ ਕੇ ਸਿੱਲ੍ਹੀਆਂ ਹੋ ਗਈਆਂ। ਉਹਨੇ ਸਿੱਧਾ ਭੂਆ ਕੋਲ ਜਾਣ ਅਤੇ ਬਿਨਾ ਹੋਰ ਕਿਸੇ ਨੂੰ ਮਿਲਿਆਂ, ਉਥੋਂ ਹੀ ਪਰਤ ਆਉਣ ਦਾ ਮਨ ਬਣਾਇਆ।

ਉਹਨੂੰ ਨਿਰਾਰਥਕ ਜਿਹੀ ਕਾਹਲ ਲੱਗ ਗਈ, ਕਿਤੇ ਭੂਆ ਉਹਦੇ ਜਾਣ ਤੋਂ ਪਹਿਲਾਂ ਹੀ ਨਾ ਚਲਦੀ ਬਣੇ। ਉਹਨੂੰ ਬੇਥ੍ਹਵਾ ਜਿਹਾ ਖਿਆਲ ਆਉਂਦਾ, ਜਿਵੇਂ ਭੂਆ ਮੰਜੀ ਉਤੇ ਨਿਢਾਲ ਪਈ ਹੋਵੇ ਤੇ ਮੁਸ਼ਕਲ ਨਾਲ ਅੱਖਾਂ ਖੋਲ੍ਹ ਕੇ ਪੁੱਛ ਰਹੀ ਹੋਵੇ, "ਆਇਆ ਨਹੀਂ ਮੇਰਾ ਭਤੀਜਾ, ਮੇਰਾ ਬਚੜਾ?"

ਤੇ ਰੱਬ ਦਾ ਸ਼ੁਕਰ ਸੀ ਕਿ ਜਦੋਂ ਉਹ ਪੁੱਜੇ, ਭੂਆ ਵਿਹੜੇ ਵਿਚ ਟਾਹਲੀ ਹੇਠ ਬੈਠੀ ਸੂਤ ਦੀ ਅੱਟੀ ਕਰ ਰਹੀ ਸੀ। ਉਹਨੂੰ ਜਿਵੇਂ ਕੁਝ ਗੁਆਚਿਆ ਲੱਭ ਪਿਆ। ਆਵਾਜ਼ਾਂ ਮਾਰ-ਮਾਰ ਉਹ ਆਪਣੀ ਨੂੰਹ ਅਤੇ ਪੋਤੇ-ਪੋਤੀਆਂ ਨੂੰ ਬੁਲਾਉਣ ਲੱਗੀ। ਹੌਲੀ-ਹੌਲੀ ਸਾਰੇ ਇਕੱਠੇ ਹੋ ਗਏ। ਬਾਈ ਕਿਸੇ ਕੰਮ ਸਹੁਰੀਂ ਗਿਆ ਹੋਇਆ ਸੀ। ਉਹ ਭੂਆ ਕੋਲ ਟਾਹਲੀ ਹੇਠ ਹੀ ਬੈਠ ਗਏ। ਭੂਆ ਉਨ੍ਹਾਂ ਵਿਚੋਂ ਇਕ ਨੂੰ ਫੜਦੀ ਅਤੇ ਕਾਲਜੇ ਨਾਲ ਘੁੱਟ ਲੈਂਦੀ। ਉਹਨੂੰ ਬੁੱਕਲ ਵਿਚੋਂ ਕੱਢਦੀ ਤਾਂ ਦੂਜੇ ਨੂੰ ਫੜ ਕੇ ਹਿੱਕ ਨਾਲ ਲਾ ਲੈਂਦੀ।

ਮਿੱਠੀ-ਮਿੱਠੀ ਰੁੱਤ ਸੀ। ਨਾ ਸਰਦੀ, ਨਾ ਗਰਮੀ; ਪਰ ਛਾਂਵੇਂ ਬੈਠਿਆਂ ਆਨੰਦ ਆਉਂਦਾ। ਧੁੱਪ ਪਿੰਡੇ ਨੂੰ ਕੁਝ-ਕੁਝ ਚੁਭਣ ਲੱਗੀ ਸੀ।

ਭੂਆ ਨੇ ਖੇਤ ਵਿਚ ਕੋਠੀ ਵਰਗਾ ਘਰ ਪਾਇਆ ਹੋਇਆ ਸੀ। ਲੰਮੀ ਚੌੜੀ ਨੀਵੀਂ-ਨੀਵੀਂ ਚਾਰ-ਦੀਵਾਰੀ ਵਾਲਾ ਮੋਕਲਾ ਵਿਹੜਾ ਸੀ। ਚਾਰ ਦੀਵਾਰੀ ਤੋਂ ਬਾਹਰ ਇਕ ਪਾਸੇ ਟਿਊਬਵੈਲ ਸੀ ਜੀਹਦੇ ਕੋਲ ਟਰੈਕਟਰ ਖਲੋਤਾ ਹੋਇਆ ਸੀ। ਤੇ ਅੱਗੇ ਭੂਆ ਦੇ ਖੇਤ ਵਿਛੇ ਹੋਏ ਸਨ।

ਬੱਚੇ ਕੁਝ ਪਲ ਟਿਕੇ ਬੈਠੇ ਰਹੇ ਅਤੇ ਫੇਰ ਖੇਤਾਂ ਵੱਲ ਭੱਜ ਗਏ। ਭੂਆ ਦੇ ਪੋਤੇ-ਪੋਤੀਆਂ ਉਨ੍ਹਾਂ ਨੂੰ ਕਣਕ ਦੀਆਂ ਅਧ-ਪੱਕੀਆਂ ਬੱਲੀਆਂ ਮਲ-ਮਲ ਕੇ ਦੇ ਰਹੇ ਸਨ। ਫਿਰ ਉਹ ਛੋਲਿਆਂ ਦੇ ਕੁਝ ਅਧ-ਸੁੱਕੇ ਬੂਟੇ ਭਾਲ ਕੇ ਹੋਲਾਂ ਕਰਨ ਲੱਗ ਪਏ।

ਉਹਦੀ ਪਤਨੀ ਨੇ ਰੇਤੇ ਵਿਚ ਲਿੱਬੜਦੇ ਬੱਚਿਆਂ ਨੂੰ ਝਿੜਕਿਆ ਤਾਂ ਉਹਨੇ ਉਹ ਵਰਜ ਦਿੱਤੀ, "ਕਰਨ ਦੇ ਮੌਜ। ਕਿੰਨੀ ਵਧੀਆ ਰੁੱਤ ਹੈ। ਚਾਰ-ਚੁਫੇਰੇ ਸੁਰਗ ਹੀ ਸੁਰਗ। ਪੜ੍ਹਾਈ ਦੀ ਚਿੰਤਾ ਭੁੱਲ ਜਾਣ ਦੇ ਦੋ ਦਿਨ।"

ਭੂਆ ਨੇ ਨੂੰਹ ਨੂੰ ਰੋਟੀ ਲਈ ਗੁੜ ਘੋਲਣ ਅਤੇ ਆਟੇ ਵਿਚ ਘਿਉ ਝੱਸਣ ਵਾਸਤੇ ਕਿਹਾ ਅਤੇ ਉਨ੍ਹਾਂ ਨੂੰ ਨ੍ਹਾਉਣ ਧੋਣ ਲਾ ਕੇ ਆਪ ਉਹ ਠੰਢੇ-ਠੰਢੇ ਕੁਝ ਦਿਨ ਪਹਿਲਾਂ ਵੱਢੀ ਗਈ ਸਰ੍ਹੋਂ ਦੇ ਕਰਚਿਆਂ ਉਤੇ ਫੁੱਟੀਆਂ ਨਿੱਕੀਆਂ ਨਿੱਕੀਆਂ ਗੰਦਲਾਂ ਦਾ ਸਾਗ ਆਥਣ ਦੀ ਰੋਟੀ ਲਈ ਤੋੜਨ ਵਿਚ ਰੁੱਝ ਗਈ।

ਮਿੱਠੀਆਂ ਰੋਟੀਆਂ ਦਾ ਉਹੋ ਭੂਆ ਵਾਲਾ ਸਵਾਦ! ਲਗਦਾ ਸੀ, ਉਹਨੇ ਆਪਣੀ ਕਲਾ ਨੂੰਹ ਨੂੰ ਸਿਖਾ ਦਿੱਤੀ ਸੀ।

ਅਗਲੀ ਸਵੇਰ ਬੱਚੇ ਫਿਰ ਖੇਤਾਂ ਵੱਲ ਭੱਜ ਗਏ। ਉਹਦੀ ਪਤਨੀ ਉਨ੍ਹਾਂ ਦੇ ਕੱਲ੍ਹ ਦੇ ਮੈਲੇ ਕੀਤੇ ਹੋਏ ਕੱਪੜੇ ਧੋ ਰਹੀ ਸੀ। ਭਾਬੀ ਨੇ ਉਹਦੇ ਹੱਥੋਂ ਕੱਪੜੇ ਖੋਹੇ ਵੀ ਸਨ, ਪਰ ਉਹ ਉਹਨੂੰ ਨਾਸ਼ਤਾ ਬਣਾਉਣ ਲਈ ਕਹਿ ਕੇ ਆਪੇ ਕੱਪੜੇ ਧੋਣ ਲੱਗ ਪਈ ਸੀ। ਭੂਆ ਅਤੇ ਉਹ ਟਾਹਲੀ ਹੇਠ ਬੈਠੇ ਗੱਲਾਂ ਕਰ ਰਹੇ ਸਨ। ਉਹਦੀ ਪਤਨੀ ਇਕ ਦੋ ਕੱਪੜੇ ਧੋ ਨਚੋੜ ਕੇ ਵਿਹੜੇ ਵਿਚ ਬੰਨ੍ਹੀ ਰੱਸੀ ਉਤੇ ਸੁੱਕਣੇ ਪਾਉਣ ਆਉਂਦੀ ਅਤੇ ਫੇਰ ਬਾਕੀ ਕੱਪੜੇ ਧੋਣ ਜਾ ਲਗਦੀ।

ਉਹਦੀ ਪਤਨੀ ਉਹਨੂੰ ਖ਼ੁਸ਼ ਦੇਖ ਕੇ ਖ਼ੁਸ਼ ਸੀ। ਬੱਚੇ ਮਿੱਟੀ ਵਿਚ ਖੇਡ ਕੇ ਖ਼ੁਸ਼ ਹੋ ਰਹੇ ਸਨ ਅਤੇ ਕਿਲਕਾਰੀਆਂ ਮਾਰ ਰਹੇ ਸਨ। ਉਹ ਦਫ਼ਤਰ ਦੀਆਂ ਫਾਈਲਾਂ ਭੁੱਲ ਕੇ ਬੜਾ ਸੰਤੁਸ਼ਟ ਸੀ।

ਸਾਰੇ ਪਰਿਵਾਰ ਨੂੰ ਉਨ੍ਹਾਂ ਦੇ ਆਉਣ ਦਾ ਚਾਅ ਸੀ, ਪਰ ਭੂਆ ਨੂੰ ਤਾਂ ਬਹੁਤਾ ਹੀ ਸੀ। ਉਹਨੂੰ ਤਸੱਲੀ ਸੀ ਕਿ ਉਹਦਾ ਭਤੀਜਾ ਪਹਿਲੇ ਸੁਨੇਹੇ ਉਤੇ ਹੀ ਸਭ ਕੰਮ ਛੱਡ ਕੇ ਉਹਨੂੰ ਮਿਲਣ ਆ ਗਿਆ ਸੀ। ਨਹੀਂ ਤਾਂ ਅੱਜਕੱਲ੍ਹ ਦੇ ਜ਼ਮਾਨੇ ਵਿਚ ਕਿਥੇ ਰਹਿ ਗਏ ਹਨ ਮੋਹ-ਪਿਆਰ।

ਭੂਆ ਉਹਨੂੰ ਮੁਰੱਬਾਬੰਦੀ ਤੋਂ ਮਗਰੋਂ ਬਣੇ ਖੇਤ ਦੀਆਂ ਹੱਦਾਂ ਬਾਰੇ ਦੱਸਣ ਲੱਗੀ। ਚੜ੍ਹਦੇ ਪਾਸੇ ਜਿਸ ਰਾਹ ਉਹ ਆਏ ਸਨ, ਖੇਤ ਉਹਦੇ ਨਾਲ ਜਾ ਲਗਦਾ ਸੀ। ਦੱਖਣ ਵਾਲੇ ਪਾਸੇ ਛੁਹਾਰੇ ਬੇਰਾਂ ਵਾਲੀ ਬੇਰੀ ਹੁਣ ਹੱਦ ਉਤੇ ਆ ਗਈ ਸੀ ਜੀਹਦੇ ਬੇਰ ਛੋਟਾ ਹੁੰਦਾ ਉਹ ਬੜਾ ਸੁਆਦ ਲੈ-ਲੈ ਖਾਂਦਾ ਹੁੰਦਾ ਸੀ। ਉਤਰ ਵਾਲੇ ਪਾਸੇ ਭੂਆ ਦਾ ਮੁਰੱਬਾ ਕੱਸੀ ਤੱਕ ਫੈਲਿਆ ਹੋਇਆ ਸੀ। ਤੇ ਛਿਪਦੇ ਵੱਲ ਦੀ ਬਾਹੀ ਉਤੇ ਉਚੇ ਲੰਮੇ ਸਫੈਦਿਆਂ ਦੀ ਲੰਮੀ ਪਾਲ ਲੱਗੀ ਹੋਈ ਸੀ। ਮੁਰੱਬਾਬੰਦੀ ਵਿਚ ਹੋਰ ਖੇਤਾਂ ਦੇ ਬਦਲੇ ਇਸ ਖੇਤ ਨਾਲ ਜੁੜੀ ਜ਼ਮੀਨ ਕੁਝ ਨਿਤਾਣੀ ਵੀ ਸੀ ਅਤੇ ਉਚੀ ਨੀਵੀਂ ਵੀ, ਪਰ ਬਾਈ ਨੇ ਭਰਵੀਂ ਖਾਦ ਪਾ ਕੇ ਅਤੇ ਮਿਹਨਤ ਨਾਲ ਕਰਾਹੇ ਲਾ ਕੇ ਉਹ ਜ਼ਮੀਨ ਵੀ ਆਪਣੀ ਜ਼ਮੀਨ ਵਰਗੀ ਹੀ ਵਧੀਆ ਬਣਾ ਲਈ ਸੀ। ਹੁਣ ਸਾਰੀ ਜ਼ਮੀਨ ਵਿਚ ਇਕੋ ਜਿਹੀ ਭਰਪੂਰ ਫਸਲ ਜੰਮਦੀ ਅਤੇ ਭੋਇੰ ਪੱਧਰੀ ਏਨੀ ਸੀ ਕਿ ਇਕ ਸਿਰੇ ਪਾਣੀ ਦੀ ਬਾਲਟੀ ਡੋਲ੍ਹ ਦਿਓ, ਉਹ ਵਗ ਕੇ ਦੂਜੇ ਸਿਰੇ ਜਾ ਲੱਗੇ।

ਤੇ ਫੇਰ ਭੂਆ ਨੇ ਦੱਸਿਆ ਕਿ ਸਫੈਦਿਆਂ ਦੇ ਪਰਲੇ ਪਾਸੇ ਕਿਸੇ ਦੀ ਪੰਜ ਘੁਮਾਂ ਜ਼ਮੀਨ ਸੀ। ਬੜੀ ਨਰੋਈ ਧਰਤੀ, ਸੋਨਾ ਪੈਦਾ ਕਰਨ ਵਾਲੀ ਤੇ ਆਪਣੇ ਖੇਤ ਦੇ ਏਨੀ ਬਰਾਬਰ ਦੀ ਪੱਧਰੀ, ਜਿਵੇਂ ਇਹਦਾ ਹੀ ਟੋਟਾ ਹੋਵੇ। ਤੇ ਹੁਣ ਉਹ ਵਿਕ ਰਹੀ ਸੀ। ਭਾਅ ਤਾਂ ਜ਼ਮੀਨ ਦਾ ਬਹੁਤ ਚੜ੍ਹ ਚੁੱਕਿਆ ਸੀ, ਪਰ ਉਹ ਸਸਤੀ ਹੀ ਬਣ ਜਾਣੀ ਸੀ। ਮਾਲਕ ਲੋੜਵੰਦ ਹੋਣ ਕਰਕੇ ਬਣ ਤਾਂ ਹੋਰ ਵੀ ਸਸਤੀ ਜਾਂਦੀ ਪਰ ਇਕ-ਦੋ ਗਾਹਕ ਹੋਰ ਖੜ੍ਹੇ ਹੋ ਗਏ ਜਿਸ ਕਰਕੇ ਭਾਅ ਵਧ ਗਿਆ। ਫੇਰ ਵੀ ਉਹ ਨਾਲ ਲਗਦੀ ਹੋਣ ਕਰਕੇ ਮਹਿੰਗੀ ਨਹੀਂ ਸੀ। ਅੰਤ ਵਿਚ ਭੂਆ ਨੇ ਤੋੜਾ ਝਾੜਿਆ, "ਕੁਛ ਤਾਂ ਭਾਈ, ਹਾੜ੍ਹੀ ਵੇਚ ਕੇ ਪੈਸੇ ਘਰੇ ਹੀ ਹੋ ਜਾਣਗੇ, ਕੁਛ ਇਧਰੋਂ-ਉਧਰੋਂ ਹੋਰ ਪ੍ਰਬੰਧ ਹੋ ਜਾਊ। ਬਾਕੀ ਰੁਪੱਈਆ ਕਾਕਾ ਤੂੰ ਦੇਹ ਆਬਦੇ ਬਾਈ ਨੂੰ। ਆਪਾਂ ਇਹ ਭੋਇੰ ਕਿਸੇ ਹੀਲੇ ਵੀ ਛੱਡਣੀ ਨਹੀਂ, ਪੈਸੇ ਤੇਰੇ ਛੇਤੀ ਹੀ ਮੁੜ ਆਉਣਗੇ।"

ਉਹਨੇ ਇਕ ਬਿੰਦ ਅਵਾਕ ਹੋ ਕੇ ਭੂਆ ਵੱਲ ਦੇਖਿਆ ਅਤੇ ਫੇਰ ਡੱਕੇ ਨਾਲ ਮਿੱਟੀ ਖੁਰਚਦਾ ਹੋਇਆ ਉਹ ਉਖੜਿਆ-ਉਖੜਿਆ ਜਿਹਾ ਉਤਰ ਦੇਣ ਲੱਗ ਪਿਆ, ਜੀਹਤੋਂ ਨਾ ਉਹਦੀ ਨਾਂਹ ਸਪੱਸ਼ਟ ਹੁੰਦੀ ਸੀ ਅਤੇ ਨਾ ਉਹਦੀ ਹਾਂ ਦਾ ਹੀ ਪਤਾ ਲਗਦਾ ਸੀ। ਸਿੱਧੀ ਨਾਂਹ ਕਰਨੀ ਉਹਨੂੰ ਬਹੁਤ ਔਖੀ ਲੱਗ ਰਹੀ ਸੀ ਅਤੇ ਹਾਂ ਕਰਨ ਦੀ ਉਸ ਵਿਚ ਉੱਕਾ ਹੀ ਪੁੱਜਤ ਨਹੀਂ ਸੀ।

ਉਹਦੀ ਪਤਨੀ ਕੱਪੜੇ ਧੋਣ ਮਗਰੋਂ ਨ੍ਹਾ ਕੇ ਤੌਲੀਆ ਸੁੱਕਣਾ ਪਾ ਰਹੀ ਸੀ। ਬੱਚੇ ਚਾਂਬਲੇ ਹੋਏ ਬਾਹਰੋਂ ਭੱਜੇ-ਭੱਜੇ ਆਏ। ਉਹ ਮੱਥੇ ਉਤੇ ਤਿਊੜੀ ਪਾ ਕੇ ਬੋਲਿਆ, "ਹੇ ਖਾਂ, ਕਿਵੇਂ ਭੂਤ ਬਣੇ ਨੇ ਲਿੱਬੜ ਕੇ।" ਤੇ ਉਹਨੇ ਆਪਣੀ ਪਤਨੀ ਨੂੰ ਉਨ੍ਹਾਂ ਨੂੰ ਨਵ੍ਹਾ ਕੇ ਤਿਆਰ ਕਰਨ ਲਈ ਕਿਹਾ ਤਾਂ ਜੋ ਠੰਢੇ-ਠੰਢੇ ਤੁਰਿਆ ਜਾ ਸਕੇ। ਕੱਪੜੇ ਰੋਟੀ ਖਾਂਦਿਆਂ-ਖਾਂਦਿਆਂ ਸੁੱਕੇ ਜਾਣੇ ਸਨ।

ਭੂਆ ਬੋਲੀ, "ਅੱਜ ਹੀ ਜਾਉਗੇ? ਨਾ ਪੁੱਤਰ, ਅੱਜ ਤਾਂ ਨਹੀਂ ਅਸੀਂ ਜਾਣ ਦਿੰਦੇ। ਨਾਲੇ ਆਥਣ ਤਾਈਂ ਜਰਨੈਲ ਸਿਉਂ ਸਹੁਰਿਆਂ ਤੋਂ ਮੁੜ ਆਊ। ਉਹਨੂੰ ਮਿਲੇ ਬਿਨਾ ਥੋੜ੍ਹੇ ਚਲੇ ਜਾਉਂਗੇ।"

ਰਸੋਈ ਵਿਚ ਬੈਠੀ ਭਾਬੀ ਭੂਆ ਦੀ ਹਾਂ ਵਿਚ ਹਾਂ ਮਿਲਾ ਰਹੀ ਸੀ।

ਉਹ ਬੋਲਿਆ, "ਨੌਕਰੀ ਵਿਚ ਏਨੀ ਵਿਹਲ ਕਿੱਥੇ? ਨੌਕਰੀ ਨੂੰ ਇਸੇ ਕਰਕੇ ਤਾਂ ਨਖਿੱਧ ਕਹਿੰਦੇ ਨੇ। ਨਾ ਆਉਣ ਆਪਣੇ ਹੱਥ, ਨਾ ਮੁੜਨਾ ਆਪਣੇ ਹੱਥ।...ਫੇਰ ਕਿਤੇ ਲੰਮੀ ਛੁੱਟੀ ਆਵਾਂਗੇ।"

ਉਹਦੀ ਪਤਨੀ ਨੁਆਉਣ ਲਈ ਵੱਡੇ ਮੁੰਡੇ ਦੇ ਕੱਪੜੇ ਉਤਾਰਦਿਆਂ ਅਬੋਲ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦੀ ਰਹੀ।

ਤਿਆਰ ਹੋ ਕੇ ਉਹ ਪਰੌਂਠੇ ਖਾਣ ਲੱਗੇ। ਸੁਵਖਤਾ ਹੋਣ ਕਰ ਕੇ ਭੁੱਖ ਵੀ ਨਹੀਂ ਸੀ ਅਤੇ ਆਟੇ ਵਿਚ ਵੀ ਕੁਝ ਕਿਰਕ ਜਿਹੀ ਲਗਦੀ ਸੀ। ਇਕ ਪਰੌਂਠਾ ਖਾ ਕੇ ਹੀ ਉਹਦੀ ਬੱਸ ਹੋ ਗਈ।

ਕੱਪੜੇ ਟੋਹੇ। ਸੁੱਕੇ ਤਾਂ ਨਹੀਂ ਸਨ, ਪਰ ਸੁੱਕਿਆਂ ਵਰਗੇ ਹੋਏ ਪਏ ਸਨ। ਉਹ ਕਮਰੇ ਵਿਚ ਜਾ ਕੇ ਸਾਮਾਨ ਠੀਕ ਕਰਨ ਲੱਗਿਆ। ਉਹਦੀ ਪਤਨੀ ਨੇ ਰੱਸੀ ਤੋਂ ਲਾਹੇ ਕੱਪੜੇ ਪਲੰਘ ਉਤੇ ਲਿਆ ਢੇਰੀ ਕੀਤੇ।

ਉਹਨੇ ਉਹਦੀ ਆਦਤ ਜਾਣਦਿਆਂ ਇਸ ਸਮੇਂ ਕੁਝ ਵੀ ਪੁੱਛਣਾ ਬੇਲੋੜਾ ਸਮਝਿਆ ਅਤੇ ਚੁੱਪ ਹੋ ਰਹੀ। ਉਹ ਕੱਪੜੇ ਤਹਿ ਕਰਨ ਲੱਗੀ, ਜਦੋਂ ਉਹ ਤਹਿ ਕੀਤੇ ਕੱਪੜੇ ਅਟੈਚੀ ਵਿਚ ਪਾਉਣ ਲੱਗਿਆ ਤਾਂ ਪਤਨੀ ਨੇ ਹੇਠੋਂ ਬੂਟੀਆਂ ਵਾਲਾ ਸੂਟ ਕੱਢ ਲਿਆ ਜੀਹਨੂੰ ਉਹ ਭੁੱਲ ਗਿਆ ਲਗਦਾ ਸੀ।

"ਪਿਆ ਰਹਿਣ ਦੇ ਵਿਚੇ...", ਉਹ ਨੀਰਸ ਜਿਹੀ ਆਵਾਜ਼ ਵਿਚ ਬੋਲਿਆ। ਅਬੋਲ ਪਤਨੀ ਦੀਆਂ ਅੱਖਾਂ ਵਿਚ ਲਟਕਦੇ ਸਵਾਲ ਦੇ ਜਵਾਬ ਵਿਚ ਉਹਨੇ ਕਿਹਾ, "ਰੱਖ ਦੇ ਇਹਨੂੰ ਵਿਚੇ ਹੀ...ਦੇਖੀ ਜਾਊ ਫੇਰ ਕਦੇ!"

ਉਹ ਕਾਹਲੀ-ਕਾਹਲੀ ਕੱਪੜੇ ਅਟੈਚੀ ਵਿਚ ਪਾ ਰਿਹਾ ਸੀ ਅਤੇ ਨਿੱਕੀ ਬੂਟੀ ਦਾ ਸੂਟ ਉਹਦੀ ਪਤਨੀ ਦੇ ਹੱਥਾਂ ਵਿਚ ਕੰਬ ਰਿਹਾ ਸੀ।


# ਰਾਣੀ ਦਾ 10 ਲੱਖਾ ਮੇਕਅੱਪ



ਬਿਨਾਂ ਸ਼ੱਕ ਅੱਜਕਲ ਰਾਣੀ ਮੁਖਰਜੀ ਫਿਲਮਾਂ ਦੀ ਲੰਬੀ ਕਤਾਰ ਤੋਂ ਮੁਥਾਜ ਹੋਵੇ ਪਰ ਉਸ ਦੇ ਨਖਰਿਆਂ ਵਿਚ ਬਿਲਕੁਲ ਵੀ ਕਮੀ ਨਹੀਂ ਆਈ। ਆਪਣੀ ਅਗਲੀ ਫਿਲਮ 'ਅਈਆ' ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਰਾਣੀ ਕੋਈ ਕਸਰ ਨਹੀਂ ਛੱਡਣਾ ਚਾਹੁੰਦੀ। ਇਹੀ ਕਾਰਨ ਹੈ ਕਿ ਉਹ ਫਿਲਮ ਦੇ ਹਰ ਪਹਿਲੂ 'ਤੇ ਖਾਸ ਤਵੱਜੋ ਦੇ ਰਹੀ ਹੈ। ਹੁਣੇ ਜਿਹੇ ਇਸ ਫਿਲਮ ਦੇ ਖਾਸ ਗੀਤ ਦੀ ਸ਼ੂਟਿੰਗ ਦੌਰਾਨ ਤਾਂ ਰਾਣੀ ਨੇ ਹੱਦ ਹੀ ਕਰ ਦਿੱਤੀ। ਰਾਣੀ ਗੀਤ ਲਈ ਉਸ ਨੂੰ ਦਿੱਤੀ ਗਈ ਲੁਕ ਤੋਂ ਬਿਲਕੁਲ ਵੀ ਸੰਤੁਸ਼ਟ ਨਹੀਂ ਸੀ ਤੇ ਜਦੋਂ ਤਕ ਉਸ ਦੀ ਤਸੱਲੀ ਨਹੀਂ ਹੋ ਗਈ, ਉਹ ਇਸ ਨੂੰ ਬਦਲਵਾਉਂਦੀ ਰਹੀ।

ਇਸ ਬਾਰੇ ਰਾਣੀ ਦੇ ਮੇਕਅੱਪ ਆਰਟਿਸਟ ਦਾ ਕਹਿਣਾ ਹੈ ਕਿ ਰਾਣੀ ਜਿਹੋ ਜਿਹੀ ਲੁਕ ਚਾਹੁੰਦੀ ਸੀ, ਉਸ ਨੂੰ ਹਾਸਲ ਕਰਨ ਲਈ ਉਨ੍ਹਾਂ ਨੂੰ ਉਸ ਦਾ ਮੇਕਅੱਪ ਕਈ ਵਾਰ ਬਦਲਣਾ ਪਿਆ। ਇੰਨਾ ਹੀ ਨਹੀਂ, ਰਾਣੀ ਨੇ ਆਪਣਾ ਹੇਅਰ ਸਟਾਈਲ ਵੀ ਘੱਟੋ-ਘੱਟ 8 ਤੋਂ 10 ਵਾਰ ਬਦਲਵਾਇਆ, ਉਸ ਤੋਂ ਬਾਅਦ ਹੀ ਉਸ ਨੂੰ ਆਪਣੀ ਲੁਕ ਤੋਂ ਤਸੱਲੀ ਹੋਈ। ਰਾਣੀ ਚਾਹੁੰਦੀ ਸੀ ਕਿ ਗੀਤ ਵਿਚ ਉਸ ਦੀ ਲੁਕ 'ਚ ਕੋਈ ਕਮੀ ਨਾ ਰਹਿ ਜਾਏ। ਇਸ ਲਈ ਉਸ ਨੇ ਮੇਕਅੱਪ ਤੇ ਹੇਅਰਸਟਾਈਲ ਨੂੰ ਬਦਲ-ਬਦਲ ਕੇ ਟਰਾਈ ਕੀਤਾ। ਬਿਨਾਂ ਸ਼ੱਕ ਰਾਣੀ ਦੀ ਤਾਂ ਤਸੱਲੀ ਹੋ ਗਈ ਪਰ ਇਸ ਗੀਤ ਲਈ ਉਸ ਦੇ ਮੇਕਅੱਪ ਅਤੇ ਹੇਅਰ ਸਟਾਈਲ 'ਤੇ ਹੋ ਰਹੇ ਖਰਚ ਦੀ ਕੁੱਲ ਰਕਮ ਵਿਚ ਤਕਰੀਬਨ 10 ਲੱਖ ਰੁਪਏ ਦਾ ਵਾਧਾ ਜ਼ਰੂਰ ਹੋ ਗਿਆ। ਇਸੇ ਲਈ ਉਸ ਨੇ ਆਪਣੇ ਨਿਰਮਾਤਾ ਨੂੰ ਇਹ ਰਕਮ ਖਰਚਣ ਲਈ ਤੁਰੰਤ ਮਨਾ ਲਿਆ। ਅਸਲ 'ਚ ਰਾਣੀ ਦਾ ਕਹਿਣ ਦਾ ਸਟਾਈਲ ਹੀ ਅਜਿਹਾ ਹੈ ਕਿ ਕੋਈ ਵੀ ਇਨਕਾਰ ਨਹੀਂ ਕਰਦਾ।

# ਸ੍ਰੀਦੇਵੀ ਦੀ 15 ਵਰ੍ਹਿਆਂ ਬਾਅਦ ਵਾਪਸੀ



ਕਈ ਸਾਲ ਪਹਿਲਾਂ ਬਾਲੀਵੁੱਡ 'ਤੇ ਰਾਜ ਕਰ ਚੁੱਕੀ ਸ੍ਰੀਦੇਵੀ ਅੱਜਕਲ ਸੁਨਹਿਰੇ ਪਰਦੇ 'ਤੇ ਆਪਣੀ ਵਾਪਸੀ ਨੂੰ ਲੈ ਕੇ ਚਰਚਾ ਵਿਚ ਹੈ। ਫਿਲਮ 'ਇੰਗਲਿਸ਼ ਵਿੰਗਲਿਸ਼' ਵਿਚ ਲੀਡ ਰੋਲ ਨਾਲ 49 ਸਾਲਾ ਸ੍ਰੀਦੇਵੀ ਹੁਣ ਅਦਾਕਾਰੀ ਵਿਚ ਦੁਬਾਰਾ ਹੱਥ ਅਜ਼ਮਾ ਰਹੀ ਹੈ। ਇਕ ਗੱਲ ਤਾਂ ਮੰਨਣੀ ਹੀ ਪਵੇਗੀ ਕਿ ਤਕਰੀਬਨ 15 ਸਾਲਾਂ ਬਾਅਦ ਫਿਲਮਾਂ ਵਿਚ ਪਰਤ ਰਹੀ ਸ੍ਰੀਦੇਵੀ ਦੀ ਫਿਟਨੈੱਸ ਕਾਬਲੇ ਤਾਰੀਫ ਹੈ। ਇਸ ਉਮਰ ਤੇ ਦੋ ਬੱਚਿਆਂ ਦੀ ਮਾਂ ਬਣਨ ਤੋਂ ਬਾਅਦ ਵੀ ਉਸ ਦੀ ਫਿਟਨੈੱਸ ਬਰਕਰਾਰ ਹੈ।

ਬੇਸ਼ੱਕ ਹੁਣ ਉਸ ਦੇ ਚਿਹਰੇ 'ਤੇ ਝੁਰੜੀਆਂ ਦਿਸਣ ਲੱਗੀਆਂ ਹੋਣ ਪਰ ਉਸ ਦੀ ਅਭਿਨੈ ਸਮਰੱਥਾ ਪਹਿਲਾਂ ਵਾਂਗ ਹੀ ਕਮਾਲ ਦੀ ਹੈ। ਅੱਜ ਵੀ ਸ੍ਰੀਦੇਵੀ ਦੇ ਪ੍ਰਸ਼ੰਸਕਾਂ ਦੀ ਵੱਡੀ ਗਿਣਤੀ ਹੈ ਜਿਨ੍ਹਾਂ ਲਈ ਸ੍ਰੀਦੇਵੀ ਦੀ ਇਹ ਫਿਲਮ ਕਿਸੇ ਟਰੀਟ ਤੋਂ ਘੱਟ ਨਹੀਂ ਹੈ। ਇੰਨੇ ਸਾਲਾਂ ਤੋਂ ਬਾਅਦ ਇਸੇ ਫਿਲਮ ਨਾਲ ਵਾਪਸੀ ਕਰਨ ਦੇ ਕਾਰਨ 'ਤੇ ਸ੍ਰੀਦੇਵੀ ਦਾ ਕਹਿਣਾ ਹੈ ਕਿ ਇਸ ਫਿਲਮ ਦੀ ਕਮਾਲ ਦੀ ਸਕ੍ਰਿਪਟ ਹੈ ਜਿਸ ਨੂੰ ਫਿਲਮ ਦੀ ਨਿਰਦੇਸ਼ਕਾ ਗੌਰੀ ਨੇ ਲਿਖਿਆ ਹੈ। ਇਹ ਬਹੁਤ ਹੀ ਵਧੀਆ ਲੱਗੀ ਤੇ ਸੋਚਿਆ ਕਿ ਇਸ ਨਾਲ ਵਾਪਸੀ ਕਰਨਾ ਵਧੀਆ ਰਹੇਗਾ। ਇਹ ਅਜਿਹੀ ਭੂਮਿਕਾ ਹੈ ਜਿਸ ਨੂੰ ਆਪਣੇ ਕਰੀਅਰ ਦੇ ਕਿਸੇ ਵੀ ਪੜਾਅ 'ਤੇ ਨਿਭਾਅ ਸਕਦੀ ਹੈ। ਇੰਨਾ ਹੀ ਨਹੀਂ ਇਹ ਪਹਿਲੀ ਵਾਰ ਹੈ ਜਦੋਂ ਉਹ ਕਿਸੇ ਮਹਿਲਾ ਨਿਰਦੇਸ਼ਕ ਨਾਲ ਕੰਮ ਕਰ ਰਹੀ ਹੈ। ਫਿਲਮ ਵਿਚ ਸ੍ਰੀਦੇਵੀ ਅੱਧਖੜ ਉਮਰ ਦੀ ਔਰਤ ਤੇ ਇਕ ਮਾਂ ਦੀ ਭੂਮਿਕਾ ਵਿਚ ਹੈ ਜੋ ਲੱਡੂ ਬਣਾਉਣ ਵਿਚ ਮਾਹਿਰ ਹੈ ਪਰ ਚੰਗੀ ਅੰਗਰੇਜ਼ੀ ਨਹੀਂ ਬੋਲ ਸਕਦੀ। ਉਸ ਦੇ ਪਤੀ ਤੇ ਬੱਚੇ ਹਮੇਸ਼ਾ ਉਸ ਦੀਆਂ ਗਲਤੀਆਂ ਸੁਧਾਰਦੇ ਰਹਿੰਦੇ ਹਨ। ਉਸ ਦੀ ਭਤੀਜੀ ਉਸ ਨੂੰ ਅਮਰੀਕਾ ਲੈ ਜਾਂਦੀ ਹੈ ਜਿਥੇ ਉਹ ਅੰਗਰੇਜ਼ੀ ਸਿੱਖਦੀ ਹੈ।

# ਮਨਮੋਹਨ ਨੇ ਮੋੜੀ ਪੰਜਾਬੀ ਸਿਨੇਮਾ ਦੀ ਮੁਹਾਰ

ਪੰਜਾਬੀ ਸਿਨੇਮਾ ਵਿਚ ਨਵੀਂ ਰੂਹ ਫੂਕਣ ਵਾਲੇ ਨਿਰਮਾਤਾ ਨਿਰਦੇਸ਼ਕ ਮਨਮੋਹਨ ਸਿੰਘ ਅੱਜਕੱਲ੍ਹ ਆਪਣੀ ਨਵੀਂ ਪੰਜਾਬੀ ਫ਼ਿਲਮ 'ਅੱਜ ਦੇ ਰਾਂਝੇ' ਕਾਰਨ ਚਰਚਾ ਵਿਚ ਹਨ। ਮਨਮੋਹਨ ਨੇ ਹਿੰਦੀ ਦੀਆਂ ਸੁਪਰ ਡੁਪਰ ਫ਼ਿਲਮਾਂ ਬੇਤਾਬ, ਦਿਲਵਾਲੇ ਦੁਲਹਨੀਆਂ ਲੇ ਜਾਏਂਗੇ, ਸੌਤਨਾਂ, ਚਾਂਦਨੀ, ਲਮਹੇ, ਡਰ, ਦਿਲ ਤੋਂ ਪਾਗਲ ਹੈ, ਮਾਚਿਸ ਦੀ ਸਿਨੇਮਾਟੋਗ੍ਰਾਫ਼ੀ ਕੀਤੀ ਸੀ। ਬਤੌਰ ਨਿਰਦੇਸ਼ਕ ਹਿੰਦੀ ਫ਼ਿਲਮ 'ਪਹਿਲਾ-ਪਹਿਲਾ ਪਿਆਰ' ਤੇ ਪੰਜਾਬੀ ਫ਼ਿਲਮ 'ਨਸੀਬੋ' ਕੀਤੀ।



ਮਨਮੋਹਨ ਸਿੰਘ

ਹੁਣ 60 ਦੇ ਕਰੀਬ ਫ਼ਿਲਮਾਂ ਕਰ ਚੁੱਕੇ ਮਨਮੋਹਨ ਦਾ ਕਹਿਣਾ ਹੈ ਕਿ ਹਿੰਦੀ ਫ਼ਿਲਮਾਂ ਵਿਚ ਸੈੱਟ ਹੋਣ ਦੇ ਬਾਵਜੂਦ ਪੰਜਾਬੀ ਹੋਣ ਦੇ ਨਾਤੇ ਅਕਸਰ ਪੰਜਾਬੀ ਫ਼ਿਲਮਾਂ ਦੇਖਦਾ ਜੋ ਇਕ ਹੀ ਵਿਸ਼ੇ ਜੱਟਾਂ ਉਪਰ ਬਣ ਰਹੀਆਂ ਸਨ। ਨਾ ਕੋਈ ਚੰਗਾ ਵਿਸ਼ਾ ਸੀ ਤੇ ਬੱਸ ਗੰਡਾਸੇ, ਜ਼ਮੀਨਾਂ ਉਪਰ ਫ਼ਿਲਮਾਂ ਬਣਦੀਆਂ ਸਨ। ਉਸ ਨੇ ਪੰਜਾਬੀ ਫ਼ਿਲਮ 'ਨਸੀਬੋ' ਕਿੰਮੀ ਵਰਮਾ, ਅਮਿਤੋਜ ਮਾਨ ਤੇ ਰਾਜ ਬੱਬਰ ਨੂੰ ਲੈ ਕੇ ਬਣਾਈ। ਵਿਸ਼ਾ ਚੰਗਾ ਸੀ ਪਰ ਫ਼ਿਲਮ ਜ਼ਿਆਦਾ ਚੱਲ ਨਹੀਂ ਸਕੀ।

ਇਸ ਤੋਂ ਬਾਅਦ ਗਾਇਕ ਹਰਭਜਨ ਮਾਨ ਨੂੰ ਬਤੌਰ ਹੀਰੋ ਲੈ ਕੇ 'ਜੀ ਆਇਆ ਨੂੰ' ਪਰਿਵਾਰਕ ਫ਼ਿਲਮ ਦਾ ਨਿਰਮਾਣ ਕੀਤਾ ਜਿਸ ਨੇ ਪੰਜਾਬੀ ਸਿਨੇਮਾ ਤੋਂ ਮੁੱਖ ਮੋੜ ਚੁੱਕੇ ਦਰਸ਼ਕਾਂ ਨੂੰ ਟਿਕਟ ਖਿੜਕੀ ਵੱਲ ਖਿੱਚ ਲੈ ਆਂਦਾ। ਇਸ ਫ਼ਿਲਮ ਉਪਰ ਕਰੋੜਾਂ ਦੀ ਲਾਗਤ ਆਈ ਸੀ ਤੇ ਫ਼ਿਲਮ ਨੇ ਪੰਜਾਬ ਹੀ ਨਹੀਂ ਦੇਸ਼ਾਂ-ਵਿਦੇਸ਼ਾਂ ਤੱਕ ਵੀ ਚੰਗੀ ਕਮਾਈ ਕੀਤੀ। ਇਸ ਤੋਂ ਬਾਅਦ 'ਅਸਾਂ ਨੂੰ ਮਾਣ ਵਤਨਾਂ ਦਾ', 'ਦਿਲ ਆਪਣਾ ਪੰਜਾਬੀ', 'ਯਾਰਾਂ ਨਾਲ ਬਹਾਰਾਂ, 'ਮੁੰਡੇ ਯੂ ਕੇ ਦੇ', 'ਮਿੱਟੀ ਵਾਜਾਂ ਮਾਰਦੀ', 'ਮੇਰਾ ਪਿੰਡ ਮਾਈ ਹੋਮ', 'ਇਕ ਕੁੜੀ ਪੰਜਾਬ ਦੀ' ਤੋਂ ਬਾਅਦ ਹੁਣ ਰਿਲਾਇੰਸ ਕੰਪਨੀ ਦੇ ਬੈਨਰ ਹੇਠ ਕਾਮੇਡੀ ਫ਼ਿਲਮ 'ਅੱਜ ਦੇ ਰਾਂਝੇ' ਬਣਾਈ ਹੈ।

ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਅੱਜਕਲ੍ਹ ਲੋਕਾਂ ਦੀ ਪਸੰਦ ਚੱਲਦੀ ਹੈ। ਫ਼ਿਲਮ ਚਾਹੇ ਨਵੇਂ ਕਲਾਕਾਰਾਂ ਨਾਲ ਬਣਾਈ ਜਾਵੇ ਪਰ ਵਿਸ਼ੇ ਵਿਚ ਤਾਜ਼ਗੀ ਹੋਵੇ। ਅੱਜ ਕੋਈ ਵੀ ਨਿਰਮਾਤਾ ਨਿਰਦੇਸ਼ਕ ਆਪਣੀ ਫ਼ਿਲਮ ਦੀ ਸਫ਼ਲਤਾ ਦੀ ਗਾਰੰਟੀ ਨਹੀਂ ਮੰਨਦਾ। ਫ਼ਿਲਮ ਵਿਚ ਭਾਵੇਂ ਸਟਾਰ ਕਲਾਕਾਰ ਹੋਣ ਜੇਕਰ ਮਿਊਜ਼ਿਕ, ਸਾਊਂਡ ਜਾਂ ਮਿਕਸਿੰਗ ਮਾੜੀ ਹੋਵੇਗੀ ਤਾਂ ਫ਼ਿਲਮ ਨਹੀਂ ਚੱਲੇਗੀ।

ਕਾਮੇਡੀ ਫ਼ਿਲਮ 'ਅੱਜ ਦੇ ਰਾਂਝੇ' 'ਚ ਦਿਖਾਇਆ ਗਿਆ ਹੈ ਕਿ ਪੰਜਾਬ ਪੁਲਿਸ ਦਾ ਅਕਸ ਲੋਕਾਂ ਵਿਚ ਮਾੜਾ ਦਿਖਾਈ ਦਿੰਦਾ ਹੈ ਪਰ ਪੁਲਿਸ ਵਿਚ ਚੰਗੇ ਬੰਦੇ, ਚੰਗੇ ਅਫ਼ਸਰ ਹਨ, ਉਨ੍ਹਾਂ ਦੇ ਬੱਚੇ ਹਨ, ਪਰਿਵਾਰ ਹੈ ਪਰ ਲੋਕ ਪੁਲਿਸ ਕੋਲ ਜਾਣ ਤੋਂ ਵੀ ਡਰਦੇ ਹਨ। ਜਿਹੜੀ ਪੁਲਿਸ ਸੁਰੱਖਿਆ ਲਈ ਹੈ, ਉਸ ਤੋਂ ਡਰਨ ਦੀ ਲੋੜ ਨਹੀਂ ਹੈ ਪਰ ਸਿਸਟਮ ਵਿਚ ਵਿਗਾੜ ਹੈ। ਮਨਮੋਹਨ ਦਾ ਕਹਿਣਾ ਹੈ ਕਿ ਪੁਲਿਸ ਵਿਚ ਵਧੀਆ ਅਫ਼ਸਰ ਹਨ, ਚੰਗੇ ਖਿਡਾਰੀ, ਗਾਇਕ, ਲੇਖਕ, ਗੀਤਕਾਰ, ਅਦਾਕਾਰ ਵੀ ਹਨ। ਉ ਹ ਚਾਹੁੰਦਾ ਹੈ ਕਿ ਪੁਲਿਸ ਲਈ ਹੋਰ ਵੀ ਫ਼ਿਲਮ ਬਣਾਵੇ। ਉਨ੍ਹਾਂ ਵਿਚ ਸਿਸਟਮ ਹੈ ਪਰ ਸਿਆਸੀ ਲੋਕ ਉਨ੍ਹਾਂ ਨੂੰ ਗਲਤ ਢੰਗ ਨਾਲ ਵਰਤਦੇ ਹਨ।




ਮਨਮੋਹਨ ਸਿੰਘ ਦੀ ਨਵੀਂ ਫ਼ਿਲਮ 'ਅੱਜ ਦੇ ਰਾਂਝੇ' ਦੀ ਨਾਇਕਾ ਹਰਲੀਨ ਚੋਪੜਾ।

'ਅੱਜ ਦੇ ਰਾਂਝੇ' ਵਿਚ ਗੁਰਪ੍ਰੀਤ ਘੁੱਗੀ ਨੇ ਥਾਣੇਦਾਰ ਦਾ ਪ੍ਰਭਾਵਸ਼ਾਲੀ ਰੋਲ ਕੀਤਾ ਹੈ ਜੋ ਹਰ ਗੱਲ ਨੂੰ ਥਾਣੇਦਾਰ ਦੀ ਨਜ਼ਰ ਨਾਲ ਦੇਖਦੇ ਹਨ। ਫ਼ਿਲਮ ਵਿਚ ਦੀਪ ਢਿੱਲੋਂ ਨੇ ਸੁੱਚਾ ਸਿੰਘ ਠੇਕੇਦਾਰ ਦਾ ਖ਼ਤਰਨਾਕ ਖਲਨਾਇਕ ਦਾ ਰੋਲ ਕੀਤਾ ਹੈ। ਉਸ ਦੇ ਖ਼ਤਰਨਾਕ ਸੁਭਾਅ ਮੁਤਾਬਕ ਪਹਿਰਾਵਾ ਹੈ। ਇਸ ਪਾਤਰ ਨੂੰ ਬਣਾਉਣ ਲਈ ਬੜਾ ਸਮਾਂ ਲੱਗਿਆ।

ਰਣਬੀਰ ਰਾਣਾ ਮੁਨਸ਼ੀ ਹੈ ਜੋ ਹਰ ਗੱਲ ਅਖਾਣ ਵਿਚ ਕਰਦਾ ਹੈ। ਦਰਸ਼ਨ ਔਲਖ ਦਾ ਵੀ ਪੁਲਿਸ ਵਾਲੇ ਦਾ ਰੋਲ ਹੈ। ਇਸ ਤਰ੍ਹਾਂ ਫਿਲਮ 'ਅੱਜ ਦੇ ਰਾਂਝੇ' ਪੁਲਿਸ, ਜਨਤਾ ਤੇ ਪ੍ਰੈੱਸ ਦੇ ਸਬੰਧਾਂ ਨੂੰ ਉਜਾਗਰ ਕਰੇਗੀ। ਮਨਮੋਹਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਪੰਜਾਬੀ ਸਿਨੇਮਾ ਨੂੰ ਅਮਨ ਧਾਲੀਵਾਲ ਦੇ ਰੂਪ ਵਿਚ ਐਕਸ਼ਨ ਹੀਰੋ 'ਅੱਜ ਦੇ ਰਾਂਝੇ' ਰਾਹੀਂ ਮਿਲੇਗਾ। ਉਹ ਪੰਜਾਬੀ ਫ਼ਿਲਮਾਂ ਲਈ ਸੰਨੀ ਦਿਓਲ ਵਾਂਗ ਐਕਸ਼ਨ ਹੀਰੋ ਹੋਵੇਗਾ। ਵੈਸੇ ਪੰਜਾਬੀ ਫ਼ਿਲਮਾਂ ਲਈ ਅਜੇ ਤੱਕ ਹੀਰੋ ਦੀ ਕਮੀ ਹੈ ਪਰ ਅਮਨ ਧਾਲੀਵਾਲ ਜ਼ਰੀਏ ਇਹ ਕਮੀ ਦੂਰ ਹੋਵੇਗੀ।

ਅਮਨ ਸੋਹਣਾ ਸੁਣੱਖਾ ਗੱਭਰੂ, ਰੰਗਮੰਚ ਦਾ ਵਧੀਆ ਕਲਾਕਾਰ ਹੈ ਜਿਸ ਨੇ 'ਯੋਧਾ ਅਕਬਰ' ਰਾਹੀਂ ਨੌਜਵਾਨ ਦਿਲਾਂ 'ਤੇ ਰਾਜ ਕੀਤਾ ਹੈ। ਪੰਜਾਬ ਦੇ ਨੌਜਵਾਨ ਵੀ ਅੱਜ ਦੇ ਰਾਂਝੇ ਹਨ ਜੋ ਨਸ਼ਿਆਂ ਵਿਚ ਬਰਬਾਦ ਹੋ ਚੁੱਕੇ ਹਨ, ਮਹਿੰਗੀਆਂ ਗੱਡੀਆਂ, ਕੰਮ ਕਰਨਾ ਨਹੀਂ, ਐਸ਼ ਕਰਨੀ, ਮਹਿੰਗੇ ਮੋਬਾਈਲ, ਖਾਣ ਨੂੰ ਵਧੀਆ, ਕੰਮ ਕਰਨਾ ਨਾ ਹੋਵੇ, ਉਹੀ ਰਾਂਝਾ ਹੈ। ਫ਼ਿਲਮ ਦਾ ਹੀਰੋ ਵੀ ਵਿਹਲਾ ਲੜਦਾ ਝਗੜਦਾ ਜੇਲ੍ਹ ਚਲਾ ਜਾਂਦਾ ਹੈ। ਉਥੇ ਉਹ ਪੱਤਰਕਾਰ ਕੁੜੀ ਨੂੰ ਦੇਖਦਾ ਹੈ ਜਿਸਦੇ ਸਾਹਮਣੇ ਕਿਵੇਂ ਪੁਲਿਸ ਵਾਲੇ ਬਿੱਲੇ ਬਣ ਜਾਂਦੇ ਹਨ। ਉਥੋਂ ਹੀ ਰਾਂਝਾ ਉਸ ਲੜਕੀ ਪਿਛੇ ਲੱਗ ਜਾਂਦਾ ਹੈ। ਫ਼ਿਲਮ ਵਿਚ ਕਾਮੇਡੀ ਐਕਸ਼ਨ ਵੀ ਹੈ ਜਿਸ ਵਿਚ ਅਮਨ ਖ਼ੂਬ ਜਚਿਆ ਹੈ।


Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



SECURE YOUR HOME & BUSINESS
PARTNER WITH PIXIM EVERY PIXEL TELLS A STORY
WDR TECHNOLOGY
Vista CCTV TECHNOLOGY




Why Vista
- HIGH QUALITY PRODUCT WITH 2 YEARS WARRANTY
- HIGH BRAND REPUTATION
- 16 YEARS HISTORY IN CCTV
- ADVANCE PRODUCT DESIGN
- TRAINED TECHNICAL STAFF
- PROFESSIONAL INSTALLATION

High End HD Series
QUALITY & RESOLUTION BUILD BY TECHNOLOGY NOT BY THE PRICE
SPECIAL OFFER 4 CAMERAS WITH 4 CH DVR LED MONITOR INCLUDED $1449 +Tax
SPECIAL OFFER 8 CAMERAS INSTALLATION INCLUDED LED MONITOR INCLUDED $2849 +Tax
SPECIAL OFFER 12 CAMERAS INSTALLATION INCLUDED LED MONITOR INCLUDED $4249 +Tax
24/7 HIGH END SECURITY SOLUTION
WE INSTALL ANYWHERE IN USA
14 YEARS EXPERIENCE IN CCTV BUSINESS
Call Sukhpal 661-586-5080
Email : sales@ezchase.com Customer Service: 1-800-235-1391



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www.markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ, ਕਿਤੇ ਵੇਖ ਕੇ ਨਾ ਘਬਰਾ ਜਾਣਾ।

## ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੇ ਲਹੂ ਵੀਟਵੇਂ ਸੰਘਰਸ਼ ਨੂੰ ਸਮਰਪਿਤ


# ਮੇਲਾ ਗਦਰੀ ਬਾਬਿਆਂ ਦਾ


## ਸਨਿਚਰਵਾਰ, 13 ਅਕਤੂਬਰ 2012
## (12 ਤੋਂ 8 ਵਜੇ ਤੱਕ)


**ਸਥਾਨ: ਐਸ.ਈ.ਐਸ. ਹਾਲ**
**10428 ਈਸਟ ਸਟਾਕਟਨ ਬੁਲੇਵਾਰਡ**
**ਐਲਕ ਗਰੋਵ, ਕੈਲੀਫੋਰਨੀਆ - 95624**


*ਉਨ੍ਹਾਂ ਦੀ ਸ਼ਹਾਦਤ ਦੇ ਅਸੀਂ ਸੱਚੇ ਗਵਾਹ ਬਣ ਕੇ, ਉਨ੍ਹਾਂ ਦੇ ਖੂਨ ਦੀ ਗਾਥਾ ਹੈ ਦੀਵਾਰ 'ਤੇ ਲਿਖਣੀ।*


ਬਾਬਾ ਰਾਮ ਸਿੰਘ


ਬਾਬਾ ਕਰਤਾਰ ਸਿੰਘ ਦੁੱਕੀ


ਸੰਤ ਵਿਸਾਖਾ ਸਿੰਘ


ਬਾਬਾ ਸੋਹਣ ਸਿੰਘ ਭਕਨਾ


ਲਾਲਾ ਹਰਦਿਆਲ

ਸਤਿਕਾਰਯੋਗ ਭੈਣੋ ਤੇ ਭਰਾਵੋ,

ਗਦਰ ਪਾਰਟੀ ਦਾ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੀ ਲੜਾਈ ਵਿਚ ਮੁੱਖ ਸਥਾਨ ਹੈ, ਜਿਸ ਨੇ ਉਠ ਰਹੀਆਂ ਹੋਰ ਆਜ਼ਾਦੀ ਪ੍ਰਾਪਤੀ ਦੀਆਂ ਲਹਿਰਾਂ ਨੂੰ ਪ੍ਰਭਾਵਤ ਕੀਤਾ ਤੇ ਜਾਨਾਂ ਵਾਰਨ ਲਈ ਪ੍ਰੇਰਨਾ ਦਾ ਸਰੋਤ ਬਣੀ। ਇਸ ਸਾਲ ਦਾ ਮੇਲਾ ਬਾਬਾ ਕਰਤਾਰ ਸਿੰਘ ਦੁੱਕੀ ਤੇ ਸੰਤ ਵਿਸਾਖਾ ਸਿੰਘ ਨੂੰ ਸਮਰਪਿਤ ਹੈ। ਅਗਲੇਰਾ ਸਾਲ 2013 ਇਸ ਲਹਿਰ ਦੀ ਸ਼ਤਾਬਦੀ ਦਾ ਸਾਲ ਹੈ, ਜਿਸ ਨੂੰ ਮਨਾਉਣ ਲਈ ਹੁਣ ਤੋਂ ਹੀ ਕਮਰਕੱਸੇ ਕਰਨੇ ਹੋਣਗੇ। ਅਸੀਂ ਗਦਰੀ ਬਾਬਿਆਂ ਦੇ ਨਾਂ 'ਤੇ ਇਥੇ ਕੰਮ ਕਰ ਰਹੀਆਂ ਵੱਖ-ਵੱਖ ਜਥੇਬੰਦੀਆਂ ਨੂੰ ਇਹ ਸ਼ਤਾਬਦੀ ਵਰ੍ਹਾ ਇਕਜੁੱਟ ਹੋ ਕੇ ਮਨਾਉਣ ਦੀ ਬੇਨਤੀ ਕਰਦੇ ਹਾਂ ਅਤੇ ਮੇਲੇ 'ਤੇ ਆਉਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ।

ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।

ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ


ਬਲਜੀਤ ਮਾਲਵਾ

### ਪੁੱਜ ਰਹੇ ਕਲਾਕਾਰ

ਬਲਜੀਤ ਮਾਲਵਾ, ਸੁਲਤਾਨ ਅਖ਼ਤਰ, ਜੋਗਾ ਸਿੰਘ ਕਾਫਰ, ਜੀਵਨ ਰੱਤੂ, ਪੰਮੀ ਮਾਨ, ਪੂਨਮ ਮਲਹੋਤਰਾ, ਦਲਬੀਰ ਸਿੰਘ ਬੇਕਰਜ਼ਫੀਲਡ, ਜੀਤਾ ਗਿੱਲ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ।*

### ਪੁੱਜ ਰਹੀਆਂ ਸ਼ਖ਼ਸੀਅਤਾਂ

ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਰਾ ਜਗਦੀਸ਼ ਖੰਗੂੜਾ
ਬਾਬਾ ਵਿਸਾਖਾ ਸਿੰਘ ਦੇ ਪਰਿਵਾਰ 'ਚੋਂ ਅਮਰੀਕ ਸਿੰਘ ਸੰਧੂ ਤੇ ਭਰਪੂਰ ਸਿੰਘ
ਕਿਰਪਾਲ ਸਿੰਘ ਸੰਧੂ ਫਰਿਜ਼ਨੋ
ਦੁੱਲਾ ਸਿੰਘ ਜਲਾਲਦੀਵਾਲਾ ਦੀ ਪੋਤਰੀ ਗਿਆਨ ਕੌਰ
ਜਗਜੀਤ ਸਿੰਘ ਬਾਗੀ ਦੇ ਜਵਾਈ ਗੁਰਚਰਨ ਸਿੰਘ ਬੈਂਸ
ਦੇਵਾ ਸਿੰਘ ਧੂਤ ਦੇ ਪੁੱਤਰ ਦਲਵਿੰਦਰ ਸਿੰਘ ਧੂਤ

| | | | |
|---|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਨਾਮਧਾਰੀ ਸੰਗਤ: ਕੇਵਲ ਸਿੰਘ | ਸਮਿਤਰ ਸਿੰਘ ਉਪਲ | ਪਰਮਜੀਤ ਸਿੰਘ ਸੰਧੂ |
| 916-420-2390 | 707-208-4931 | 530-695-1716 | 510-387-6997 |
| ਸਕੱਤਰ: ਬਜਿੰਦਰ ਸਿੰਘ ਭੱਟੀ | ਬਲਦੇਵ ਸਿੰਘ | ਕਰਮਜੀਤ ਕੰਗ | ਬਲਵੰਤ ਬਾਂਕਾ |
| 209-480-2275 | 408-390-5577 | 661-205-5214 | 916-271-4216 |

**ਪ੍ਰਬੰਧਕ:** ਸਮਿਤਰ ਉਪਲ, ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ-ਕਬੱਡੀ ਕੋਚ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਫਰੈਂਕ ਜੌਹਨਸਨ, ਰਾਕੇਸ਼, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਹਰਪਾਲ ਸਿੰਘ ਸੰਘਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਮੱਖਣ ਸਿੰਘ ਦੌਲਤਪੁਰੀ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ ਲੋਡਾਈ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜ ਭਗਵੰਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਡੀ ਜੇ ਏ ਜੇ।